ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

18-24 ਅਕਤੂਬਰ 2023

ਸਾਲ 14ਵਾਂ - ਅੰਕ 43
email : info@sadelok.com
Ph. : 510-706-1300
Fax : 925-373-1300

## ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਭਗਵੰਤ ਮਾਨ ਵੱਲੋਂ ਵਿਦਿਆਰਥੀਆਂ ਨਾਲ ਹਰਿਮੰਦਰ ਸਾਹਿਬ 'ਚ ਕੀਤੀ ਅਰਦਾਸ



(ਦੇਖੋ ਸਫ਼ਾ 22 'ਤੇ)

## ਡੇਰਾ ਪ੍ਰੇਮੀਆਂ ਵੱਲੋਂ ਗੁਰਦੁਆਰਾ ਚੋਣਾਂ ਲਈ ਵੋਟਾਂ ਬਣਾਉਣੀਆਂ ਚਿੰਤਾ ਦਾ ਵਿਸ਼ਾ : ਸਿੰਘ ਸਾਹਿਬ ਗਿ. ਹਰਪ੍ਰੀਤ ਸਿੰਘ



25

## ਅਮਰੀਕੀ ਸ਼ਹਿਰ ਦੇ ਸਿੱਖ ਮੇਅਰ ਤੇ ਉਸ ਦੇ ਪਰਿਵਾਰ ਨੂੰ ਮਾਰਨ ਦੀ ਧਮਕੀ



3


## ਭਗਵੰਤ ਮਾਨ ਨੇ ਸ਼ਹੀਦ ਅਗਨੀਵੀਰ ਅੰਮ੍ਰਿਤਪਾਲ ਸਿੰਘ ਦੇ ਘਰ ਜਾ ਕੇ ਪਰਿਵਾਰ ਨਾਲ ਦੁੱਖ ਵੰਡਾਇਆ

### ਸਨਮਾਨ ਰਾਸ਼ੀ ਵਜੋਂ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ



21

# ਇਜ਼ਰਾਇਲ ਤੇ ਫਲਸਤੀਨ ਦੀ ਲੜਾਈ 'ਚ ਦੁਨੀਆ ਦੋ ਹਿੱਸਿਆਂ 'ਚ ਵੰਡੀ ਗਈ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀ ਇਕ ਪਾਸੇ ਇਜ਼ਰਾਇਲ ਦੇ ਹੱਕ 'ਚ ਅਤੇ ਦੂਜੇ ਪਾਸੇ ਫਲਸਤੀਨ ਦੇ ਹੱਕ 'ਚ ਰੋਸ ਮੁਜ਼ਾਹਰਾ

ਖਾਨ ਯੂਨਿਸ : ਹਮਾਸ ਵੱਲੋਂ ਚਲਾਏ ਜਾ ਰਹੇ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਗਾਜ਼ਾ ਸਿਟੀ ਦੇ ਇਕ ਹਸਪਤਾਲ ਵਿਚ ਇਜ਼ਰਾਈਲ ਦੇ ਹਵਾਈ ਹਮਲੇ ਵਿਚ ਘੱਟੋ-ਘੱਟ 500 ਲੋਕਾਂ ਦੀ ਮੌਤ ਹੋ ਗਈ ਹੈ। ਹਮਲੇ ਵੇਲੇ ਅਲ-ਆਹਲੀ ਹਸਪਤਾਲ ਵਿਚ ਸੈਂਕੜੇ ਲੋਕਾਂ ਨੇ ਸ਼ਰਨ ਲਈ ਹੋਈ ਸੀ। ਏਜੰਸੀ ਨੂੰ ਭੇਜੀਆਂ ਗਈਆਂ ਤਸਵੀਰਾਂ ਵਿਚ ਹਸਪਤਾਲ

(ਦੇਖੋ ਸਫ਼ਾ 16 'ਤੇ)

# ਜੇਕਰ ਸਿੱਖਾਂ ਦੀਆਂ ਸ਼ਹਾਦਤਾਂ ਨਾ ਹੁੰਦੀਆਂ ਤਾਂ ਭਾਰਤ ਵੀ ਭਾਰਤ ਨਾ ਹੁੰਦਾ : ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ

## ਭਾਰਤ ਦੇ ਉਘੇ ਸਿੱਖ ਆਗੂਆਂ ਵਲੋਂ ਗ੍ਰਹਿ ਮੰਤਰੀ ਦਾ ਸ਼੍ਰੀ ਸਾਹਿਬ ਅਤੇ ਸਿਰੋਪਾਉ ਨਾਲ ਸਨਮਾਨ

ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਾ ਪੀੜਤਾਂ ਨੂੰ ਨਿਆਂ ਸਾਲ 2014 ਵਿੱਚ ਮੋਦੀ ਸਰਕਾਰ ਦੇ ਸੱਤਾ 'ਚ ਆਉਣ ਮਗਰੋਂ ਹੀ ਸ਼ੁਰੂ ਹੋਇਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਇੱਕ ਸਮਾਗਮ ਦੌਰਾਨ ਸ੍ਰੀ ਸ਼ਾਹ ਨੇ ਕਿਹਾ ਕਿ ਮੋਦੀ ਸਰਕਾਰ ਨੇ 'ਸਿਟ' ਬਣਾਈ ਤੇ ਦੰਗਿਆਂ ਨਾਲ ਸਬੰਧਤ 300 ਕੇਸ ਮੁੜ ਖੋਲ੍ਹ ਕੇ ਕਥਿਤ ਦੋਸ਼ੀਆਂ ਨੂੰ ਜੇਲ੍ਹ ਭੇਜਣ ਦੀ ਕਵਾਇਦ ਸ਼ੁਰੂ

(ਦੇਖੋ ਸਫ਼ਾ 20 'ਤੇ)



## ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਵਿਖੇ ਨਤਮਸਤਕ ਹੋਏ ਰਾਸ਼ਟਰਪਤੀ ਦ੍ਰੋਪਦੀ ਮੁਰਮੂ



ਪਟਨਾ: ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਸਖ਼ਤ ਸੁਰੱਖਿਆ ਦਰਮਿਆਨ ਇਥੇ ਸਥਿਤ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਮੱਥਾ ਟੇਕਿਆ। ਸੋਸ਼ਲ ਮੀਡੀਆ ਪਲੇਟਫਾਰਮ 'ਤੇ ਰਾਸ਼ਟਰਪਤੀ ਦੇ ਅਕਾਊਂਟ ਤੋਂ ਸਾਂਝੀ ਕੀਤੀ ਗਈ ਇਕ ਪੋਸਟ ਵਿਚ ਲਿਖਿਆ, 'ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਬਿਹਾਰ ਦੇ ਅਪਣੇ ਦੌਰੇ ਦੇ ਪਹਿਲੇ ਦਿਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ'।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਰਾਸ਼ਟਰਪਤੀ ਦੀ ਫੇਰੀ ਦੇ ਮੱਦੇਨਜ਼ਰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਰਾਸ਼ਟਰਪਤੀ ਦੀ ਫੇਰੀ ਤੋਂ ਤੁਰੰਤ ਬਾਅਦ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਇਹ ਸੱਚਮੁੱਚ ਬਹੁਤ ਵਧੀਆ ਮੌਕਾ ਸੀ ਕਿ ਰਾਸ਼ਟਰਪਤੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਅਰਦਾਸ ਕਰਨ ਆਏ। ਸਾਨੂੰ ਉਨ੍ਹਾਂ ਨਾਲ ਇਸ ਪ੍ਰਸਿੱਧ ਸਥਾਨ ਦਾ ਇਤਿਹਾਸ ਸਾਂਝਾ ਕਰਨ ਦਾ ਮੌਕਾ ਮਿਲਿਆ।

ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੀ ਕਿਹਾ ਜਾਂਦਾ ਹੈ। ਇਹ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਹੈ। ਇਹ ਤਖ਼ਤ 18ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਿੱਖਾਂ ਦੇ ਦਸਵੇਂ ਗੁਰੂ,

(ਦੇਖੋ ਸਫ਼ਾ 30 'ਤੇ)


















# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

## ਅਮਰੀਕੀ ਸ਼ਹਿਰ ਦੇ ਸਿੱਖ ਮੇਅਰ ਤੇ ਉਸ ਦੇ ਪਰਿਵਾਰ ਨੂੰ ਮਾਰਨ ਦੀ ਧਮਕੀ



ਨਿਊਯਾਰਕ : ਅਮਰੀਕਾ ਦੇ ਨਿਊਜਰਸੀ ਸੂਬੇ ਦੇ ਸ਼ਹਿਰ ਦੇ ਸਿੱਖ ਮੇਅਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਈਮੇਲ ਰਾਹੀਂ ਨਫ਼ਰਤ ਭਰੇ ਸੰਦੇਸ਼ ਮਿਲੇ ਹਨ, ਜਿਸ ਵਿੱਚ ਧਮਕੀ ਦਿੱਤੀ ਗਈ ਹੈ ਕਿ ਜੇ ਉਹ ਅਸਤੀਫ਼ਾ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਪਰਿਵਾਰ ਸਣੇ ਮਾਰ ਦਿੱਤਾ ਜਾਵੇਗਾ। ਰਵੀ ਭੱਲਾ, ਜੋ ਨਵੰਬਰ 2017 ਵਿੱਚ ਹੋਬੋਕੇਨ ਸਿਟੀ ਦੇ ਮੇਅਰ ਚੁਣੇ ਜਾਣ ਵਾਲੇ ਪਹਿਲੇ ਸਿੱਖ ਹਨ, ਨੇ ਅੱਜ ਸਾਲ ਤੋਂ ਵੱਧ ਸਮਾਂ ਪਹਿਲਾਂ ਭੇਜੇ ਗਏ ਪਹਿਲੇ ਸੰਦੇਸ਼ ਵਿੱਚ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਕਿਹਾ ਗਿਆ ਸੀ, ਜਦੋਂ ਕਿ ਦੂਜੇ ਉਸ ਦੀ ਜਾਨ ਨੂੰ ਖ਼ਤਰਾ ਪੈਦਾ ਕੀਤਾ ਸੀ। ਇਹ ਤੀਜੇ ਸੰਦੇਸ਼ ਨੇ ਸ੍ਰੀ ਭੱਲਾ ਤੇ ਪਰਿਵਾਰ ਨੂੰ ਖ਼ੌਫ਼ਜ਼ਦਾ ਕਰ ਦਿੱਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਉਨ੍ਹਾਂ ਲਈ ਆਖਰੀ ਚਿਤਾਵਨੀ ਹੈ। ਜੇ ਤੁਰੰਤ ਅਸਤੀਫਾ ਨਹੀਂ ਦਿੱਤਾ ਤਾਂ ਮੇਅਰ ਤੇ ਉਸ ਦੀ ਪਤਨੀ ਤੇ ਬੱਚਿਆਂ ਨੂੰ ਕਤਲ ਕਰ ਦਿੱਤਾ ਜਾਵੇਗਾ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਸ੍ਰੀ ਭੱਲਾ ਦੇ ਦੋ ਬੱਚਿਆਂ, ਜਿਨ੍ਹਾਂ ਦੀ ਉਮਰ 15 ਅਤੇ 11 ਸਾਲ ਹੈ, ਨੂੰ 24 ਘੰਟੇ ਸੁਰੱਖਿਆ ਪ੍ਰਦਾਨ ਕੀਤੀ ਹੈ।

# ਨਿਊਯਾਰਕ 'ਚ ਵਰਲਡ ਸਿੱਖ ਪਾਰਲੀਮੈਂਟ ਦਾ ਚੌਥਾ 2 ਰੋਜ਼ਾ ਇਜਲਾਸ ਸਮਾਪਤ







ਨਿਊਯਾਰਕ : ਪੰਜਾਬ ਦੇ ਚੱਬੇ ਦੀ ਧਰਤੀ 'ਤੇ ਹੋਏ ਸਰਬੱਤ ਖਾਲਸਾ ਵਿੱਚ ਥਾਪੇ ਗਏ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਹੋਂਦ ਵਿੱਚ ਆਈ ਵਰਲਡ ਸਿੱਖ ਪਾਰਲੀਮੈਂਟ ਦਾ ਫਰਾਂਸ, ਇੰਗਲੈਂਡ, ਕੈਨੇਡਾ ਤੋਂ ਬਾਅਦ ਅਮਰੀਕਾ ਦੀ ਧਰਤੀ 'ਤੇ ਚੌਥੇ ਇਜਲਾਸ ਵਿੱਚ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਅਤੇ ਸਮੱਸਿਆਵਾਂ ਉੱਤੇ 2 ਦਿਨਾਂ ਜਨਰਲ ਇਜਲਾਸ ਹੋਇਆ, ਜਿਸ ਵਿੱਚ ਅਮਰੀਕਾ, ਕੈਨੇਡਾ ਤੇ ਯੂਰਪ ਦੇ ਡੈਲੀਗੇਟਾਂ ਤੋਂ ਇਲਾਵਾ ਯੂਨਾਇਟਡ ਨੇਸ਼ਨ ਦੇ ਸਲਾਹਕਾਰ, ਨਿਊਯਾਰਕ ਅੰਸੈਬਲੀ ਦੇ ਮੈਂਬਰ, ਕੌਂਸਲਰ, ਜੱਜ ਤੇ ਯੂਕ੍ਰੇਨ ਦੇ ਅੰਬੈਸਡਰ ਸ਼ਾਮਲ ਹੋਏ। ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੀਆਂ ਵੱਖ-ਵੱਖ ਕੌਂਸਲਾਂ ਖ਼ਾਸ ਕਰਕੇ ਸਵੈ ਨਿਰਣੈ, ਸਿੱਖਿਆ, ਮਨੁੱਖੀ ਅਧਿਕਾਰਾਂ ਤੇ ਸਮਾਜੀ ਲੋਕ ਭਲਾਈ ਕੌਂਸਲਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਪ੍ਰਤੀ ਡੈਲੀਗੇਟਾਂ ਨੂੰ ਜਾਣੂ ਕਰਵਾਇਆ ਗਿਆ। ਇਜਲਾਸ ਵਿੱਚ ਸਿੱਖ ਕੌਮ ਨੂੰ ਮੌਜੂਦਾ ਸਮੇਂ ਵਿੱਚ ਆ ਰਹੀਆਂ ਚੁਣੌਤੀਆਂ ਅਤੇ ਇਸ ਦੇ ਨਾਲ ਹੀ ਪੈਦਾ ਹੋ ਰਹੀਆਂ ਸੰਭਾਵਨਾਵਾਂ ਬਾਰੇ ਵੀ ਦੀਰਘ ਵੀਚਾਰਾਂ ਹੋਈਆਂ। ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸੂਝਵਾਨ ਨੌਜਵਾਨਾਂ ਨੂੰ ਅੱਗੇ ਆ ਕੇ ਕੌਮ ਦੀ ਅਗਵਾਈ ਕਰਨ ਦੀ ਅਪੀਲ ਕੀਤੀ ਗਈ। ਇਸ ਮੌਕੇ ਭਾਈ ਹਰਦੀਪ ਸਿੰਘ ਨਿੱਜਰ ਦੀ ਸ਼ਹਾਦਤ ਤੋਂ ਬਾਅਦ ਕੈਨੇਡਾ ਸਰਕਾਰ ਵੱਲੋਂ ਲਏ ਸਟੈਂਡ ਦੀ ਸ਼ਲਾਘਾ ਕੀਤੀ ਗਈ ਅਤੇ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਲਈ ਮੀਡੀਆ ਦੇ ਨਾਲ-ਨਾਲ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਕੌਮ ਨੂੰ ਇਹਨਾਂ ਸਰਕਾਰਾਂ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ, ਸਗੋਂ ਇਹਨਾਂ ਹਾਲਾਤਾਂ ਦਾ ਲਾਭ ਲੈਂਦੇ ਹੋਏ ਭਵਿੱਖ ਦੀਆਂ ਨੀਤੀਆਂ ਬਣਾਉਣ 'ਤੇ ਉਹਨਾਂ ਨੂੰ ਅਮਲ ਵਿੱਚ ਲਿਆਉਣਾ ਸਮੇਂ ਦੀ ਲੋੜ ਹੈ। ਏਜੰਸੀਆਂ ਵੱਲੋਂ ਵਿਦੇਸ਼ਾਂ ਵਿੱਚ ਸਿੱਖ ਰਾਜ ਖਾਲਿਸਤਾਨ ਲਈ ਸੰਘਰਸ਼ਸ਼ੀਲਾਂ ਦੇ ਮਨਾਂ ਅੰਦਰ ਸਹਿਮ ਤੇ ਡਰ ਦਾ ਮਹੌਲ ਪੈਦਾ ਕਰਨ ਦੇ ਮਨਸੂਬੇ ਨੂੰ ਗੰਭੀਰਤਾ ਤੇ ਸੰਜੀਦਗੀ ਨਾਲ ਲੈਂਦਿਆਂ ਭਾਰਤ ਸਿੱਖ ਕੌਮ ਦੀ ਅਜ਼ਾਦੀ ਲਈ ਸੰਘਰਸ਼ਸ਼ੀਲ ਆਗੂਆਂ 'ਤੇ ਹਮਲੇ ਕਰਨ ਤੋਂ ਗੁਰੇਜ਼ ਕਰੇ। ਆਗੂਆਂ ਨੇ ਕਿਹਾ ਕਿ ਜੇਕਰ ਏਜੰਸੀਆਂ ਆਪਣੀਆਂ ਹਰਕਤਾਂ ਤੋਂ ਬਾਜ਼ ਨਾ ਆਈਆਂ ਤਾਂ ਸਿੱਖ ਆਪਣੇ ਖਾਲਸਾਈ ਰਵਾਇਤਾਂ ਅਨੁਸਾਰ ਇਸ ਦਾ ਜਵਾਬ ਦੇਣ ਲਈ ਮਜਬੂਰ ਹੋਣਗੇ ਤੇ ਜਿਸ ਦੀ ਜਿੰਮੇਵਾਰ ਭਾਰਤ ਸਰਕਾਰ ਖੁਦ ਹੋਵੇਗੀ। ਇਸ ਮੌਕੇ ਅਮਰੀਕਾ ਤੋਂ ਭਾਈ ਹਿੰਮਤ ਸਿੰਘ, ਸ. ਹਰਜਾਫ਼ ਸਿੰਘ ਜਾਫੀ, ਡਾ. ਪ੍ਰਿਤਪਾਲ ਸਿੰਘ, ਡਾ. ਅਮਰਜੀਤ ਸਿੰਘ, ਅੰਬੈਸਡਰ ਡਾ. ਸੀਮਾ ਕਿਰਦਾਨੀ, ਜੋਰਨ ਮਦਾਨੀ, ਯੂਰਪੀਆਨ ਰੀਜਨ ਤੋਂ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਭਾਈ ਜਸਵਿੰਦਰ ਸਿੰਘ, ਹਰਜੋਤ ਸਿੰਘ ਸੰਧੂ ਹਾਲੈਂਡ ਅਤੇ ਇੰਗਲੈਂਡ ਤੋਂ ਭਾਈ ਮਨਪ੍ਰੀਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਜਗਜੀਤ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਰਣਜੀਤ ਸਿੰਘ, ਭਾਈ ਗੁਰਬੀਰ ਸਿੰਘ ਆਦਿ ਸ਼ਾਮਲ ਹੋਏ।


CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us





Capital DRUG TESTING

CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse,
DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS
at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਅਮਰੀਕਾ ਤੱਕ ਪਹੁੰਚਿਆ ਜੰਗ ਦੀ ਨ.ਫਰਤ ਦਾ ਸੇਕ

## *11 ਸਾਲਾ ਯਹੂਦੀ ਵਲੋਂ 6 ਸਾਲਾ ਮੁਸਲਿਮ ਬੱਚੇ ਦੀ ਹੱਤਿਆ*

ਸ਼ਿਕਾਗੋ : ਇਜ਼ਰਾਈਲ ਅਤੇ ਹਮਾਸ ਵਿਚਕਾਰ ਚੱਲ ਰਹੀ ਜੰਗ (ਇਜ਼ਰਾਈਲ ਫਲਸਤੀਨ ਯੁੱਧ) ਦਾ ਅਸਰ ਦੁਨੀਆ ਦੇ ਹੋਰ ਦੇਸ਼ਾਂ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ। ਅਜਿਹਾ ਹੀ ਇੱਕ ਮਾਮਲਾ ਅਮਰੀਕਾ ਦੇ ਸ਼ਿਕਾਗੋ ਵਿੱਚ ਸਾਹਮਣੇ ਆਇਆ ਹੈ। ਜਿੱਥੇ ਇੱਕ ਵਿਅਕਤੀ ਨੇ 6 ਸਾਲ ਦੇ ਬੱਚੇ 'ਤੇ ਉਸ ਦੀ ਮਾਂ ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲੇ 'ਚ ਬੱਚੇ ਦੀ ਮੌਤ ਹੋ ਗਈ। ਅਮਰੀਕਾ ਦੇ ਇਲੀਨੌਇਸ ਸੂਬੇ ਦੇ ਸ਼ਿਕਾਗੋ ਵਿੱਚ ਇਹ ਨਫ਼ਰਤ ਅਪਰਾਧ ਦੀ ਦਰਦਨਾਕ ਘਟਨਾ ਵਾਪਰੀ। ਜਿੱਥੇ ਸ਼ਿਕਾਗੋ, ਇਲੀਨੋਇਸ ਰਾਜ ਦੇ ਇੱਕ ਵਿਅਕਤੀ 'ਤੇ ਇਜ਼ਰਾਈਲ-ਹਮਾਸ ਯੁੱਧ ਤੋਂ ਪੈਦਾ ਹੋਏ ਨਫ਼ਰਤੀ ਅਪਰਾਧ ਵਿੱਚ ਇੱਕ 6 ਸਾਲਾ ਮੁਸਲਿਮ ਲੜਕੇ ਦੀ ਹੱਤਿਆ ਕਰਨ ਅਤੇ ਬੱਚੇ ਦੀ ਮਾਂ ਨੂੰ ਜ਼ਖਮੀ ਕਰਨ ਦੇ ਦੋਸ਼ ਲੱਗੇ ਹਨ। ਪੁਲਿਸ ਨੇ ਕਿਹਾ ਇਕ ਵਿਅਕਤੀ 'ਤੇ 32 ਸਾਲਾ ਔਰਤ ਨੂੰ ਗੰਭੀਰ ਰੂਪ ਨਾਲ ਜ਼ਖਮੀ ਕਰਨ ਅਤੇ ਉਸ ਦੇ 6 ਸਾਲਾ ਦੇ ਲੜਕੇ ਨੂੰ ਚਾਕੂ ਮਾਰ ਕੇ ਮਾਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਅਧਿਕਾਰੀਆਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਵਿਲ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਜਾਂਚਕਰਤਾ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਕੀ ਮਾਮਲਾ ਨਫ਼ਰਤੀ ਅਪਰਾਧ ਨਾਲ ਸਬੰਧਤ ਹੈ। ਨਾਲ ਹੀ ਇਸ ਗੱਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਦੋਸ਼ੀ ਨੇ ਦੋਵਾਂ 'ਤੇ ਇਸ ਲਈ ਹਮਲਾ ਕੀਤਾ ਕਿਉਂਕਿ ਉਹ ਮੁਸਲਮਾਨ ਸੀ? ਸ਼ੈਰਿਫ ਦੇ ਦਫਤਰ ਨੇ ਕਿਹਾ ਕਿ ਦੋਵੇਂ ਐਤਵਾਰ ਨੂੰ ਜ਼ਖਮੀ ਪਾਏ ਗਏ ਸਨ। ਬੱਚੇ ਨੂੰ ਗੰਭੀਰ ਸੱਟਾਂ ਲੱਗੀਆਂ। ਜਿਸ ਨੂੰ ਨਾ ਸਹਾਰਦੇ ਹੋਏ ਉਸ ਦੀ ਮੌਤ ਹੋ ਗਈ। ਮੁਸਲਿਮ ਭਾਈਚਾਰੇ ਨਾਲ ਸੰਬੰਧਤ ਫਲਸਤੀਨੀ ਮੂਲ ਦਾ ਅਮਰੀਕੀ ਬੱਚੇ ਅਤੇ ਉਸ ਦੀ ਮਾਂ 'ਤੇ ਦਰਜਨ ਤੋਂ ਵੱਧ ਚਾਕੂ ਦੇ ਜ਼ਖ਼ਮ ਵੀ ਮਿਲੇ ਹਨ। ਪੁਲੀਸ ਨੇ ਦੋਸ਼ੀ ਮੁਲਜ਼ਮ ਜਿਸ ਦੇ ਘਰ ਵਿੱਚ ਉਹ ਕਿਰਾਏ ਤੇ ਰਹਿੰਦੇ ਸਨ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜੋ ਜੇਲ੍ਹ ਵਿੱਚ ਬੰਦ ਹੈ ਅਮਰੀਕੀ-ਇਸਲਾਮਿਕ ਸਬੰਧਾਂ ਬਾਰੇ ਕੌਂਸਲ ਦੇ ਸ਼ਿਕਾਗੋ ਦਫ਼ਤਰ ਨੇ ਕਿਹਾ ਕਿ ਉਸ ਨੇ ਮ੍ਰਿਤਕ ਦੇ ਪਰਿਵਾਰ ਨੂੰ ਦੱਸਿਆ ਕਿ ਮਰਨ ਵਾਲਾ ਬੱਚਾ ਫਲਸਤੀਨੀ ਮੂਲ ਦਾ ਸੀ। ਉਹ ਇੱਥੇ ਹਮਲਾਵਰ ਦੇ ਘਰ ਕਿਰਾਏ ਤੇ ਆਪਣੀ ਮਾਂ ਹਨਾਨ ਸ਼ਾਹੀਨ ਦੇ ਨਾਲ ਰਹਿੰਦਾ ਸੀ।



ਹਮਲਾਵਰ ਜੋਸਫ ਕਬੂਜਾ ਅਤੇ 6 ਸਾਲਾ ਮ੍ਰਿਤਕ ਵਾਡੇਆ ਅਲ ਫੇਊਮ।

# ਭਾਰਤ ਤੋਂ ਬਾਹਰ ਅਮਰੀਕਾ 'ਚ ਅੰਬੇਡਕਰ ਦੇ ਸਭ ਤੋਂ ਉੱਚੇ ਬੁੱਤ ਦਾ ਹੋਇਆ ਉਦਘਾਟਨ



ਵਾਸ਼ਿੰਗਟਨ : ਭਾਰਤੀ ਸੰਵਿਧਾਨ ਦੇ ਪ੍ਰਮੁੱਖ ਆਰਕੀਟੈਕਟ ਡਾ.ਬੀ.ਆਰ.ਅੰਬੇਡਕਰ ਦਾ ਭਾਰਤ ਤੋਂ ਬਾਹਰ ਸਭ ਤੋਂ ਵੱਡੇ 'ਬੁੱਤ' ਦਾ ਇੱਥੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਦੇ ਮੈਰੀਲੈਂਡ ਉਪਨਗਰ ਵਿਚ ਰਸਮੀ ਤੌਰ 'ਤੇ ਉਦਘਾਟਨ ਕੀਤਾ ਗਿਆ। ਭਾਰਤ ਅਤੇ ਹੋਰ ਦੇਸ਼ਾਂ ਤੋਂ ਪਹੁੰਚੇ ਲੋਕਾਂ ਅਤੇ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਤੋਂ ਆਏ 500 ਤੋਂ ਵੱਧ ਭਾਰਤੀ-ਅਮਰੀਕੀਆਂ ਦੀ ਮੌਜੂਦਗੀ ਵਿੱਚ 'ਜੈ ਭੀਮ' ਦੇ ਨਾਅਰਿਆਂ ਵਿਚਕਾਰ 19 ਫੁੱਟ ਉੱਚੇ 'ਸਮਾਨਤਾ ਦੀ ਬੁੱਤ' ਦਾ ਉਦਘਾਟਨ ਕੀਤਾ ਗਿਆ। ਭਾਰੀ ਮੀਂਹ ਅਤੇ ਬੂੰਦਾਬਾਂਦੀ ਦੇ ਬਾਵਜੂਦ ਲੋਕਾਂ ਨੇ ਪੂਰੇ ਉਤਸ਼ਾਹ ਅਤੇ ਊਰਜਾ ਨਾਲ ਪ੍ਰੋਗਰਾਮ ਵਿੱਚ ਹਿੱਸਾ ਲਿਆ।

ਇਸ ਬੁੱਤ ਨੂੰ ਮਸ਼ਹੂਰ ਕਲਾਕਾਰ ਅਤੇ ਮੂਰਤੀਕਾਰ ਰਾਮ ਸੁਤਾਰ ਨੇ ਬਣਾਇਆ ਹੈ। ਤਰਖਾਣ ਸੁਤਾਰ ਨੇ ਹੀ ਸਰਦਾਰ ਪਟੇਲ ਦਾ ਬੁੱਤ ਬਣਾਇਆ ਸੀ, ਜਿਸ ਨੂੰ 'ਸਟੈਚੂ ਆਫ ਯੂਨਿਟੀ' ਕਿਹਾ ਜਾਂਦਾ ਹੈ। 'ਸਟੈਚੂ ਆਫ਼ ਯੂਨਿਟੀ' ਨੂੰ ਗੁਜਰਾਤ ਵਿੱਚ ਸਰਦਾਰ ਸਰੋਵਰ ਡੈਮ ਦੇ ਹੇਠਾਂ ਨਰਮਦਾ ਦੇ ਇੱਕ ਟਾਪੂ 'ਤੇ ਸਥਾਪਤ ਕੀਤਾ ਗਿਆ ਹੈ। ਅੰਬੇਡਕਰ ਇੰਟਰਨੈਸ਼ਨਲ ਸੈਂਟਰ (ਏਆਈਸੀ) ਦੇ ਪ੍ਰਧਾਨ ਰਾਮ ਕੁਮਾਰ ਨੇ ਸਮਾਰੋਹ ਤੋਂ ਬਾਅਦ ਪੀਟੀਆਈ ਨੂੰ ਦੱਸਿਆ, 'ਅਸੀਂ ਇਸ ਨੂੰ 'ਸਮਾਨਤਾ ਦਾ ਬੁੱਤ' ਦਾ ਨਾਮ ਦਿੱਤਾ ਹੈ... ਇਹ (ਅਸਮਾਨਤਾ ਦੀ ਸਮੱਸਿਆ) ਸਿਰਫ਼ ਭਾਰਤ ਵਿੱਚ ਹੀ ਨਹੀਂ ਹੈ, ਇਹ ਹਰ ਥਾਂ (ਵੱਖ-ਵੱਖ ਰੂਪਾਂ ਵਿੱਚ) ਮੌਜੂਦ ਹੈ।"

14 ਅਪ੍ਰੈਲ 1891 ਨੂੰ ਜਨਮੇ ਡਾ. ਭੀਮ ਰਾਓ ਅੰਬੇਡਕਰ ਸੰਵਿਧਾਨ ਸਭਾ ਦੀ ਸਭ ਤੋਂ ਮਹੱਤਵਪੂਰਨ ਡਰਾਫਟ ਕਮੇਟੀ ਦੇ ਚੇਅਰਮੈਨ ਸਨ। ਵ੍ਹਾਈਟ ਹਾਊਸ ਤੋਂ ਲਗਭਗ 22 ਮੀਲ ਦੱਖਣ ਵਿਚ ਐਕੋਕੀਕ ਟਾਊਨਸ਼ਿਪ ਵਿਚ ਸਥਿਤ 13 ਏਕੜ ਏਆਈਸੀ ਵਿਚ ਇਕ ਲਾਇਬ੍ਰੇਰੀ, ਕਾਨਫਰੰਸ ਸੈਂਟਰ ਅਤੇ ਬੁੱਧ ਗਾਰਡਨ ਵੀ ਸ਼ਾਮਲ ਹੋਵੇਗਾ। ਦਲਿਤ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ ਦੇ ਰਾਸ਼ਟਰੀ ਪ੍ਰਧਾਨ ਰਵੀ ਕੁਮਾਰ ਨਾਰਾ ਨੇ ਪੀਟੀਆਈ ਨੂੰ ਦੱਸਿਆ, "ਇਹ ਅਮਰੀਕਾ ਵਿੱਚ ਬਾਬਾ ਸਾਹਿਬ ਦਾ ਸਭ ਤੋਂ ਉੱਚਾ ਬੁੱਤ ਹੈ। ਅਜ਼ਾਦੀ ਦੇ 75 ਸਾਲਾਂ ਬਾਅਦ ਲੋਕ ਡਾ. ਅੰਬੇਡਕਰ ਦੁਆਰਾ ਕੀਤੇ ਕੰਮਾਂ ਨੂੰ ਸਮਝ ਰਹੇ ਹਨ ਅਤੇ ਇਸ ਲਈ ਉਨ੍ਹਾਂ ਦੀ ਪ੍ਰਸਿੱਧੀ ਦਿਨੋ-ਦਿਨ ਵਧ ਰਹੀ ਹੈ... ਲੋਕ ਹੁਣ ਉਨ੍ਹਾਂ ਨੂੰ ਸਹੀ ਤਰ੍ਹਾਂ ਸਮਝਣ ਲੱਗ ਪਏ ਹਨ।' ਸਮਾਗਮ ਵਿਚ ਕਿਹਾ ਗਿਆ, "ਪਹਿਲਾਂ ਉਨ੍ਹਾਂ ਨੂੰ ਦਲਿਤ ਨੇਤਾ ਮੰਨਿਆ ਜਾਂਦਾ ਸੀ, ਪਰ ਹੁਣ ਪੂਰਾ ਦੇਸ਼ ਔਰਤਾਂ ਅਤੇ ਸਮਾਜ ਦੇ ਹਾਸ਼ੀਏ 'ਤੇ ਪਏ ਵਰਗਾਂ ਦੇ ਨਾਲ-ਨਾਲ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਸਸ਼ਕਤੀਕਰਨ ਲਈ ਕੰਮ ਕਰ ਰਿਹਾ ਹੈ।" ਅੰਬੇਡਕਰ ਦੇ ਯੋਗਦਾਨ ਨੂੰ ਵੀ ਮਾਨਤਾ ਦਿੱਤੀ ਜਾ ਰਹੀ ਹੈ। ਅੰਬੇਡਕਰ ਨੇ 14 ਅਕਤੂਬਰ, 1956 ਨੂੰ ਬੁੱਧ ਧਰਮ ਅਪਣਾ ਲਿਆ ਸੀ। ਕੁਝ ਮਹੀਨਿਆਂ ਬਾਅਦ 6 ਦਸੰਬਰ ਨੂੰ ਉਸਦੀ ਮੌਤ ਹੋ ਗਈ। ਬੁੱਤ ਦਾ ਉਦਘਾਟਨ 14 ਅਕਤੂਬਰ ਨੂੰ ਮੈਰੀਲੈਂਡ ਵਿੱਚ ਕੀਤਾ ਗਿਆ ਸੀ, ਜਿਸ ਨੂੰ ਧੰਮ ਚੱਕਰ ਪ੍ਰਵਰਤਨ ਦਿਵਸ ਵਜੋਂ ਮਨਾਇਆ ਜਾਂਦਾ ਹੈ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330

# BASRA

## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

**“ਗਰਬਾ” ਦਾ ਪਵਿੱਤਰ ਤਿਉਹਾਰ ਅੱਜ ਗੁਜਰਾਤ ਦੇ ਨਾਲ ਨਾਲ ਪੂਰੀ ਦੁਨੀਆ ’ਚ ਮਨਾਇਆ ਜਾਂਦਾ ਹੈ। ਨਵਰਾਤਰੀ ਤਿਉਹਾਰ ਦੌਰਾਨ ਔਰਤਾਂ ਆਪਣੇ ਸਿਰ ’ਤੇ ‘ਕਲਸ਼’ ਰੱਖਦੀਆਂ ਹਨ ਅਤੇ ਦੇਵੀ ਉਮੀਆ ਲਈ “ਗਰਬਾ” ਡਾਂਸ ਕਰਦੀਆਂ ਹਨ। ਅਸੀਂ ‘ਸਾਡੇ ਲੋਕ’ ਦੇ ਪਾਠਕਾ ਲਈ ਭਾਰਤ ਸਮੇਤ ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਇਸ ਦੀ ਕਵਰੇਜ ਦੇ ਨਾਲ ਨਾਲ ਲੱਖ-ਲੱਖ ਵਧਾਈ ਦਿੰਦੇ ਹਾਂ। -ਸਤਨਾਮ ਸਿੰਘ ਖਾਲਸਾ**

*ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ਹ ਮਨਿ ਭਉ ਤਿਨ੍ਹਾ ਮਨਿ ਭਾਉ*

# ਧੂਮਧਾਮ ਨਾਲ ਮਨਾਇਆ ਜਾਂਦਾ ‘ਗਰਬਾ’ ਦਾ ਪਵਿੱਤਰ ਤਿਉਹਾਰ

ਗਰਬਾ ਇੱਕ ਉੱਚ-ਊਰਜਾ ਵਾਲਾ ਲੋਕ ਨਾਚ ਹੈ ਜੋ ਗੁਜਰਾਤ ਵਿੱਚ ਸ਼ੁਰੂ ਹੋਇਆ ਹੈ ਅਤੇ ਸ਼ੁਭ ਨਵਰਾਤਰੀ ਤਿਉਹਾਰ ਵਿੱਚ ਜੋਸ਼ ਅਤੇ ਜੋਸ਼ ਨਾਲ ਕੀਤਾ ਜਾਂਦਾ ਹੈ।

ਗਰਬਾ ਸੰਸਕ੍ਰਿਤ ਦੇ ਸ਼ਬਦ ‘ਗਰਭ’ ਤੋਂ ਉਤਪੰਨ ਹੋਇਆ ਹੈ ਜਿਸਦਾ ਅਰਥ ਹੈ ਕੁੱਖ।

ਗਰਬਾ ਭਾਵਨਾ ਦਾ ਜਸ਼ਨ ਮਨਾਉਣ ਵਾਲੇ ਡਾਂਸਰ ਇੱਕ ਵੱਡੇ ਦੀਵੇ ਜਾਂ ਦੇਵੀ ਸ਼ਕਤੀ ਦੀ ਮੂਰਤੀ ਦੇ ਦੁਆਲੇ ਇੱਕ ਚੱਕਰ ਵਿੱਚ ਨੱਚਦੇ ਹਨ।

ਗਰਬਾ ਇੱਕ ਨਾਚ ਰੂਪ ਹੈ ਜੋ ਅਕਸਰ ਡਾਂਡੀਆ ਨਾਲ ਉਲਝਿਆ ਹੁੰਦਾ ਹੈ, ਇੱਕ ਹੋਰ ਗੁਜਰਾਤੀ ਜਸ਼ਨ ਜੋ ਨਵਰਾਤਰੀ ਦੌਰਾਨ ਵੀ ਕੀਤਾ ਜਾਂਦਾ ਹੈ।

ਜੀਵਨ ਦੇ ਚੱਕਰ ਨੂੰ ਮਨਾਉਣ ਲਈ ਗਰਬਾ ਇੱਕ ਚੱਕਰ ਵਿੱਚ ਕੀਤਾ ਜਾਂਦਾ ਹੈ।

ਗਰਬਾ ਮਨਾਉਣ ਲਈ, ਲੋਕ ਅਮੀਰ, ਰਵਾਇਤੀ ਅਤੇ ਰੰਗੀਨ ਪਹਿਰਾਵੇ ਪਹਿਨਦੇ ਹਨ। ਔਰਤਾਂ ਚੰਨਿਆ ਚੋਲੀ ਪਹਿਨਦੀਆਂ ਹਨ, ਇੱਕ ਰੰਗੀਨ ਤਿੰਨ-ਪੀਸ ਪਹਿਰਾਵਾ, ਜਿਸ ਵਿੱਚ ਬਲਾਊਜ਼, ਸਕਰਟ ਅਤੇ ਦੁਪੱਟਾ ਹੁੰਦਾ ਹੈ।

ਗਰਬਾ ਡਾਂਸ ਲਈ ਔਰਤਾਂ ਦੁਆਰਾ ਬੰਧਨੀ ਦੁਪੱਟੇ ਵੀ ਪਹਿਨੇ ਜਾਂਦੇ ਹਨ। ਇਸ ਦੇ ਨਾਲ ਹੀ ਔਰਤਾਂ ਆਪਣੇ ਆਪ ਨੂੰ ਵੀ ਸਜਾਉਂਦੀਆਂ ਹਨ ਗਹਿਣੇ, ਜਿਸ ਵਿੱਚ ਗਹਿਣਿਆਂ ਦੇ ਹੋਰ ਟੁਕੜਿਆਂ ਵਿੱਚ ਝੁਮਕੇ, ਚੂੜੀਆਂ ਅਤੇ ਹਾਰ ਸ਼ਾਮਲ ਹੁੰਦੇ ਹਨ। ਮਰਦ ਆਮ ਤੌਰ ’ਤੇ ਕੁੜਤਾ ਪਜਾਮਾ ਅਤੇ ਸ਼ੇਰਵਾਨੀ ਪਹਿਨਦੇ ਹਨ। ਸਿਰ ਦੇ ਕੱਪੜਿਆਂ ਲਈ, ਮਰਦ ਗਰਬਾ ਕਰਦੇ ਸਮੇਂ ਆਪਣੇ ਪਜਾਮੇ ਜਾਂ ਸ਼ੇਰਵਾਨੀ ਪਹਿਰਾਵੇ ਨਾਲ ਮੇਲਣ ਲਈ ਰੰਗੀਨ ਪੱਗਾਂ ਜਾਂ ਪਗੜੀਆਂ ਪਹਿਨਦੇ ਹਨ। ਇੱਕ ਹੋਰ ਪਰੰਪਰਾਗਤ ਗੁਜਰਾਤੀ ਪਹਿਰਾਵਾ ਜੋ ਮਰਦ ਗਰਬਾ ਮਨਾਉਣ ਲਈ ਪਹਿਨਦੇ ਹਨ, ਘਾਗਰਾ ਦੇ ਨਾਲ ਕਫ਼ਨੀ ਪਜਾਮਾ ਹੈ, ਜੋ ਇੱਕ ਛੋਟਾ ਗੋਲ ਕੁੜਤਾ ਹੈ। ਮਰਦ ਵੀ ਕਈ ਵਾਰ ਆਪਣੇ ਕੁੜਤੇ ਨਾਲ ਮੇਲ ਕਰਨ ਲਈ ਰਵਾਇਤੀ ਰੰਗੀਨ ਜੈਕਟ ਪਹਿਨਦੇ ਹਨ। ਡਾਂਡੀਆ ਦਾ ਜਸ਼ਨ ਮਨਾਉਣ ਵਾਲੇ ਡਾਂਸਰ, ਜੋ ਕਿ ਨਵਰਾਤਰੀ ਦੌਰਾਨ ਪੇਸ਼ ਕੀਤਾ ਜਾਂਦਾ ਇੱਕ ਹੋਰ ਨ੍ਰਿਤ ਰੂਪ ਹੈ, ਇਹ ਵੀ ਯਕੀਨੀ ਬਣਾਉਂਦੇ ਹਨ ਕਿ ਉਹ ਜੋ ਬਾਂਸ ਦੀਆਂ ਸੋਟੀਆਂ ਲੈ ਕੇ ਜਾਂਦੇ ਹਨ ਉਹਨਾਂ ਨੂੰ ਜੀਵੰਤ ਰੰਗਾਂ ਨਾਲ ਸੁੰਦਰ ਰੂਪ ਵਿੱਚ ਪੇਂਟ ਕੀਤਾ ਗਿਆ ਹੈ।






















# ਭਗਵੰਤ ਮਾਨ ਨੇ ਕ੍ਰਿਕਟ ਮੈਚ ਦੀ ਕਰਵਾਈ ਸ਼ੁਰੂਆਤ, ਸੂਬੇ ਨੂੰ ਖੇਡਾਂ 'ਚ ਮੋਹਰੀ ਬਣਾਉਣ ਦਾ ਲਿਆ ਸੰਕਲਪ






ਅੰਮ੍ਰਿਤਸਰ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਸੰਕਲਪ ਲੈਂਦਿਆਂ ਕਿਹਾ ਕਿ ਸੂਬਾ ਸਰਕਾਰ ਦੇ ਠੋਸ ਉਪਰਾਲਿਆਂ ਨਾਲ ਜਲਦ ਹੀ ਪੰਜਾਬ ਖੇਡਾਂ ਦੇ ਖੇਤਰ ਵਿਚ ਦੇਸ਼ ਦਾ ਮੋਹਰੀ ਸੂਬਾ ਬਣ ਕੇ ਉੱਭਰੇਗਾ। ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ ਵੱਲੋਂ ਕਰਵਾਏ ਕ੍ਰਿਕਟ ਮੈਚ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿਚ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਵਿਸੇਸ਼ ਤਵੱਜੋਂ ਦੇ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਸੇ ਦਾ ਹੀ ਨਤੀਜਾ ਹੈ ਕਿ ਪੰਜਾਬੀ ਖਿਡਾਰੀਆਂ ਨੇ ਹੁਣੇ ਜਿਹੇ ਹੀ ਹੋਈਆਂ ਏਸ਼ਿਆਈ ਖੇਡਾਂ ਵਿਚ 19 ਮੈਡਲ ਜਿੱਤੇ ਹਨ, ਜੋ ਕਿ ਇਨ੍ਹਾਂ ਖੇਡਾਂ ਦੇ ਸੰਦਰਭ ਵਿਚ ਕਿਸੇ ਇਕ ਰਾਜ ਵਜੋਂ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਾਡੇ ਲਈ ਬੜੇ ਮਾਣ ਅਤੇ ਸਤੁੰਸ਼ਟੀ ਵਾਲੀ ਗੱਲ ਹੈ ਕਿ ਇਸ ਮੁਕਾਬਲੇ ਵਿਚ ਹੋਏ 68 ਗੋਲਾਂ ਵਿਚੋਂ 43 ਗੋਲ ਭਾਰਤੀ ਟੀਮ ਵਿਚ ਸ਼ਾਮਲ ਪੰਜਾਬੀ ਖਿਡਾਰੀਆਂ ਨੇ ਕੀਤੇ ਹਨ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬੀਆਂ ਨੂੰ ਕੁਦਰਤ ਨੇ ਆਪਣੀ ਪਸੰਦ ਦੇ ਹਰ ਖੇਤਰ ਵਿਚ ਜਿੱਤ ਪ੍ਰਾਪਤ ਕਰਨ ਦਾ ਅਦੁੱਤੀ ਜਜ਼ਬਾ ਬਖਸ਼ਿਆ ਹੈ। ਇਸ ਕਾਰਨ ਪੰਜਾਬੀਆਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਦੁਨੀਆਂ ਭਰ ਵਿਚ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ। ਹੁਣ ਜਦੋਂ ਪੰਜਾਬੀਆਂ ਨੇ ਸੂਬੇ ਵਿਚੋਂ ਨਸਿ ?ਆਂ ਦੇ ਸਰਾਪ ਨੂੰ ਮਿਟਾਉਣ ਦਾ ਮਨ ਬਣਾ ਲਿਆ ਹੈ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਪੂਰੀ ਤਰਾਂ ਨਾਲ ਨਸ਼ਾ ਮੁਕਤ ਹੋ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਰਾਜ ਵਿਚ ਖੇਡ ਸਭਿਆਚਾਰ ਨੂੰ ਮੁੜ ਪ੍ਰਫੁਲਿਤ ਕਰਨ ਲਈ ਦ੍ਰਿੜ ਸੰਕਲਪ ਹੈ ਅਤੇ ਇਹ ਕ੍ਰਿਕਟ ਮੈਚ ਵੀ ਇਸੇ ਪਹਿਲਕਦਮੀ ਦਾ ਹਿੱਸਾ ਹੈ। ਉਨ੍ਹਾਂ ਨੇ ਕਿਹਾ ਕਿ ਰਾਜ ਵਿਚੋਂ ਨਸ਼ੇ ਦੇ ਖਾਤਮੇ ਲਈ ਸੂਬਾ ਸਰਕਾਰ ਠੋਸ ਉਪਰਾਲੇ ਕਰ ਰਹੀ ਹੈ, ਇਸ ਲਈ ਰਾਜ ਵਿਚ ਖੇਡਾਂ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਉਪਰਾਲਾ ਰਾਜ ਵਿਚ ਖੇਡਾਂ ਨੂੰ ਉਤਸਾਹਿਤ ਕਰਕੇ ਨਸ਼ਿਆਂ ਦੇ ਖਾਤਮੇ ਲਈ ਜਾਗ ਦਾ ਕੰਮ ਕਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਉਪਰਾਲਿਆਂ ਸਦਕਾ ਸਾਡੇ ਖਿਡਾਰੀ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਮੁਕਾਬਲਿਆਂ ਵਿਚ ਮੈਡਲ ਜਿੱਤ ਕੇ ਰਾਜ ਦਾ ਨਾਂ ਰੌਸ਼ਨ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਰਾਜ ਸਰਕਾਰ ਖਿਡਾਰੀਆਂ ਨੂੰ ਨਗਦ ਇਨਾਮ ਅਤੇ ਹੋਰ ਉਤਸ਼ਾਹਤ ਕਰਨ ਲਈ ਉਨ੍ਹਾਂ ਦੀ ਹੌਂਸਲਾ ਅਫਜਾਈ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਦੀ ਤਿਆਰੀਆਂ ਲਈ ਵੀ ਖਿਡਾਰੀਆਂ ਨੂੰ ਵਿੱਤੀ ਮਦਦ ਦਿੱਤੀ ਗਈ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਨੇ ਖਿਡਾਰੀਆਂ ਨੂੰ ਆਪਣੇ ਹੁਨਰ ਦੇ ਪ੍ਰਦਰਸ਼ਨ ਲਈ ਉਚਿਤ ਮੰਚ ਮੁਹਈਆ ਕਰਵਾਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਖੇਡਾਂ ਰਾਹੀਂ ਖਿਡਾਰੀਆਂ ਨੂੰ ਉਨ੍ਹਾਂ ਦੀਆਂ ਸਮਰੱਥਾਵਾਂ ਅਤੇ ਭਣਤਾਈਆਂ ਦਾ ਪਤਾ ਲਗਦਾ ਹੈ ਜੋ ਕਿ ਉਨ੍ਹਾਂ ਲਈ ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ਦੀ ਤਿਆਰੀ ਵਿਚ ਸਹਾਈ ਸਿੱਧ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਰਾਜ ਵਿਚ ਖੇਡਾਂ ਨੂੰ ਉਤਸਾਹਿਤ ਕਰਨ ਵਿਚ ਕੋਈ ਕੋਰ ਕਸਰ ਨਹੀਂ ਛੱਡੇਗੀ ਅਤੇ ਖੇਡਾਂ ਰਾਜ ਤੇ ਲੋਕਾਂ ਦੀ ਤਰੱਕੀ ਵਿਚ ਅਹਿਮ ਭੂਮਿਕਾ ਨਿਭਾਉਣਗੀਆਂ।




## ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ









## Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork
- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

WHAT WE WILL PROVIDE
250+ Broker List
350+ Carrier List
27000+ Direct Shipper List

amazon relay

DAT One

Scan This Code for Joining Truck Dispatch Training

SMART PATH

Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home

# ਬੱਚਿਆਂ ਦੇ ਨਾਵਾਂ ਦਾ ਝਗੜਾ

ਅੱਜਕੱਲ੍ਹ ਮਾਤਾ-ਪਿਤਾ ਆਪਣੇ ਬੱਚਿਆਂ ਦੇ ਨਾਵਾਂ ਨੂੰ ਲੈ ਕੇ ਬਹੁਤ ਸੰਵੇਦਨਸ਼ੀਲ ਹਨ। ਕਈ ਵਾਰ ਤਾਂ ਅਜਿਹੇ ਵੀ ਨਾਂ ਰੱਖੇ ਜਾਂਦੇ ਹਨ, ਜਿਨ੍ਹਾਂ ਦਾ ਹਰ ਵਾਰ ਅਰਥ ਪੁੱਛਣਾ ਪੈਂਦਾ ਹੈ ਤੇ ਕਈ ਵਾਰ ਅਜਿਹਾ ਨਾਂ ਵੀ ਹੁੰਦਾ ਹੈ ਕਿ ਉਹ ਅਰਥ ਦਾ ਅਨਰਥ ਵੀ ਕਰਦੇ ਹਨ। ਪਹਿਲਾਂ ਤਾਂ ਕੋਈ ਬੱਚੇ ਦਾ ਕੁਝ ਵੀ ਨਾਂ ਰੱਖ ਦਿੰਦਾ ਸੀ।

ਇਹ ਜ਼ਿੰਮੇਵਾਰੀ ਆਮ ਤੌਰ ’ਤੇ ਨਾਮਕਰਨ ਦੇ ਦਿਨ ਪੰਡਤ ਦੀ ਹੁੰਦੀ ਸੀ। ਜਿਸ ਅੱਖਰ ’ਤੇ ਨਾਂ, ਉਸੇ ’ਤੇ ਖੋਜਿਆ ਜਾਂਦਾ ਸੀ ਪਰ ਅੱਜ ਕੱਲ੍ਹ ਲੋਕ ਕਿਸੇ ਹੋਰ ਦੇ ਨਾਂ ਰੱਖਣ ’ਤੇ ਬੁਰਾ ਮੰਨ ਜਾਂਦੇ ਹਨ।

ਇਸ ਪ੍ਰਸੰਗ ’ਚ ਤਕਰੀਬਨ ਦਸ ਸਾਲ ਪਹਿਲਾਂ ਦੀ ਇਕ ਘਟਨਾ ਯਾਦ ਆਉਂਦੀ ਹੈ। ਨਾਲ ਕੰਮ ਕਰਨ ਵਾਲੀ ਇਕ ਔਰਤ ਮਾਂ ਬਣਨ ਵਾਲੀ ਸੀ। ਉਸ ਦੀ ਸੱਸ ਨੇ ਬੜੇ ਚਾਅ ਨਾਲ ਕਿਹਾ ਕਿ ਜੇ ਉਸ ਦੀ ਪੋਤੀ ਹੋਈ ਤਾਂ ਫਲਾਣਾ ਨਾਂ ਰੱਖਿਆ ਜਾਵੇਗਾ ਅਤੇ ਪੋਤਾ ਹੋਇਆ ਤਾਂ ਇਹ। ਇਸ ਗੱਲ ’ਤੇ ਉਹ ਔਰਤ ਬੁਰਾ ਮੰਨ ਗਈ ਜਦਕਿ ਕਿਸੇ ਦਾਦੀ ਲਈ ਅਜਿਹਾ ਸੋਚਣਾ ਆਮ ਜਿਹੀ ਗੱਲ ਸੀ। ਔਰਤ ਇੰਟਰਨੈੱਟ ’ਤੇ ਆਪਣੇ ਬੱਚੇ ਲਈ ਨਾਂ ਖੋਜਦੀ ਰਹਿੰਦੀ ਸੀ। ਉਸ ਨੇ ਸੱਸ ਅਤੇ ਦਫ਼ਤਰ ’ਚ ਆਪਣੇ ਸਾਥੀਆਂ ਨੂੰ ਕਿਹਾ ਕਿ ਕੀ ਹੁਣ ਮੇਰੇ ਬੱਚੇ ਦਾ ਨਾਂ ਵੀ ਕੋਈ ਹੋਰ ਰੱਖੇਗਾ? ਮੇਰਾ ਬੱਚਾ ਹੈ ਤਾਂ ਨਾਂ ਰੱਖਣ ਦਾ ਅਧਿਕਾਰ ਵੀ ਮੇਰਾ ਹੀ ਹੈ। ਉਸ ਦੇ ਬੱਚੇ ਦਾ ਨਾਂ ਕਿਵੇਂ ਰੱਖਿਆ ਗਿਆ, ਪਤਾ ਨਹੀਂ ਪਰ ਇਹ ਗੱਲ ਤਾਂ ਦਸ ਸਾਲ ਪੁਰਾਣੀ ਹੈ। ਹਾਲ ਹੀ ’ਚ ਇਕ ਅਜਿਹੀ ਘਟਨਾ ਸਾਹਮਣੇ ਆਈ, ਜਿਸ ਨਾਲ ਹੈਰਾਨ ਹੋਏ ਬਿਨਾਂ ਨਹੀਂ ਰਿਹਾ ਜਾ ਸਕਿਆ।

ਇਕ ਮਾਤਾ-ਪਿਤਾ ’ਚ ਇਸ ’ਤੇ ਬਹਿਸ ਛਿੜ ਗਈ ਕਿ ਉਨ੍ਹਾਂ ਦੀ ਤਿੰਨ ਸਾਲ ਦੀ ਬੱਚੀ ਦਾ ਨਾਂ ਕੀ ਹੋਣਾ ਚਾਹੀਦਾ ਹੈ? ਪਿਤਾ ਕੋਈ ਹੋਰ ਨਾਂ ਰੱਖਣਾ ਚਾਹੁੰਦਾ ਸੀ ਤੇ ਮਾਂ ਦੂਜਾ। ਅੰਤ ’ਚ ਅਦਾਲਤ ਨੇ ਬੱਚੀ ਦਾ ਨਾਂ ਮਾਂ ਦੀ ਪਸੰਦ ਦਾ ਹੀ ਰੱਖਿਆ ਕਿਉਂਕਿ ਬੱਚੀ ਮਾਂ ਨਾਲ ਰਹਿੰਦੀ ਸੀ। ਬੱਚੀ ਦੇ ਨਾਂ ਦੇ ਨਾਲ ਹੀ ਪਿਤਾ ਦਾ ਕੁਲ-ਨਾਂ ਵੀ ਜੋੜਿਆ ਤਾਂ ਕਿ ਉਸ ਨੂੰ ਵੀ ਸੰਤੁਸ਼ਟ ਕੀਤਾ ਜਾ ਸਕੇ। ਕੇਰਲ ਹਾਈ ਕੋਰਟ ’ਚ ਚੱਲੇ ਇਸ ਮਾਮਲੇ ’ਚ ਇਹ ਗੱਲ ਸਾਹਮਣੇ ਆਈ ਕਿ ਬੱਚੀ ਸਕੂਲ ਜਾਣ ਲਾਇਕ ਹੋ ਗਈ ਸੀ ਪਰ ਅਲੱਗ-ਅਲੱਗ ਰਹਿ ਰਹੇ ਮਾਤਾ-ਪਿਤਾ ਉਸ ਦੇ ਨਾਂ ’ਤੇ ਰਾਜ਼ੀ ਨਹੀਂ ਸਨ। ਮਾਤਾ-ਪਿਤਾ ’ਚ ਚੱਲਣ ਵਾਲਾ ਇਹ ਮਾਮਲਾ ਅਨੋਖਾ ਤਾਂ ਹੈ ਹੀ, ਚਿੰਤਾਜਨਕ ਵੀ ਹੈ। ਇਹ ਸਾਡੇ ਪਰਿਵਾਰਾਂ ਦੀ ਅੰਦਰੂਨੀ ਉਥਲ-ਪੁਥਲ ਨੂੰ ਵੀ ਦਰਸਾਉਂਦਾ ਹੈ। ਉੱਪਰ ਜਿਸ ਔਰਤ ਦਾ ਜ਼ਿਕਰ ਕੀਤਾ, ਉਹ ਤਾਂ ਮਹਿਜ਼ ਉਦਾਹਰਨ ਹੈ। ਕੀ ਪਤਾ ਕਿੰਨੀਆਂ ਔਰਤਾਂ ਨੂੰ ਇਹ ਗੱਲ ਬੁਰੀ ਲੱਗਦੀ ਹੈ ਕਿ ਘਰ ਦੇ ਹੋਰ ਮੈਂਬਰ ਉਨ੍ਹਾਂ ਦੇ ਬੱਚੇ ਦਾ ਨਾਂ ਰੱਖਣ। ਇਸ ਤੋਂ ਵੱਡੀ ਵਿਡੰਬਨਾ ਹੋਰ ਕੋਈ ਨਹੀਂ ਕਿ ਮਾਤਾ-ਪਿਤਾ ਇਸ ਗੱਲ ਨੂੰ ਲੈ ਕੇ ਲੜਨ ਲੱਗਣ ਕਿ ਬੱਚੇ ਦਾ ਨਾਂ ਕੀ ਹੋਵੇ। ਪਰਿਵਾਰ ਇਕ ਰੁੱਖ ਹੁੰਦਾ ਹੈ, ਜਿਸ ਦੀਆਂ ਕਈ ਸ਼ਾਖਾਵਾਂ ਤੇ ਉਪ-ਸ਼ਾਖਾਵਾਂ ਪਰਿਵਾਰ ਦੇ ਮੈਂਬਰਾਂ ਦੇ ਰੂਪ ’ਚ ਮੌਜੂਦ ਹੁੰਦੀਆਂ ਹਨ। ਪਰਿਵਾਰ ਦੀ ਜੋ ਇਕਜੁੱਟਤਾ ਹੁੰਦੀ ਹੈ, ਉਹ ਜੇ ਮਾਮੂਲੀ ਗੱਲਾਂ ਨਾਲ ਖੇਰੂ-ਖੇਰੂ ਹੋ ਰਹੀ ਹੈ ਤਾਂ ਇਹ ਗੌਰ ਕਰਨ ਲਾਇਕ ਗੱਲ ਹੈ। ਅਧਿਕਾਰ, ਆਜ਼ਾਦੀ ਅਤੇ ਮੇਰੇ-ਤੇਰੇ ਦੇ ਨਾਂ ’ਤੇ ਇਸ ਤਰ੍ਹਾਂ ਦਾ ਹੰਕਾਰ ਠੀਕ ਨਹੀਂ। ਇਹ ਇਕ ਅਜਿਹੇ ਸਵੈ-ਕੇਂਦਰਤ ਸਮਾਜ ਵੱਲ ਵਧਦੇ ਕਦਮ ਹਨ, ਜਿੱਥੇ ਸਿਰਫ਼ ਮੈਂ ਅਤੇ ਮੈਂ ਦਾ ਬੋਲਬਾਲਾ ਹੈ, ਜਿੱਥੇ ਕੋਈ ਦੂਜਾ ਨਹੀਂ ਹੈ। ਨਾ ਕਿਸੇ ਦੂਜੇ ਦੀ ਗੱਲ ਸੁਣਨ ਅਤੇ ਉਸ ਨੂੰ ਸਵੀਕਾਰ ਕਰਨ ਦੀ ਸਹਿਣਸ਼ੀਲਤਾ ਹੈ।

ਜੇ ਬੱਚੀ ਜਾਂ ਬੱਚੇ ਦੇ ਨਾਂ ਨੂੰ ਲੈ ਕੇ ਮਾਤਾ-ਪਿਤਾ ਨੂੰ ਅਦਾਲਤ ਤੱਕ ਦੌੜਨਾ ਪੈ ਰਿਹਾ ਹੈ ਤਾਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਘਰਾਂ ’ਚ ਕੀ ਹੋ ਰਿਹਾ ਹੈ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਵੀ ਕਿ ਇਹ ਮਾਤਾ-ਪਿਤਾ ਦੇ ਅਧਿਕਾਰ ਦਾ ਨਹੀਂ, ਬੱਚੀ ਦੇ ਹਿੱਤ ਨਾਲ ਜੁੜਿਆ ਮਾਮਲਾ ਹੈ। ਅਦਾਲਤ ’ਚ ਜਾਣ ਤੋਂ ਪਹਿਲਾਂ ਇਹ ਕਿਉਂ ਸੋਚਿਆ ਨਹੀਂ ਗਿਆ ਕਿ ਬੱਚੀ ਦੀ ਮਾਨਸਿਕਤਾ ’ਤੇ ਇਸ ਦਾ ਕੀ ਅਸਰ ਪਿਆ ਹੋਵੇਗਾ? ਕੀ ਉਹ ਇਸ ਅਣਚਾਹੇ ਪ੍ਰਸੰਗ ਨੂੰ ਭੁਲਾ ਸਕੇਗੀ? ਇਸ ਮਾਮਲੇ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਮੱਧ ਵਰਗੀ ਸਮਾਜ ਕੋਲ ਕਿੰਨਾ ਫ਼ਾਲਤੂ ਸਮਾਂ ਹੈ। ਮਾਮਲਿਆਂ ਨੂੰ ਘਰ, ਪਰਿਵਾਰ ’ਚ ਨਿਪਟਾਉਣ ਦੀ ਬਜਾਏ ਅਦਾਲਤ ਵੱਲ ਦੌੜ ਲਾਈ ਜਾ ਰਹੀ ਹੈ।

ਲੋਕ ਕਹਿੰਦੇ ਰਹਿਣ ਕਿ ਨਾਂ ’ਚ ਕੀ ਰੱਖਿਆ ਹੈ ਪਰ ਉਕਤ ਮਾਮਲੇ ਨੂੰ ਦੇਖ ਕੇ ਲੱਗਦਾ ਹੈ ਕਿ ਬੱਚੇ ਪ੍ਰਤੀ ਮਾਤਾ-ਪਿਤਾ ਦੀ ਭਾਵਨਾ ਕਿਹੋ ਜਿਹੀ ਹੋ ਗਈ ਹੈ। ਅੱਜਕੱਲ੍ਹ ਇਹ ਹੋੜ ਜਿਹੀ ਦਿਖਾਈ ਦਿੰਦੀ ਹੈ ਕਿ ਮੇਰੇ ਬੱਚੇ ਦਾ ਨਾਂ ਅਜਿਹਾ ਹੋਵੇ, ਜੋ ਸਭ ਤੋਂ ਵੱਖਰਾ ਹੋਵੇ। ਹਾਲਾਂਕਿ ਇਹ ਮਹਿਜ਼ ਭਰਮ ਹੀ ਹੈ ਕਿਉਂਕਿ ਜੋ ਨਾਂ ਤੁਸੀਂ ਚੁਣਦੇ ਹੋ, ਉਹ ਪਹਿਲਾਂ ਕਿਤੇ ਨਾ ਕਿਤੇ ਹੁੰਦਾ ਹੀ ਹੈ। ਸਭ ਤੋਂ ਵੱਖਰਾ ਅਤੇ ‘ਯੂਨੀਕ’ ਜਿਹੀ ਚੀਜ਼ ਸ਼ਾਇਦ ਹੀ ਕੋਈ ਹੁੰਦੀ ਹੈ। ਇੰਟਰਨੈੱਟ ਅਤੇ ਭੂ-ਮੰਡਲੀਕਰਨ ਦੇ ਦੌਰ ਦੇ ਸਮਾਜ ’ਚ ਤਾਂ ਸਭ ਤੋਂ ਅਲੱਗ ਦੀ ਗੱਲ ਹੀ ਬੇਮਾਨੀ ਹੈ। ਬੱਚੇ ਦੇ ਨਾਂ ਨੂੰ ਲੈ ਕੇ ਪਰਿਵਾਰ ਦੀ ਏਨੀ ਊਠਕ-ਬੈਠਕ ਵੀ ਅਫ਼ਸੋਸ ਪੈਦਾ ਕਰਦੀ ਹੈ। ਮਾਹਰਾਂ ਦਾ ਇਕ ਵਰਗ ਭਾਵੇਂ ਹੀ ਕਹਿੰਦਾ ਰਹੇ ਕਿ ਸਾਂਝੇ ਪਰਿਵਾਰ ਵਿਕਾਸ ਲਈ ਬਹੁਤ ਚੰਗੇ ਹੁੰਦੇ ਹਨ ਤੇ ਉਨ੍ਹਾਂ ’ਚ ਰਹਿਣ ਵਾਲੇ ਬੱਚਿਆਂ ਨੂੰ ਤਣਾਅ ਅਤੇ ਚਿੰਤਾਵਾਂ ਘੱਟ ਘੇਰਦੀਆਂ ਹਨ। ਉਹ ਪਰਿਵਾਰਕ ਕਦਰਾਂ-ਕੀਮਤਾਂ ਨੂੰ ਪਛਾਣਨਾ ਤੇ ਇਕ-ਦੂਜੇ ਦੀ ਦੇਖਭਾਲ ਕਰਨਾ ਸਿੱਖਦੇ ਹਨ ਪਰ ਅਜਿਹੇ ਪਰਿਵਾਰ ਬਿਖਰ ਰਹੇ ਹਨ।

ਜੋ ਬੱਚੇ ਦੇਖਣਗੇ, ਉਹੋ ਸਿੱਖਣਗੇ। ਅੱਜ ਜੋ ਮਾਤਾ-ਪਿਤਾ ਉਨ੍ਹਾਂ ਲਈ ਅਸਮਾਨ ਸਿਰ ’ਤੇ ਚੁੱਕ ਰਹੇ ਹਨ, ਕੱਲ੍ਹ ਉਹ ਵੀ ਉਨ੍ਹਾਂ ਨੂੰ ਉਸੇ ਤਰ੍ਹਾਂ ਆਪਣੀ ਦੁਨੀਆ ਤੋਂ ਕੱਢ ਕੇ ਬਾਹਰ ਕਰਨਗੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਘਰ ਵਾਲਿਆਂ ਨਾਲ ਕੀਤਾ। ਕਹਿੰਦੇ ਹਨ ਕਿ ਅਨੁਭਵ ਸਾਡਾ ਸਭ ਤੋਂ ਵੱਡਾ ਅਧਿਆਪਕ ਹੁੰਦਾ ਹੈ ਪਰ ਜਦੋਂ ਤੱਕ ਇਹ ਗੱਲ ਸਮਝ ’ਚ ਆਉਂਦੀ ਹੈ, ਵਕਤ ਨਿਕਲ ਗਿਆ ਹੁੰਦਾ ਹੈ ਤੇ ਕੋਲ ਪਛਤਾਵੇ ਤੋਂ ਸਿਵਾਏ ਕੁਝ ਨਹੀਂ ਬਚਦਾ। ਨੌਜਵਾਨਾਂ ਨੂੰ ਇਹ ਅਹਿਸਾਸ ਸ਼ਾਇਦ ਦੇਰ ਨਾਲ ਹੁੰਦਾ ਹੈ ਕਿ ਉਹ ਵੀ ਕਦੇ ਉਸ ਉਮਰ ’ਚ ਪਹੁੰਚਣਗੇ, ਜਿੱਥੇ ਉਨ੍ਹਾਂ ਦੇ ਮਾਤਾ-ਪਿਤਾ ਜਾਂ ਦਾਦਾ-ਦਾਦੀ ਹਨ। ਨਾਂ ਰੱਖਣ ਨੂੰ ਲੈ ਕੇ ਅਦਾਲਤ ਵੱਲ ਰੁਖ਼ ਕਰਨ ਦਾ ਮਾਮਲਾ ਨਿਰਾਸ਼ ਕਰਦਾ ਹੈ। ਇਹ ਪਰਿਵਾਰ ’ਤੇ ਆਏ ਗੰਭੀਰ ਸੰਕਟ ਨੂੰ ਵੀ ਦੱਸਦਾ ਹੈ। ਕੀ ਸਾਡਾ ਧਿਆਨ ਇਸ ਵੱਲ ਜਾਂਦਾ ਹੈ? ਨਹੀਂ ਜਾਂਦਾ ਤਾਂ ਜ਼ਰੂਰ ਜਾਣਾ ਚਾਹੀਦਾ ਹੈ।

-ਸ਼ਮਾ ਸ਼ਰਮਾ

# ਪਵਿੱਤਰ ਧਰਤੀ ’ਤੇ ਡੁੱਲ੍ਹ ਰਿਹਾ ਬੇਦੋਸ਼ਿਆਂ ਦਾ ਖ਼ੂਨ

**ਦਰਬਾਰਾ ਸਿੰਘ ਕਾਹਲੋਂ**



ਸ਼ਨਿਚਰਵਾਰ 7 ਅਕਤੂਬਰ, 2023 ਦੀ ਸਵੇਰ ਦੁਨੀਆ ’ਚ ਖ਼ੂੰਖਾਰ ਜੰਗਜੂ ਰਾਸ਼ਟਰ ਵਜੋਂ ਜਾਣੇ ਜਾਂਦੇ ਇਜ਼ਰਾਈਲ ਲਈ ਬੜੀ ਘਾਤਕ, ਅਪਮਾਨਜਨਕ, ਚੌਕਸੀ ਤੇ ਸੁਰੱਖਿਆ ਪੱਖੋਂ ਨੱਕ ਵੱਢੇ ਜਾਣ ਵਾਲੀ ਸਾਬਤ ਹੋਈ। ਖ਼ੁਦ ਇਜ਼ਰਾਈਲ ਹੀ ਨਹੀਂ ਸਗੋਂ ਪੂਰੀ ਦੁਨੀਆ ਗਾਜ਼ਾ ਪੱਟੀ ’ਤੇ 2007 ਤੋਂ ਕਾਬਜ਼ ਹਮਾਸ ਲੜਾਕੂਆਂ ਦੇ ਅਚਾਨਕ ਚੁੱਪਚਾਪ ਇਜ਼ਰਾਈਲ ਵਿਰੁੱਧ ਤਾਬੜਤੋੜ ਮਾਰੂ ‘ਆਪਰੇਸ਼ਨ ਅਲ-ਅਕਸਾ ਫਲੱਡ’ ਹਮਲੇ ਤੋਂ ਹੈਰਾਨ ਹੋ ਕੇ ਰਹਿ ਗਈ।

ਸੈਂਕੜੇ ਸਵੈ-ਚਾਲਕ ਹਥਿਆਰਾਂ ਨਾਲ ਲੈਸ, ਬਿਜਲਈ ਤੇਜ਼ੀ ਵਾਂਗ ਟਰੇਂਡ ਅਤੇ ਸਿਰਲੱਥ ਹਮਾਸ ਲੜਾਕੇ ਮਿੰਟਾਂ-ਸਕਿੰਟਾਂ ’ਚ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਦੇ ਨਾਲ-ਨਾਲ ਕੰਕਰੀਟ ਦੀਆਂ ਦੀਵਾਰਾਂ ਬੁਲਡੋਜ਼ਰਾਂ ਦੀ ਮਦਦ ਨਾਲ ਢਾਹ ਕੇ, ਕੰਡਿਆਲੀਆਂ ਤਾਰਾਂ ਕੱਟ ਕੇ 24 ਕਿਲੋਮੀਟਰ ਅੰਦਰ ‘ਅੱਲ੍ਹਾ ਹੂ ਅਕਬਰ’ ਦੇ ਨਾਅਰੇ ਲਾਉਂਦੇ ਹੋਏ ਨੇਵਿਟ ਹਾਆਸਰਾ, ਸਡਰੋਟ ਥਾਣੇ, ਕਫਾਰਅਜ਼ਾ, ਨਾਹਲ, ਬੇਰੀ, ਰੀਅਮ, ਨੀਰ, ਸੀਫਾ, ਓਟਾਕਿਮ ਆਦਿ ਸ਼ਹਿਰਾਂ ਅਤੇ ਇਲਾਕਿਆਂ ’ਚ ਦਾਖ਼ਲ ਹੋ ਗਏ। ਇਨ੍ਹਾਂ ਦੇ ਸੁਰੱਖਿਅਤ ਲਾਂਘੇ ਲਈ ਯੋਜਨਾਬੱਧ 7000 ਦੇ ਕਰੀਬ ਰਾਕੇਟ 20 ਮਿੰਟਾਂ ’ਚ ਦਾਗੇ ਗਏ। ਹਮਾਸ ਲੜਾਕੇ ਸਮੁੰਦਰ, ਪਾਰਾਗਲਾਈਡਰਾਂ ਅਤੇ ਜ਼ਮੀਨੀ ਰਸਤੇ ਦੱਖਣੀ ਇਜ਼ਰਾਈਲ ਖੇਤਰਾਂ ’ਚ ਵੜੇ। ਇਜ਼ਰਾਈਲ ਦੀਆਂ ਸਰਹੱਦਾਂ ’ਤੇ ਡਰੋਨ ਤਾਇਨਾਤੀ, ਜ਼ਮੀਨੀ ਸੁਰੱਖਿਆ, ਕੰਡਿਆਲੀ ਤਾਰ, ਕੰਕਰੀਟ ਦੀਵਾਰ, ਗਰਾਊਂਡ ਮੋਸ਼ਨ ਸੈਂਸਰ, ਫ਼ੌਜੀਆਂ ਵੱਲੋਂ ਲਗਾਤਾਰ ਗਸ਼ਤ, ਭੇਦੀ ਯੰਤਰ ਆਦਿ ਸਭ ਠੁੱਸ ਹੋ ਕੇ ਰਹਿ ਗਏ। ਇਜ਼ਰਾਈਲ ਦੀ ਘਰੇਲੂ ਜਾਂਚ ਏਜੰਸੀ ਸ਼ਿਨ ਬੇਤ, ਖ਼ੁਫ਼ੀਆ ਏਜੰਸੀ ਮੋਸਾਦ, ਇਜ਼ਰਾਈਲ ਚੌਕਸ ਮਿਲਟਰੀ ਏਜੰਸੀ ਆਦਿ ਨੂੰ ਇਸ ਆਪਰੇਸ਼ਨ ਦੀ ਜ਼ਰਾ ਭਿਣਕ ਨਾ ਲੱਗੀ। ਇਸ ਦੇ ਮਿੱਤਰ ਪੱਛਮੀ ‘ਪੰਜ ਅੱਖਾਂ’ ਵਾਲੇ ਦੇਸ਼ ਅਮਰੀਕਾ, ਬ੍ਰਿਟੇਨ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਜਿਨ੍ਹਾਂ ਨੇ ਕੈਨੇਡਾ ਨੂੰ ਹਰਦੀਪ ਸਿੰਘ ਨਿੱਝਰ ਦੇ ਮਾਰੇ ਜਾਣ ਬਾਰੇ ਜਾਣਕਾਰੀ ਪ੍ਰਦਾਨ ਕਰਵਾਈ ਸੀ, ਵੀ ਇਸ ਗੁਪਤ ਆਪਰੇਸ਼ਨ ਬਾਰੇ ਕੋਈ ਟੋਹ ਨਾ ਲਾ ਸਕੇ।

ਹੈਰਾਨਗੀ ਦੀ ਗੱਲ ਇਹ ਹੈ ਕਿ ਇਸ ਆਪਰੇਸ਼ਨ ਦੀ ਵਿਉਂਤਬੰਦੀ ਮੁਕੱਦਸ ਅਲ-ਅਕਸਾ ਮਸਜਿਦ ’ਚ ਕੀਤੀ ਗਈ, ਜੋ ਪਵਿੱਤਰ ਸ਼ਹਿਰ ਯੈਰੋਸ਼ਲਮ ’ਚ ਹੈ। ਇਜ਼ਰਾਈਲ ਦੀ ਫ਼ੌਜ ਵੱਲੋਂ ਇਸ ਦੀ ਬੇਅਦਬੀ 16 ਸਾਲਾਂ ਤੋਂ ਗਾਜ਼ਾ ਪੱਟੀ ਦੀ ਲਗਾਤਾਰ ਨਾਕਾਬੰਦੀ ਰਾਹੀਂ 2.3 ਮਿਲੀਅਨ ਫਲਸਤੀਨੀਆਂ ਦੀ ਘੇਰਾਬੰਦੀ, ਜਬਰੀ ਕਬਜ਼ੇ ’ਚ ਗਾਜ਼ਾ ਪੱਟੀ ਅਤੇ ਪੱਛਮੀ ਕਿਨਾਰੇ ਦੇ ਇਲਾਕੇ ਕਰ ਕੇ ਕੀਤੀ ਗਈ। ਦੋ ਦਹਾਕੇ ਇਜ਼ਰਾਈਲ ਜੇਲ੍ਹ ’ਚ ਕੈਦ ਕੀਤਾ ਹਮਾਸ ਆਗੂ ਯਾਹਾ ਅਲ ਸਿਨਵਾਰ ਪਿੱਛੇ ਜਿਹੇ ਛੱਡਿਆ ਗਿਆ ਸੀ। ਹਮਾਸ ਦੇ ਮਿਲਟਰੀ ਚੀਫ ਮੁਹੰਮਦ ਡੀਫ ਦੀ ਪਤਨੀ, ਕੁੱਛੜ ਲੜਕਾ ਅਤੇ ਤਿੰਨ ਸਾਲਾ ਧੀ ਹੋਰ ਫਲਸਤੀਨੀਆਂ ਵਾਂਗ ਇਜ਼ਰਾਈਲੀ ਫ਼ੌਜ ਨੇ ਮਾਰ ਮੁਕਾਏ ਸਨ। ਇਨ੍ਹਾਂ ਸਭ ਘਟਨਾਵਾਂ ਦੀ ਅੱਗ ਹਮਾਸ ਲੜਾਕੂਆਂ ਦੇ ਦਿਲਾਂ ਅੰਦਰ ਬੁਰੀ ਤਰ੍ਹਾਂ ਸੁਲਗ ਰਹੀ ਸੀ। ਇਸ ਦਾ ਇਜ਼ਰਾਈਲ ਤੋਂ ਡਰਾਉਣੇ ਅਤੇ ਭਿਆਨਕ ਸਬਕ ਵਜੋਂ ਬਦਲਾ ਲੈਣ ਲਈ ਹਮਾਸ ਲੀਡਰਸ਼ਿਪ ਨੇ ਅਕਤੂਬਰ, 1973 ’ਚ ਸ਼ਹੀਦ ਮਾਰੂ ਯੋਮ ਕਿਪੁਰ ਯੁੱਧ ਦੀ 50ਵੀਂ ਇਤਿਹਾਸਿਕ ਵਰ੍ਹੇਗੰਢ ਮੌਕੇ ‘ਆਪਰੇਸ਼ਨ ਅਲ-ਅਕਸਾ ਫਲੱਡ’ ਦੇ ਨਾਂ ਅਧੀਨ ਵਿਉਂਤਿਆ।

ਇਹ ਭਾਰੀ ਤਿਆਰੀ ਅਤੇ ਟ੍ਰੇਨਿੰਗ ਨਾਲ ਬੁਲੇਟ ਟਰੇਨ ਦੀ ਤੇਜ਼ੀ ਨਾਲ ਕੀਤਾ ਗਿਆ ਆਪਰੇਸ਼ਨ ਸੀ। ਇਜ਼ਰਾਈਲ ਵਰਗਾ ਦੇਸ਼ ਜੋ ਮਿਲਟਰੀ ਸ਼ਕਤੀ ਵਜੋਂ ਅਮਰੀਕੀ ਸੀਲਜ਼ ਦੀ ਟੱਕਰ ਵਾਲਾ ਦੇਸ਼ ਕਹਾਉਂਦਾ ਹੈ, ਦਾ ਸੁਰੱਖਿਆ ਚੱਕਰਵਿਊ ਤੋੜ ਕੇ ਜਿਵੇਂ ਹਮਾਸ ਲੜਾਕੂ 24 ਕਿਲੋਮੀਟਰ ਅੰਦਰ ਦਾਖ਼ਲ ਹੋਏ, ਇਹ ਹੈਰਾਨੀਜਨਕ ਕਾਰਨਾਮਾ ਸੀ। ਇਨ੍ਹਾਂ 10 ਘੰਟਿਆਂ ਦੀ ਅੰਨ੍ਹੇਵਾਹ ਕਾਰਵਾਈ ’ਚ ਇਜ਼ਰਾਈਲ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਨੁਕਸਾਨ ਹੋਇਆ।

‘ਕਾਨ’ ਪਬਲਿਕ ਬਰਾਡਕਾਸਟਰ, ‘ਚੈਨਲ-12’, ‘ਹਾਰੇਟਜ ਅਤੇ ‘ਟਾਈਮਜ਼ ਆਫ ਇਜ਼ਰਾਈਲ’ ਅਖ਼ਬਾਰਾਂ ਦੀਆਂ ਰਿਪੋਰਟਾਂ ਅਨੁਸਾਰ ਇਸ ਆਪਰੇਸ਼ਨ ਤਹਿਤ ਹੁਣ ਤੱਕ 700 ਤੋਂ ਵੱਧ ਇਜ਼ਰਾਈਲੀ ਬਾਸ਼ਿੰਦੇ ਮਾਰੇ ਗਏ ਪਾਏ। ਇਨ੍ਹਾਂ ’ਚ 57 ਦੇ ਕਰੀਬ ਫ਼ੌਜੀ ਵੀ ਸ਼ਾਮਲ ਹਨ। ਨਾਹਲ ਬ੍ਰਿਗੇਡ ਨਾਲ ਸਬੰਧਿਤ ਕਰਨਲ ਜੋਨਾਥਨ ਸਟੀਨਬਰਗ ਮਾਰਿਆ ਗਿਆ। ਕਰੀਬ 2243 ਤੋਂ ਵੱਧ ਲੋਕ ਜ਼ਖ਼ਮੀ ਹੋਏ। 200 ਲਾਸ਼ਾਂ ਡਾਨਸ ਪਾਰਟੀ ਵਿਖੇ ਮਿਲੀਆਂ। ਕਰੀਬ 750 ਇਜ਼ਰਾਈਲੀ ਕਬਜ਼ੇ ਖੇਤਰਾਂ ’ਚੋਂ ਗੁੰਮ ਹਨ। ਪ੍ਰਤੱਖ ਦਰਸ਼ੀਆਂ ਅਨੁਸਾਰ ਕਫਰ ਅਜ਼ਾ ਵਿਖੇ ਘਰ ਅਸਕਲੋਨ ਵਿਖੇ ਇਮਾਰਤਾਂ, ਵਾਹਨ, ਪਾਵਰ ਪਲਾਂਟ ਸੜਦੇ ਵੇਖੇ ਗਏ। ਹਜ਼ਾਰਾਂ ਲੋਕ ਘਰ ਛੱਡ ਕੇ ਸੁਰੱਖਿਅਤ ਥਾਵਾਂ ’ਤੇ ਭੱਜਦੇ ਵੇਖੇ ਗਏ। ਕਿੰਨੇ ਕੁ ਫ਼ੌਜੀ, ਆਮ ਨਾਗਰਿਕ ਅਤੇ ਔਰਤਾਂ ਬੰਦੀ ਬਣਾਏ ਗਏ। ਇਨ੍ਹਾਂ ਲੜਾਕੂਆਂ ਵੱਲੋਂ ਅਜੇ ਪੂਰੀ ਤਫ਼ਸੀਲ ਪ੍ਰਾਪਤ ਨਹੀਂ ਹੋ ਸਕੀ। ਗਾਜ਼ਾ ਪੱਟੀ ਨਜ਼ਦੀਕ ਇਜ਼ਰਾਈਲੀ ਟੈਂਕ ਅਤੇ ਫ਼ੌਜੀ ਵਾਹਨ ਵੀ ਰਾਕੇਟ ਹਮਲਿਆਂ ’ਚ ਨੁਕਸਾਨੇ ਗਏ।

ਇਹ ਹਮਲਾ ਅਤਿ ਡਰਾਉਣਾ ਤੇ ਭਿਆਨਕ ਸੀ। ਇੱਕੋ ਸਮੇਂ 22 ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ। ਗਜ਼ਨ ਸ਼ਹਿਰ ਦੇ ਮਿਸਤਰ ਰਹਿਮਾਨ ਅਬ ਲੀਹਾਂ ਦਾ ਕਹਿਣਾ ਹੈ ਕਿ ‘ਇਹ ਫ਼ੈਸਲੇ ਦਾ ਦਿਨ’ ਲੱਗਦਾ ਸੀ, ਜੋ ਇਕ ਸੁਪਨੇ ਵਜੋਂ ਵਾਕਿਆ ਹੋਇਆ। ਅਸੀਂ ਘਰਾਂ ’ਚ ਬੰਧਕਾਂ ਦੀ ਤਰ੍ਹਾਂ ਬੰਦ ਸਾਂ। ਯੋਮ ਕਿੱਪਰ ਜੰਗ, 1973 ਦੀ ਤਰ੍ਹਾਂ ਕੰਡਿਆਲੀ ਤਾਰ ਅਤੇ ਢਾਹੀਆਂ ਦੀਵਾਰਾਂ ਲਾਗੇ ਲਾਸ਼ਾਂ ਦੇ ਢੇਰ ਲੱਗੇ ਪਏ ਸਨ। ਇਜ਼ਰਾਈਲ ਦੀਆਂ ਚੌਕਸੀ ਏਜੰਸੀਆਂ ਦੇ ਮੂੰਹ ਸੀਤੇ ਪਏ ਸਨ। ਕਿਸੇ ਕੋਲ ਕੋਈ ਜਵਾਬ ਨਹੀਂ ਹੈ। ਇਜ਼ਰਾਈਲੀ ਫ਼ੌਜ (ਜੋ ਆਈਡੀਐੱਫ ਵਜੋਂ ਜਾਣੀ ਜਾਂਦੀ ਹੈ) ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਵੱਲੋਂ ਹਮਾਸ ਅਤੇ ਫਲਸਤੀਨ ਵਿਰੁੱਧ ਜੰਗ ਐਲਾਨਣ ਤੇ ਫ਼ੌਜ ਮੁਖੀ ਜਨਰਲ ਹਰਜੀ ਹਵੇਲੀ ਦੇ ਹੁਕਮਾਂ ਅਨੁਸਾਰ ਤੇਜ਼ੀ ਨਾਲ ਗਾਜ਼ਾ ਪੱਟੀ ’ਤੇ ਹਮਲਾਵਰ ਹੋਈ। ਕਰੀਬ 800 ਟਿਕਾਣਿਆਂ, 4 ਹਮਾਸ ਫ਼ੌਜੀ ਹੈੱਡਕੁਆਰਟਰਾਂ, ਗਾਜ਼ਾ ਸ਼ਹਿਰ ਨੂੰ ਨਿਸ਼ਾਨਾ ਬਣਾਇਆ ਗਿਆ। ਕਰੀਬ 493 ਲੋਕ ਮਾਰੇ ਗਏ, ਜਿਨ੍ਹਾਂ ’ਚ 20 ਬੱਚੇ ਵੀ ਸ਼ਾਮਲ ਹਨ, 2751 ਦੇ ਕਰੀਬ ਜ਼ਖ਼ਮੀ ਹੋਏ। ਇਲਾਕੇ ਦੇ 1 ਲੱਖ 20 ਹਜ਼ਾਰ ਲੋਕ ਰਾਤੋ-ਰਾਤ ਹਿਜਰਤ ਕਰ ਗਏ। ਗਾਜ਼ਾ ਸ਼ਹਿਰ ਦੀਆਂ ਇਮਾਰਤਾਂ, 14 ਮੰਜ਼ਿਲਹ ਟਾਵਰ ਜਿਸ ’ਚ ਹਮਾਸ ਦੇ ਦਫ਼ਤਰ ਵੀ ਸਨ, ਪਲਾਂ ’ਚ ਰਾਕੇਟ ਹਮਲਿਆਂ ਨਾਲ ਨੇਸਤੋ-ਨਾਬੂਦ ਕਰ ਦਿੱਤੇ ਗਏ। ਲਗਾਤਾਰ ਹਵਾਈ, ਰਾਕੇਟ ਅਤੇ ਜ਼ਮੀਨੀ ਹਮਲੇ ਜਾਰੀ ਹਨ। ਪੱਛਮੀ ਕੰਢੇ 11 ਫਲਸਤੀਨੀ ਮਾਰ ਮੁਕਾਏ ਗਏ।

ਪੱਛਮੀ ਕਿਨਾਰੇ ’ਤੇ ਗੋਲਾਬਾਰੀ ਹੁੰਦੀ ਵੇਖੀ ਗਈ, ਜਿੱਥੇ ਪੀਐੱਲਏ ਅਥਾਰਟੀ ਕਾਬਜ਼ ਹੈ। ਮੁਹੰਮਦ ਅਬਾਸ ਸਾਸ਼ਨ ਮੁਖੀ ਹਨ। ਓਸਲੋ ਸੰਧੀ ’ਚ ਫਲਸਤੀਨ ਰਾਸ਼ਟਰੀ ਅਥਾਰਟੀ ਨੂੰ ਸਵੈ-ਸਾਸ਼ਨ ਦਾ ਅਧਿਕਾਰ ਪੱਛਮੀ ਕਿਨਾਰੇ ਅਤੇ ਗਾਜ਼ਾ ਪੱਟੀ ’ਚ ਦਿੱਤਾ ਗਿਆ ਸੀ। ਹਮਾਸ ਲੜਾਕਿਆਂ ਨੇ 2007 ’ਚ ਗਾਜ਼ਾ ਪੱਟੀ ’ਤੇ ਅਧਿਕਾਰ ਜਮਾ ਲਿਆ ਸੀ। ਹਮਾਸ ਇਜ਼ਰਾਈਲ ਨੂੰ ਮਾਨਤਾ ਨਹੀਂ ਦਿੰਦਾ, ਜਿਸ ਦੀ ਪੀਐੱਲਏ ਨੇ ਮਾਨਤਾ ਦੇ ਦਿੱਤੀ ਸੀ।

1967 ਦੀ ਅਰਬ-ਇਜ਼ਰਾਈਲ ਜੰਗ ਵੇਲੇ ਇਜ਼ਰਾਈਲ ਨੇ ਸੀਰੀਆ ਤੋਂ ਹਥਿਆਇਆ ਗੋਲਾਨ ਪਹਾੜੀਆਂ, ਲੈਬਨਾਨ ਤੋਂ ਸ਼ੀਬਾਫਾਰਮ, ਕਚਾਰ ਚੌਬਾ ਪਹਾੜੀਆ ਇਲਾਕਾ ਨਹੀਂ ਛੱਡਿਆ। ਮਿਸਰ ਦਾ ਸੈਨਾਈ ਮਾਰੂਥਲ ਵਾਪਸ ਕਰ ਦਿੱਤਾ ਸੀ। ਪਵਿੱਤਰ ਸ਼ਹਿਰ ਯੈਰੋਸ਼ਲਮ ਨੂੰ ਇਜ਼ਰਾਈਲ ਆਪਣੀ ਰਾਜਧਾਨੀ ਐਲਾਨ ਚੁੱਕਾ ਹੈ। ਇਸ ਸ਼ਹਿਰ ’ਚ ਈਸਾਈਆਂ, ਯਹੂਦੀਆਂ, ਫਲਸਤੀਨੀਆਂ ਦੇ ਮੁਕੱਦਸ ਸਥਾਨ ਸਥਿਤ ਹਨ। ਇਸ ਲਈ ਫਲਸਤੀਨੀ ਇਸ ਅੰਦਰ ਆਪਣੀ ਇਬਾਦਤਗਾਹ ਅਤੇ ਅਲ-ਅਕਸਾ ਮਸਜਿਦ ਕਿਸੇ ਵੀ ਸੂਰਤ ’ਚ ਛੱਡਣਾ ਨਹੀਂ ਚਾਹੁੰਦੇ।

ਅਜੋਕੇ ਟਕਰਾਅ ’ਚ ਲਿਬਨਾਨ ਸਥਿਤ ਹਿਜ਼ਬੁਲਾ ਲੜਾਕੇ ਵੀ ਕੁੱਦ ਪਏ ਹਨ। ਉਨ੍ਹਾਂ ਤੇ ਇਜ਼ਰਾਈਲੀ ਫ਼ੌਜਾਂ ਦਰਮਿਆਨ ਰੁਕ-ਰੁਕ ਕੇ ਗੋਲਾਬਾਰੀ ਜਾਰੀ ਹੈ। ਮਿਸਰ ’ਚ ਵੀ ਇਜ਼ਰਾਈਲ ਵਿਰੁੱਧ ਰੋਹ ਜਾਗ ਪਿਆ ਹੈ। ਤਾਲਿਬਾਨੀ ਲੜਾਕੇ ‘ਪਵਿੱਤਰ ਭੂਮੀ’ ਆਜ਼ਾਦ ਕਰਵਾਉਣ ਲਈ ਹਮਾਸ ਦੀ ਹਮਾਇਤ ’ਚ ਲੜਨ ਲਈ ਈਰਾਨ, ਈਰਾਕ ਅਤੇ ਜਾਰਡਨ ਤੋਂ ਲਾਂਘਾ ਮੰਗ ਰਹੇ ਹਨ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਤਰਸ ਨੇ ਸ਼ਾਂਤਮਈ ਹੱਲ ਅਤੇ ਜੰਗ ਰੋਕਣ ਲਈ ਸੁਰੱਖਿਆ ਕੌਂਸਲ ਦੀ ਐਮਰਜੈਂਸੀ ਮੀਟਿੰਗ ਬੁਲਾਈ ਹੈ। ਫਰਾਂਸ, ਜਰਮਨੀ, ਯੂਕੇ, ਆਸਟ੍ਰੇਲੀਆ, ਕੈਨੇਡਾ ਨੇ ਹਮਾਸ ਹਮਲਿਆਂ ਦੀ ਨਿਖੇਧੀ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਨੂੰ ਬੇਸਮਝ ਹਮਲਾ ਕਿਹਾ ਹੈ ਤੇ ਇਜ਼ਰਾਈਲ ਦੇ ਪੱਖ ’ਚ ਖੜ੍ਹੇ ਹੁੰਦਿਆਂ ਵੱਡੇ ਪੱਧਰ ’ਤੇ ਮਿਲਟਰੀ ਸਹਾਇਤਾ ਭੇਜੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਜ਼ਰਾਈਲ ਨਾਲ ਖੜ੍ਹੇ ਹੋਣ ਦਾ ਅਹਿਦ ਕੀਤਾ ਹੈ। ਈਰਾਨ, ਲੀਬੀਆ, ਇਰਾਕ, ਹਿਜ਼ਬੁਲਾ, ਤਾਲਿਬਾਨ, ਕਾਸਮ ਬਿ ?ਰਗੇਡ ਆਦਿ ਹਮਾਸ ਦੀ ਪਿੱਠ ’ਤੇ ਹਨ ਜਦਕਿ ਚੀਨ, ਸਾਊਦੀ ਅਰਬ, ਤੁਰਕੀ, ਜਾਰਡਨ, ਯੂਏਈ, ਮਿਸਰ ਆਦਿ ਤੁਰੰਤ ਹਿੰਸਾ ਦਾ ਖ਼ਾਤਮਾ ਚਾਹੁੰਦੇ ਹਨ। ਇਜ਼ਰਾਈਲ-ਹਮਾਸ ਜੰਗ ਹੀ ਨਹੀਂ, ਰੂਸ, ਯੂਕਰੇਨ, ਅਜ਼ਰਬਾਈਜਾਨ-ਆਰਮੀਨੀਅਨ ਦੀ ਲੜਾਈ ਵੀ ਤੁਰੰਤ ਬੰਦ ਹੋਣੀ ਚਾਹੀਦੀ ਹੈ।

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-90

**ਚਿਹਰਾ ਅਤੇ ਮੂੰਹ**

**ਚਿਹਰੇ ਅਤੇ ਮੂੰਹ ਦੀਆਂ ਹੜੀਆਂ ਦੀ ਬਣਤਰ**

ਚਿਹਰੇ ਦੀ ਬਣਤਰ ਵਿੱਚ ਐਮਬਰੀਓਨਿਕ ਤਿੰਨੋਂ ਪਰਦੇ ਜੋ ਸੂਰੂ ਵਿੱਚ ਅਸਾਂ ਜਾਣੇ ਸਨ ਜੋ ਓਵਮ ਤੇ ਸਪਰਮ ਦਾ ਮਿਲਾਪ ਹੋਣ ਤੇ ਬਣੇ ਸਨ ਉਹ ਤਿੰਨੋਂ ਹੀ ਫ਼ੀਟਸ ਦਾ ਚਿਹਰਾ ਘੜਨ ਵਿੱਚ ਮਦਦਗਾਰ ਹੁੰਦੇ ਹਨ। ਵੱਖ ਵੱਖ ਹੱਡੀਆਂ ਦੀ ਬਣਤਰ ਵਿੱਚ ਯੋਗਦਾਨ ਪਾਉਂਦੇ ਹਨ।

ਚਿਹਰੇ ਦੀ ਬਣਤਰ ਵਿੱਚ ਭਾਗ ਲੈਣ ਵਾਲੀਆਂ ਹੱਡੀਆਂ ਦੀ ਜਾਣਕਾਰੀ ਲਈ ਹੇਠਾਂ ਦੋ ਤਸਵੀਰਾਂ ਵਿਖਾਈਆਂ ਜਾ ਰਹੀਆਂ ਹਨ ਤਾਂਕਿ ਅਸਾਨੀ ਨਾਲ ਸਮਝ ਆ ਜਾਵੇ ਕਿ ਕਿਹੜੀ ਹੱਡੀ ਚਿਹਰੇ ਵਿੱਚ ਕਿਸ ਥਾਂ ਲੱਗੀ ਹੈ ।

ਚਿਹਰੇ ਦੀਆ ਹੱਡੀਆਂ ਕੁਝ ਤਾਂ ਜੋੜਿਆਂ ਵਿੱਚ ਹਨ ਤੇ ਕੁਝ ਇਕ ਇਕ ਹਨ।

ਬੇਸਲ ਕੋਨਕਾ ਜਿਹੜੀ ਨੱਕ ਦੇ ਪਿਛਲੇ ਪਾਸੇ ਦੀ ਹੱਡੀ ਹੈ ਬਾਹਰੋ ਦਿਖਾਈ ਨਹੀਂ ਦਿੰਦੀ।

ਨੇਜਾਲ ਹੱਡੀ ਨੱਕ ਦੇ ਸਾਹਮਣੇ ਪਾਸੇ ਦੀ ਹੱਡੀ।

ਮੈਗਜੀਲਾ ਯਾਨੀ ਉਪਰਲੇ ਜਬਾੜ੍ਹੇ ਦੀ ਹੱਡੀ ਜਿਸ ਨਾਲ ਉਪਰ ਵਾਲੇ ਦੰਦ ਜੁੜੇ ਹੁੰਦੇ ਹਨ ।

ਪੈਲਾਟਾਈਨ ਮੂੰਹ ਦੀ ਛੱਤ ਬਣਾਉਣ ਵਾਲੀ ਹੱਡੀ

ਲੈਕਰੀਮਲ ਬੋਨ ਯਾਨੀ ਜਿਸ ਵਿੱਚ ਅੱਥਰੂ ਪੈਦਾ ਕਰਨ ਵਾਲੀਆਂ ਗਿਲਟੀਆਂ ਹੁੰਦੀਆਂ ਹਨ ਜਿਥੇ ਨੱਕਤੇ ਅੱਖਾਂ ਦਾ ਜੋੜ ਹੁੰਦਾ ਹੈ।

ਜਾਈਗੋਮੈਟਕ ਹੱਡੀ ਗੱਲ੍ਹਾਂ ਦਾ ਜੋ ਸਭ ਤੋਂ ਉੱਚਾ ਥਾਂ ਹੁੰਦਾ ਹੈ ਅੱਖਾਂ ਤੋਂ ਹੇਠਾਂ ਉਸ ਨੂੰ ਜਾਈਗੋਮੈਟਿਕਪਰੋਸੈਸ ਯਾਨੀ ਜਾਈਗੋਮੈਟਿਕ ਟਿੱਬਾ ਕਹਿੰਦੇ ਹਨ ਇਹ ਜਾਈਗੋਮੈਟਿਕ ਟਿੱਬਾ ਦੋਹੀਂ ਪਾਸੀ ਹੁੰਦਾ ਹੈ। ਜਿਹੜਾ ਇਕ ਤਰ੍ਹਾਂ ਅੱਖ ਦੇ ਆਨੇ ਯਾਨੀ eye ball ਦਾ ਖੋਲ ਬਨਾਉਣ ਲਈ ਹੇਠਲੇ ਪਾਸੇ ਤੋ ਮਦਦ ਕਰਦਾ ਹੈ।

ਮੈਡੀਬਲ ਹੱਡੀ ਯਾਨੀ ਹੇਠਲੇ ਜਬਾੜ੍ਹੇ ਦੀ ਹੱਡੀ ਜਿਸ ਨਾਲ ਹੇਠਲੇ ਦੰਦਾ ਦਾ ਪੀੜ੍ਹ ਜੁੜਿਆ ਹੋਇਆ ਹੁੰਦਾ ਹੈ।

ਵੋਮਰ ਹੱਡੀ ਨੱਕ ਦੀ ਹੱਡੀ ਦਾ ਉਹ ਹਿੱਸਾ ਜਿਹੜਾ ਮੈਗਜੀਲਾ ਹੱਡੀ ਨਾਲ ਜੁੜਦਾ ਹੈ।

ਇਹ ਸਾਰੀਆਂ ਰਲ ਕੇ ਚਿਹਰੇ ਦੇ ਦੋਵੇ ਪਾਸੇ ਬਣਾਉਂਦੀਆਂ ਹਨ।

ਚਿਹਰੇ ਦੀਆਂ ਹੱਡੀਆਂ ਦੀ ਬਣਤਰ ਪ੍ਰੈਗਨੈਂਸੀ ਦੇ ਛੇਵੇ ਸਤਵੇ ਹਫ਼ਤੇ ਸ਼ੂਰੂ ਹੋ ਜਾਂਦੀ ਹੈ ਤੇ ਇਹਨਾਂ ਦਾ ਆਪਸ ਵਿੱਚ ਪੂਰੀ ਤਰ੍ਹਾਂ ਸਖ਼ਤ ਹੱਡੀ ਦੇ ਤਰ੍ਹਾਂ ਜੁੜਨਾ ਤਕਰੀਬਨ ਪੰਝੀ ਸਾਲ ਦੀ ਉਮਰ ਤੱਕ ਪੂਰਾ ਹੁੰਦਾ ਹੈ।

ਚਿਹਰੇ ਦੀ ਬਣਤਰ ਪ੍ਰੈਗਨੈਂਸੀ ਦੇ ਅਠਾਈ ਦਿਨ ਤੋਂ ਅਠਤਾਲੀ ਦਿਨਾਂ ਯਾਨੀ ਇਕ ਮਾਸਿਕ ਧਰਮ ਦੇ ਪੀਰੀਅਡ ਦੇ ਸਮੇਂ ਵਿੱਚ ਸ਼ੁਰੂ ਹੋ ਜਾਂਦੀ ਹੈ। ਜਿਸਨੂੰ ਅਸੀਂ ਉਪਰ ਛੇਵੇਂ ਤੋਂ ਸਤਵੇਂ ਹਫਤੇ ਵਿੱਚ ਹੋਣਾ ਲਿਖਿਆ ਹੈ। ਯਾਨੀ ਛੇ ਹਫ਼ਤਿਆਂ ਵਿੱਚ ਪੂਰੀ ਹੋ ਜਾਂਦੀ ਹੈ ਭਾਵ ਪਤਾ ਲਗਦਾ ਹੈ ਕਿ ਆਹ ਬੱਚੇ ਦਾ ਮੂੰਹ ਹੈ ਪਰ ਇਹਦਾ ਪੱਕਿਆ ਹੋਣਾ ਤੇ ਹੱਡੀਆਂ ਦਾ ਪੂਰੀ ਤਾਂ ਜੁੜ ਕੇ ਦੋਹਾਂ ਹੀ ਜਬਾੜਿਆਂ ਵਾਲਾ ਚਿਹਰਾ ਬਣਨਾ ਚਾਰ ਤੋਂ ਅੱਠ ਹਫ਼ਤਿਆਂ ਵਿੱਚ ਅਲੱਗ ਅਲੱਗ ਬਿੰਦੂਆਂ ਤੋਂ ਸ਼ੁਰੂ ਹੋ ਜਾਂਦਾ ਹੈ ਪਰ ਇਸ ਦਾ ਪੂਰੀ ਤਰ੍ਹਾਂ ਸਖ਼ਤ ਹੱਡੀਆਂ ਦਾ ਜਬਾੜ੍ਹਾ ਬਣਨਾ ਪੰਝੀ ਸਾਲ ਦੀ ਉਮਰ ਤੱਕ ਹੀ ਪੂਰਾ ਹੁੰਦਾ ਹੈ।

ਮਾਂ ਦੇ ਪੇਟ ਵਿੱਚ ਫ਼ੀਟਸ ਤਿਨ ਮਹੀਨਿਆਂ ਯਾਨੀ ਬਾਰਾਂ ਹਫ਼ਤਿਆਂ ਵਿੱਚ ਇਕ ਪੂਰੀ ਦੀ ਪੂਰੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਚਿਹਰਾ ਆਪਣੀ ਇਕ ਅਲੱਗ ਪਛਾਣ ਬਣਾ ਲੈਂਦਾ ਹੈ ਪਰ ਪ੍ਰੈਗਨੈਂਸੀ ਦੇ ਪੂਰੇ ਸਮੇਂ ਤੱਕ ਮਾਂ ਦੇ ਪੇਟ ਵਿੱਚ ਬੱਚੇ ਦਾ ਚਿਹਰਾ ਕਈ ਤਰ੍ਹਾਂ ਦੀਆਂ ਤਬਦੀਲੀਆਂ ਵਿਚੋਂ ਲੰਘਦਾ ਹੈ। ਬਲਕਿ ਜਨਮ ਤੋਂ ਬਾਅਦ ਵੀ ਬੱਚੇ ਦਾ ਪੂਰੀ ਤਰ੍ਹਾਂ ਜਵਾਨ ਹੋਣ ਤੱਕ ਵੀ ਚਿਹਰਾ ਕਈ ਤਰ੍ਹਾਂ ਦੀਆਂ ਤਬਦੀਲੀਆਂ ਵਿਚੋਂ ਲੰਘਦਾ ਹੈ। ਬਲਕਿ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਦਾ ਚਿਹਰਾ ਆਪਣੀ ਮੁਢਲੀ ਬਣਤਰ ਤੋਂ ਬਾਅਦ ਵਾਰ ਵਾਰ ਤਬਦੀਲ ਹੁੰਦਾ ਰਹਿੰਦਾ ਹੈ ਤੇ ਇਹ ਤਬਦੀਲੀ ਆਦਮੀ ਤੇ ਔਰਤ ਦੇ ਦੋਹਾਂ ਦੇ ਚਿਹਰਿਆਂ ਵਿੱਚ ਹੁੰਦੀ ਰਹਿੰਦੀ ਹੈ ਬੇਸ਼ੱਕ ਚਿਹਰੇ ਦੀਆਂ ਹੱਡੀਆਂ ਦਾ ਢਾਂਚਾ ਪੰਝੀ ਸਾਲ ਦੀ ਉਮਰ ਤੱਕ ਇਕ ਪੱਕੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਪਰ ਚਮੜੀ ਮਾਸਪੇਸੀਆਂ ਤੇ ਉਹਨਾਂ ਵਿਚਲੀ ਫੈਂਟ ਦੀ ਤਹਿ ਕਰਕੇ ਅਤੇ ਖ਼ਾਸ ਕਰਕੇ ਹਾਰਮੋਨਲ ਤਬਦੀਲੀਆਂ ਕਰਕੇ ਵੱਖ-ਵੱਖ ਸਮੇਂ ਤੇ ਚਿਹਰੇ ਵਿੱਚ ਵੱਖ-ਵੱਖ ਤਬਦੀਲੀਆਂ ਆਉਂਦੀਆਂ ਹੀ ਰਹਿੰਦੀਆਂ ਹਨ ਜੋ ਹੱਡੀਆਂ ਤੋਂ ਇਲਾਵਾ ਮਾਸ ਪੇਸ਼ੀਆਂ ਜਾਂ ਚਿਹਰੇ ਵਿਚਲੀ ਚਰਬੀ ਦੇ ਵਧਣ ਘਟਣ ਕਰਕੇ ਆਉਂਦੀਆਂ ਹਨ।

ਹੇਠਲੀਆਂ ਤਸਵੀਰਾ ਖੋਪੜੀ ਅਤੇ ਚਿਹਰੇ ਦੀਆਂ ਸਾਰੀਆ ਹੱਡੀਆਂ ਦੀ ਸਾਂਝੀ ਨਿਸ਼ਾਨ ਦੇਹੀ ਕਰ ਰਹੀਆਂ ਹਨ।

**ਮੂੰਹ ਦੀ ਬਣਤਰ**

ਮੂੰਹ ਦੀ ਬਣਤਰ ਤੋਂ ਪਹਿਲਾਂ ਇਸਦੀ ਬਾਹਰੀ ਨਿਸ਼ਾਨਦੇਹੀ ਜਾਣਨੀ ਜ਼ਰੂਰੀ ਹੈ। ਮੂੰਹ ਨੂੰ ਬਕਲ ਕੈਵਟੀ ਜਾਂ ਓਰਲ ਕੈਵਿਟੀ ਵੀ ਕਹਿੰਦੇ ਹਾਂ ਜਿਸਦਾ ਬਾਹਰੀ ਦਰਵਾਜ਼ਾ ਦੋ ਬੁੱਲ੍ਹਾਂ ਨਾਲ ਢਕਿਆ ਹੁੰਦਾ ਹੈ।

ਦੋਹਾਂ ਬੁਲ੍ਹਾਂ ਦੇ ਅੰਦਰ ਵਾਰ ਤੇ ਪਾਸਿਆਂ ਤੋਂ ਦੋਹ ਗੱਲਾਂ ਦੇ ਵਿਚਕਾਰ ਅਤੇ ਪਿਛਲੇ ਪਾਸੇ ਜੀਭ ਦੇ ਗਲੇ ਨਾਲ ਮਿਲਣ ਵਾਲੇ ਸਥਾਨ ਜਿਸਨੂੰ ਗਲਾਸੋਫਰਿੰਜੀਅਲ ਜੰਕਸ਼ਨ ਕਹਿੰਦੇ ਹਨ। ਉਥੋਂ ਤੱਕ ਮੂੰਹ ਦਾ ਯਾਨੀ ਬਕਲ ਕੈਵਿਟੀ ਦਾ ਏਰੀਆ ਹੈ।

ਇਹ ਗੁੰਬਦ ਵਰਗੀ ਮੂੰਹ ਦੀ ਅੰਦਰੂਨੀ ਸ਼ਕਲ ਨੂੰ ਓਰਲ ਕੈਵਿਟੀ ਕਹਿੰਦੇ ਹਨ। ਇਸ ਕੈਵਿਟੀ ਨੂੰ ਅਸੀਂ ਮੂੰਹ ਖੋਹਲ ਕੇ ਦੋ ਭਾਗਾਂ ਵਿੱਚ ਵੰਡ ਕੇ ਸਮਝ ਸਕਦੇ ਹਾਂ।

ਵੈਸਟੀਬਿਊਲ ਯਾਨੀ ਬਾਹਰੀ ਬਾਉਡਰੀ ਦੇ ਅੰਦਰਲਾ ਯਾਨੀ ਬੁਲਾਂ ਤੇ ਗੱਲ੍ਹਾਂ ਦੇ ਅੰਦਰ ਵਾਰ ਤੇ ਦੰਦਾਂ ਦੇ ਦੋਹਾਂ ਪੀਹੜਾਂ ਦੇ ਬਾਹਰ ਬਾਹਰ ਵਾਲੇ ਹਿੱਸੇ ਨੂੰ ਵੇਸਟੀਬਿਊਲ ਕਹਿੰਦੇ ਹਨ। ਯਾਨੀ ਜਿਵੇਂ ਸਾਡੇ ਘਰਾਂ ਅੱਗੇ ਬਰਾਂਡਾ ਹੁੰਦਾ ਹੈ ਠੀਕ ਅੰਦਰ ਦੀ ਮੂੰਹ ਦੀ ਅਸਲ ਗੁਲਾਈ ਦੇ ਬਾਹਰ ਵਾਰ ਇਹ ਬਰਾਂਡੇ ਵਰਗਾ ਹਿੱਸਾ ਹੈ ਜਿਹੜਾ ਬਾਹਰਲੇ ਦਰਵਾਜ਼ੇ ਯਾਨੀ ਬੁੱਲ੍ਹਾਂ ਦਾ ਦਰਵਾਜ਼ਾ ਖੁੱਲ੍ਹਦਿਆਂ ਸਾਹਮਣੇ ਦਿਖਾਈ ਦਿੰਦਾ ਹੈ ਤੇ ਬਰਾਂਡੇ ਵਿੱਚ ਬੈਠਿਆ ਜਿਵੇ ਘਰ ਦਾ ਬੰਦ ਦਰਵਾਜ਼ਾ ਦਿਖਾਈ ਦਿੰਦਾ ਹੈ ਉਹ ਸਾਡੇ ਦੰਦਾਂ ਦੇ ਪੀਹੜ ਹਨ। ਸੋ ਮੁੱਕਦੀ ਗੱਲ ਦੰਦਾ ਦੇ ਬਾਹਰ ਵਾਰ ਤੇ ਗੱਲਾਂ ਦੇ ਅੰਦਰ ਦੀ ਜਗਹ ਨੂੰ ਵੈਸਟੀਬਿਉਲ ਯਾਨੀ ਮੂੰਹ ਦਾ ਬਰਾਂਡਾ ਕਹਿੰਦੇ ਹਨ

ਅਸਲ ਮੂੰਹ ਦੀ ਗੁੰਬਦ ਗੁਲਾਈ ਵਾਲਾ ਹਿੱਸਾ। ਯਾਨੀ ਸਾਹਮਣੇ ਅਤੇ ਸਾਈਡਾਂ ਤੋਂ ਅੰਦਰ ਅੰਦਰਵਾਲਾ ਹਿੱਸਾ ਜਿਹੜਾ ਉਪਰਲੇ ਪਾਸੇ ਮੂੰਹ ਦੀ ਛੱਤ ਯਾਨੀ ਸਾਹਮਣੇ ਯਾਨੀ ਸਖ਼ਤ ਹੱਡੀ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
ਸਾਨੂੰ 16 ਸਾਲਾਂ ਦਾ ਤਰਜਬਾ ਹੈ।
Same Day Plates Same Day Plates Same Day Plates
PH : 530-669-5780 Fax : 530-669-5775,
Cell : 530-908-9386 Cell : 530-405-6020
Tax Returns- Corporations, LLC, Non-Profits, Small Business and Individuals
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਨਿੱਕੀ ਹੈਲੀ ਨੇ ਗਾਜ਼ਾ ਦੇ ਨਾਗਰਿਕਾਂ ਲਈ ਦਰਵਾਜ਼ੇ ਬੰਦ ਕਰਨ ਲਈ ਇਸਲਾਮਿਕ ਦੇਸ਼ਾਂ ਦੀ ਕੀਤੀ ਨਿੰਦਾ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਪਾਰਟੀ ਦੀ ਦਾਅਵੇਦਾਰ ਨਿੱਕੀ ਹੈਲੀ ਨੇ ਇਜ਼ਰਾਈਲ ਵਲੋਂ ਗਾਜ਼ਾ ਵਿਚ ਜ਼ਮੀਨੀ ਕਾਰਵਾਈ ਦੇ ਖ਼ਦਸ਼ੇ ਦੇ ਵਿਚਕਾਰ ਉੱਥੋਂ ਪਲਾਇਨ ਕਰਕੇ ਸੁਰੱਖਿਅਤ ਸਥਾਨਾਂ ’ਤੇ ਜਾਣ ਦੇ ਚਾਹਵਾਨ ਲੋਕਾਂ ਲਈ ਆਪਣੇ ਦੇਸ਼ ਦੇ ਦਰਵਾਜ਼ੇ ਨਾ ਖੋਲਣ ਲਈ ਇਸਲਾਮਿਕ ਦੇਸ਼ਾਂ ਦੀ ਨਿੰਦਾ ਕੀਤੀ ਹੈ। ਦਰਵਾਜ਼ੇ ਹੈਲੀ ਨੇ ਪਹਿਲਾਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਦੀ ਈਰਾਨ ਨਾਲ ਪ੍ਰਮਾਣੂ ਸਮਝੌਤਿਆਂ ਲਈ ਆਲੋਚਨਾ ਕੀਤੀ ਅਤੇ ਨਾਲ ਹੀ ਤਹਿਰਾਨ ’ਤੇ ਹਮਾਸ ਅਤੇ ਹਿਜ਼ਬੁੱਲਾ ਨੂੰ ਮਜ਼ਬੂਤ ਕਰਨ ਦਾ ਦੋਸ਼ ਲਗਾਇਆ।

ਉਨ੍ਹਾਂ ਕਿਹਾ, ਸਾਨੂੰ ਫਲਸਤੀਨੀ ਲੋਕਾਂ, ਖਾਸ ਕਰਕੇ ਨਿਰਦੋਸ਼ ਲੋਕਾਂ ਦੀ ਚਿੰਤਾ ਹੋਣੀ ਚਾਹੀਦੀ ਹੈ, ਪਰ ਅਰਬ ਦੇਸ਼ ਕਿੱਥੇ ਹਨ? ਕਿੱਥੇ ਹਨ ਉਹ? ਕਿੱਥੇ ਹੈ ਕਤਰ? ਕਿੱਥੇ ਹੈ ਲੇਬਨਾਨ? ਕਿੱਥੇ ਹੈ ਜਾਰਡਨ? ਕਿੱਥੇ ਹੈ ਮਿਸਰ? ਕੀ ਤੁਸੀਂ ਜਾਣਦੇ ਹੋ ਕਿ ਅਸੀਂ ਮਿਸਰ ਨੂੰ ਇਕ ਸਾਲ ਵਿਚ ਇੱਕ ਅਰਬ ਤੋਂ ਵੱਧ ਡਾਲਰ ਦਿੰਦੇ ਹਾਂ? ਉਹ ਆਪਣੇ ਦਰਵਾਜ਼ੇ ਕਿਉਂ ਨਹੀਂ ਖੋਲ੍ਹ ਰਹੇ? ਉਹ ਫਲਸਤੀਨੀ ਲੋਕਾਂ ਨੂੰ ਸਵੀਕਾਰ ਕਿਉਂ ਨਹੀਂ ਕਰ ਰਹੇ ਹਨ ? ਹੈਲੀ ਨੇ ਕਿਹਾ ਕਿ ਤੁਸੀਂ ਜਾਣਦੇ ਹੋ ਕਿਉਂ? ਕਿਉਂਕਿ ਉਹ ਆਪਣੇ ਗੁਆਂਢ ਵਿੱਚ ਹਮਾਸ ਨਹੀਂ ਚਾਹੁੰਦੇ। ਤਾਂ ਫਿਰ ਇਜ਼ਰਾਈਲ ਉਨ੍ਹਾਂ ਨੂੰ ਆਪਣੇ ਗੁਆਂਢ ਵਿਚ ਕਿਉਂ ਚਾਹੇਗਾ? ਇਸ ਲਈ ਜੋ ਹੋ ਰਿਹਾ ਹੈ ਉਸ ਬਾਰੇ ਸੱਚਾਈ ਨਾਲ ਗੱਲ ਕਰੋ।

ਅਰਬ ਦੇਸ਼ ਫਲਸਤੀਨੀਆਂ ਦੀ ਮਦਦ ਲਈ ਕੁਝ ਨਹੀਂ ਕਰ ਰਹੇ ਹਨ, ਕਿਉਂਕਿ ਉਨ੍ਹਾਂ ਭਰੋਸਾ ਨਹੀਂ ਹੋ ਰਿਹਾ ਹੈ ਕਿ ਕੌਣ ਸਹੀ ਹੈ, ਕੌਣ ਚੰਗਾ ਹੈ, ਕੌਣ ਬੁਰਾ ਹੈ ਅਤੇ ਉਹ ਆਪਣੇ ਦੇਸ਼ ਵਿੱਚ ਅਜਿਹਾ ਨਹੀਂ ਚਾਹੁੰਦੇ ਹਨ।’ ਹੈਲੀ ਨੇ ਕਿਹਾ ਕਿ ਇਹ ਇਸਲਾਮਿਕ ਦੇਸ਼ ਅਮਰੀਕਾ ’ਤੇ ਦੋਸ਼ ਲਗਾਉਣਗੇ। ਇਜ਼ਰਾਈਲ ’ਤੇ ਦੋਸ਼ ਲਗਾਉਣਗੇ। ਕੁਝ ਕਰਨਗੇ ਨਹੀਂ ਪਰ ਜੇ ਉਹ ਚਾਹੁੰਣ ਤਾਂ ਇਸ ਨੂੰ ਰੋਕਣ ਲਈ ਉਨ੍ਹਾਂ ਕੋਲ ਪੂਰੀ ਸਮਰਥਾ ਹੈ। ਉਨ੍ਹਾਂ ਕੋਲ ਸਮਰਥਾ ਹੈ ਕਿ ਉਹ ਹਮਾਸ ਨੂੰ ਤੁਰੰਤ ਉਸ ਨੂੰ ਰੋਕਣ ਲਈ ਕਹੇ ਜੋ ਉਹ ਕਰ ਰਿਹਾ ਹੈ। ਹੈਲੀ ਨੇ ਕਿਹਾ, ਪਰ ਤੁਸੀਂ ਕੀ ਜਾਣਦੇ ਹੋ? ਕਤਰ ਹਮਾਸ ਅਤੇ ਉਸਦੀ ਲੀਡਰਸ਼ਿਪ ਨਾਲ ਕੰਮ ਕਰਨਾ ਜਾਰੀ ਰੱਖੇਗਾ। ਈਰਾਨ ਇਸ ਸਭ ਲਈ ਵਿੱਤੀ ਸਹਾਇਤਾ ਜਾਰੀ ਰੱਖੇਗਾ ਅਤੇ ਕੁਝ ਨਹੀਂ ਕਹੇਗਾ। ਕੌਣ ਚੁੱਪ ਹੈ? ਅਰਬ ਦਾ ਹਰ ਦੇਸ਼ ਚੁੱਪ ਹੈ। ਪਰ ਇਜ਼ਰਾਈਲ ’ਤੇ ਉਂਗਲ ਚੁੱਕਣਗੇ, ਅਮਰੀਕਾ ’ਤੇ ਉਂਗਲ ਚੁੱਕਣਗੇ।’

# ਨਿਊਯਾਰਕ ਸਿਟੀ ਦੀ ਕੌਂਸਲ ਮੈਂਬਰ ਇਨਾ ਵਰਨੀਕੋਵ ਪਿਸਤੌਲ ਰੱਖਣ ਦੇ ਦੋਸ਼ ’ਚ ਗ੍ਰਿਫ਼ਤਾਰ




ਨਿਊਯਾਰਕ : ਬਰੁਕਲਿਨ ਨਿਊਯਾਰਕ ਤੋਂ ਰਿਪਬਲਿਕਨ ਪਾਰਟੀ ਦੀ ਇਨਾ ਵਰਨੀਕੋਵ ਨੂੰ ਬੰਦੂਕ ਸੁਰੱਖਿਆ ਕਾਨੂੰਨ ਦੀ ਉਲੰਘਣਾ ਕਰਦਿਆਂ ਉੱਥੇ ਇਕ ਕਾਲਜ ਦੇ ਵਿਰੋਧ ਪ੍ਰਦਰਸ਼ਨ ਲਈ ਖੁੱਲ੍ਹੇ ਤੌਰ ’ਤੇ ਪਿਸਤੌਲ ਲਿਜਾਣ ਤੋਂ ਬਾਅਦ ਅਸਲਾ ਰੱਖਣ ਦਾ ਅਪਰਾਧਿਕ ਦੋਸ਼ ਲਗਾਇਆ ਗਿਆ ਹੈ। ਨਿਊਯਾਰਕ ਸਿਟੀ ਪੁਲਸ ਵਿਭਾਗ ਦੇ ਬੁਲਾਰੇ ਨੇ ਇਹ ਪੁਸ਼ਟੀ ਕੀਤੀ ਹੈ ਕਿ ਨਿਊਯਾਰਕ ਸਿਟੀ ਕੌਂਸਲ ਦੀ ਮੈਂਬਰ ਇਨਾ ਵਰਨੀਕੋਵ ਨੂੰ ਬੀਤੇ ਦਿਨ ਸਵੇਰੇ ਬਰੁਕਲਿਨ ਕਾਲਜ ਦੇ ਬਾਹਰ ਫਿਲਸਤੀਨ ਪੱਖੀ ਰੈਲੀ ਦਾ ਵਿਰੋਧ ਕਰਨ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ’ਤੇ ਹਥਿਆਰ ਰੱਖਣ ਦਾ ਦੋਸ਼ ਲਗਾਇਆ ਗਿਆ। ਇਸ ਵਿਰੋਧ ਪ੍ਰਦਰਸ਼ਨ ’ਚ ਲਈਆਂ ਗਈਆਂ ਫੋਟੋਆਂ ਅਤੇ ਵੀਡੀਓਜ਼ ’ਚ ਵਰਨੀਕੋਵ (ਰਿਪਬਲਿਕਨ) ਜਿਸ ਨੂੰ ਹਾਲ ਹੀ ’ਚ ਇਕ ਗੁਪਤ ਕੈਰੀ ਲਾਇਸੈਂਸ ਮਿਲਿਆ ਹੈ, ਨੇ ਸਪੱਸ਼ਟ ਤੌਰ ’ਤੇ ਆਪਣੀ ਕਮਰ ’ਤੇ ਇਕ ਪਿਸਤੌਲ ਪਾਇਆ ਹੋਇਆ ਹੈ। ਜਿਵੇਂ ਕਿ ਸਿਟੀ ਐਂਡ ਸਟੇਟ ਨੇ ਪਹਿਲਾਂ ਰਿਪੋਰਟ ਕੀਤੀ ਸੀ ਕਿ ਪਿਛਲੇ ਸਾਲ ਪਾਸ ਕੀਤੇ ਗਏ ਨਿਊਯਾਰਕ ਰਾਜ ਦੇ ਇਕ ਕਾਨੂੰਨ ਨੇ ਵਿਰੋਧ ਪ੍ਰਦਰਸ਼ਨਾਂ ਅਤੇ ਰੈਲੀਆਂ ਵਿੱਚ ਹਥਿਆਰ ਰੱਖਣ ’ਤੇ ਪਾਬੰਦੀ ਲਗਾਈ ਹੋਈ ਹੈ। ਇੱਥੋਂ ਤੱਕ ਕਿ ਭਾਵੇਂ ਇਕ ਗੁਪਤ ਕੈਰੀ ਪਰਮਿਟ ਦੇ ਨਾਲ ਵੀ। ਬੁਲਾਰੇ ਦੇ ਅਨੁਸਾਰ ਵਰਨੀਕੋਵ ਨੇ ਵੀਰਵਾਰ ਰਾਤ ਲਗਭਗ 2:50 ਵਜੇ ਆਪਣੇ-ਆਪ ਨੂੰ ਬਰੁਕਲਿਨ ਨਿਊਯਾਰਕ ਵਿੱਚ 70ਵੇਂ ਪ੍ਰਿਸਿੰਕਟ ਵਿੱਚ ਭੇਜ ਦਿੱਤਾ ਅਤੇ ਬਾਅਦ ਵਿੱਚ ਉਸ ਨੂੰ ਛੱਡ ਦਿੱਤਾ ਗਿਆ।

ਘਟਨਾ ਤੋਂ ਬਾਅਦ ਕੌਂਸਲ ਮੈਂਬਰ ਦੀਆਂ ਫੋਟੋਆਂ ਸੋਸ਼ਲ ਮੀਡੀਆ ’ਤੇ ਘੁੰਮਣੀਆਂ ਸ਼ੁਰੂ ਹੋ ਗਈਆਂ ਤੇ ਹਥਿਆਰਾਂ ਦੀ ਮੌਜੂਦਗੀ ਨੂੰ ਲੈ ਕੇ ਰੌਲਾ ਪੈਂਦਾ ਰਿਹਾ। ਵਰਨੀਕੋਵ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਗਵਰਨਰ ਕੈਥੀ ਹੋਚੁਲ ਨੇ ਸੋਸ਼ਲ ਮੀਡੀਆ ’ਤੇ ਲਿਖਿਆ, ਨਿਊਯਾਰਕ ਦੇ ਬੰਦੂਕ ਸੁਰੱਖਿਆ ਕਾਨੂੰਨ ਹਰ ਕਿਸੇ ’ਤੇ ਲਾਗੂ ਹੁੰਦੇ ਹਨ। ਸਿਟੀ ਕੌਂਸਲ ਦੀ ਸਪੀਕਰ ਐਡਰੀਨ ਐਡਮਜ਼ ਨੇ ਘੋਸ਼ਣਾ ਕੀਤੀ ਕਿ ਉਸ ਨੇ ਇਸ ਮਾਮਲੇ ਨੂੰ ਕੌਂਸਲ ਦੀ ਨੈਤਿਕਤਾ ਕਮੇਟੀ ਕੋਲ ਭੇਜ ਦਿੱਤਾ ਹੈ ਅਤੇ ਕਿਹਾ ਕਿ ਇਹ ਅਸਵੀਕਾਰਨਯੋਗ ਅਤੇ ਗੈਰ-ਕਾਨੂੰਨੀ ਹੈ ਕਿ ਕਿਸੇ ਨਾਗਰਿਕ ਲਈ ਕਦੇ ਵੀ ਰੈਲੀ ਜਾਂ ਵਿਰੋਧ ਪ੍ਰਦਰਸ਼ਨ ਲਈ ਹਥਿਆਰ ਲੈ ਕੇ ਆਉਣਾ ਅਤੇ ਖਾਸ ਤੌਰ ’ਤੇ ਚੁਣੇ ਹੋਏ ਅਧਿਕਾਰੀਆਂ ਲਈ ਕਾਨੂੰਨ ਦੇ ਆਦਰ ਦਾ ਇਕ ਨਮੂਨਾ ਬਣਾਉਣਾ ਬਹੁਤ ਮਹੱਤਵਪੂਰਨ ਹੈ, ਜਿਸ ਦੀ ਸਾਰੇ ਨਿਊਯਾਰਕ ਵਾਸੀਆਂ ਤੋਂ ਉਮੀਦ ਕੀਤੀ ਜਾਂਦੀ ਹੈ। ਉਸ ਨੇ ਇਕ ਬਿਆਨ ਵਿੱਚ ਕਿਹਾ, ‘ਇਹ ਨਿਊਯਾਰਕ ਪੁਲਸ ਡਿਪਾਰਟਮੈਂਟ ਅਤੇ ਬਰੁਕਲਿਨ ਡਿਸਟ੍ਰਿਕਟ ਅਟਾਰਨੀ ਦੀ ਜ਼ਿੰਮੇਵਾਰੀ ਹੈ ਕਿ ਉਹ ਅਪਰਾਧਿਕ ਮਾਮਲੇ ਵਿੱਚ ਕਾਨੂੰਨ ਨੂੰ ਲਾਗੂ ਕਰੇ ਅਤੇ ਕੌਂਸਲ ਉਸ ਪ੍ਰਕਿਰਿਆ ਦਾ ਆਦਰ ਕਰੇਗੀ।’

# ਅਮਰੀਕੀ ਜਿਊਰੀ ਵੱਲੋਂ ਕਾਲੇ ਵਿਅਕਤੀ ਦੀ ਮੌਤ ਦੇ ਮਾਮਲੇ ਵਿਚ ਇਕ ਪੁਲਿਸ ਅਫਸਰ ਦੋਸ਼ੀ ਕਰਾਰ ਤੇ ਇਕ ਨੂੰ ਕੀਤਾ ਬਰੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਜਿਊਰੀ ਵੱਲੋਂ 2019 ਵਿਚ ਈਲਿਜਾਹ ਮੈਕਲੇਨ ਨਾਮੀ ਇਕ ਕਾਲੇ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਕੋਲੋਰਾਡੋ ਦੇ ਇਕ ਪੁਲਿਸ ਅਫਸਰ ਨੂੰ ਦੋਸ਼ੀ ਕਰਾਰ ਦੇਣ ਤੇ ਇਕ ਨੂੰ ਬਰੀ ਕਰ ਦੇਣ ਦੀ ਖਬਰ ਹੈ। ਕੈਟਾਮਾਈਨ ਦਾ ਟੀਕਾ ਲਾਉਣ ਉਪਰੰਤ ਮੈਕਲੇਨ ਦੀ ਮੌਤ ਹੋ ਗਈ ਸੀ। 12 ਮੈਂਬਰੀ ਜਿਊਰੀ ਨੇ ਆਊਰੋਰਾ ਪੁਲਿਸ ਅਫਸਰ ਰੈਂਡੀ ਰੋਏਡੇਮਾ (41) ਨੂੰ ਅਪਰਾਧਕ ਲਾਪਰਵਾਹੀ ਵਰਤਣ ਤੇ ਤੀਸਰਾ ਦਰਜਾ ਹਮਲੇ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਜਦ ਕਿ ਸਾਬਕਾ ਪੁਲਿਸ ਅਫਸਰ ਜੈਸਨ ਰੋਸਨਬਲਾਟ (34) ਜਿਸ ਨੂੰ 2020 ਵਿਚ ਬਰਖਾਸਤ ਕਰ ਦਿੱਤਾ ਗਿਆ ਸੀ, ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਰੋਏਡੇਮਾ ਨੇ ਫੈਸਲਾ ਸੁਣਨ ਉਪਰੰਤ ਆਪਣਾ ਸਿਰ ਝੁਕਾ ਲਿਆ । ਮੈਕਲੇਨ ਦੀ ਮਾਂ ਸ਼ਹੇਨੀਨ ਮੈਕਲੇਨ ਨੇ ਫੈਸਲੇ ਉਪਰ ਨਿਰਾਸ਼ਤਾ ਪ੍ਰਗਟਾਈ ਹੈ। ਉਸ ਨੇ ਅਦਾਲਤ ਤੋਂ ਬਾਹਰ ਜਾਣ ਸਮੇ ਕਿਹਾ ’ ਇਹ ਵੰਡਿਆ ਹੋਇਆ ਅਮਰੀਕਾ ਹੈ ਤੇ ਇਸ ਮਾਮਲੇ ਵਿਚ ਵੀ ਅਜਿਹਾ ਹੀ ਹੋਇਆ ਹੈ।”



ਪੁਲਿਸ ਅਫਸਰ ਰੈਂਡੀ ਰੋਏਡੇਮਾ ਤੇ ਸਾਬਕਾ ਪੁਲਿਸ ਅਫਸਰ ਜੈਸਨ ਰੋਸਨਬਲਾਟ

# ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਬਣੀ ਫ਼ਿਲਮ ਸਰਾਭਾ ਦਾ ਟਰੇਲਰ ਫਰਿਜਨੋ ਵਿਖੇ ਰਲੀਜ਼



ਫਰਿਜਨੋ/ਕੈਲੀਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਸੈਂਟਰਲਵੈਲੀ ਜਿਸਨੂੰ ਗਦਰੀ ਬਾਬਿਆਂ ਦੀ ਛੋਹ ਪ੍ਰਾਪਤ ਹੈ। ਗਦਰ ਲਹਿਰ ਦੇ ਸਭਤੋਂ ਘੱਟ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੇ ਅਧਾਰਤ ਪੰਜਾਬੀ ਫਿਲਮ ਦਾ ਟਰੇਲਰ ਫਰਿਜਨੋ ਸ਼ਹਿਰ ਦੇ ਮਸ਼ਹੂਰ ਰੈਸਟੋਰੈਂਟ ਇੰਡੀਆ ਕਬਾਬ ਵਿਖੇ ਲੰਘੇ ਐਂਤਵਾਰ ਰਲੀਜ਼ ਕੀਤਾ ਗਿਆ। ਇਹ ਫਿਲਮ 3 ਨਵੰਬਰ ਨੂੰ ਦੁਨੀਆਂ ਭਰ ਦੇ ਸਿਨੇਮਾਂ ਘਰਾਂ ਵਿੱਚ ਵਿਖਾਈ ਜਾਵੇਗੀ। ਇਹ ਫ਼ਿਲਮ ਉੱਘੇ ਫ਼ਿਲਮਸਾਜ਼ ਕਵੀ ਰਾਜ਼ ਵੱਲੋ ਲਿੱਖੀ ਤੇ ਨਿਰਦੇਸ਼ਤ ਕੀਤੀ ਗਈ ਹੈ। ਇਹ ਫਿਲਮ ਗਦਰ ਲਹਿਰ ਦੇ ਹੀਰੋ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਜੀਵਨ ਤੇ ਅਧਾਰਤ ਹੈ। ਇਸ ਫਿਲਮ ਵਿੱਚ ਕੰਮ ਕਰ ਰਹੇ ਮੀਤ ਮਲਕੀਤ ਜਿਹੜੇ ਇਸ ਫਿਲਮ ਦੇ ਸਹਿ ਨਿਰਦੇਸ਼ਕ ਨੇ, ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਹ ਫਿਲਮ ਅਸੀ ਕਮੱਰਸ਼ੀਅਲ ਫ਼ਿਲਮਾਂ ਤੋਂ ਹਟਕੇ ਬਣਾਈ ਹੈ ਅਤੇ ਆਸ ਕਰਦੇ ਹਾਂ ਕਿ ਲੋਕ ਇਸ ਫਿਲਮ ਨੂੰ ਰੱਜਵਾਂ ਪਿਆਰ ਦੇਣਗੇ। ਇਸ ਮੌਕੇ ਫਿਲਮ ਨਿਰਦੇਸ਼ਕ ਕਵੀ ਰਾਜ ਨੇ ਕਿਹਾ ਕਿ ਇਹ ਫਿਲਮ ਤੁਹਾਡੀ ਆਪਣੀ ਫਿਲਮ ਹੈ ‘ਤੇ ਮੈਂ ਆਸ ਕਰਦਾਂ ਕਿ ਤੁਸੀਂ ਭਰਵਾਂ ਹੁੰਗਾਰਾ ਦੇਵੋਂਗੇ। ਇਸ ਮੌਕੇ ਪੀਸੀਏ ਮੈਂਬਰਾਂ ਤੋਂ ਬਿਨਾਂ ਇੰਡੋ ਅਮੈਰਕਿਨ ਹੈਰੀਟੇਜ਼ ਦੇ ਮੈਂਬਰ ਮਜੂਦ ਸਨ। ਇਸ ਮੌਕੇ ਇੰਡੋ ਯੂ ਐਸ ਹੈਰੀਟੇਜ਼ ਦੇ ਰਣਜੀਤ ਗਿੱਲ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਸੰਸਦ ਮੁਹੰਮਦ ਸਦੀਕ ਵੀ ਮਜੂਦ ਰਹੇ ਤੇ ਉਹਨਾਂ ਪੂਰੀ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਮਲਕੀਤ ਸਿੰਘ ਕਿੰਗਰਾ ਨੇ ਸਭ ਨੂੰ ਫ਼ਿਲਮ ਵੇਖਣ ਦੀ ਬੇਨਤੀ ਕੀਤੀ। ਇਸ ਮੌਕੇ ਉੱਘੇ ਕਾਰੋਬਾਰੀ ਅਵਤਾਰ ਗਿੱਲ, ਮੋਹਨ ਚੀਮਾਂ, ਜਗਰੂਪ ਭੰਡਾਲ, ਪਰਮੋਧ ਲੋਈ, ਬਿੰਦਰ ਸਰਾਭਾ, ਮਕੈਨਿਕ ਮਨਜੀਤ, ਰਵੀ ਸਰਾਭਾ ਅਤੇ ਤਾਜ਼ ਰੰਧਾਵਾ ਆਦਿ ਸੱਜਣ ਮਜੂਦ ਰਹੇ। ਅਖੀਰ ਇੰਡੀਆ ਕਬਾਬ ਦੇ ਸੁਆਦਿੱਸ਼ਟ ਖਾਣੇ ਨਾਲ ਅਮਿੱਟ ਪੈੜਾਂ ਛੱਡਦਾ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਕੈਨੇਡਾ ਪੁੱਜਦੇ ਹੀ ਲਾਵਾਂ-ਫੇਰੇ ਭੁੱਲਣ ਲੱਗੀਆਂ ਪੰਜਾਬੀ ਲਾੜੀਆਂ

## ਪੰਜਾਬੀ ਲਾੜਿਆਂ ਨੂੰ ਬੁਲਾਉਣਾ ਤਾਂ ਦੂਰ ਫੋਨ ਵੀ ਨਹੀਂ ਚੁੱਕਦੀਆਂ

ਚੰਡੀਗੜ੍ਹ : ਪੰਜਾਬੀ ਨੌਜਵਾਨਾਂ ਦੇ ਕੈਨੇਡਾ ਪੁੱਜ ਕੇ ਸੈਟਲ ਹੋਣ ਦੇ ਸੁਪਨਿਆਂ ਨੂੰ ਚੰਗੇ ਬੈਂਡ ਹਾਸਲ ਕਰਨ ਵਾਲੀਆਂ ਪੰਜਾਬਣਾਂ ਹੀ ਖੇਰੂੰ ਖੇਰੂੰ ਕਰ ਰਹੀਆਂ ਹਨ। ਪੰਜਾਬੀ ਲਾੜਿਆਂ ਨੂੰ ਉਥੇ ਬੁਲਾਉਣਾ ਤਾਂ ਕੀ ਉਨ੍ਹਾਂ ਦੇ ਫੋਨ ਵੀ ਚੁੱਕਣੇ ਬੰਦ ਕਰ ਦਿੰਦੀਆਂ ਹਨ। ਇਸ ਤੋਂ ਬਾਅਦ ਪੰਜਾਬੀ ਨੌਜਵਾਨਾਂ ਕੋਲ ਪੁਲਿਸ ਕੋਲ ਜਾਣ ਦਾ ਹੀ ਰਸਤਾ ਰਹਿ ਜਾਂਦਾ ਹੈ।

ਕਈ ਮਾਮਲਿਆਂ ਵਿਚ ਨੌਜਵਾਨਾਂ ਵਲੋਂ ਖੁਦਕੁਸ਼ੀ ਦਾ ਰਾਹ ਵੀ ਅਪਣਾਇਆ ਜਾਂਦਾ। ਅਮਰ ਉਜਾਲਾ ਦੀ ਰਿਪੋਰਟ ਅਨੁਸਾਰ ਹੈਰਾਨ ਕਰਨ ਵਾਲੀ ਗੱਲ ਹੈ ਪੰਜਾਬੀ ਨੌਜਵਾਨ ਰੋਜ਼ਾਨਾ ਹੀ ਇਸ ਤਰ੍ਹਾਂ ਦੀ ਧੋਖਾਧੜੀ ਦਾ ਸ਼ਿਕਾਰ ਹੋ ਰਹੇ ਹਨ। ਮਾਮਲਾ ਪੰਜਾਬ ਸਰਕਾਰ ਤੱਕ ਪਹੁੰਚ ਗਿਆ ਹੈ। ਹਰ ਰੋਜ਼ ਦੋ ਤੋਂ ਤਿੰਨ ਸ਼ਿਕਾਇਤਾਂ ਸਰਕਾਰ ਤੱਕ ਪਹੁੰਚ ਰਹੀਆਂ ਹਨ। ਛੇ ਸਾਲਾਂ ਵਿੱਚ ਐਨਆਰਆਈ ਥਾਣਿਆਂ ਵਿੱਚ 277 ਸ਼ਿਕਾਇਤਾਂ ਪੁੱਜੀਆਂ ਹਨ। ਹੁਣ ਸਰਕਾਰ ਨੇ ਵੀ ਇਸ ਮਾਮਲੇ ਨੂੰ ਹੱਲ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਜਲਦੀ ਹੀ ਇਹ ਮਾਮਲਾ ਕੇਂਦਰ ਸਰਕਾਰ ਦੇ ਸਾਹਮਣੇ ਰੱਖਿਆ ਜਾਵੇਗਾ। ਪਰਵਾਸੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਪਿਛਲੇ ਦੋ-ਤਿੰਨ ਸਾਲਾਂ ਤੋਂ ਲੜਕੀਆਂ ਨਾਲ ਧੋਖਾਧੜੀ ਦੇ ਮਾਮਲੇ ਵਧੇ ਹਨ। ਸੂਬਾ ਸਰਕਾਰ ਇਸ ਮਾਮਲੇ ਨੂੰ ਲੈ ਕੇ ਗੰਭੀਰ ਹੈ। ਜਲਦੀ ਹੀ ਇਸ ’ਤੇ ਕਾਬੂ ਪਾਉਣ ਲਈ ਰਣਨੀਤੀ ਬਣਾਈ ਜਾਵੇਗੀ।

ਦਰਅਸਲ, ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ਾਂ ’ਚ ਸੈਟਲ ਹੋਣ ਦਾ ਸੁਪਨਾ ਕਾਫੀ ਪੁਰਾਣਾ ਹੈ ਪਰ ਆਈਲੈਟਸ ਦੀ ਪ੍ਰੀਖਿਆ ਪਾਸ ਕਰਨਾ ਜ਼ਿਆਦਾਤਰ ਨੌਜਵਾਨਾਂ ਦੀ ਪਹੁੰਚ ’ਚ ਨਹੀਂ ਹੈ। ਉਹ ਨੌਜਵਾਨ ਲੋੜਵੰਦ ਪਰਿਵਾਰ ਦੀ ਲੜਕੀ ਦੀ ਭਾਲ ਕਰ ਰਿਹਾ ਹੈ ਜੋ ਆਈਲੈਟਸ ਪਾਸ ਕਰਕੇ ਪੜ੍ਹਾਈ ਲਈ ਵਿਦੇਸ਼ ਜਾਣਾ ਚਾਹੁੰਦੀ ਹੈ। ਲੜਕੇ ਦਾ ਪਰਿਵਾਰ ਅਜਿਹੀਆਂ ਲੜਕੀਆਂ ਨਾਲ ਆਪਣੇ ਲੜਕਿਆਂ ਦੇ ਕੰਟਰੈਕਟ ਮੈਰਿਜ ਕਰਵਾਉਂਦੇ ਹਨ ਅਤੇ ਲੜਕੀ ਦੀ ਵਿਦੇਸ਼ਾਂ ਵਿਚ ਪੜ੍ਹਾਈ ਲਈ ਲੱਖਾਂ ਰੁਪਏ ਖਰਚ ਕਰਦੇ ਹਨ।

ਇਹ ਪਹਿਲਾਂ ਹੀ ਤੈਅ ਕਰ ਲਿਆ ਜਾਂਦਾ ਕਿ ਲੜਕੀ ਦੇ ਉੱਥੇ ਪਹੁੰਚਣ ਤੋਂ ਬਾਅਦ ਉਹ ਸਪਾਊਸ ਵੀਜ਼ੇ ’ਤੇ ਆਪਣੇ ਪਤੀ ਨੂੰ ਵਿਦੇਸ਼ ਬੁਲਾਏਗੀ। ਹਾਲਾਂਕਿ, ਵਿਦੇਸ਼ੀ ਧਰਤੀ ’ਤੇ ਪਹੁੰਚਦੇ ਹੀ ਲੜਕੀ ਦੇ ਇਰਾਦੇ ਬਦਲ ਜਾਂਦੇ ਹਨ। ਉਹ ਆਪਣੇ ਲਈ ਨਵਾਂ ਸਾਥੀ ਲੱਭ ਲੈਂਦੀ ਹੈ। ਅਜਿਹੇ ਵਿੱਚ ਨੌਜਵਾਨ ਆਪਣੇ ਦੇਸ਼ ਵਿੱਚ ਹੀ ਰਹਿ ਜਾਂਦਾ। ਇਸ ਤਰ੍ਹਾਂ ਦੀ ਠੱਗੀ ਦਾ ਕਈ ਲੋਕ ਹੋ ਚੁੱਕੇ ਹਨ।



ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦੇ ਪਿੱਛੇ ਕਈ ਕਾਰਨ ਹਨ। ਜਦੋਂ ਕੁੜੀਆਂ ਜ਼ਿਆਦਾ ਪੜ੍ਹੀਆਂ-ਲਿਖੀਆਂ ਹੁੰਦੀਆਂ ਹਨ ਅਤੇ ਲੜਕੇ ਉਨ੍ਹਾਂ ਦੇ ਮੁਕਾਬਲੇ ਜ਼ਿਆਦਾ ਪੜ੍ਹੇ-ਲਿਖੇ ਨਹੀਂ ਹੁੰਦੇ, ਤਾਂ ਉਹ ਇਕ-ਦੂਜੇ ਨਾਲ ਮੇਲ ਨਹੀਂ ਖਾਂਦੇ। ਆਰਥਿਕ ਅਤੇ ਸਮਾਜਿਕ ਮੁੱਦੇ ਵਰਗੇ ਕਈ ਮੁੱਦੇ ਵੀ ਇਸ ਵਿੱਚ ਸ਼ਾਮਲ ਹਨ।

ਸੂਤਰਾਂ ਦੀ ਮੰਨੀਏ ਤਾਂ 2017 ਤੋਂ ਲੈ ਕੇ 2023 ਤੱਕ ਪੰਜਾਬ ਦੇ 15 ਐਨਆਰਆਈ ਥਾਣਿਆਂ ਵਿੱਚ 278 ਤੋਂ ਵੱਧ ਸ਼ਿਕਾਇਤਾਂ ਆਈਆਂ ਹਨ। ਹਾਲਾਂਕਿ ਐਨਆਰਆਈ ਥਾਣਿਆਂ ਦੇ ਯਤਨਾਂ ਨਾਲ ਇਨ੍ਹਾਂ ਵਿੱਚੋਂ ਬਹੁਤ ਸਾਰੇ ਕੇਸ ਹੱਲ ਹੋ ਗਏ ਹਨ। ਹਾਲਾਂਕਿ ਆਮ ਥਾਣਿਆਂ ਵਿੱਚ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖ਼ਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ



ਕੈਪਟਨ ਅਮਰਜੀਤ ਸਿੰਘ ਕਾਲੇਕਾ


# ਵੱਡੇ ਭਰਾ ਦਾ ਅਸਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਟੈਂਕਾਂ ਨੇ ਦੁਸ਼ਮਣ ਤੇ ਗੋਲੇ ਦਾਗੇ ਅਤੇ ਨਾਲ ਹੀ ਗਨ ਫਾਇਰ ਵੀ ਕੀਤਾ। ਦੁਸ਼ਮਣ 'ਅਲਾਹ ਹੂ ਅਕਬਰ' ਦੇ ਨਾਅਰੇ ਲਾਉਂਦਾ ਹੋਇਆ ਦੌੜ ਗਿਆ। ਕਰਨਲ ਬਖਸ਼ੀ ਨੇ ਮੈਨੂੰ ਜਫੀ ਪਾ ਲਈ ਤੇ ਕਿਹਾ ਕਿ ਤੈਨੂੰ ਮਹਾਂਵੀਰ ਚੱਕਰ ਆਵੇ ਜਾਂ ਵੀਰ ਚੱਕਰ। ਮੈਂ ਕਿਹਾ, "ਸਰ ਮੈਂ ਫੌਜ ਵਿਚ ਨਹੀਂ ਰਹਿਣਾ। ਤੁਸੀਂ ਇਹ ਇਨਾਮ ਉਸ ਫੌਜੀ ਨੂੰ ਦਿਓ ਜਿਸ ਨੇ ਫੌਜ ਵਿਚ ਰਹਿਣਾ ਹੈ।" ਮਹਾਂਰਾਸ਼ਟਰ ਵਿਚ ਮਹਾਂਵੀਰ ਚੱਕਰ ਜਾਂ ਵੀਰ ਚੱਕਰ ਮਿਲਣ ਵਾਲੇ ਸਿਪਾਹੀ ਨੂੰ ਦਸ ਏਕੜ ਜ਼ਮੀਨ ਮਿਲਦੀ ਸੀ। ਮੈਂ ਭੀਮ ਸੈਨ ਮੋਰੇ ਅਤੇ ਹੌਲਦਾਰ ਸਰਕਾਟੇ ਦੇ ਨਾਮ ਦੀ ਸਿਫਾਰਸ਼ ਕੀਤੀ। ਕੁਝ ਹੀ ਦਿਨਾਂ ਬਾਅਦ ਭੀਮ ਸੈਨ ਨੂੰ ਵੀਰ ਚੱਕਰ ਮਿਲਿਆ ਅਤੇ ਹੌਲਦਾਰ ਸਰਕਾਟੇ ਨੂੰ ਕਮੇਂਡਸ਼ਨ ਸ਼ਲਾਘਾ ਪੱਤਰ ਮਿਲਿਆ। ਕੁਝ ਮਹੀਨਿਆਂ ਬਾਅਦ ਮੈਨੂੰ ਵੇਪਨਟ੍ਰਨਿੰਗ ਕੋਰਸ ਤੇ ਮਹੂ ਭੇਜਿਆ ਗਿਆ। ਉਥੇ ਮੈਂ ਅਖਬਾਰ ਵਿਚ ਪੜ੍ਹਿਆ ਕਿ ਮੈਨੂੰ ਵੀ 'ਮੈਨਸ਼ਨਇਨਡਿਸਪੈਚਸ' ਬਹਾਦਰੀ ਲਈ ਮਿਲਿਆ ਹੈ। ਇਹਨਾਂ ਦੋਵਾਂ ਅਸਰਾਂ ਤੋਂ ਇਲਾਵਾ ਮੇਰੀ ਮਾਤਾ ਜੀ ਜਦੋਂ ਵੀ ਕਿਸੇ ਸ਼ਹਾਦਤ ਜਾਂ ਕਿਸੇ ਤਕਲੀਫ ਦੀ ਗੱਲ ਕਰਦੇ ਸਨ ਤਾਂ ਅੱਖਾਂ ਭਰ ਲੈਂਦੇ ਸਨ। ਉਹ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਪੜ੍ਹ ਸੁਣ ਕੇ ਬਹੁਤ ਬੈਰਾਗਮਈ ਹੋ ਜਾਂਦੇ ਸਨ। ਉਹ ਅਕਸਰ ਭਾਈ ਮਨੀ ਸਿੰਘ ਜੋ ਸਾਡੇ ਇਲਾਕੇ ਦੇ ਹੀ ਸਨ, ਦੇ ਬੰਦ-ਬੰਦ ਕਟਵਾਉਣ ਬਾਰੇ ਵੀ ਗੱਲ ਕਰਦੇ ਰਹਿੰਦੇ ਸਨ। ਬਾਬਾ ਦੀਪ ਸਿੰਘ ਜੀ ਦੀ ਅਲੌਕਿਕ ਸ਼ਹੀਦੀ ਦਾ ਵੀ ਅਕਸਰ ਜ਼ਿਕਰ ਹੁੰਦਾ ਸੀ।

**ਵੱਡੇ ਭਰਾ ਦਾ ਅਸਰ**

ਸਤਵੰਤ ਮੇਰੇ ਬਹੁਤ ਅਸਰ ਵਿਚ ਸੀ। ਮੈਂ ਐਮ.ਏ. ਕਰ ਹੀ ਰਿਹਾ ਸੀ ਕਿ ਨਵੰਬਰ 1962 ਵਿਚ ਭਾਰਤ ਦੀ ਚੀਨ ਨਾਲ ਲੜਾਈ ਲੱਗ ਗਈ। ਪਟਿਆਲੇ ਸਮੇਤ ਹਰ ਸ਼ਹਿਰ ਵਿਚ ਚੀਨ ਖ਼ਿਲਾਫ ਜਲਸੇ ਅਤੇ ਜਲੂਸ ਕੱਢੇ ਜਾ ਰਹੇ ਸਨ ਅਤੇ ਚੀਨ ਮੁਰਦਾਬਾਦ ਦੇ ਨਾਅਰੇ ਲੱਗ ਰਹੇ ਸਨ। ਮੇਰੇ ਦਿਲ 'ਤੇ ਇਸ ਚੀਜ਼ ਦਾ ਬਹੁਤ ਅਸਰ ਹੋਇਆ। ਮੈਨੂੰ ਦੇਸ਼ ਭਗਤੀ ਦੀ ਭਾਵਨਾ ਬਚਪਨ ਤੋਂ ਹੀ ਘਰੋਂ, ਸਕੂਲੋਂ ਅਤੇ ਕਾਲਜ ਤੋਂ ਪ੍ਰਾਪਤ ਹੋਈ। ਬਹਾਦਰੀ ਦੀ ਭਾਵਨਾ ਮੈਨੂੰ ਮੇਰੀ ਮਾਂ ਤੋਂ ਮਿਲੀ। ਮੈਂ ਐੱਮ. ਏ. ਕਰਦੇ ਸਾਰ ਹੀ ਫੌਜ ਵਿਚ ਲਫਟੈਨ ਭਰਤੀ ਹੋ ਗਿਆ। ਮੈਂ ਐੱਮ.ਏ. ਕਰਕੇ ਐਜੂਕੇਸ਼ਨ ਕੋਰ ਵਿਚ ਵੀਜਾ ਸਕਦਾ ਸੀ। ਪਰ ਮੈਂ ਇਨਫੈਂਟਰੀ ਜਾਣਾ ਚੰਗਾ ਸਮਝਿਆ। ਸਾਲ ਕੁ ਬਾਅਦ 1965 ਦੀ ਲੜਾਈ ਲੱਗੀ। ਸਾਡੀ ਰੈਜੀਮੈਂਟ ਲੜਾਈ ਦਾ ਹਿੱਸਾ ਬਣ ਗਈ। ਮੈਂ ਉਸ ਵੇਲੇ ਸੈਕਿੰਡ ਮਹਾਰ ਇਨਫੈਂਟਰੀ ਵਿਚ ਸੀ। ਮਾਰਚ-ਅਪ੍ਰੈਲ 1965 ਵਿਚ ਮੈਂ ਦੋ ਮਹੀਨੇ ਦੀ ਛੁੱਟੀ ਆਇਆ ਹੋਇਆ ਸੀ। ਮੇਰੇ ਮਾਤਾ ਪਿਤਾ ਉਸ ਵੇਲੇ ਦੁਗਾਲ ਪਿੰਡ ਵਿਚ ਰਹਿ ਕੇ ਖੇਤੀ ਕਰਦੇ ਸਨ। ਮੈਂ ਉਹਨਾਂ ਕੋਲ ਹੀ ਰਹਿੰਦਾ ਸੀ। 1965 ਦੀ ਲੜਾਈ ਤੋਂ ਪਹਿਲਾਂ ਰਣਕੱਛ ਵਿਚ ਇੱਕ ਛੋਟੀ ਜਿਹੀ ਲੜਾਈ ਲੱਗੀ। ਇਹ ਤਕਰੀਬਨ ਮਾਰਚ-ਅਪ੍ਰੈਲ 1965 ਵਿਚ ਲੱਗੀ। ਮੇਰੀ ਬਦਲੀ ਮਹਾਰ ਸੈਂਟਰ ਸਾਗਰ ਤੋਂ ਬਦਲ ਕੇ ਸੈਕਿੰਡ ਮਹਾਰ ਇਨਫੈਂਟਰੀ ਵਿਚ ਹੋ ਗਈ, ਜੋ ਰਣਕੱਛ ਦੇ ਇਲਾਕੇ ਵਿਚ ਤੈਨਾਤ ਸੀ। ਮੇਰੇ ਪਿਤਾ ਕਿਸੇ ਕੰਮ ਕਰਕੇ ਬਾਹਰ ਗਏ ਹੋਏ ਸਨ। ਮੇਰੇ ਮਾਤਾ ਜੀ, ਛੋਟੇ ਭਰਾ ਸਤਵੰਤ, ਗੁਰਵੰਤ ਤੇ ਭੈਣ ਹਰਿੰਦਰ ਮੈਨੂੰ ਬੱਸ ਸਟੈਂਡ ਤੇ ਛੱਡਣ ਆਏ। ਬੱਸ ਸਟੈਂਡ ਸਾਡੇ ਘਰ ਤੋਂ ਤਕਰੀਬਨ ਅੱਧਾ ਕੁ ਕਿਲੋਮੀਟਰ ਦੂਰ ਸੀ। ਜਦੋਂ ਬੱਸ ਨੇੜੇ ਆਉਣ ਲੱਗੀ ਤਾਂ ਮੇਰੀ ਮਾਂ ਨੇ ਮੈਨੂੰ ਇਕ ਪਾਸੇ ਲਿਜਾ ਕੇ ਇਹ ਗੱਲ ਸਮਝਾਈ, "ਕਾਕਾ ਦੁੱਖ-ਸੁੱਖ ਬੰਦਿਆਂ 'ਤੇ ਹੀ ਆਉਂਦੇ ਹਨ। ਚੰਗਾ ਕੰਮ ਕਰਨਾ ਹੈ।" ਮੈਂ ਕਿਹਾ, "ਮਾਤਾ ਜੀ ਮੈਂ ਤੁਹਾਡੀ ਸਾਰੀ ਗੱਲ ਸਮਝ ਗਿਆ ਹਾਂ। ਮੈਂ ਤੁਹਾਡੇ ਦੁੱਧ ਨੂੰ ਲਾਜ ਨਹੀਂ ਲੱਗਣ ਦਿਆਂਗਾ ਤੇ ਨਾਲ ਹੀ ਤੁਹਾਨੂੰ ਬੇਨਤੀ ਹੈ ਕਿ ਜੇ ਕੋਈ ਗੜਬੜ ਹੋ ਜਾਵੇ ਤਾਂ ਤੁਸੀਂ ਵੀ ਪਿੰਡ ਵਿਚ ਚੀਂ-ਚੀਂ ਕਰਦੇ ਨਹੀਂ ਫਿਰਨਾ। ਲੋਕਾਂ ਨੂੰ ਦਿਲ ਛੋਟਾ ਕਰ ਕੇ ਨਹੀਂ ਦਿਖਾਉਣਾ, ਬਲਕਿ ਇਸ ਤਰ੍ਹਾਂ ਅਹਿਸਾਸ ਕਰਵਾਉਣਾ ਹੈ ਕਿ ਤੁਸੀਂ ਬਹਾਦਰ ਯੋਧੇ ਦੀ ਮਾਂ ਹੋ, ਜੋ ਦੇਸ਼ ਵਾਸਤੇ ਕੁਰਬਾਨ ਹੋ ਗਿਆ ਹੈ।"




ਅਖ਼ੀਰ ਥੋੜ੍ਹੇ ਸਮੇਂ ਤੋਂ ਬਾਅਦ ਸਤੰਬਰ 1965 ਨੂੰ ਪੂਰੀ ਲੜਾਈ ਲੱਗ ਗਈ ਤੇ ਸਾਡੀ ਸੈਕਿੰਡ ਮਹਾਰ ਨੂੰ ਜੋਧਪੁਰ ਤੋਂ ਬਦਲ ਕੇ ਖੇਮਕਰਨ ਇਲਾਕੇ ਵਿਚ ਭੇਜ ਦਿੱਤਾ, ਜਿਥੇ ਅਸੀਂ ਫੋਰਮਾਊਂਟੇਨ ਡਵੀਜ਼ਨ ਦਾ ਹਿੱਸਾ ਬਣ ਗਏ। ਇਹ ਸਾਰੀ ਡਵੀਜ਼ਨ ਖੇਮਕਰਨ ਇਲਾਕੇ ਵਿਚ ਲੜ ਰਹੀ ਸੀ। 12 ਸਤੰਬਰ 1965 ਨੂੰ ਸਾਡੇ ਮਹਾਰ ਯੂਨਿਟ ਨੂੰ ਇਸੇ ਇਲਾਕੇ ਵਿਚ ਦੁਸ਼ਮਣ ਨੂੰ ਖਦੇੜਣ ਦਾ ਹੁਕਮ ਮਿਲਿਆ। ਦੋ ਕੰਪਨੀਆਂ ਨੇ ਇਸ ਇਲਾਕੇ 'ਤੇ ਹਮਲਾ ਕੀਤਾ। ਖ਼ਬਰ ਇਹ ਸੀ ਕਿ ਉਸ ਇਲਾਕੇ ਵਿਚ ਇਕ ਕੰਪਨੀ ਬੈਠੀ ਹੈ। ਬਾਅਦ ਵਿਚ ਪਤਾ ਲੱਗਾ ਕਿ ਕੰਪਨੀ ਨਹੀਂ ਬਲਕਿ ਪੂਰੀ ਬਟਾਲੀਅਨ ਬੈਠੀ ਹੈ। ਉਹਨਾਂ ਨੂੰ ਸਾਡੇ ਹਮਲੇ ਦੀ ਖ਼ਬਰ ਪਹਿਲਾਂ ਹੀ ਪਤਾ ਲੱਗ ਗਈ ਸੀ। ਉਹ ਪਾਸੇ ਬੈਠ ਕੇ ਅੱਗੇ ਪਿੱਛੇ ਹੋ ਗਏ ਤੇ ਜਿਸ ਪਾਸੇ ਹਮਲਾ ਕੀਤਾ ਸੀ ਉਸ ਨੂੰ ਰਫਲਫਾਇਰ, ਮਸ਼ੀਨਗਨਫਾਇਰ ਅਤੇ ਤੋਪਖਾਨੇ ਨਾਲ ਰੱਜ ਕੇ ਅੱਗ ਵਰਸਾਈ ਗਈ। ਨਾਲ ਹੀ ਹਵਾਈ ਜਹਾਜ਼ਾਂ ਨੇ ਵੀ ਹਮਲਾ ਕਰ ਦਿੱਤਾ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਕੁਠਿਆ ਮਾਸ ਨ ਖਾਈਏ, ਪਾਲਿਓ ਖਾਇ ਨ ਸੂਰ।

(ਮੁਕਤਨਾਮਾ - ਗੁਰ ਪ੍ਰਤਾਪ ਸੂਰਜ ਗ੍ਰੰਥ ਰਿ. ੩, ੩, ਅੰਸੂ ੫੦)

1914 ਵਿਚ ਸੋਢੀ ਰਾਮਨਰੈਣ ਸਿੰਘ ਜੀ ਨੇ ਖਾਲਸਾ ਧਰਮ ਸ਼ਾਸਤ੍ਰ ਪੂਰਬ ਮੀਮਾਂਸਾ ਦੀ ਰਚਨਾ ਕੀਤੀ। ਇਸ ਵਿਚ ਨਿਤਨੇਮ ਦੀਆਂ ਅੰਮ੍ਰਿਤ ਦੀਆਂ ਬਾਣੀਆਂ ਬਾਰੇ ਅੰਕਤ ਹੈ ਕਿ ਅੰਮ੍ਰਿਤ ਵੇਲੇ ਜਪੁ ਜੀ ਸਾਹਿਬ ਅਤੇ ਜਾਪੁ ਸਾਹਿਬ ਦਾ ਪਾਠ ਕਰੇ ਅਤੇ ਨਾਲ ਹੀ ਇਕ ਬਾਣੀ ਸ਼ਬਦ ਹਜ਼ਾਰੇ, ਆਸਾ ਦੀ ਵਾਰ, ਸੁਖਮਨੀ ਸਾਹਿਬ ਜਾਂ ਹੋਰ ਕੋਈ ਬਾਣੀ ਨਿਤਨੇਮ ਵਿਚ ਸ਼ਾਮਲ ਕਰ ਲਵੇ।

ਸਵੇਰ ਸਾਰ ਦੇ ਜਾਪ ਪਾਠ ਦਾ ਨੇਮ। (14) ਜਪੁ ਜਾਪੁ ਹਜਾਰੇ ਸ਼ਬਦ ਆਸਾ ਦੀ ਵਾਰ, ਸੁਖਮਨੀ ਆਦਿਕ ਜੋ ਨੇਮ ਹੋਵੇ ਕਰੇ। ਗੁਰਬਾਣੀ ਦੇ ਪਾਠ ਦਾ ਜੋ ਨੇਮ ਧਾਰਿਆ ਹੋਵੇ ਦਿਨ ਵਿਚ ਪੂਰਾ ਕਰ ਛਡੇ। ਕਿਸੀ ਕਾਰਨ ਜੋ ਪਾਠ ਬਾਕੀ ਰਹ ਜਾਇ ਦੂਜੇ ਦਿਨ ਪੂਰ ਕਰ ਛਡੇ।

(ਖਾਲਸਾ ਧਰਮ ਸ਼ਾਸਤ੍ਰ ਪੂਰਬ ਮੀਮਾਂਸਾ, ੧੯੧੪, ਸੋਢੀ ਰਾਮਨਰੈਣ ਸਿੰਘ)


ਭਾਈ ਕਾਨ੍ਹ ਸਿੰਘ ਜੀ ਨਾਭਾ

ਭਾਈ ਕਾਨ੍ਹ ਸਿੰਘ ਜੀ ਨਾਭਾ ਰਚਿਤ 'ਹਮ ਹਿੰਦੂ ਨਹੀਂ' ਪੁਸਤਕ ਜੋ ਪਹਿਲੀ ਵਾਰ ਸੰਮਤ ਨਾਨਕਸ਼ਾਹੀ 429 ਮੁਤਾਬਕ 1898 ਵਿਚ ਛਪੀ ਸੀ ਉਸਦੀ ਚੌਥੀ ਐਡੀਸ਼ਨ ਭਾਈ ਸਾਹਿਬ ਦੇ ਜੀਵਨ ਕਾਲ ਵਿਚ ਹੀ ਸੰਮਤ ਨਾਨਕਸ਼ਾਹੀ 443 ਮੁਤਾਬਕ ਸੰਨ 1912 ਵਿਚ ਪ੍ਰਕਾਸ਼ਤ ਹੋਈ। ਇਸ ਪੁਸਤਕ ਦੇ ਪੰਨਾ 45 'ਤੇ ਸਿੱਖ ਦੇ ਨਿਤਨੇਮ ਦੀਆਂ ਪੰਜ ਬਾਣੀਆਂ ਅੰਕਤ ਹਨ, "ਜਪ ਜਾਪ ਸਵੈਯੇ ਰਹਿਰਾਸ ਔਰ ਸੋਹਲੇ ਦਾ ਨੇਮ ਔਰ ੍ਰੇਮ ਸਾਥੀ ਪਾਠ ਕਰਣਾ।" ਪਰ ਇਥੇ ਹੈਰਾਨੀ ਹੁੰਦੀ ਹੈ ਕਿ 2013 ਵਿਚ ਛਪੀ ਹਮ ਹਿੰਦੂ ਨਹੀਂ ਕਿਤਾਬ ਵਿਚ ਨਿਤਨੇਮ ਦੀਆਂ ਬਾਣੀਆਂ ਵਿਚ ਅਣਅਧਿਕਾਰਤ ਤਬਦੀਲੀ ਕਰ ਦਿੱਤੀ ਗਈ ਹੈ। ਇਸ ਵਿਚ ਅੰਕਤ ਕਰ ਦਿੱਤਾ ਗਿਆ ਹੈ, "ਜਪੁ, ਜਾਪੁ, ਸਵਯੇ, ਚੌਪਈ, ਅਨੰਦੁ, ਰਹਿਰਾਸ ਔਰ ਸੋਹਿਲੇ ਦਾ ਨੇਮ ਔਰ ਪ੍ਰੇਮ ਸਾਥੀ ਪਾਠ ਕਰਨਾ।' ਕੀ ਕਿਸੇ ਲਿਖਾਰੀ ਦੀ ਲਿਖਤ ਵਿਚ ਉਸ ਦੇ ਸੰਸਰ ਤੋਂ ਕੂਚ ਕਰ ਜਾਣ ਦੇ ਬਾਅਦ ਇਸ ਤਰ੍ਹਾਂ ਦੀ ਤਬਦੀਲੀ ਕਰਨੀ ਨਿਰੀ ਅਕਾਦਮਿਕ ਬਦ-ਦਿਆਨਤੀ ਹੈ ਜਾਂ ਫਿਰ ਸਾਡੇ ਪੰਥਕ ਦਸਤਾਵੇਜ਼ਾਂ ਨਾਲ ਛੇੜ-ਛਾੜ।

**ਅਕਾਲੀ ਕੌਰ ਸਿੰਘ ਜੀ ਨਿਹੰਗ**

ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਨਿਤਨੇਮ ਦੀਆਂ ਬਾਣੀਆਂ ਦਾ ਇਕ ਪ੍ਰਮਾਣੀਕ ਗੁਟਕਾ ਤਿਆਰ ਕਰਨ ਦਾ ਉਪਰਾਲਾ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ 1927 ਵਿਚ ਕੀਤਾ। ਅਕਾਲੀ ਜੀ ਨੇ ਸਨਾਤਨ ਅਤੇ ਸਿੰਘ ਸਭਾਈ ਬਿਰਤੀ, ਸ੍ਰੀ ਅਕਾਲ ਤਖਤ ਸਾਹਿਬ ਤੇ ਪਾਠ ਦੀ ਵਿਧੀ ਅਤੇ ਹੋਰ ਹਵਾਲਿਆਂ ਨੂੰ ਨਜ਼ਰ ਵਿਚ ਰੱਖ ਕੇ ਜੋ ਗੁਟਕਾ ਤਿਆਰ ਕੀਤਾ ਉਸ ਦੀ ਲੋੜ ਬਾਰੇ ਆਪ ਜੀ ਨੇ ਲਿਖਿਆ :

"ਹਜ ਇਕ ਮਜ਼ਬ ਦੇ ਆਸਤਕ ਮਨੁੱਖਾਂ ਵਤ ਸਿੱਖ ਸਦਾ ਤੋਂ ਆਪਣੇ ਨਿਤਨੇਮ ਦੀ 'ਇੱਜ਼ਤ ਪਾਬੰਦੀ' ਰੱਖਦੇ ਆਏ ਹਨ, ਪ੍ਰੰਤੂ ਪੱਛਮੀ ਰੋਸ਼ਨੀ ਦੇ ਰਾਜ ਵਿਚ ਅਧੂਰੇ ਤਰਕਵਾਦ ਨੇ ਉਹ ਪਹਿਲੀ ਸੂਰਤ ਨਹੀਂ ਰਹਿਣ ਦਿੱਤੀ। ਸੀਨਾ-ਬਸੀਨਾ ਬਾਣੀਆਂ ਯਾਦ ਕਰਨ ਵਾਲੇ ਮਾਈ ਭਾਈ ਸਮੇਂ ਦੇ ਪੜਦੇ ਵਿਚ ਗੁਪਤ ਹੋਈ ਜਾਂਦੇ ਹਨ। ਵਰਤਮਾਨ ਸਭਯਤਾ ਪ੍ਰੈਸ, ਪੁਰਾਤਨ ਰਹੁ ਰੀਤਾਂ ਨੂੰ ਹਜ਼ਮ ਕਰੀ ਜਾਂਦੇ ਹਨ। ਬਾਣੀ ਦੇ ਕ੍ਰਮ ਤੇ ਅਖਰ-ਮਾਤਰਾ ਦੀ ਪਾਬੰਦੀ ਵਿਚ ਘਾਟੇ ਵਾਧੇ ਦਾ ਦੌਰ ਜਾਰੀ ਹੈ। ਐਸੀ ਹਾਲਤ ਵਿਚ ਸ਼ਰਧਾਲੂ ਪ੍ਰੇਮੀਆਂ ਨੂੰ ਨਿਰਸੰਸੇ ਬ੍ਰਿਤ ਸ਼ਰਧਾ ਨਾਲ ਪਾਠ ਕਰਨ ਵਾਸਤੇ ਅਗਾਂਹ ਨੂੰ ਗੁਜ਼ਾਰੇ ਸਮੇਂ ਦੀ ਟੋਹ ਲਾਉਣ ਲਈ ਲੋੜ ਸੀ ਕਿ ਪ੍ਰਮਾਣ, ਰਵਾਜ, ਰਵਾਇਤਾਂ ਦੇ ਆਧਾਰ ਪਰ ਇਕ ਨਿਤਨੇਮ ਪ੍ਰਕਾਸ਼ਤ ਹੋਵੇ।"




**ਅਕਾਲੀ ਜੀ ਨੇ ਇਸ ਹਾਲਤ ਬਾਰੇ ਆਪਣੀ ਚਿੰਤਾ ਦਾ ਪ੍ਰਗਟਾਵਾ ਕੀਤਾ :**

"ਵਰਤਮਾਨ ਵਿਚ ਜੇ ਪੁਰਾਤਨ ਪੰਥਕ 'ਲਿਖਤ ਰਵਾਜ' ਨੂੰ ਨਾ ਸਤਿਕਾਰਿਆ ਗਿਆ ਤਦ ਖਤਰਾ ਹੈ ਕਿ ਤਰਕਬਾਦ ਦੇ ਹੋਰਦੋ ਕਦਮ ਅਗਾਂਹ ਵਧਣ ਕਰਕੇ, ਨਿਯਤ ਬਾਣੀਆਂ ਦਾ ਪਾਠ ਕਰਨ ਵਲੋਂ ਸਹਜੇ ਹੀ 'ਖ਼ਾਲਸੇ ਖੁਲਾਸਾ' ਹੋ ਕੇ ਜਿਥੇ ਦਿਨ ਚੜ੍ਹੇ ਤੱਕ ਧਰਮਰਾਜ ਦੀ ਸਪੁੱਤਰੀ ਦੀ ਗੋਦ ਵਿਚ ਲੋਰੀਆਂ ਲੈਦ ਲੱਗ ਜਾਣਗੇ ਉਥੇ ਸੁਭਾਵਿਕ ਹੀ ਸੰਝ ਵੇਲੇ 'ਸੈਰ-ਸਪਾਟੇ ਦੇ ਬੁੱਲ੍ਹੇ' ਭੀ ਲੁੱਟਿਆ ਕਰਨਗੇ। ਵਾਹਿਗੁਰੂ-ਗੁਰੂ ਮਿਹਰ ਕਰੇ ਐਸਾ ਸਮਾਂ ਨਾ ਆਵੇ।" (ਅਕਾਲੀ ਕੌਰ ਸਿੰਘ, ਪੰਨੇ ੮੩)

ਇਸੇ ਤਰ੍ਹਾਂ ਆਪ ਜੀ ਵਲੋਂ ਤਿਆਰ ਕੀਤੇ ਗਏ ਨਿਤਨੇਮ ਦੇ ਗੁਟਕੇ ਵਿਚ ਇਹ ਬਾਣੀਆਂ ਦਰਜ ਕੀਤੀਆਂ ਸਨ :

(ੳ) ਅੰਮ੍ਰਿਤ ਵੇਲੇ ਪਾਠ ਕਰਨ ਦੀ ਬਾਣੀ : (1) ਜਪੁ, ਸਤ ਸ਼ਬਦ (ਹਜ਼ਾਰੇ) : (2) ਜਾਪੁ, 10 ਸ਼ਬਦ, 10 ਸਵੱਯੇ।

(ਅ) ਸ਼ਾਮ (ਸੰਧਿਆ) ਵੇਲੇ ਪਾਠ ਕਰਨ ਦੀ ਬਾਣੀ : ਰਹਿਰਾਸੁ (ਜੋ ਸਦਾ ਤੋਂ ਸ੍ਰੀ ਅਕਾਲ ਤਖ਼ਤ ਦੇ ਦੀਵਾਨ ਵਿਚ ਨਿਤ ਪਾਠ ਹੁੰਦਾ ਹੈ।) (4) ਆਰਤੀ ਪੰਜ ਸ਼ਬਦ (ਜੋ ਅੱਜ ਕੱਲ੍ਹ ਭੀ ਨਿਤ ਰਹਿਰਾਸ ਦੇ ਪਿਛੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸੰਗਤ ਮਿਲ ਕੇ ਪੜ੍ਹਦੀ ਹੈ ਪਰ ਇਕ ਪੋਥੀ ਵਿਚ ਸਵਾ ਪਹਿਰ ਦਿਨ ਚੜ੍ਹੇ ਭੀ ਆਰਤੀ ਗਾਵਨ ਦਾ ਜ਼ਿਕਰ ਹੈ ਜੋ ਸਿਵਾਇ ਅਖੰਡ ਪਾਠ ਆਦਿਕ ਸਮਾਗਮਾਂ ਦੇ, ਹੋਰ ਕਿਤੇ ਰਵਾਜ ਨਹੀਂ ਹੈ।)

(ੲ) ਸੌਣ ਵੇਲੇ ਨਿਤ ਪਾਠ ਦੀ ਬਾਣੀ :
(5) ਸੋਹਿਲਾ (ਪੰਜ ਸ਼ਬਦ)॥

(ਉਹ, ਪੰਨਾ ੮੩)

**ਸ਼੍ਰੋਮਣੀ ਕਮੇਟੀ ਦੇ ਨਿਤਨੇਮ ਦੇ ਗੁਟਕੇ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 1962 ਵਿਚ ਛਪਿਆ ਨਿਤਨੇਮ ਤੇ ਹੋਰ ਬਾਣੀਆਂ ਦਾ ਇਕ ਗੁਟਕਾ। ਇਸ ਵਿਚ ਨਿਤਨੇਮ ਦੀਆਂ ਬਾਣੀਆਂ ਦੇ ਸ੍ਰੋਤ ਬਾਰੇ ਸਪਸ਼ਟ ਤੌਰ 'ਤੇ ਲਿਖਿਆ ਗਿਆ, "ਸੁਧਾਈ ਇਸ ਗੁਟਕੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਛਪੀਆਂ ਬਾਣੀਆਂ ਦੀ ਸੁਧਾਈ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਤੋਂ ਤੇ ਦਸਮ ਪਾਤਿਸ਼ਾਹ ਦੀ ਬਾਣੀ ਪ੍ਰਾਚੀਨ ਦਸਮ ਗ੍ਰੰਥ ਦੀਆਂ ਬੀੜਾਂ ਨਾਲ ਕੀਤੀ ਗਈ ਹੈ। ਉਪਰੰਤ ਇਹ ਗੁਟਕੇ ਬਲਾਕਾਂ ਰਾਹੀਂ ਛਾਪੇ ਗਏ ਹਨ।" ਇਸ ਦੇ ਨਾਲ ਹੀ ਇਸ ਵਿਚ ਅੰਮ੍ਰਿਤ ਵੇਲੇ ਦੀਆਂ ਨਿਤਨੇਮ ਦੀਆਂ ਬਾਣੀਆਂ ਅੰਕਤ ਹਨ, ਜਪੁ, ਜਾਪੁ, ਅਤੇ 10 ਸਵੱਯੇ (ਸ੍ਰਾਵਗ ਸੁੱਧ ਵਾਲੇ), ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

**(ਚਲਦਾ)**

# ਬਿਨਾਂ ਕਿਸੇ ਜੁਰਮ ਦੇ 16 ਸਾਲ ਭੁਗਤੀ ਸਜ਼ਾ, ਫਿਰ ਡਿਪਟੀ ਸ਼ੈਰਿਫ ਦੀ ਕਾਰਵਾਈ 'ਚ ਵਿਅਕਤੀ ਦੀ ਮੌਤ

ਕਿੰਗਜ਼ਲੈਂਡ : ਅਮਰੀਕਾ ਵਿਚ ਇੱਕ ਵਿਅਕਤੀ, ਜਿਸ ਨੇ ਗਲਤ ਦੋਸ਼ੀ ਠਹਿਰਾਏ ਜਾਣ ਕਾਰਨ ਫਲੋਰੀਡਾ ਦੀ ਇੱਕ ਜੇਲ੍ਹ ਵਿੱਚ 16 ਸਾਲ ਤੋਂ ਵੱਧ ਸਮਾਂ ਬਿਤਾਇਆ ਸੀ, ਸੋਮਵਾਰ ਨੂੰ ਜਾਰਜੀਆ ਵਿੱਚ ਇੱਕ ਡਿਪਟੀ ਸ਼ੈਰਿਫ ਦੁਆਰਾ ਕੀਤੀ ਕਾਰਵਾਈ ਵਿੱਚ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਮਾਮਲੇ ਦੀ ਜਾਂਚ ਕਰ ਰਹੀ ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ (ਜੀਬੀਆਈ) ਨੇ ਮ੍ਰਿਤਕ ਦੀ ਪਛਾਣ 53 ਸਾਲਾ ਲਿਓਨਾਰਡ ਐਲਨ ਕਿਊਰ ਵਜੋਂ ਕੀਤੀ ਹੈ, ਜਿਸ ਨੂੰ ਹਾਲ ਹੀ ਵਿੱਚ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਸੀ।

ਫਲੋਰੀਡਾ ਦੇ ਇਨੋਸੈਂਸ ਪ੍ਰੋਜੈਕਟ ਦੇ ਕਾਰਜਕਾਰੀ ਨਿਰਦੇਸ਼ਕ ਸੇਠ ਮਿਲਰ ਦੁਆਰਾ ਕਿਊਰ ਦੀ ਮੌਤ ਦੀ ਪੁਸ਼ਟੀ ਕੀਤੀ ਗਈ। ਮਿਲਰ ਨੇ ਬਰੀ ਹੋਣ ਦੇ ਕੇਸ ਵਿੱਚ ਕਿਊਰ ਦੀ ਨੁਮਾਇੰਦਗੀ ਕੀਤੀ ਸੀ। ਮਿਲਰ ਨੇ ਕਿਹਾ ਕਿ ਉਹ ਕਿਊਰ ਦੀ ਮੌਤ ਦੀ ਖ਼ਬਰ ਤੋਂ ਬਹੁਤ ਦੁਖੀ ਹਨ। ਉਸਨੇ ਕਿਹਾ, 'ਮੈਂ ਸੋਚ ਵੀ ਨਹੀਂ ਸਕਦਾ ਕਿ ਇਹ ਪਤਾ ਲਗਣ ਮਗਰੋਂ ਕਿਹੋ ਜਿਹਾ ਮਹਿਸੂਸ ਹੋਵੇਗਾ ਕਿ ਤੁਹਾਡੇ ਬੇਟੇ ਨੂੰ ਬੇਕਸੂਰ ਹੋਣ ਦੇ ਬਾਵਜੂਦ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਬਾਅਦ ਵਿੱਚ ਜਦੋਂ ਉਸ ਨੂੰ ਦੋਸ਼ਮੁਕਤ ਕਰਾਰ ਦਿੱਤਾ ਜਾਵੇ ਅਤੇ ਫਿਰ ਤੁਹਾਨੂੰ ਦੱਸਿਆ ਜਾਵੇ ਕਿ ਜੇਲ੍ਹ ਤੋਂ ਰਿਹਾਈ ਦੇ ਬਾਅਦ ਗੋਲੀ ਮਾਰੇ ਜਾਣ ਨਾਲ ਉਸ ਦੀ ਮੌਤ ਹੋ ਗਈ।

ਜੀਬੀਆਈ ਨੇ ਇੱਕ ਨਿਊਜ਼ ਰੀਲੀਜ਼ ਵਿੱਚ ਕਿਹਾ ਕਿ ਕੈਮਡੇਨ ਕਾਊਂਟੀ ਦੇ ਇੱਕ ਡਿਪਟੀ ਨੇ ਇੱਕ ਡਰਾਈਵਰ ਨੂੰ ਜਾਰਜੀਆ-ਫਲੋਰੀਡਾ ਮਾਰਗ ਨੇੜੇ ਇੰਟਰਸਟੇਟ 95 'ਤੇ ਇੱਕ ਵਾਹਨ ਨੂੰ ਰੋਕਣ ਲਈ ਕਿਹਾ। ਡਿਪਟੀ ਦੇ ਕਹਿਣ 'ਤੇ ਡਰਾਈਵਰ ਕਾਰ ਤੋਂ ਬਾਹਰ ਆ ਗਿਆ। ਜੀਬੀਆਈ ਅਨੁਸਾਰ ਡਰਾਈਵਰ ਸ਼ੁਰੂ ਵਿੱਚ ਸਹਿਯੋਗੀ ਸੀ ਪਰ ਜਦੋਂ ਉਸ ਨੂੰ ਦੱਸਿਆ ਗਿਆ ਕਿ ਉਸ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਤਾਂ ਉਹ ਹਿੰਸਕ ਹੋ ਗਿਆ। ਏਜੰਸੀ ਮੁਤਾਬਕ ਸ਼ੁਰੂਆਤੀ ਜਾਣਕਾਰੀ ਤੋਂ ਪਤਾ ਚੱਲਦਾ ਹੈ ਕਿ ਜਦੋਂ ਕਾਰ ਚਾਲਕ ਨੇ ਡਿਪਟੀ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਤਾਂ ਉਸ ਨੇ ਸਟਨ ਗੰਨ ਕੱਢੀ, ਜਿਸ ਨਾਲ ਡਰਾਈਵਰ ਹੈਰਾਨ ਹੋ ਗਿਆ ਅਤੇ ਉਸ ਨੇ ਡਿਪਟੀ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਇੱਥੇ ਦੱਸ ਦਈਏ ਕਿ ਇੱਕ ਸਟਨ ਬੰਦੂਕ ਇੱਕ ਇਲੈਕਟ੍ਰਾਨਿਕ ਯੰਤਰ ਹੈ ਜੋ ਕਿਸੇ ਨੂੰ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣ ਲਈ ਇੱਕ ਇਲੈਕਟ੍ਰਿਕ ਝਟਕਾ ਦੇਣ ਲਈ ਤਿਆਰ ਕੀਤਾ ਗਿਆ ਹੈ।

ਜੀਬੀਆਈ ਨੇ ਕਿਹਾ ਕਿ ਡਿਪਟੀ ਨੇ ਇੱਕ ਸਟਨ ਗੰਨ ਅਤੇ ਡੰਡੇ ਦੀ ਵਰਤੋਂ ਕਰਕੇ ਉਸਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਫਿਰ ਆਪਣੀ ਬੰਦੂਕ ਕੱਢ ਲਈ ਅਤੇ ਡਰਾਈਵਰ ਨੂੰ ਗੋਲੀ ਮਾਰ ਦਿੱਤੀ ਜਦੋਂ ਉਸਨੇ ਵਿਰੋਧ ਕਰਨਾ ਜਾਰੀ ਰੱਖਿਆ। ਏਜੰਸੀ ਨੇ ਇਹ ਨਹੀਂ ਦੱਸਿਆ ਕਿ ਡਿਪਟੀ ਸ਼ੈਰਿਫ ਨੇ ਕਿਊਰ ਦੀ ਗੱਡੀ ਨੂੰ ਕਿਉਂ ਰੋਕਿਆ। ਕਿਊਰ ਨੂੰ 2003 ਵਿੱਚ ਡੇਨੀਆ ਬੀਚ, ਫਲੋਰੀਡਾ ਵਿੱਚ ਇੱਕ ਦਵਾਈਆਂ ਦੀ ਦੁਕਾਨ ਨੂੰ ਲੁੱਟਣ ਦਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਸਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਕਿਉਂਕਿ ਉਸਨੂੰ ਲੁੱਟ ਅਤੇ ਹੋਰ ਅਪਰਾਧਾਂ ਲਈ ਪਹਿਲਾਂ ਦੋਸ਼ੀ ਠਹਿਰਾਇਆ ਗਿਆ ਸੀ। ਕਿਊਰ ਨੂੰ 16 ਸਾਲ ਦੀ ਸਜ਼ਾ ਕੱਟਣ ਤੋਂ



ਬਾਅਦ ਇਸ ਕੇਸ ਵਿੱਚੋਂ ਬਰੀ ਕਰ ਦਿੱਤਾ ਗਿਆ ਸੀ।




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION













ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।



## S. Iqbal Singh

844-573-3824 | 510 862 2332

433 W Scotts Ave Stockton, CA 95203

PH: (925) 487-7117

# ਮੇਰੇ ਅੰਮ੍ਰਿਤ ਛਕਣ ਦੇ ਪ੍ਰੇਰਨਾ-ਸਰੋਤ

ਗੁਰਸਿੱਖੀ ਨਾਲ ਪਿਆਰ ਰੱਖਣ ਵਾਲੇ, ਗੁਰਬਾਣੀ ਪੜ੍ਹਨ ਵਾਲੇ, ਸ਼ਰਧਾਲੂ, ਰੋਜ਼ਾਨਾ ਗੁਰੂ-ਘਰ ਜਾਣ ਵਾਲੇ ਬਹੁਤ ਸਾਰੇ ਸੱਜਣ ਅਜਿਹੇ ਹਨ, ਜਿਹੜੇ ਕਈ ਕਾਰਨਾਂ ਕਰਕੇ ਅੰਮ੍ਰਿਤ ਛਕਣ ਦਾ ਹੌਂਸਲਾ ਨਹੀਂ ਕਰਦੇ। ਉਹਨਾਂ ਦੇ ਮਨ ਅੰਦਰ ਕੁਝ ਡਰ, ਝਿਜਕ, ਜਾਂ ਸ਼ੰਕੇ ਹੁੰਦੇ ਹਨ, ਜੋ ਉਹਨਾਂ ਨੂੰ ਅੰਮ੍ਰਿਤਧਾਰੀ ਬਣਨ ਤੋਂ ਰੋਕਦੇ ਹਨ। ਮੈਂ ਅੱਜ ਪਾਠਕਾਂ ਨਾਲ ਆਪਣੇ ਮਨ ਦੇ ਸ਼ੰਕੇ ਅਤੇ ਉਹ ਸ਼ੰਕੇ ਕਿਵੇਂ ਦੂਰ ਹੋਏ, ਸਾਂਝਾ ਕਰਨ ਜਾ ਰਿਹਾ ਹਾਂ-

ਸਾਡਾ ਪਰਿਵਾਰ ਸ਼ੁਰੂ ਤੋਂ ਹੀ ਧਾਰਮਿਕ ਖਿਆਲਾਂ ਦਾ ਸੀ, ਜਿਸ ਕਾਰਨ ਪਾਠ ਕਰਨ ਦਾ ਅਭਿਆਸ ਮੈਨੂੰ ਛੋਟੇ ਹੁੰਦੇ ਨੂੰ ਹੀ ਹੋ ਗਿਆ ਸੀ। ਸੱਤਵੀਂ 'ਚ ਪੜ੍ਹਦੇ ਨੂੰ ਹੀ ਭੈਣਾਂ ਨੇ ਉਤਸ਼ਾਹ ਦੇ ਕੇ ਗੁਰਦੁਆਰੇ ਸਪੀਕਰ ਵਿੱਚ ਪਾਠ ਕਰਨ ਲਗਾ ਦਿੱਤਾ ਸੀ। ਵਾਹਿਗੁਰੂ ਦੀ ਕਿਰਪਾ ਨਾਲ ਹੀ ਮੇਰੀ ਆਵਾਜ ਵੀ ਉੱਚੀ ਅਤੇ ਸਾਫ ਸੀ ਅਤੇ ਉਚਾਰਣ ਵੀ ਸ਼ੁੱਧ। ਜਿਸ ਕਰਕੇ ਪਿੰਡ ਦੀਆਂ 2-4 ਬਜ਼ੁਰਗ ਔਰਤਾਂ ਸੁਖਮਨੀ ਸਾਹਿਬ ਦਾ ਪਾਠ ਸੁਣਨ ਸਾਡੇ ਘਰ ਵੀ ਆ ਜਾਂਦੀਆਂ ਸਨ। ਗ੍ਰੰਥੀ ਸਿੰਘ ਦੀ ਪ੍ਰੇਰਨਾ ਅਤੇ ਹੌਂਸਲਾ-ਅਫਜਾਈ ਸਦਕਾ ਮੈਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਕਰਨ ਲੱਗ ਪਿਆ ਸੀ ਅਤੇ ਹੌਲੀ ਹੌਲੀ ਸਹਿਜ-ਪਾਠ ਅਤੇ ਅਖੰਡ-ਪਾਠ ਵਿੱਚ ਰੌਲਾਂ ਵੀ ਲਗਾਉਣ ਲੱਗ ਗਿਆ ਸੀ, ਪਰ ਇਸ ਸਭ ਦੇ ਬਾਵਜੂਦ ਅੰਮ੍ਰਿਤ ਛਕਣ ਦਾ ਮਨ ਨਹੀਂ ਸੀ ਬਣਿਆ...

ਮੈਂ ਉਦੋਂ ਦੀ ਸੋਚ ਅਨੁਸਾਰ ਅੰਮ੍ਰਿਤਧਾਰੀ ਇਨਸਾਨ ਨੂੰ ਇੱਕ ਪੂਰਨ ਅਤੇ ਮੁਕੰਮਲ ਇਨਸਾਨ ਦੇ ਰੂਪ ਵਿੱਚ ਚਿਤਵਦਾ ਸੀ ਅਤੇ ਮੈਨੂੰ ਆਪਣਾ ਆਪ ਐਸਾ ਪੁਰਖ ਨਹੀਂ ਸੀ ਲੱਗਦਾ, ਜਿਹੜਾ ਸੱਚਾ ਸੁੱਚਾ ਅਤੇ ਗੁਣਾਂ ਭਰਪੂਰ ਹੋਵੇ। ਮੇਰੇ ਮਨ ਵਿੱਚ ਕੁਝ ਦੁਚਿਤੀਆਂ ਸਨ ਜਿਹਨਾਂ ਵਿਚੋਂ ਪਹਿਲੀ ਅਤੇ ਮੁੱਖ ਸੀ-ਮਨ ਦੀ ਸ਼ੁੱਧਤਾ। ਮੇਰੇ ਖਿਆਲ ਵਿੱਚ ਇੱਕ ਵਿਕਾਰੀ ਅਤੇ ਔਗਣਾਂ ਵਾਲੇ ਵਿਅਕਤੀ ਨੂੰ ਅੰਮ੍ਰਿਤ ਨਹੀਂ ਸੀ ਛਕਣਾ ਚਾਹੀਦਾ। ਦੂਸਰਾ ਸ਼ੰਕਾ ਸਰੀਰ ਨੂੰ ਲੈ ਕੇ ਵੀ ਸੀ। ਕੀ ਮੈਂ ਪੰਜ ਕਕਾਰੀ ਰਹਿਤ ਰੱਖ ਸਕਾਂਗਾ? ਕੀ ਮੈਂ ਹਰ ਰੋਜ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਕੇ ਬਾਕਾਇਦਾ ਨਿੱਤਨੇਮ ਕਰ ਸਕਾਂਗਾ? ਇਹੋ ਜਿਹੇ ਕੁਝ ਖਿਆਲ ਮੈਨੂੰ ਅੰਮ੍ਰਿਤ ਛਕਣ ਤੋਂ ਰੋਕਦੇ ਰਹਿੰਦੇ ਸਨ।

1987 ਦੇ ਅਖੀਰ ਵਿੱਚ ਮੈਨੂੰ ਨੌਕਰੀ ਮਿਲ ਗਈ। ਮੇਰੀ ਪਹਿਲੀ ਨਿਯੁਕਤੀ ਸਰਕਾਰੀ ਹਾਈ ਸਕੂਲ ਕਕਰਾਲਾ, ਜ਼ਿਲਾ ਪਟਿਆਲਾ ਦੀ ਸੀ ਸਕੂਲ ਵਿੱਚ ਵਿਹਲੇ ਪੀਰੀਅਡ ਸਮੇਂ ਜਾਂ ਅੱਧੀ ਛੁੱਟੀ ਸਮੇਂ ਸਾਥੀਆਂ ਨਾਲ ਗੁਰਮਤਿ ਵਿਚਾਰਾਂ ਹੁੰਦੀਆਂ ਰਹਿੰਦੀਆਂ। ਸਟਾਫ ਮੇਰੇ ਗੁਰਮਤਿ ਵਿਚਾਰਾਂ ਤੋਂ ਪ੍ਰਭਾਵਿਤ ਸੀ।

ਇੱਕ ਦਿਨ ਸਾਥੀ ਸ. ਰਘਬੀਰ ਸਿੰਘ ਜੀ (ਅੱਜ ਉਹ ਇਸ ਦੁਨੀਆਂ ਤੇ ਨਹੀਂ ਹਨ, ਵਾਹਿਗੁਰੂ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ) ਨੇ ਕਿਹਾ, 'ਜਸਵਿੰਦਰ ਸਿੰਘ ! ਤੁਸੀਂ ਹੁਣ ਅੰਮ੍ਰਿਤ ਵੀ ਛਕ ਹੀ ਲਵੋ।'

ਮੈਂ ਸਹਿਜ-ਸੁਭਾਅ ਹੀ ਅੰਦਰਲਾ ਡਰ ਜਾਹਰ ਕੀਤਾ, 'ਅਜੇ ਭਾਂਡਾ ਤਿਆਰ ਨਹੀਂ ਹੋਇਆ।' ਮੇਰਾ ਇਸ਼ਾਰਾ ਹਿਰਦੇ ਦੀ ਸ਼ੁੱਧਤਾ ਵੱਲ ਸੀ, ਰਘਬੀਰ ਸਿੰਘ ਜੀ ਨੇ ਵੀ ਸਹਿਜ ਨਾਲ ਹੀ ਜਵਾਬ ਦਿੱਤਾ, 'ਜੇ ਭਾਂਡਾ ਤੁਸੀਂ ਆਪ ਤਿਆਰ


ਜਸਵਿੰਦਰ ਸਿੰਘ 'ਰੁਪਾਲ'

ਕਰਨ ਦੇ ਸਮਰੱਥ ਹੋ, ਤਾਂ ਗੁਰੂ ਧਾਰਨ ਦੀ ਲੋੜ ਹੀ ਕੀ ਹੈ? ਅਸੀਂ ਤਾਂ ਗੁਰੂ ਧਾਰਨਾ ਹੀ ਇਸ ਲਈ ਹੈ ਤਾਂ ਕਿ 'ਭਾਂਡਾ' ਤਿਆਰ ਹੋ ਸਕੇ। ਤੁਸੀਂ ਤਾਂ ਸਿਰਫ ਸਮਰਪਣ ਕਰ ਦੇਣਾ ਹੈ ਗੁਰੂ ਨੂੰ। ਬਾਕੀ ਗੁਰੂ ਆਪ ਹੀ ਬਖਸ਼ਿਸ਼ ਕਰੇਗਾ।' ਮੈਂ ਉਹਨਾਂ ਦਾ ਜਵਾਬ ਸੁਣ ਕੇ ਚੁੱਪ ਹੋ ਗਿਆ। ਮੈਨੂੰ ਲੱਗਿਆ ਕਿ ਉਹ ਬਿਲਕੁਲ ਠੀਕ ਕਹਿ ਰਹੇ ਹਨ। ਮੇਰੀ ਅਪਣੀ ਕੀ ਸਮਰੱਥਾ ਹੈ ਕਿ ਮੈਂ ਹਿਰਦੇ ਨੂੰ ਸ਼ੁੱਧ ਕਰ ਸਕਾਂ। ਵਿਕਾਰਾਂ ਵੱਲੋਂ ਮੋੜਨ ਅਤੇ ਗਣਾਂ ਨਾਲ ਜੋੜਨ ਦਾ ਕੰਮ ਤਾਂ ਗੁਰੂ ਹੀ ਕਰ ਸਕਦਾ ਏ। ਮੇਰਾ ਪਹਿਲਾ ਸ਼ੰਕਾ 'ਮਨ ਬਾਰੇ' ਦੂਰ ਹੋ ਗਿਆ।

ਕੁਝ ਸਮੇਂ ਪਿੱਛੋਂ ਹੀ ਗੁਰਦੁਆਰਾ ਭਗਤ ਨਾਮਦੇਵ, ਸਮਾਣੇ ਵਾਲਿਆਂ ਨੇ ਰਾੜੇ ਵਾਲੇ ਸੰਤਾਂ ਦੇ ਦੀਬਾਨ ਲਗਵਾਏ। ਅਸੀਂ ਭਾਵੇਂ ਕਿਸੇ ਵੀ ਸੰਤ ਬਾਬੇ ਦੇ ਚੇਲੇ ਨਹੀਂ ਪਰ ਗੁਰੂ ਦੀ ਗੱਲ ਜੋ ਵੀ ਸੁਣਾਉਂਦਾ, ਉਸ ਨੂੰ ਸੁਣਨ ਲਈ ਹਾਜ਼ਰ ਹੁੰਦੇ।

ਪਰਿਵਾਰ ਨਾਲ ਮੈਂ ਵੀ ਇਹ ਦੀਬਾਨ ਸੁਣਨ ਜਾਂਦਾ। ਭਾਈ ਬਲਜਿੰਦਰ ਸਿੰਘ ਜੀ ਕਥਾ-ਕੀਰਤਨ ਕਰਦੇ। ਆਖਰੀ ਦਿਨ ਅੰਮ੍ਰਿਤ-ਸੰਚਾਰ ਰੱਖਿਆ ਹੋਣ ਕਰਕੇ ਰੋਜ਼ਾਨਾ ਦੇ ਦੀਵਾਨ ਵਿੱਚ ਉਹ ਅੰਮ੍ਰਿਤ ਛਕਣ ਦੀ ਪ੍ਰੇਰਨਾ ਜਰੂਰ ਦਿੰਦੇ। ਇੱਕ ਦਿਨ ਕਥਾ ਵਿਆਖਿਆ ਕਰਦੇ ਹੋਏ ਬੋਲੇ, 'ਜਿਸ ਤਰਾਂ ਇੱਕ ਲੜਕੀ ਵਿਆਹ ਕਰਵਾ ਕੇ ਮਾਂ ਬਣਨਾ ਅਤੇ ਬੱਚੇ ਨੂੰ ਲੋਰੀਆਂ ਦੇਣਾ ਆਪਣੇ ਆਪ ਹੀ ਸਿੱਖ ਜਾਂਦੀ ਹੈ। ਕੋਈ ਉਸ ਨੂੰ ਸਿਖਾਉਂਦਾ ਨਹੀਂ। ਇਸੇ ਤਰਾਂ ਅੰਮ੍ਰਿਤ ਛਕ ਕੇ ਪੰਜ-ਕਕਾਰੀ ਰਹਿਤ ਰੱਖਣਾ ਤੁਸੀਂ ਆਪਣੇ ਆਪ ਹੀ ਸਿੱਖ ਜਾਵੋਗੇ। ਅੰਮ੍ਰਿਤ ਵੇਲੇ ਉੱਠ ਵੀ ਹੋ ਜਾਏਗਾ ਅਤੇ ਇਸ਼ਨਾਨ ਕਰਕੇ ਨਿੱਤਨੇਮ ਵੀ ਹੋ ਜਾਏਗਾ। ਇਹ ਗੁਰੂ ਦੀਆਂ ਬਖਸ਼ਿਸ਼ਾਂ ਹਨ।' ਉਹਨਾਂ ਦੀ ਦਿੱਤੀ ਹੋਈ ਦਲੀਲ ਮੇਰੇ ਤਰਕਵਾਦੀ ਮਨ ਨੂੰ ਜਚ ਗਈ ਅਤੇ ਮੇਰਾ 'ਤਨ' ਨਾਲ ਸੰਬੰਧਿਤ ਸ਼ੰਕਾ ਵੀ ਦੂਰ ਹੋ ਗਿਆ। ਪਰ ਇਸ ਅੰਮ੍ਰਿਤ-ਸੰਚਾਰ ਵਿੱਚ ਵੀ ਮੈਂ ਅੰਮ੍ਰਿਤ ਨਹੀਂ ਛਕਿਆ।

ਕੋਈ ਅਗੰਮੀ ਪ੍ਰੇਰਨਾ ਸੀ ਸ਼ਾਇਦ ਕਿ 2-3 ਮਹੀਨੇ ਮਗਰੋਂ ਹੀ 23 ਸਤੰਬਰ 1990 ਨੂੰ ਮੈਂ ਗੁਰਦੁਆਰਾ ਥੜਾ ਸਾਹਿਬ ਵਿਖੇ ਦਮਦਮੀ ਟਕਸਾਲ ਵੱਲੋਂ ਹੋਏ ਅੰਮ੍ਰਿਤ ਸੰਚਾਰ ਸਮੇਂ ਅੰਮ੍ਰਿਤ ਅਭਿਲਾਸ਼ੀਆਂ ਦੀ ਕਤਾਰ ਵਿਚ ਖੜ੍ਹਾ ਸੀ। ਅੱਜ ਕਿੰਨੇ ਸਾਲਾਂ ਬਾਅਦ ਜਦੋਂ ਆਪਣਾ ਵਿਸ਼ਲੇਸ਼ਣ ਕਰਦਾ ਹਾਂ ਤਾਂ ਇੱਕੋ ਜਵਾਬ ਸੁੱਝਦਾ ਹੈ ਕਿ ਜੇ ਅਜੇ ਤੱਕ ਪੂਰਨ ਗੁਣਵਾਨ ਨਹੀਂ ਬਣ ਸਕਿਆ, ਅਜੇ ਵਿਕਾਰਾਂ ਤੋਂ ਪੀੜਤ ਹਾਂ, ਤਾਂ ਇੱਕੋ ਕਾਰਨ ਹੈ ਕਿ ਗੁਰੂ ਨੂੰ ਪੂਰਾ ਸਮਰਪਣ ਨਹੀਂ ਦੇ ਸਕਿਆ। ਸੋਚਦਾ ਹਾਂ ਕਿ ਜਿਹੜਾ ਵਿਦਿਆਰਥੀ ਆਪਣੇ ਅਧਿਆਪਕ ਦਾ ਦਿੱਤਾ ਸਬਕ ਯਾਦ ਕਰਦਾ ਹੈ ਤਾਂ ਉਹ ਸਫਲ ਕਿਵੇਂ ਨਹੀਂ ਹੋਏਗਾ? ਪਾਤਸ਼ਾਹ ਬਖਸ਼ਿਸ਼ ਕਰਨ ਅਤੇ ਆਪਣੇ ਮਾਰਗ ਤੇ ਤੁਰਨ ਦੀ ਹਿੰਮਤ ਦੇਣ।


# ਸੁਪਰੀਮ ਕੋਰਟ ਦਾ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਇਨਕਾਰ

- *ਸਮਲਿੰਗਤਾ ਕੁਦਰਤੀ ਹੁੰਦੀ ਹੈ, ਸਮਲਿੰਗੀ ਲੋਕਾਂ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ : ਚੀਫ਼ ਜਸਟਿਸ ਚੰਦਰਚੂੜ*
- *ਸਮਲਿੰਗੀ ਜੋੜਿਆਂ ਨੂੰ ਬਗ਼ੈਰ ਕਿਸੇ ਰੁਕਾਵਟ ਅਤੇ ਪ੍ਰੇਸ਼ਾਨੀ ਤੋਂ ਇਕੱਠਿਆਂ ਰਹਿਣ ਦਾ ਅਧਿਕਾਰ ਹੈ : ਜਸਟਿਸ ਭੱਟ*

ਨਵੀਂ ਦਿੱਲੀ: ਸੁਪਰੀਮ ਕੋਰਟ ਦੀ ਪੰਜ ਮੈਂਬਰੀ ਬੈਂਚ ਨੇ ਇਤਿਹਾਸਕ ਫੈਸਲਾ ਸੁਣਾਉਂਦਿਆਂ ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਇਨਕਾਰ ਕਰ ਦਿਤਾ। ਅਦਾਲਤ ਨੇ ਇਹ ਵੀ ਕਿਹਾ ਕਿ ਇਸ ਬਾਰੇ ਕਾਨੂੰਨ ਬਣਾਉਣ ਦਾ ਕੰਮ ਸੰਸਦ ਦਾ ਹੈ। ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦਿੱਤੇ ਜਾਣ ਦੀ ਬੇਨਤੀ ਬਾਰੇ 21 ਅਪੀਲਾਂ 'ਤੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਸੁਣਵਾਈ ਕੀਤੀ ਸੀ। ਚੀਫ਼ ਜਸਟਿਸ ਚੰਦਰਚੂੜ ਨੇ ਕਿਹਾ ਹੈ ਕਿ ਅਦਾਲਤ ਕਾਨੂੰਨ ਨਹੀਂ ਬਣਾ ਸਕਦੀ, ਬਲਕਿ ਉਨ੍ਹਾਂ ਦੀ ਸਿਰਫ਼ ਵਿਆਖਿਆ ਕਰ ਸਕਦੀ ਹੈ ਅਤੇ ਵਿਸ਼ੇਸ਼ ਵਿਆਹ ਐਕਟ 'ਚ ਬਦਲਾਅ ਕਰਨਾ ਸੰਸਦ ਦਾ ਕੰਮ ਹੈ।

ਸੁਣਵਾਈ ਦੀ ਸ਼ੁਰੂਆਤ 'ਚ ਜਸਟਿਸ ਚੰਦਰਚੂੜ ਨੇ ਕਿਹਾ ਕਿ ਮਾਮਲੇ 'ਚ ਉਨ੍ਹਾਂ ਦਾ ਜਸਟਿਸ ਸੰਜੇ ਕਿਸ਼ਨ ਕੌਲ, ਜਸਟਿਸ ਐਸ. ਰਵਿੰਦਰ ਭੱਟ ਅਤੇ ਜਸਟਿਸ ਪੀ.ਐੱਸ. ਨਰਸਿਮ੍ਹਾ ਦਾ ਵੱਖੋ-ਵੱਖ ਫੈਸਲਾ ਹੈ। ਜਸਟਿਸ ਹਿਮਾ ਕੋਹਲੀ ਵੀ ਇਸ ਬੈਂਚ 'ਚ ਸ਼ਾਮਲ ਹਨ। ਚੀਫ਼ ਜਸਟਿਸ ਨੇ ਕੇਂਦਰ, ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇਹ ਯਕੀਨੀ ਕਰਨ ਦਾ ਹੁਕਮ ਦਿਤਾ ਹੈ ਕਿ ਸਮਲਿੰਗੀ ਲੋਕਾਂ ਨਾਲ ਵਿਤਕਰਾ ਨਾ ਹੋਵੇ। ਉਨ੍ਹਾਂ ਕਿਹਾ ਕਿ ਸਮਲਿੰਗਤਾ ਕੁਦਰਤੀ ਹੁੰਦੀ ਹੈ ਜੋ ਸਦੀਆਂ ਤੋਂ ਜਾਣੀ ਜਾਂਦੀ ਹੈ ਅਤੇ ਇਸ ਦਾ ਸਿਰਫ਼ ਸ਼ਹਿਰੀ ਜਾਂ ਕੁਲੀਨ ਵਰਗ ਨਾਲ ਸਬੰਧ ਨਹੀਂ ਹੈ। ਜਸਟਿਸ ਕੌਲ ਨੇ ਕਿਹਾ ਕਿ ਉਹ ਸਮਲਿੰਗੀ ਜੋੜਿਆਂ ਨੂੰ ਕੁਝ ਅਧਿਕਾਰ ਦਿਤੇ ਜਾਣ ਨੂੰ ਲੈ ਕੇ ਚੀਫ਼ ਜਸਟਿਸ ਨਾਲ ਸਹਿਮਤ ਹਨ। ਉਨ੍ਹਾਂ ਕਿਹਾ, "ਸਮਲਿੰਗਤਾ ਅਤੇ ਉਲਟ ਲਿੰਗ ਦੇ ਸਬੰਧਾਂ ਨੂੰ ਇਕ ਹੀ ਸਿੱਕੇ ਦੇ ਦੋ ਪਹਿਲੂਆਂ ਦੇ ਰੂਪ 'ਚ ਵੇਖਿਆ ਜਾਣਾ ਚਾਹੀਦਾ ਹੈ।" ਉਨ੍ਹਾਂ ਕਿਹਾ ਕਿ ਸਮਲਿੰਗਤਾ ਸਬੰਧਾਂ ਨੂੰ ਕਾਨੂੰਨੀ ਮਾਨਤਾ ਦੇਣਾ ਵਿਆਹੁਤਾ ਬਰਾਬਰੀ ਦੀ ਦਿਸ਼ਾ 'ਚ ਇਕ ਕਦਮ ਹੈ। ਜਸਟਿਸ ਭੱਟ ਨੇ ਅਪਣਾ ਫੈਸਲਾ ਸੁਣਾਉਂਦਿਆਂ ਕਿਹਾ ਕਿ ਉਹ ਚੀਫ਼ ਜਸਟਿਸ ਚੰਦਰਚੂੜ ਦੇ ਕੁਝ ਵਿਚਾਰਾਂ ਤੋਂ ਸਹਿਮਤ ਹਨ ਅਤੇ ਕੁਝ ਤੋਂ ਅਸਹਿਮਤ ਹਨ।

ਚੀਫ਼ ਜਸਟਿਸ ਨੇ ਇਸ ਅਹਿਮ ਮਾਮਲੇ 'ਤੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਵਿਸ਼ੇਸ਼ ਵਿਆਹ ਐਕਟ ਦੀ ਵਿਵਸਥਾ 'ਚ ਬਦਲਾਅ ਦੀ ਜ਼ਰੂਰਤ ਹੈ ਜਾਂ ਨਹੀਂ, ਇਸ ਦਾ ਫੈਸਲਾ ਕਰਨਾ ਸੰਸਦ ਦਾ ਕੰਮ ਹੈ। ਉਨ੍ਹਾਂ ਕਿਹਾ, "ਇਹ ਅਦਾਲਤ ਕਾਨੂੰਨ ਨਹੀਂ ਬਣਾ ਸਕਦੀ, ਉਹ ਸਿਰਫ਼ ਉਸ ਦੀ ਵਿਆਖਿਆ ਕਰ ਸਕਦੀ ਹੈ ਅਤੇ ਉਸ ਨੂੰ ਅਸਰਦਾਰ ਬਣਾ ਸਕਦੀ ਹੈ।" ਉਨ੍ਹਾਂ ਕਿਹਾ ਕਿ ਅਦਾਲਤ ਸਾਲੀਸੀਟਰ ਜਨਰਲ



ਤੁਸ਼ਾਰ ਮਹਿਤਾ ਦਾ ਇਹ ਬਿਆਨ ਦਰਜ ਕਰਦਾ ਹੈ ਕਿ ਕੇਂਦਰ ਸਮਲਿੰਗੀ ਲੋਕਾਂ ਦੇ ਅਧਿਕਾਰਾਂ ਬਾਬਤ ਫੈਸਲਾ ਕਰਨ ਲਈ ਇਕ ਕਮੇਟੀ ਬਣਾਏਗਾ। ਉਨ੍ਹਾਂ ਨੇ ਅਪਣੇ ਫੈਲੇ ਦਾ ਅਸਰਦਾਰ ਹਿੱਸਾ ਪੜ੍ਹਦਿਆਂ ਕੇਂਦਰ, ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਹੁਕਮ ਦਿਤਾ ਕਿ ਉਹ ਸਮਲਿੰਗੀ ਅਧਿਕਾਰਾਂ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਕਦਮ ਚੁੱਕਣ ਅਤੇ ਇਹ ਯਕੀਨੀ ਕਰਨ ਕਿ ਲਿੰਗ-ਤਬਦੀਲੀ ਆਪਰੇਸ਼ਨ ਦੀ ਇਜਾਜ਼ਤ ਉਸ ਉਮਰ ਤਕ ਨਾ ਦਿਤੀ ਜਾਵੇ, ਜਦੋਂ ਤਕ ਇਸ ਦੇ ਇੱਛੁਕ ਲੋਕ ਇਸ ਦੇ ਨਤੀਜੇ ਨੂੰ ਪੂਰੀ ਤਰ੍ਹਾਂ ਸਮਝਣ ਦੇ ਸਮਰੱਥ ਨਾ ਹੋਣ। ਚੀਫ਼ ਜਸਟਿਸ ਨੇ ਪੁਲਿਸ ਨੂੰ ਸਮਲਿੰਗੀ ਜੋੜਿਆਂ ਦੇ ਸਬੰਧਾਂ ਨੂੰ ਲੈ ਕੇ ਉਨ੍ਹਾਂ ਵਿਰੁਧ ਐਫ਼.ਆਈ.ਆਰ. ਦਰਜ ਕਰਨ ਤੋਂ ਪਹਿਲਾਂ ਸ਼ੁਰੂਆਤੀ ਜਾਂਚ ਕਰਨ ਦਾ ਹੁਕਮ ਦਿੱਤਾ। ਜਸਟਿਸ ਚੰਦਰਚੂੜ ਨੇ ਕਿਹਾ ਕਿ ਇਹ ਸੋਚਣਾ ਕਿ ਸਮਲਿੰਗਤਾ ਸਿਰਫ਼ ਸ਼ਹਿਰੀ ਇਲਾਕਿਆਂ 'ਚ ਮੌਜੂਦ ਹੈ, ਉਨ੍ਹਾਂ ਮਿਟਾਉਣ ਵਰਗਾ ਹੋਵੇਗਾ ਅਤੇ ਕਿਸੇ ਵੀ ਜਾਤ ਜਾਂ ਵਰਗ ਦਾ ਵਿਅਕਤੀ ਸਮਲਿੰਗੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਕਹਿਣਾ 'ਗ਼ਲਤ ਹੈ ਕਿ ਵਿਆਹ ਇਕ ਸਥਿਰ ਅਤੇ ਨਾ ਬਦਲਣ ਵਾਲੀ ਸੰਸਥਾ ਹੈ।' ਚੀਫ਼ ਜਸਟਿਸ ਨੇ ਕਿਹਾ ਕਿ ਜੀਵਨਸਾਥੀ ਚੁਣਨ ਦੀ ਸਮਰਥਾ ਧਾਰਾ 21 ਹੇਠ ਜੀਵਨ ਅਤੇ ਆਜ਼ਾਦੀ ਦੇ ਅਧਿਕਾਰਾਂ ਨਾਲ ਜੁੜੀ ਹੈ। ਉਨ੍ਹਾਂ ਕਿਹਾ ਕਿ ਸਬੰਧਾਂ ਦੇ ਅਧਿਕਾਰ 'ਚ ਜੀਵਨ ਸਾਥੀ ਦਾ ਅਧਿਕਾਰ ਅਤੇ ਉਸ ਨੂੰ ਮਾਨਤਾ ਦੇਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਬੰਧਾਂ ਨੂੰ ਮਾਨਤਾ ਨਾ ਦੇਣਾ ਵਿਤਕਰਾ ਹੈ। ਜਸਟਿਸ ਚੰਦਰਚੂੜ ਨੇ ਕਿਹਾ, "ਸਮਲਿੰਗੀ ਲੋਕਾਂ ਸਮੇਤ ਸਾਰਿਆਂ ਨੂੰ ਅਪਣੇ ਜੀਵਨ ਦੇ ਨੈਤਿਕ ਮਿਆਰ ਦਾ ਅੰਦਾਜ਼ਾ ਲਾਉਣ ਦਾ ਅਧਿਕਾਰ ਹੈ।" ਉਨ੍ਹਾਂ ਕਿਹਾ ਕਿ ਇਸ ਅਦਾਲਤ ਨੇ ਮੰਨਿਆ ਹੈ ਕਿ ਸਮਲਿੰਗੀ ਵਿਅਕਤੀਆਂ ਨਾਲ ਵਿਤਕਰਾ ਨਾ ਕੀਤਾ ਜਾਣਾ ਬਰਾਬਰੀ ਦੀ ਮੰਗ ਹੈ। ਉਨ੍ਹਾਂ ਕਿਹਾ ਕਿ ਇਸ ਅਦਾਲਤ ਨੇ ਮੰਨਿਆ ਹੈ ਕਿ ਸਮਲਿੰਗੀ ਵਿਅਕਤੀਆਂ ਨਾਲ ਵਿਤਕਰਾ ਨਾ ਕੀਤਾ ਜਾਣਾ ਬਰਾਬਰੀ ਦੀ ਮੰਗ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਇਹ ਨਹੀਂ ਮੰਨ ਸਕਦਾ ਕਿ ਸਿਰਫ਼ ਉਲਟ ਲਿੰਗ ਦੇ ਜੋੜੇ ਹੀ ਚੰਗੇ ਮਾਤਾ-ਪਿਤਾ ਸਾਬਤ ਹੋ ਸਕਦੇ ਹਨ ਕਿਉਂਕਿ ਅਜਿਹਾ ਕਰਨਾ ਸਮਲਿੰਗੀ ਜੋੜਿਆਂ ਵਿਰੁਧ ਵਿਤਕਰਾ ਹੋਵੇਗਾ। ਅਦਾਲਤ ਨੇ ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦੇਣ ਦੀ ਬੇਨਤੀ ਕਰਨ ਵਾਲੀਆਂ ਅਪੀਲਾਂ 'ਤੇ ਅਪਣਾ ਫੈਸਲਾ 11 ਮਈ ਨੂੰ ਸੁਰਖਿਅਤ ਰੱਖ ਲਿਆ ਸੀ। ਕੇਂਦਰ ਨੇ ਅਪਣੀਆਂ ਦਲੀਲਾਂ ਪੇਸ਼ ਕਰਦਿਆਂ ਅਦਾਲਤ ਨੂੰ ਕਿਹਾ ਸੀ ਕਿ ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦੇਣ ਵਾਲੀਆ ਵੱਖੋ-ਵੱਖ ਅਪੀਲਾਂ 'ਤੇ ਉਸ ਵਲੋਂ ਕੀਤਾ ਗਿਆ ਕੋਈ ਸੰਵਿਧਾਨਕ ਐਲਾਨ ਸ਼ਾਇਦ 'ਸਹੀ ਕਾਰਵਾਈ' ਨਾ ਹੋਵੇ ਕਿਉਂਕਿ ਅਦਾਲਤ ਇਸ ਦੇ ਨਤੀਜੇ ਦਾ ਅੰਦਾਜ਼ਾ ਲਾਉਣ, ਕਲਪਨਾ ਕਰਨ, ਸਮਝਣ ਅਤੇ ਇਸ ਨਾਲ ਨਜਿੱਠਣ 'ਚ ਸਮਰੱਥ ਨਹੀਂ ਹੋਵੇਗੀ। ਅਦਾਲਤ ਨੇ ਇਸ ਮਾਮਲੇ 'ਚ 18 ਅਪ੍ਰੈਲ ਨੂੰ ਦਲੀਲਾਂ ਸੁਣਨੀਆਂ ਸ਼ੁਰੂ ਕੀਤੀਆਂ ਸਨ।

# ਜਲੰਧਰ 'ਚ ਪਤੀ ਨੇ ਸੁਪਾਰੀ ਦੇ ਕੇ ਕਰਵਾਇਆ ਪਤਨੀ ਤੇ ਸੱਸ ਦਾ ਕਤਲ

## ਅਮਰੀਕਾ ਤੋਂ ਕਰਵਾਇਆ ਕਾਂਡ

ਚੁਗਿੱਟੀ/ਜੰਡੂਸਿੰਘਾ : ਅਮਰੀਕਾ 'ਚ ਰਹਿੰਦੇ ਪਤੀ ਵਲੋਂ ਜਲੰਧਰ ਦੇ ਦਿਹਾਤੀ ਖੇਤਰ ਦੇ ਥਾਣਾ ਪਤਾਰਾ ਅਧੀਨ ਆਉਂਦੇ ਪਿੰਡ ਭੋਜੋਵਾਲ ਲਾਗਲੀ ਕਾਲੋਨੀ ਅਮਰ ਇਨਕਲੇਵ ਦੀ ਵਸਨੀਕ ਆਪਣੀ ਸੱਸ ਤੇ ਪਤਨੀ ਦਾ ਸੁਪਾਰੀ ਦੇ ਕੇ ਕਤਲ ਕਰਵਾ ਦਿੱਤਾ ਗਿਆ। ਦਿਲ ਕੰਬਾਊ ਹੋਈ ਇਸ ਵਾਰਦਾਤ ਨਾਲ ਆਸ-ਪਾਸ ਦੇ ਪਿੰਡਾਂ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ। ਦੱਸਿਆ ਜਾ ਰਿਹਾ ਹੈ ਕਿ ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ 2 ਹਮਲਾਵਰਾਂ ਵਲੋਂ ਮਾਂ-ਧੀ ਦੇ ਸਿਰ 'ਚ ਗੋਲੀਆਂ ਮਾਰੀਆਂ ਗਈਆਂ। ਇਸ ਵਾਰਦਾਤ ਦੌਰਾਨ ਮੌਤ ਦੇ ਮੂੰਹ ਜਾ ਪਈ ਮਾਂ ਦੀ ਪਛਾਣ ਰਣਜੀਤ ਕੌਰ (58) ਪਤਨੀ ਜਗਤਾਰ ਸਿੰਘ ਵਾਸੀ ਅਮਰ ਇਨਕਲੇਵ ਤੇ ਉਸ ਦੀ ਧੀ ਗੁਰਪ੍ਰੀਤ ਕੌਰ (32) ਪਤਨੀ ਜਸਪ੍ਰੀਤ ਸਿੰਘ ਉਰਫ ਜੱਸਾ ਵਾਸੀ ਪਿੰਡ ਮੋਹਣਵਾਲ, ਹੁਸ਼ਿਆਰਪੁਰ ਦੇ ਰੂਪ 'ਚ ਹੋਈ ਹੈ। ਮੌਕੇ 'ਤੇ ਗੱਲਬਾਤ ਕਰਦਿਆਂ ਪੀੜਤ ਜਗਤਾਰ ਸਿੰਘ ਨੇ ਦੱਸਿਆ ਕਿ ਉਸ ਦੀ ਧੀ ਗੁਰਪ੍ਰੀਤ ਕੌਰ (32) ਦਾ ਵਿਆਹ ਜਸਪ੍ਰੀਤ ਸਿੰਘ ਉਰਫ ਜੱਸਾ ਪਿੰਡ ਮੋਹਣਵਾਲ ਨਾਲ ਹੋਇਆ ਸੀ ਤੇ ਵਿਆਹ ਮਗਰੋਂ ਉਸ ਦੀ ਧੀ ਵਲੋਂ ਇਕ ਬੇਟੀ ਨੂੰ ਜਨਮ ਦਿੱਤਾ ਗਿਆ। ਉਨ੍ਹਾਂ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਨ੍ਹਾਂ ਦਾ ਜਵਾਈ ਉਨ੍ਹਾਂ ਦੀ ਧੀ 'ਤੇ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਸ਼ੱਕ ਕਰਦਾ ਸੀ ਤੇ ਅਕਸਰ ਕੁੱਟਮਾਰ ਕਰਦਾ ਸੀ। ਉਨ੍ਹਾਂ ਕਿਹਾ ਕਿ ਕੁਝ ਸਮੇਂ ਤੋਂ ਉਨ੍ਹਾਂ ਦਾ ਜਵਾਈ ਅਮਰੀਕਾ 'ਚ ਰਹਿ ਰਿਹਾ ਸੀ ਤੇ ਅਕਸਰ ਉਨ੍ਹਾਂ ਨੂੰ ਮਾਰਨ ਦੀਆਂ ਧਮਕੀਆਂ ਵੀ ਦਿੰਦਾ ਰਹਿੰਦਾ ਸੀ। ਇਸ ਗੱਲ ਨੂੰ ਉਨ੍ਹਾਂ ਵਲੋਂ ਥਾਣਾ ਪਤਾਰਾ ਦੀ ਪੁਲਿਸ ਦੇ ਧਿਆਨ 'ਚ ਲਿਆਂਦਾ ਗਿਆ ਸੀ। ਉਨ੍ਹਾਂ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੇ ਜਵਾਈ ਵਲੋਂ ਕਿਸੇ ਨੂੰ ਸੁਪਾਰੀ ਦੇ ਕੇ ਉਨ੍ਹਾਂ ਦੀ ਪਤਨੀ ਤੇ ਧੀ ਦਾ ਗੋਲੀਆਂ ਮਰਵਾ ਕੇ ਕਤਲ ਕਰਵਾ ਦਿੱਤਾ ਗਿਆ ਹੈ। ਪੀੜਤ ਜਗਤਾਰ ਸਿੰਘ ਮੁਤਾਬਿਕ ਹਮਲਾਵਰਾਂ ਵਲੋਂ ਬਾਅਦ 'ਚ ਤੇਲ ਪਾ ਕੇ ਉਨ੍ਹਾਂ ਦੀ ਪਤਨੀ ਦੀ ਮ੍ਰਿਤਕ ਦੇਹ ਨੂੰ ਅੱਗ ਲਾ ਕੇ ਫਰਾਰ ਹੋ ਗਏ।

**ਇਕ ਦੋਸ਼ੀ ਦੀ ਹੋਈ ਪਛਾਣ-ਐਸ.ਐਸ.ਪੀ. ਭੁੱਲਰ** : ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਉਕਤ ਖੇਤਰ 'ਚ ਹਮਲਾ ਕਰਨ ਵਾਲਿਆਂ 2 ਵਿਅਕਤੀਆਂ ਜਿਨ੍ਹਾਂ ਵਿਚੋਂ 1 ਵਿਅਕਤੀ ਦਾ ਮੂੰਹ ਢਕਿਆ ਹੋਇਆ ਸੀ ਅਤੇ ਇਕ ਵਿਅਕਤੀ ਦਾ ਮੂੰਹ ਖੁੱਲ੍ਹਾ ਸੀ, 'ਚੋਂ ਇਕ ਦੀ ਪਛਾਣ ਕਰਨਜੀਤ ਸਿੰਘ ਪੁੱਤਰ ਜੱਸਾ ਪੁੱਤਰ ਸੁਰਿੰਦਰ ਸਿੰਘ ਵਾਸੀ ਹੱਪੋਵਾਲ, ਥਾਣਾ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਉਕਤ ਸਪਲੈਂਡਰ ਮੋਟਰਸਾਈਕਲ 'ਤੇ ਆਏ ਹਮਲਾਵਾਰ ਰਣਜੀਤ ਕੌਰ ਪਤਨੀ ਜਗਤਾਰ ਸਿੰਘ ਵਾਸੀ ਅਮਰ ਇਨਕਲੇਵ ਭੋਜੋਵਾਲ ਦੇ ਘਰ ਆਏ ਅਤੇ ਘਰ 'ਚ ਦਾਖ਼ਲ ਹੋ ਕੇ ਗੁਰਪ੍ਰੀਤ ਕੌਰ ਪਤਨੀ ਜਸਪ੍ਰੀਤ ਸਿੰਘ ਉਰਫ ਜੱਸਾ ਵਾਸੀ ਪਿੰਡ ਮੋਹਣਵਾਲ, ਜ਼ਿਲ੍ਹਾ ਹੁਸ਼ਿਆਰਪੁਰ ਅਤੇ ਉਸ ਦੀ ਮਾਤਾ ਰਣਜੀਤ ਕੌਰ ਪਤਨੀ ਜਗਤਾਰ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਮੌਕੇ 'ਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਫਰਾਰ ਹੋ ਗਏ। ਉਨ੍ਹਾਂ ਕਿਹਾ ਕਿ ਇਸ ਸੰਬੰਧ 'ਚ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਥਾਣਾ ਪਤਾਰਾ 'ਚ ਦਰਜ ਕਰਕੇ ਤਫਤੀਸ਼ ਅਮਲ 'ਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਛੇਤੀ ਹੀ ਉਕਤ ਹਮਲਾਵਰ ਪੁਲਿਸ ਦੀ ਗ੍ਰਿਫ਼ਤ 'ਚ ਆ ਜਾਵੇਗਾ, ਜਿਸ ਲਈ ਪੁਲਿਸ ਦੀਆਂ ਟੀਮਾਂ ਛਾਪੇਮਾਰੀ ਲਈ ਗਠਿਤ ਕਰ ਦਿੱਤੀਆਂ ਗਈਆਂ ਹਨ।


ਸੀ.ਸੀ.ਟੀ.ਵੀ. ਕੈਮਰੇ 'ਚ ਕੈਦ ਹਮਲਾਵਰ (ਹਾਸ਼ੀਏ 'ਚ) ਗੁਰਪ੍ਰੀਤ ਕੌਰ ਅਤੇ ਰਣਜੀਤ ਕੌਰ ਦੀਆਂ ਪੁਰਾਣੀਆਂ ਤਸਵੀਰਾਂ।

# ਨਿਠਾਰੀ ਕਾਂਡ: ਅਲਾਹਾਬਾਦ ਹਾਈ ਕੋਰਟ ਵੱਲੋਂ ਪੰਧੇਰ ਅਤੇ ਕੋਲੀ ਬਰੀ





ਮਨਿੰਦਰ ਸਿੰਘ ਪੰਧੇਰ ਦੇ ਘਰ ਦੇ ਨਾਲ ਲੱਗਦੀ ਡਰੇਨ 'ਚੋਂ ਕੱਪੜੇ ਅਤੇ ਸਰੀਰ ਦੇ ਅੰਗ ਬਰਾਮਦ

ਪ੍ਰਯਾਗਰਾਜ : ਅਲਾਹਾਬਾਦ ਹਾਈ ਕੋਰਟ ਨੇ 2006 ਦੇ ਨਿਠਾਰੀ ਲੜੀਵਾਰ ਹੱਤਿਆਵਾਂ ਮਾਮਲੇ ਵਿਚ ਘਰੇਲੂ ਨੌਕਰ ਸੁਰੇਂਦਰ ਕੋਲੀ ਤੇ ਉਸ ਦੇ ਮਾਲਕ ਮਨਿੰਦਰ ਸਿੰਘ ਪੰਧੇਰ ਨੂੰ ਸਬੂਤਾਂ ਦੀ ਅਣਹੋਂਦ ਵਿੱਚ ਬਰੀ ਕਰ ਦਿੱਤਾ ਹੈ। ਇਸ ਦੌਰਾਨ ਸੀਬੀਆਈ ਅਧਿਕਾਰੀ ਨੇ ਕਿਹਾ ਕਿ ਟੀਮ ਨੂੰ ਫੈਸਲੇ ਦੀ ਕਾਪੀ ਦੀ ਉਡੀਕ ਹੈ ਤੇ ਉਹ ਫੈਸਲੇ ਦੀ ਸਮੀਖਿਆ ਮਗਰੋਂ ਅਗਲੀ ਪੇਸ਼ਕਦਮੀ ਬਾਰੇ ਫੈਸਲਾ ਲੈਣਗੇ। ਹਾਈਕੋਰਟ ਦੇ ਫੈਸਲੇ ਨਾਲ ਲੂ ਕੰਡੇ ਖੜ੍ਹੇ ਕਰ ਦੇਣ ਵਾਲੇ ਅਪਰਾਧ ਦੀਆਂ ਯਾਦਾਂ ਮੁੜ ਲੋਕਾਂ ਦੇ ਜ਼ਿਹਨ ਵਿੱਚ ਤਾਜ਼ਾ ਹੋ ਗਈਆਂ ਹਨ। ਨੌਇਡਾ ਸਥਿਤ ਬੰਗਲੇ ਦੇ ਪਿੱਛਿਓਂ ਲੰਘਦੇ ਨਾਲੇ ਵਿਚੋਂ ਉਪਰੋਥੱਲੀ ਕਈ ਪਿੰਜਰ ਮਿਲਣ ਮਗਰੋਂ ਨੌਜਵਾਨ ਲੜਕੀਆਂ ਤੇ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਦੇ ਸਨਸਨੀਖੇਜ਼ ਅਪਰਾਧ ਤੋਂ ਪਰਦਾ ਚੁੱਕਿਆ ਗਿਆ ਸੀ।

ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਤੇ ਜਸਟਿਸ ਸੱਯਦ ਆਫ਼ਤਾਬ ਹੁਸੈਨ ਰਿਜ਼ਵੀ ਦੇ ਬੈਂਚ ਨੇ ਕੋਲੀ ਤੇ ਪੰਧੇਰ ਦੀ ਗਾਜ਼ੀਆਬਾਦ ਦੀ ਸੀਬੀਆਈ ਕੋਰਟ ਵੱਲੋਂ ਸੁਣਾਈ ਮੌਤ ਦੀ ਸਜ਼ਾ ਦੇ ਫੈਸਲੇ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਨੂੰ ਸਵੀਕਾਰ ਕਰ ਲਿਆ। ਹਾਈਕੋਰਟ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸਤਗਾਸਾ ਧਿਰ ਆਪਣੇ ਕੇਸ ਨੂੰ ਸਾਬਤ ਕਰਨ ਵਿੱਚ ਨਾਕਾਮ ਰਹੀ ਹੈ। ਕਾਰੋਬਾਰੀ ਪੰਧੇਰ ਦੀ ਵਕੀਲ ਮਨੀਸ਼ਾ ਭੰਡਾਰੀ ਨੇ ਇਸ ਖ਼ਬਰ ਏਜੰਸੀ ਨੂੰ ਫੋਨ 'ਤੇ ਦੱਸਿਆ, "ਅਲਾਹਾਬਾਦ ਹਾਈਕੋਰਟ ਦੇ ਹੁਕਮਾਂ ਨਾਲ ਸ਼ਾਇਦ ਪੰਧੇਰ ਲਈ ਜੇਲ੍ਹ 'ਚੋਂ ਬਾਹਰ ਆਉਣ ਦਾ ਰਾਹ ਪੱਧਰਾ ਹੋ ਜਾਵੇ।" ਹਾਲਾਂਕਿ ਕੋਲੀ ਨੂੰ ਅਜੇ ਸਲਾਖਾਂ ਪਿੱਛੇ ਰਹਿਣਾ ਪੈ ਸਕਦਾ ਹੈ। ਇਕ ਕੇਸ ਵਿੱਚ ਉਹ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਕੋਲੀ, ਜੋ ਇਸ ਵੇਲੇ ਗਾਜ਼ੀਆਬਾਦ ਦੀ ਜੇਲ੍ਹ ਵਿਚ ਬੰਦ ਹੈ, ਨੂੰ ਅਲਾਹਾਬਾਦ ਹਾਈਕੋਰਟ ਵੱਲੋਂ ਸੁਣੇ 12 ਕੇਸਾਂ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਕੋਲੀ ਦਾ ਸਾਬਕਾ ਮਾਲਕਾਂ ਪੰਧੇਰ ਨੌਇਡਾ ਦੀ ਜੇਲ੍ਹ ਵਿੱਚ ਹੈ ਤੇ ਦੋ ਕੇਸਾਂ ਵਿੱਚ ਉਹ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਦੋਵਾਂ ਉੱਤੇ ਬਲਾਤਕਾਰ ਤੇ ਕਤਲ ਦਾ ਦੋਸ਼ ਸੀ ਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਹੋਈ ਸੀ। ਸਾਲ 2007 ਵਿੱਚ ਪੰਧੇਰ ਤੇ ਕੋਲੀ ਖਿਲਾਫ਼ ਕੁੱਲ 19 ਕੇਸ ਦਰਜ ਹੋਏ ਸਨ। ਸੀਬੀਆਈ ਸਬੂਤਾਂ ਦੀ ਅਣਹੋਂਦ ਵਿਚ ਇਨ੍ਹਾਂ ਵਿਚੋਂ ਤਿੰਨ ਕੇਸਾਂ ਵਿਚ ਕਲੋਜ਼ਰ ਰਿਪੋਰਟ ਦਾਖਲ ਕਰ ਚੁੱਕੀ ਹੈ। ਬਾਕੀ ਬਚਦੇ 16 ਕੇਸਾਂ ਵਿਚੋਂ ਤਿੰਨ ਵਿਚ ਕੋਲੀ ਨੂੰ ਬਰੀ ਕੀਤਾ ਜਾ ਚੁੱਕਾ ਹੈ ਤੇ ਇਕ ਵਿਚ ਉਸ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਹੋ ਚੁੱਕੀ ਹੈ। ਕੋਲੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਯੂਪੀ ਸਰਕਾਰ ਦੀ ਪਟੀਸ਼ਨ ਸੁਪਰੀਮ ਕੋਰਟ ਵਿਚ ਅਜੇ ਬਕਾਇਆ ਹੈ। ਬਾਕੀ ਬਚਦੇ 12 ਕੇਸਾਂ ਵਿਚ ਉਸ ਨੂੰ ਅੱਜ ਬਰੀ ਕਰ ਦਿੱਤਾ ਗਿਆ ਹੈ। ਪੰਧੇਰ ਦੇ ਵਕੀਲ ਨੇ ਕਿਹਾ ਕਿ ਸ਼ੁਰੂਆਤ ਵਿੱਚ ਉਸ ਦੇ ਮੁਵੱਕਿਲ ਖਿਲਾਫ਼ ਛੇ ਕੇਸਾਂ ਵਿਚ ਦੋਸ਼ ਲੱਗੇ ਸਨ। ਇਕ ਕੇਸ ਸੀਬੀਆਈ ਦਾ ਸੀ ਜਦੋਂਕਿ ਪੰਜ ਕੇਸ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਦਰਜ ਕੀਤੇ ਗਏ ਸਨ। ਭੰਡਾਰੀ ਨੇ ਕਿਹਾ ਕਿ ਸੈਸ਼ਨ ਕੋਰਟ ਤਿੰਨ ਕੇਸਾਂ ਵਿੱਚ ਪੰਧੇਰ ਨੂੰ ਬਰੀ ਕਰ ਚੁੱਕੀ ਹੈ। ਅਲਾਹਾਬਾਦ ਹਾਈ ਕੋਰਟ ਨੇ 2009 ਵਿੱਚ ਇਕ ਕੇਸ ਜਦੋਂਕਿ ਅੱਜ ਦੋ ਹੋਰ ਕੇਸਾਂ ਵਿਚ ਬਰੀ ਕਰ ਦਿੱਤਾ। ਲੜੀਵਾਰ ਹੱਤਿਆਵਾਂ ਦਾ ਇਹ ਸਨਸਨੀਖੇਜ਼ ਮਾਮਲਾ 29 ਦਸੰਬਰ 2006 ਨੂੰ ਕੌਮੀ ਰਾਜਧਾਨੀ ਦੀ ਸਰਹੱਦ ਨਾਲ ਲੱਗਦੇ ਨੌਇਡਾ ਦੇ ਨਿਠਾਰੀ ਵਿੱਚ ਪੰਧੇਰ ਦੇ ਘਰ ਪਿੱਛਿਓਂ ਲੰਘਦੇ ਨਾਲੇ ਵਿਚੋਂ ਅੱਠ ਬੱਚਿਆਂ ਦੇ ਪਿੰਜਰਾਂ ਦੀਆਂ ਹੱਡੀਆਂ ਮਿਲਣ ਨਾਲ ਸੁਰਖੀਆਂ ਵਿਚ ਆਇਆ ਸੀ। ਇਲਾਕੇ ਦੇ ਹੋਰ ਨਾਲਿਆਂ ਦੀ ਤਲਾਸ਼ੀ ਦੌਰਾਨ ਬੱਚਿਆਂ ਦੇ ਪਿੰਜਰ ਮਿਲਣ ਮਗਰੋਂ ਪੁਲਿਸ ਦੀ ਟੀਮ ਜਾਂਚ ਕਰਦੀ ਹੋਈ ਪੰਧੇਰ ਦੇ ਘਰ ਤੱਕ ਪਹੁੰਚ ਗਈ।



# ਗਾਜ਼ਾ ਦੇ ਹਸਪਤਾਲ 'ਚ ਧਮਾਕੇ ਕਾਰਨ ਸੈਂਕੜੇ ਲੋਕਾਂ ਦੀ ਮੌਤ

## ਇਜ਼ਰਾਈਲ ਤੇ ਹਮਾਸ ਦਾ ਇਕ-ਦੂਜੇ 'ਤੇ ਦੋਸ਼












(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਖਾਨ ਯੂਨਿਸ : ਹਮਾਸ ਵੱਲੋਂ ਚਲਾਏ ਜਾ ਰਹੇ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਗਾਜ਼ਾ ਸਿਟੀ ਦੇ ਇਕ ਹਸਪਤਾਲ ਵਿਚ ਇਜ਼ਰਾਈਲ ਦੇ ਹਵਾਈ ਹਮਲੇ ਵਿਚ ਘੱਟੋ-ਘੱਟ 500 ਲੋਕਾਂ ਦੀ ਮੌਤ ਹੋ ਗਈ ਹੈ। ਹਮਲੇ ਵੇਲੇ ਅਲ-ਆਹਲੀ ਹਸਪਤਾਲ ਵਿਚ ਸੈਂਕੜੇ ਲੋਕਾਂ ਨੇ ਸ਼ਰਨ ਲਈ ਹੋਈ ਸੀ। ਏਜੰਸੀ ਨੂੰ ਭੇਜੀਆਂ ਗਈਆਂ ਤਸਵੀਰਾਂ ਵਿਚ ਹਸਪਤਾਲ ਦੇ ਹਾਲ ਵਿਚ ਅੱਗ ਲੱਗੀ ਹੋਈ ਹੈ, ਟੁੱਟਿਆ ਹੋਇਆ ਕੱਚ ਖਿੱਲਰਿਆ ਹੋਇਆ ਹੈ। ਇਜ਼ਰਾਇਲੀ ਸੈਨਾ ਨੇ ਹਾਲੇ ਤੱਕ ਇਸ ਉਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਇਜ਼ਰਾਈਲ ਨੇ ਅੱਜ ਦੱਖਣੀ ਗਾਜ਼ਾ ਦੇ ਇਲਾਕਿਆਂ ਵਿਚ ਵੀ ਬੰਬਾਰੀ ਕੀਤੀ, ਜਿੱਥੇ ਇਸ ਵੱਲੋਂ ਫਲਸਤੀਨੀਆਂ ਨੂੰ ਆਪਣੇ ਸੰਭਾਵੀ ਹਮਲਿਆਂ ਤੋਂ ਪਹਿਲਾਂ ਖੇਤਰ ਖਾਲੀ ਕਰਨ ਲਈ ਕਹਿਣ ਦਾ ਦਾਅਵਾ ਵੀ ਕੀਤਾ ਗਿਆ ਹੈ। ਹਮਲੇ ਵਿਚ ਕਈ ਲੋਕ ਮਾਰੇ ਗਏ ਹਨ। ਜ਼ਿਕਰਯੋਗ ਹੈ ਕਿ ਹਮਾਸ ਕੱਟੜਵਾਦੀਆਂ ਦੇ ਹਮਲੇ ਤੋਂ ਬਾਅਦ ਗਾਜ਼ਾ ਖੇਤਰ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ ਤੇ ਇਹ ਇਜ਼ਰਾਇਲੀ ਬੰਬਾਰੀ ਦਾ ਸਾਹਮਣਾ ਕਰ ਰਿਹਾ ਹੈ। ਇਜ਼ਰਾਇਲੀ ਹਵਾਈ ਹਮਲੇ ਵਿਚ ਹਮਾਸ ਦੀ ਫ਼ੌਜੀ ਸ਼ਾਖਾ ਦਾ ਇਕ ਚੋਟੀ ਦਾ ਕਮਾਂਡਰ ਵੀ ਮਾਰਿਆ ਗਿਆ ਹੈ। ਉਸ ਦੀ ਸ਼ਨਾਖਤ ਅਬੂ ਮਹਿਮੂਦ ਵਜੋਂ ਹੋਈ ਹੈ। ਲਬਿਨਾਨ ਨਾਲ ਲੱਗੀ ਇਜ਼ਰਾਈਲ ਦੀ ਸਰਹੱਦ ਉਤੇ ਹਿੰਸਾ ਵਧਣ ਨਾਲ ਖੇਤਰੀ ਟਕਰਾਅ ਦਾ ਦਾਇਰਾ ਵਧਣ ਦੀਆਂ ਚਿੰਤਾਵਾਂ ਪੈਦਾ ਹੋ ਗਈਆਂ ਹਨ, ਤੇ ਇਸ ਨੂੰ ਕੂਟਨੀਤਕ ਪੱਧਰ ਉਤੇ ਰੋਕਣ ਲਈ ਜੱਦੋਜਹਿਦ ਕੀਤੀ ਜਾ ਰਹੀ ਹੈ। ਸਿਹਤ ਮੰਤਰਾਲੇ ਮੁਤਾਬਕ ਗਾਜ਼ਾ ਵਿਚ 7 ਅਕਤੂਬਰ ਤੋਂ ਸ਼ੁਰੂ ਹੋਏ ਇਜ਼ਰਾਇਲੀ ਹਮਲਿਆਂ ਵਿਚ ਹੁਣ ਤੱਕ 3000 ਫਲਸਤੀਨੀ ਮਾਰੇ ਗਏ ਹਨ ਤੇ 12500 ਫੱਟੜ ਹਨ। ਸਿਹਤ ਮੰਤਰਾਲੇ ਮੁਤਾਬਕ ਮ੍ਰਿਤਕਾਂ ਵਿਚ ਦੋ-ਤਿਹਾਈ ਬੱਚੇ ਹਨ। ਕਰੀਬ 1200 ਲੋਕ ਮਲਬੇ ਵਿਚ ਦਫ਼ਨ ਹੋ ਗਏ ਹਨ। ਇਜ਼ਰਾਇਲੀ ਜਹਾਜ਼ਾਂ ਨੇ ਵੀ ਗਾਜ਼ਾ ਉਤੇ ਹਮਲੇ ਕੀਤੇ ਹਨ ਤੇ ਲੋਕ ਮਾਰੇ ਗਏ ਹਨ।

## ਅਮਰੀਕਾ ਦੇ ਰਾਸ਼ਟਰਪਤੀ ਬਾਇਡਨ ਇਜ਼ਰਾਈਲ ਪੁੱਜੇ ਤੇ ਹਸਪਤਾਲ ਧਮਾਕੇ 'ਚ ਆਪਣੇ 'ਮਿੱਤਰ' ਨੂੰ ਦਿੱਤੀ ਕਲੀਨ ਚਿੱਟ



ਤਲ ਅਵੀਵ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅੱਜ ਇਜ਼ਰਾਈਲ-ਹਮਾਸ ਸੰਘਰਸ਼ ਦੇ ਦੌਰਾਨ ਇਥੇ ਪਹੁੰਚੇ। ਪਿਛਲੇ ਹਫ਼ਤੇ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਜ਼ਰਾਈਲ ਦਾ ਦੌਰਾ ਕੀਤਾ ਸੀ। ਵ੍ਹਾਈਟ ਹਾਊਸ ਅਨੁਸਾਰ ਬਾਇਡਨ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਦੁਵੱਲੀ ਮੀਟਿੰਗ ਕੀਤੀ। ਅਮਰੀਕਾ ਦੇ ਰਾਸ਼ਟਰਪਤੀ ਨੇ ਆਪਣੀ ਯਾਤਰਾ ਇਹ ਦਿਖਾਉਣ ਲਈ ਕੀਤੀ ਕਿ ਅਮਰੀਕਾ ਯਹੂਦੀਆਂ ਨਾਲ ਖੜ੍ਹਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਗਾਜ਼ਾ ਪੱਟੀ ਦੇ ਹਸਪਤਾਲ ਵਿੱਚ ਧਮਾਕਾ ਕਿਸੇ ਹੋਰ ਨੇ ਕੀਤਾ ਹੈ ਨਾ ਕਿ ਇਜ਼ਰਾਇਲੀ ਫੌਜ ਨੇ।

## ਫਰਾਂਸ ਵੱਲੋਂ ਹਮਾਸ ਦੇ ਹਮਲੇ 'ਚ ਆਪਣੇ 21 ਨਾਗਰਿਕਾਂ ਦੀ ਮੌਤ ਦੀ ਪੁਸ਼ਟੀ

ਪੈਰਿਸ: ਫਰਾਂਸ ਦੇ ਵਿਦੇਸ਼ ਮੰਤਰਾਲੇ ਨੇ ਅੱਜ ਪੁਸ਼ਟੀ ਕੀਤੀ ਹੈ ਕਿ ਇਜ਼ਰਾਈਲ 'ਤੇ ਹਮਾਸ ਦੇ ਅਤਿਵਾਦੀਆਂ ਵੱਲੋਂ ਕੀਤੇ ਗਏ ਹਮਲੇ ਵਿਚ ਉਸ ਦੇ 21 ਨਾਗਰਿਕ ਮਾਰੇ ਗਏ ਹਨ ਜਦਕਿ 11 ਹੋਰ ਲਾਪਤਾ ਹਨ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਅੱਜ ਅਲਬਾਨੀਆ ਵਿਚ ਕਿਹਾ ਕਿ ਉਨ੍ਹਾਂ ਦੀ ਸਰਕਾਰ ਗਾਜ਼ਾ ਵਿਚ ਬੰਧਕ ਬਣਾਏ ਗਏ ਨਾਗਰਿਕਾਂ ਨੂੰ ਰਿਹਾਅ ਕਰਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

# ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦਾ ਇਜ਼ਰਾਈਲ ਦਾ ਦੌਰਾ

## ਅਸੀਂ ਦਹਿਸ਼ਤਗਰਦ ਹਮਾਸ ਦੇ ਖਿਲਾਫ ਇਜ਼ਰਾਈਲ ਦੇ ਨਾਲ ਹਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ

ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ 7 ਅਕਤੂਬਰ ਨੂੰ ਹਮਾਸ ਦੇ ਦਹਿਸ਼ਤਗਰਦਾਂ ਵੱਲੋਂ ਕੀਤੇ ਗਏ ਹਮਲੇ ਤੋਂ ਪੀੜਤ ਦੇਸ਼ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਨ ਅਤੇ ਆਪਣੇ ਇਜ਼ਰਾਈਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਨਾਲ ਗੱਲਬਾਤ ਕਰਨ ਲਈ ਵੀਰਵਾਰ ਨੂੰ ਇਜ਼ਰਾਈਲ ਪਹੁੰਚੇ।

ਗਾਜ਼ਾ ਵਿੱਚ ਹਮਾਸ ਦੇ ਵਿਰੁੱਧ ਇਜ਼ਰਾਈਲ ਦੇ ਜਵਾਬੀ ਹਮਲੇ ਦੇ ਨਾਲ, ਸੁਨਾਕ ਇਜ਼ਰਾਈਲ ਵਿੱਚ ਅਤੇ ਫਲਸਤੀਨੀ ਐਨਕਲੇਵ ਵਿੱਚ ਹੋਏ ਜਾਨੀ ਨੁਕਸਾਨ ਲਈ ਆਪਣੀ ਸੰਵੇਦਨਾ ਸਾਂਝੀ ਕੀਤੀ

ਮੈਂ ਇਜ਼ਰਾਈਲੀ ਲੋਕਾਂ ਦੇ ਨਾਲ ਆਪਣੀ ਇਕਜੁੱਟਤਾ ਪ੍ਰਗਟ ਕਰਨ ਲਈ ਇੱਥੇ ਹਾਂ। ਤੁਸੀਂ ਅਤਿਵਾਦ ਦੇ ਇੱਕ ਅਣਕਿਆਸੇ, ਭਿਆਨਕ ਕਾਰੇ ਦਾ ਸਾਹਮਣਾ ਕੀਤਾ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਜਾਣੋ ਕਿ ਯੂਨਾਈਟਿਡ ਕਿੰਗਡਮ ਅਤੇ ਮੈਂ ਤੁਹਾਡੇ ਨਾਲ ਖੜੇ ਹਨ ਸੁਨਕ ਨੇ ਲੈਂਡਿੰਗ ਤੋਂ ਬਾਅਦ ਇਜ਼ਰਾਈਲੀ ਪੱਤਰਕਾਰਾਂ ਨੂੰ ਕਿਹਾ। ਇੱਕ ਸ਼ੁਰੂਆਤੀ ਬਿਆਨ ਵਿੱਚ, ਉਸਨੇ ਕਿਹਾ ਕਿ ਮੰਗਲਵਾਰ ਨੂੰ ਇੱਕ ਗਾਜ਼ਾ ਹਸਪਤਾਲ ਵਿੱਚ ਧਮਾਕਾ ਜਿਸ ਵਿੱਚ ਵੱਡੇ ਪੱਧਰ 'ਤੇ ਫਲਸਤੀਨੀਆਂ ਦੀ ਮੌਤ ਹੋਈ ਸੀ, ਇਹ ਅੱਤਵਾਦੀ ਹਮਾਸ ਦਾ ਕਾਰਾ ਹੈ।

ਰਿਸ਼ੀ ਸੁਨਕ ਨੇ ਕਿਹਾ, "ਹਰ ਨਾਗਰਿਕ ਦੀ ਮੌਤ ਇੱਕ ਤ੍ਰਾਸਦੀ ਹੈ। ਅਤੇ ਹਮਾਸ ਦੇ ਦਹਿਸ਼ਤੀ ਕਾਰਵਾਈ ਤੋਂ ਬਾਅਦ ਬਹੁਤ ਸਾਰੀਆਂ ਜਾਨਾਂ ਚਲੀਆਂ ਗਈਆਂ ਹਨ।"

ਸੁਨਾਕ ਦੇ ਬੁਲਾਰੇ ਨੇ ਬੁੱਧਵਾਰ ਨੂੰ ਕਿਹਾ ਕਿ ਇਜ਼ਰਾਈਲ 'ਤੇ ਹਮਲੇ ਤੋਂ ਬਾਅਦ ਘੱਟੋ-ਘੱਟ ਸੱਤ ਬ੍ਰਿਟਿਸ਼ ਨਾਗਰਿਕ ਮਾਰੇ ਗਏ ਹਨ ਅਤੇ ਘੱਟੋ-ਘੱਟ 9 ਅਜੇ ਵੀ ਲਾਪਤਾ ਹਨ।

ਸੁਨਕ ਦੀ ਫੇਰੀ ਦੇ ਨਾਲ, ਬ੍ਰਿਟਿਸ਼ ਵਿਦੇਸ਼ ਸਕੱਤਰ ਜੇਮਜ਼ ਕਲੀਵਰਲੀ, ਜਿਸ ਨੇ ਪਿਛਲੇ ਹਫਤੇ ਇਜ਼ਰਾਈਲ ਦਾ ਦੌਰਾ ਕੀਤਾ ਸੀ, ਅਗਲੇ ਤਿੰਨ ਦਿਨਾਂ ਵਿੱਚ ਮਿਸਰ, ਤੁਰਕੀ ਅਤੇ ਕਤਰ ਦੀ ਯਾਤਰਾ ਕਰਕੇ ਟਕਰਾਅ 'ਤੇ ਵਿਚਾਰ ਵਟਾਂਦਰੇ ਅਤੇ ਸ਼ਾਂਤੀਪੂਰਨ ਹੱਲ ਦੀ ਮੰਗ ਕਰਨਗੇ।

ਬ੍ਰਿਟੇਨ ਨੇ ਕਿਹਾ ਕਿ ਫਲਸਤੀਨੀਆ ਨੂੰ ਜਰੂਰਤ ਹੈ ਅਸੀ ਸਹਾਇਤਾ ਕਰਾਗੇ ਉਨਾ ਕਿਹਾ ਕੀ ਹਮਾਸ ਨੂੰ ਬੰਧਕਾਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ।











(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

## ਹਮਾਸ ਦੇ ਹਮਲਿਆਂ ਤੋਂ ਬਾਅਦ ਇਕਜੁੱਟਤਾ ਦਿਖਾਉਣ ਲਈ ਵਾਨ ਡੇਰ ਲੇਅਨ ਅਤੇ ਮੈਟਸੋਲਾ ਇਜ਼ਰਾਈਲ ਪਹੁੰਚੇ







ਯੂਰਪੀ ਸੰਘ ਦੀਆਂ ਦੋ ਸਭ ਤੋਂ ਮਹੱਤਵਪੂਰਨ ਸੰਸਥਾਵਾਂ ਦੇ ਪ੍ਰਧਾਨਾਂ ਦੁਆਰਾ ਇਜ਼ਰਾਈਲ ਦਾ ਦੌਰਾ ਹਮਾਸ ਦੁਆਰਾ ਇਜ਼ਰਾਈਲ ਵਿੱਚ ਆਪਣੇ ਅਚਨਚੇਤ ਜ਼ਮੀਨੀ, ਸਮੁੰਦਰੀ ਅਤੇ ਹਵਾਈ ਹਮਲੇ ਦੇ ਛੇ ਦਿਨ ਬਾਅਦ ਆਇਆ ਹੈ, ਜਿਸ ਵਿੱਚ 7 ਅਕਤੂਬਰ ਤੋਂ ਹੁਣ ਤੱਕ ਸੈਂਕੜੇ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ।

ਹਮਾਸ ਦੁਆਰਾ ਅੱਤਵਾਦੀ ਹਮਲਿਆਂ ਤੋਂ ਬਾਅਦ ਦੇਸ਼ ਦੇ ਨਾਲ ਇਕਮੁੱਠਤਾ ਪ੍ਰਗਟ ਕਰਨ ਲਈ ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਅਤੇ ਯੂਰਪੀਅਨ ਸੰਸਦ ਦੀ ਪ੍ਰਧਾਨ ਰੋਬਰਟਾ ਮੇਟਸੋਲਾ ਸ਼ੁੱਕਰਵਾਰ ਨੂੰ ਦੁਪਹਿਰ ਤੋਂ ਪਹਿਲਾਂ ਇਜ਼ਰਾਈਲ ਪਹੁੰਚੇ।

ਵੋਨ ਡੇਰ ਲੇਅਨ ਨੇ ਸੋਸ਼ਲ ਨੈੱਟਵਰਕਿੰਗ ਸਾਈਟ ਐਕਸ 'ਤੇ ਲਿਖਿਆ, "ਮੈਂ ਹਮਾਸ ਦੇ ਭਿਆਨਕ ਅੱਤਵਾਦੀ ਹਮਲੇ ਤੋਂ ਬਾਅਦ ਇਜ਼ਰਾਈਲੀ ਲੋਕਾਂ ਨਾਲ ਆਪਣੀ ਇਕਜੁੱਟਤਾ ਪ੍ਰਗਟ ਕਰਨ ਲਈ ਯੂਰਪੀ ਸੰਸਦ ਦੇ ਪ੍ਰਧਾਨ ਨਾਲ ਇਜ਼ਰਾਈਲ ਪਹੁੰਚਿਆ ਹਾਂ।" ਅਸੀਂ ਇੱਥੇ ਇਕਜੁੱਟਤਾ ਦਾ ਸੰਦੇਸ਼ ਲੈ ਕੇ ਆਏ ਹਾਂ। .

ਮੈਟਸੋਲਾ ਨੇ ਕਿਹਾ, "ਸਾਲਾਂ ਵਿੱਚ ਇਜ਼ਰਾਈਲ ਦੇ ਸਭ ਤੋਂ ਭੈੜੇ ਅੱਤਵਾਦੀ ਹਮਲੇ ਤੋਂ ਬਾਅਦ ਅਸੀਂ ਏਕਤਾ ਦੇ ਸੰਦੇਸ਼ ਨਾਲ ਇੱਥੇ ਹਾਂ। ਆਤੰਕਵਾਦ ਨੂੰ ਜਿੱਤ ਨਹੀਂ ਮਿਲੇਗੀ। ਅਸੀਂ ਇਸ ਮਾਮਲੇ ਦਾ ਕਿਵੇਂ ਜਵਾਬ ਦਿੰਦੇ ਹਾਂ। ਅਸੀਂ ਹਮਾਸ ਨੂੰ ਰੋਕ ਸਕਦੇ ਹਾਂ ਅਤੇ ਕਰਨਾ ਚਾਹੀਦਾ ਹੈ ਅਤੇ ਮਾਨਵਤਾਵਾਦੀ ਨਤੀਜਿਆਂ ਨੂੰ ਘੱਟ ਕਰਨ ਲਈ ਅਸੀਂ ਜੋ ਕਰ ਸਕਦੇ ਹਾਂ।"

# ਬਹਿਬਲ ਗੋਲੀ ਕਾਂਡ ਦੇ ਸ਼ਹੀਦਾਂ ਦੀ ਯਾਦ ’ਚ ਸਮਾਗਮ

## ਜ਼ਕਰੀਆ ਖ਼ਾਨ ਦੀ ਤਰ੍ਹਾਂ ਬਾਦਲ ਦਾ ਅੰਤ ਵੀ ਦੁਖਦਾਇਕ ਅਤੇ ਸ਼ਰਮਨਾਕ ਹੋਇਆ : ਹਰਜਿੰਦਰ ਸਿੰਘ ਮਾਝੀ

### ਬਾਦਲਾਂ ਵਲੋਂ ਸਿੱਖਾਂ ’ਤੇ ਕੀਤੇ ਜ਼ੁਲਮਾਂ ਦੀ ਜ਼ਕਰੀਆ ਖ਼ਾਨ ਦੇ ਜ਼ੁਲਮਾਂ ਨਾਲ ਕੀਤੀ ਤੁਲਨਾ



ਕੋਟਕਪੂਰਾ : ਜ਼ਕਰੀਆ ਖ਼ਾਨ ਨੇ ਅਪਣੇ ਜੀਵਨ ਵਿਚ ਅਨੇਕਾਂ ਸਿੱਖਾਂ ਨੂੰ ਸ਼ਹੀਦ ਕੀਤਾ ਪਰ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਜ਼ਕਰੀਆ ਖ਼ਾਨ ਦੀ ਜ਼ਿੰਦਗੀ ਦਾ ਆਖ਼ਰੀ ਕਤਲ ਸੀ, ਸਿੱਖਾਂ ਦਾ ਕਾਤਲ ਜ਼ਕਰੀਆ ਆਖ਼ਰ ਭਾਈ ਤਾਰੂ ਸਿੰਘ ਜੀ ਦੀਆਂ ਜੁੱਤੀਆਂ ਖਾਂਦਾ ਹੋਇਆ ਇਸ ਧਰਤੀ ਤੋਂ ਤੁਰ ਗਿਆ। ਇਸੇ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਨੇ 1970 ਵਿਚ ਪਹਿਲੀ ਵਾਰ ਮੁੱਖ ਮੰਤਰੀ ਬਣ ਕੇ ਪੰਜਾਬ ’ਚ ਝੂਠੇ ਪੁਲਿਸ ਮੁਕਾਬਲਿਆਂ ਦਾ ਮੁੱਢ ਬੰਨ੍ਹਦਿਆਂ ਜਸਟਿਸ ਤਾਰਕੁੰਡੇ ਦੀ ਰਿਪੋਰਟ ਅਨੁਸਾਰ 82 ਸਾਲਾ ਬਾਬਾ ਬੂਝਾ ਸਿੰਘ ਜੀ ਦਾ ਝੂਠਾ ਪੁਲਿਸ ਮੁਕਾਬਲਾ ਕਰਵਾਇਆ ਅਤੇ 5 ਵਾਰ ਦੇ ਆਪਣੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਸਿੱਖ ਕੌਮ ’ਤੇ ਅਨੇਕਾਂ ਜ਼ੁਲਮ ਢਾਹੇ ਪਰ ਬਾਦਲ ਦੇ ਰਾਜ ਦੌਰਾਨ ਆਖ਼ਰੀ ਕਤਲ ਭਾਈ ਕਿਸ਼ਨ ਭਗਵਾਨ ਸਿੰਘ ਅਤੇ ਭਾਈ ਗੁਰਜੀਤ ਸਿੰਘ ਬਿੱਟੂ ਦੋ ਸਿੱਖ ਨੌਜਵਾਨਾਂ ਦਾ ਸੀ।

ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਮਾਝੀ ਮੁੱਖ ਸੇਵਾਦਾਰ ‘ਦਰਬਾਰ-ਏ-ਖ਼ਾਲਸਾ’ ਨੇ ਬਹਿਬਲ ਕਲਾਂ ਅਤੇ ਸਰਾਵਾਂ ਵਿਖੇ ਹੋਏ ਸ਼ਹੀਦੀ ਸਮਾਗਮਾਂ ਦੌਰਾਨ ਇਹ ਵਿਚਾਰ ਪ੍ਰਗਟਾਉਂਦਿਆਂ ਕਿਹਾ ਹੈ ਕਿ ਬਹਿਬਲ ਕਲਾਂ ਵਿਖੇ ਹੋਈ ਦੋਹਾਂ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਕੌਮ ਤੋਂ ਜੁੱਤੀਆਂ ਖਾਂਦਾ ਹੋਇਆ ਪਹਿਲਾਂ ਰਾਜਨੀਤਕ ਮੌਤ ਮਰਿਆ ਫਿਰ ਉਸ ਨੂੰ ਸਰੀਰਕ ਮੌਤ ਆਈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਅਕਾਲ ਪੁਰਖ ਦੇ ਇਨਸਾਫ਼ ’ਤੇ ਪੂਰਾ ਭਰੋਸਾ ਹੈ ਅਤੇ ਦੁਨਿਆਵੀ ਸਰਕਾਰਾਂ ਤੇ ਅਦਾਲਤਾਂ ਨੂੰ ਚਾਹੀਦਾ ਹੈ ਕਿ ਜੇਕਰ ਉਹ ਚਾਹੁੰਦੀਆਂ ਹਨ ਕਿ ਜਨਤਾ ਦਾ ਉਨ੍ਹਾਂ ’ਤੇ ਬਚਿਆ ਖੁਚਿਆ ਥੋੜ੍ਹਾ-ਬਹੁਤਾ ਵਿਸ਼ਵਾਸ ਬਣਿਆ ਰਹੇ ਤਾਂ ਬਰਗਾੜੀ ਬੇਅਦਬੀ ਅਤੇ ਕੋਟਕਪੂਰਾ-ਬਹਿਬਲ ਕਲਾਂ ਗੋਲੀਕਾਂਡ ਦੇ ਮਾਸਟਰ ਮਾਈਂਡ ਤਕ ਪਹੁੰਚ ਕਰ ਕੇ ਬਣਦੀ ਕਾਰਵਾਈ ਕਰਨ।

ਭਾਈ ਮਾਝੀ ਨੇ ਕਿਹਾ ਕਿ ਦੁਨਿਆਵੀ ਸਰਕਾਰਾਂ ਅਤੇ ਅਦਾਲਤਾਂ ਤੋਂ 1984 ਅਤੇ ਬਰਗਾੜੀ ਕਾਂਡ ਦੇ ਮਸਲੇ ’ਤੇ ਸਿੱਖਾਂ ਨੂੰ ਇਨਸਾਫ਼ ਦੀ ਥਾਂ ਸਿਰਫ਼ ਜਾਂਚ ਕਮਿਸ਼ਨ ਅਤੇ ਇਨਸਾਫ਼ ਟੀਮਾਂ ਹੀ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੀ ਮੌਜੂਦਾ ਸਰਕਾਰ ਨੇ ਅਪਣੇ ਚੋਣ ਵਾਅਦੇ ਮੁਤਾਬਕ ਦੋਸ਼ੀਆਂ ’ਤੇ ਬਣਦੀ ਕਾਰਵਾਈ ਨਾ ਕੀਤੀ ਤਾਂ ਇਸ ਦਾ ਹਸ਼ਰ ਵੀ ਬਾਦਲ -ਕੈਪਟਨ ਵਾਲਾ ਹੀ ਹੋਵੇਗਾ। ਗੁ. ਟਿੱਬੀ ਸਾਹਿਬ ਬਹਿਬਲ ਕਲਾਂ ਅਤੇ ਪਿੰਡ ਸਰਾਵਾਂ ਵਿਖੇ ਹੋਏ ਸ਼ਹੀਦੀ ਸਮਾਗਮਾਂ ਦੌਰਾਨ ਦਰਬਾਰ ਏ ਖ਼ਾਲਸਾ ਵਲੋਂ ਲਾਹਨਤ ਪੱਤਰ ਵੀ ਵੰਡਿਆ ਗਿਆ ਜਿਸ ’ਚ ਪ੍ਰਕਾਸ਼ ਸਿੰਘ ਬਾਦਲ ਦੇ ਸਰਪੰਚੀ ਤੋਂ ਸਿਆਸੀ ਸਫ਼ਰ ਸ਼ੁਰੂ ਕਰਨ ਤੋਂ ਲੈ ਕੇ ਬਰਗਾੜੀ ਕਾਂਡ ਤਕ ਦੇ ਕੌਮ ਅਤੇ ਪੰਜਾਬ ਵਿਰੋਧੀ ਕਾਰਨਾਮਿਆਂ ਦਾ ਤੱਥਾਂ ਸਮੇਤ ਜ਼ਿਕਰ ਕੀਤਾ ਗਿਆ ਹੈ। ਭਾਈ ਮਾਝੀ ਨੇ ਹਾਜ਼ਰ ਸੰਗਤ ਨੂੰ ਇਸ ‘ਲਾਹਨਤ ਪੱਤਰ’ ਦੀਆਂ ਫ਼ੋਟੋ ਕਾਪੀਆਂ ਕਰ ਕੇ ਘਰ-ਘਰ ਵੰਡਣ ਲਈ ਬੇਨਤੀ ਵੀ ਕੀਤੀ।

## ਬੇਅਦਬੀ ਮਾਮਲਿਆਂ ਦੇ ਇਨਸਾਫ਼ ਤਕ ਲਗਾਤਾਰ ਸੰਘਰਸ਼ ਜਾਰੀ ਰੱਖਣ ਦਾ ਐਲਾਨ

### ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਰੋਸ ਮਾਰਚ ਕੱਢ ਕੇ ਕੀਤੀ ਇਨਸਾਫ਼ ਦੀ ਮੰਗ



ਕੋਟਕਪੂਰਾ : 12 ਅਕਤੂਬਰ 2015 ਨੂੰ ਵਾਪਰੇ ਬੇਅਦਬੀ ਕਾਂਡ ਦੇ ਠੀਕ 8 ਸਾਲ ਬਾਅਦ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਰਥਾਤ ਇਨਸਾਫ਼ ਦੀ ਮੰਗ ਲੈ ਕੇ ਵੱਖ-ਵੱਖ ਸਿੱਖ ਸੰਸਥਾਵਾਂ, ਪੰਥਕ ਜਥੇਬੰਦੀਆਂ ਅਤੇ ਪੰਥਦਰਦੀਆਂ ਨੇ ਗੁਰਦਵਾਰਾ ਸਾਹਿਬ ਪਾਤਸ਼ਾਹੀ ਦਸਵੀਂ ਬਰਗਾੜੀ ਤੋਂ ਸ਼ਾਂਤਮਈ ਰੋਸ ਮਾਰਚ ਸ਼ੁਰੂ ਕੀਤਾ, ਜੋ ਵੱਖ-ਵੱਖ ਪਿੰਡਾਂ ਰਾਹੀਂ ਹੁੰਦਾ ਹੋਇਆ ਸਥਾਨਕ ਬੱਤੀਆਂ ਵਾਲਾ ਚੌਕ ਵਿਚ ਪੁੱਜਾ। ਜਿਥੇ ਪੰਥਕ ਆਗੂਆਂ ਕ੍ਰਮਵਾਰ ਭਾਈ ਅਮਰੀਕ ਸਿੰਘ ਅਜਨਾਲਾ, ਬਾਬਾ ਬਲਦੇਵ ਸਿੰਘ ਯੋਗੇਵਾਲਾ, ਰੇਸ਼ਮ ਸਿੰਘ ਖੁਖਰਾਣਾ, ਚਮਕੌਰ ਸਿੰਘ ਭਾਈਰੂਪਾ, ਸੁਖਰਾਜ ਸਿੰਘ ਨਿਆਮੀਵਾਲਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਬਾਬਾ ਮੇਜਰ ਸਿੰਘ ਪੰਡੋਰੀ ਆਦਿਕ ਬੁਲਾਰਿਆਂ ਨੇ ਦਾਅਵਾ ਕੀਤਾ ਕਿ ਜਿੰਨਾ ਚਿਰ ਬੇਅਦਬੀ ਮਾਮਲਿਆਂ ਦਾ ਇਨਸਾਫ਼ ਨਹੀਂ ਮਿਲਦਾ, ਉਨਾ ਚਿਰ ਨਾ ਤਾਂ ਖ਼ੁਦ ਚੈਨ ਨਾਲ ਬੈਠਾਂਗੇ ਅਤੇ ਨਾ ਹੀ ਸਰਕਾਰਾਂ ਨੂੰ ਬੈਠਣ ਦੇਵਾਂਗੇ, ਅਪਣੀ ਸਮਰੱਥਾ ਮੁਤਾਬਕ ਇਨਸਾਫ਼ ਮਿਲਣ ਤਕ ਸੰਘਰਸ਼ ਜਾਰੀ ਰੱਖਾਂਗੇ। ਉਨ੍ਹਾਂ ਆਖਿਆ ਕਿ ਉਕਤ ਸੰਵੇਦਨਸ਼ੀਲ ਅਤੇ ਦੁਖਦਾਇਕ ਮੁੱਦਿਆਂ ’ਤੇ ਬਹੁਤ ਰਾਜਨੀਤੀ ਹੋ ਚੁੱਕੀ ਹੈ ਜਿਸ ਨੂੰ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਆਖਿਆ ਕਿ ਸਾਡਾ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਕੋਈ ਸਬੰਧ ਨਹੀਂ ਪਰ ਬੇਸ਼ੱਕ ਅਸੀਂ ਜਬਰ ਦਾ ਮੁਕਾਬਲਾ ਸਬਰ ਨਾਲ ਕਰ ਰਹੇ ਹਾਂ ਅਤੇ ਸਰਕਾਰਾਂ ਨੇ ਸਾਡੇ ਨਾਲ ਧੱਕੇਸ਼ਾਹੀ ਜਾਰੀ ਰੱਖੀ ਤਾਂ ਉਹ ਤਲਵਾਰ ਚੁਕਣ ਤੋਂ ਵੀ ਗੁਰੇਜ਼ ਨਹੀਂ ਕਰਨਗੇ।

ਉਨ੍ਹਾਂ ਬੇਅਦਬੀ ਮਾਮਲਿਆਂ ਲਈ ਅਕਾਲੀ-ਭਾਜਪਾ ਗਠਜੋੜ ਸਰਕਾਰ ਸਮੇਤ ਬਾਦਲ ਪ੍ਰਵਾਰ, ਅਨੇਕਾਂ ਅਕਾਲੀ ਆਗੂਆਂ ਅਤੇ ਡੇਰਾ ਸਿਰਸਾ ਦੇ ਮੁਖੀ ਸਮੇਤ ਉਸ ਦੇ ਸ਼ਰਧਾਲੂਆਂ ਦਾ ਨਾਮ ਲੈ ਕੇ ਕਸੂਰਵਾਰ ਠਹਿਰਾਉਂਦਿਆਂ ਆਖਿਆ ਕਿ ਜਾਂਚ ਏਜੰਸੀਆਂ ਅਤੇ ਜਾਂਚ ਕਮਿਸ਼ਨਾਂ ਨੇ ਸਾਰਾ ਕੁੱਝ ਪਤਾ ਕਰ ਲੈਣ ਦੇ ਬਾਵਜੂਦ ਵੀ ਅਜੇ ਤਕ ਦੋਸ਼ੀਆਂ ਵਿਰੁਧ ਕਾਰਵਾਈ ਕਰਨ ਦੀ ਜ਼ਰੂਰਤ ਨਹੀਂ ਸਮਝੀ। ਉਨ੍ਹਾਂ ਦੋਸ਼ ਲਾਇਆ ਕਿ ਪਾਵਨ ਸਰੂਪ ਚੋਰੀ ਕਰਨ, ਹੱਥ ਲਿਖਤ ਪੋਸਟਰ ਲਾ ਕੇ ਲਲਕਾਰਨ ਅਤੇ ਪਾਵਨ ਸਰੂਪ ਦੇ ਅੰਗ ਖਿਲਾਰਨ ਵਾਲਿਆਂ ਦੀ ਪਹਿਲਾਂ ਬਾਦਲ ਸਰਕਾਰ ਨੇ ਸਰਪ੍ਰਸਤੀ ਕੀਤੀ ਤੇ ਫਿਰ ਬਾਦਲ ਦਲ ਦੇ ਆਗੂਆਂ ਸਮੇਤ ਉੱਚ ਪੁਲਿਸ ਅਧਿਕਾਰੀਆਂ ਨੇ ਸਰਪ੍ਰਸਤੀ ਕਰ ਕੇ ਉਨ੍ਹਾਂ ਨਾਲ ਲਿਹਾਜ ਪੁਗਾਈ ਜਿਸ ਕਰ ਕੇ ਹੁਣ ਕਿਸੇ ਵੀ ਸਰਕਾਰ ਤੋਂ ਇਨਸਾਫ਼ ਦੀ ਆਸ ਨਹੀਂ ਬਚੀ। ਉਂਝ ਵੱਖ ਵੱਖ ਬੁਲਾਰਿਆਂ ਨੇ ਦਾਅਵਾ ਕੀਤਾ ਕਿ 14 ਅਕਤੂਬਰ ਨੂੰ ਹੋਣ ਵਾਲੇ ਸ਼ਰਧਾਂਜਲੀ ਸਮਾਗਮ ਮੌਕੇ ਅਗਲੇਰੇ ਸੰਘਰਸ਼ ਬਾਰੇ ਸੰਗਤਾਂ ਖ਼ੁਦ ਐਲਾਨ ਕਰਨਗੀਆਂ। ਇਸ ਮੌਕੇ ਹੋਰਨਾ ਅਨੇਕਾਂ ਪੰਥਕ ਆਗੂਆਂ ਨੇ ਵੀ ਵਿਚਾਰ ਸਾਂਝੇ ਕੀਤੇ।

## ਲਹਿਰਾਗਾਗਾ ’ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਮੁਲਜ਼ਮ ਗ੍ਰਿਫ਼ਤਾਰ



ਲਹਿਰਾਗਾਗਾ : ਇਕ ਵਿਅਕਤੀ ਨੇ ਆਪਣੇ ਘਰ ਕਰਵਾਏ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਪੰਜਵੇਂ ਦਿਨ ਕਥਿਤ ਨਸ਼ੇ ਦੀ ਹਾਲਤ ਵਿੱਚ ਬੇਅਦਬੀ ਕੀਤੀ। ਇਸ ਕਾਰਨ ਸੰਗਤਾਂ ਵਿੱਚ ਰੋਸ ਨੂੰ ਗੰਭੀਰਤਾ ਨਾਲ ਲੈਂਦਿਆਂ ਪੁਲੀਸ ਵੱਲੋਂ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਕੇਸ ਦਰਜ ਕਰ ਲਿਆ ਗਿਆ ਹੈ। ਥਾਣਾ ਸਦਰ ਦੇ ਇੰਚਾਰਜ ਰਣਵੀਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਿੰਘ ਸਭਾ ਗੁਰੂ ਅਮਰਦਾਸ ਲਹਿਰਾਗਾਗਾ ਦੇ ਗ੍ਰੰਥੀ ਨਿਰਵੈਰ ਸਿੰਘ ਨੇ ਪੁਲੀਸ ਨੂੰ ਲਿਖਤੀ ਬਿਆਨ ਵਿੱਚ ਦੱਸਿਆ ਕਿ 12 ਅਕਤੂਬਰ ਨੂੰ ਸਾਹਿਬ ਸਿੰਘ ਵਾਸੀ ਵਾਰਡ ਨੰਬਰ 8 ਨੇ ਆਪਣੇ ਘਰ ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਪ੍ਰਕਾਸ਼ ਰੱਖਵਾਇਆ। ਉਸ ਨੇ ਖੁਦ ਆਪਣੀ ਪਤਨੀ ਅਤੇ ਰਿਸ਼ਤੇਦਾਰਾਂ ਨਾਲ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਮਰਿਆਦਾ ਨਾਲ ਲਿਜਾ ਕੇ ਘਰ ਵਿੱਚ ਸੁਸ਼ੋਭਿਤ ਕੀਤਾ ਪਰ ਅੱਜ ਤੜਕੇ 4 ਵਜੇ ਸਾਹਿਬ ਸਿੰਘ ਕਥਿਤ ਸ਼ਰਾਬ ਪੀ ਕੇ ਆਪਣੇ ਘਰਵਾਲੀ ਨਾਲ ਲੜਿਆ ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਮਰਿਆਦਾ ਨੂੰ ਭੰਗ ਕਰਦੇ ਹੋਏ ਇਕੱਲਾ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਗੁਰਦੁਆਰੇ ਲੈ ਆਇਆ, ਜਿਥੇ ਕਿ ਉਸ ਨੇ ਗੁਰੂ ਘਰ ਦੇ ਗੇਟ ਨੂੰ ਧੱਕੇ ਮਾਰੇ ਤੇ ਹਾਜ਼ਰ ਸੇਵਾਦਾਰ ਹਰਵਿੰਦਰ ਸਿੰਘ ਉਰਫ ਬੱਬੂ ਨੂੰ ਕਥਿਤ ਤੌਰ ’ਤੇ ਗਾਲਾਂ ਕੱਢੀਆਂ। ਸੇਵਾਦਾਰ ਹਰਵਿੰਦਰ ਸਿੰਘ ਨੇ ਸਾਹਿਬ ਸਿੰਘ ਕੋਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਲੈ ਕੇ ਗੁਰਦੁਆਰੇ ਵਿੱਚ ਸੁਸ਼ੋਭਿਤ ਕੀਤਾ। ਥਾਣਾ ਮੁਖੀ ਨੇ ਦੱਸਿਆ ਕਿ ਪੁਲੀਸ ਨੇ ਗ੍ਰੰਥੀ ਸਿੰਘ ਦੇ ਬਿਆਨਾਂ ’ਤੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਨੇ ਬੇਅਦਬੀ ਦੀ ਘਟਨਾ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਬੇਅਦਬੀ ਦੇ ਪਸ਼ਚਾਤਾਪ ਵਜੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ 19 ਅਕਤੂਬਰ ਨੂੰ ਅਖੰਡ ਪਾਠ ਦੇ ਭੋਗ ਪਾਏ ਜਾਣਗੇ

## ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ’ਚ ਖ਼ਾਲਸਾਈ ਜਾਹੋ-ਜਲਾਲ ਨਾਲ ਕਰਵਾਈ ਗਤਕਾ ਪ੍ਰਦਰਸ਼ਨੀ

### ਹਰ ਸਿੱਖ ਸ਼ਸਤਰਧਾਰੀ ਹੋਵੇ : ਉਸਤਾਦ ਹਰੀ ਸਿੰਘ /ਭਾਈ ਰਣਜੀਤ ਸਿੰਘ



ਅੰਮ੍ਰਿਤਸਰ: ਸ਼੍ਰੋਮਣੀ ਗਤਕਾ ਅਖਾੜਾ ਰਾਮਸਰ ਦੇ ਬਾਨੀ ਅਤੇ ਮੁੱਖ ਸੰਸਥਾਪਕ ਸਵ. ਉਸਤਾਦ ਪ੍ਰੇਮ ਸਿੰਘ ਭਾਟੀਆ ਸੁਤੰਤਰਤਾ ਸੈਨਾਨੀ ਤੇ ਸਵ. ਉਸਤਾਦ ਹਰਬੰਸ ਸਿੰਘ ਅਰੋੜਾ ਦੀ 11ਵੀਂ ਬਰਸੀ ਗੁਰਦੁਆਰਾ ਮਾਈ ਨਰੈਣੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਮੌਜੂਦਾ ਉਸਤਾਦ ਜਥੇਦਾਰ ਭਾਈ ਹਰੀ ਸਿੰਘ ਖ਼ਾਲਸਾ ਦੀ ਅਗਵਾਈ ’ਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਗਤਕਾ ਪ੍ਰਦਰਸ਼ਨੀ ਕਰਵਾ ਕੇ ਮਨਾਈ ਗਈ। ਇਸ ਮੌਕੇ ਧਾਰਮਿਕ, ਰਾਜਨੀਤਕ ਤੇ ਸਮਾਜਿਕ ਸ਼ਖਸੀਅਤਾਂ ਵੀ ਪੁੱਜੀਆਂ ਤੇ ਵੱਖ-ਵੱਖ ਗਤਕਾ ਟੀਮਾਂ ਦੇ ਖਿਡਾਰੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਕੇ ਜੰਗੀ ਜੌਹਰ ਵਿਖਾਏ ਗਏ ਜਿਨ੍ਹਾਂ ਨੂੰ ਸ਼੍ਰੋਮਣੀ ਗਤਕਾ ਅਖਾੜਾ ਰਾਮਸਰ ਦੇ ਉਸਤਾਦ ਜਥੇਦਾਰ ਭਾਈ ਹਰੀ ਸਿੰਘ ਖ਼ਾਲਸਾ ਅਤੇ ਮੁੱਖ ਮਹਿਮਾਨ ਵਜੋਂ ਪੁੱਜੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਪ੍ਰਣਾਮ ਸ਼ਹੀਦਾਂ ਸੰਘਰਸ਼ ਕਮੇਟੀ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ ਲੋਹਾਰਾ ਅਤੇ ਭਾਈ ਮਹਿੰਦਰ ਸਿੰਘ ਜਥੇਦਾਰ ਵੱਲੋਂ ਗਤਕਾ ਖਿਡਾਰੀਆਂ ਨੂੰ ਸਿਰੋਪਿਆਂ, ਸ਼ੀਲਡਾਂ ਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਪ੍ਰਦਰਸ਼ਨੀ ਦੌਰਾਨ ਉਸਤਾਦ ਭਾਈ ਹਰੀ ਸਿੰਘ ਖ਼ਾਲਸਾ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਇੰਦਰ ਸਿੰਘ ਖ਼ਲੀਫ਼ਾ ਨੇ ਕਿਹਾ ਕਿ ਸ਼ਸਤਰ ਵਿੱਦਿਆ ਸਿੱਖ ਪੰਥ ਦਾ ਅਹਿਮ ਅੰਗ ਹੈ ਅਤੇ ਸਿੱਖ ਅਤੇ ਸ਼ਸਤਰ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ। ਸਿੱਖ ਧਰਮ ਅੰਦਰ ਭਗਤੀ ਤੇ ਸ਼ਕਤੀ, ਬਾਣੀ ਤੇ ਬਾਣਾ, ਸੰਤ ਤੇ ਸਿਪਾਹੀ ਦਾ ਵਿਧਾਨ ਗੁਰੂ ਪਾਤਸ਼ਾਹ ਨੇ ਹੀ ਬਖਸ਼ਿਆ ਹੈ। ਗਤਕਾ ਸਵੈ ਰੱਖਿਆ ਲਈ ਵਰਤਿਆ ਜਾਣਾ ਵਾਲਾ ਸਿੱਖਾਂ ਦੀ ਧਰਮ ਯੁੱਧ ਕਲਾ ਦਾ ਹਿੱਸਾ ਹੈ। ਗਤਕਾ ਖਿਡਾਰੀ ਨੂੰ ਮਨੁੱਖੀ ਕਦਰਾਂ ਕੀਮਤਾਂ ਦਾ ਸਤਿਕਾਰ ਕਰਨ ਅਤੇ ਭੈਅ ਰਹਿਤ, ਨਿਰਸਵਾਰਥ ਅਤੇ ਗੁਰਮਤਿ ਅਨੁਸਾਰ ਜੀਵਨ ਬਸਰ ਕਰਨਾ ਸਿਖਾਉਂਦਾ ਹੈ। ਉਹਨਾਂ ਦੱਸਿਆ ਕਿ ਇਹ ਅਖਾੜਾ ਕਈ ਦਹਾਕਿਆਂ ਤੋਂ ਚਲ ਰਿਹਾ ਹੈ ਤੇ ਹਜਾਰਾਂ ਖਿਡਾਰੀ ਸ਼ਸਤਰ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ ਤੇ ਹੁਣ ਵੀ ਲਗਾਤਾਰ ਕਲਾਸਾਂ ਲਗਦੀਆਂ ਹਨ। ਇਸ ਮੌਕੇ ਭਾਈ ਪਾਰਸ ਸਿੰਘ ਖ਼ਾਲਸਾ, ਭਾਈ ਵਿਕਰਮ ਸਿੰਘ ਖ਼ਾਲਸਾ, ਭਾਈ ਮਹਿੰਦਰ ਸਿੰਘ ਜਥੇਦਾਰ, ਭਾਈ ਹਰਪ੍ਰੀਤ ਸਿੰਘ, ਭਾਈ ਜਸਵਿੰਦਰ ਸਿੰਘ, ਭਾਈ ਸਰਤਾਜ ਸਿੰਘ, ਭਾਈ ਸੋਨੂੰ ਸਿੰਘ ਆਦਿ ਹਾਜ਼ਰ ਸਨ।

## ਕੈਨੇਡਾ ’ਚ ਪੰਜਾਬਣ ਦਾ ਕਤਲ ਕਤਲ ਕਰਨ ਵਾਲਾ ਪੰਜਾਬੀ ਪਤੀ ਬਲਵੀਰ ਸਿੰਘ ਗ੍ਰਿਫਤਾਰ

ਬ੍ਰਿਟਿਸ਼ ਕੋਲੰਬੀਆ, (ਰਾਜ ਗੋਗਨਾ) : ਕੈਨੇਡਾ ਦੇ ਸ਼ਹਿਰ ਨਿਊ ਵੈਸਟਮਿੰਸਟਰ ਵਿਖੇ ਇਕ ਪੰਜਾਬੀ ਪਤੀ ਬਲਵੀਰ ਸਿੰਘ ਵੱਲੋਂ ਆਪਣੀ ਪਤਨੀ ਕੁਲਵੰਤ ਕੌਰ ਦਾ ਸ਼ੁੱਕਰਵਾਰ ਸ਼ਾਮ ਨੂੰ ਚਾਕੂ ਮਾਰ ਕੇ ਕਤਲ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਸ ਨੇ 57 ਸਾਲਾ ਬਲਵੀਰ ਸਿੰਘ ਨੂੰ ਆਪਣੀ ਪਤਨੀ ਦੇ ਕਤਲ ਦੇ ਦੋਸ਼ ਦੇ ਹੇਠ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਬਲਵੀਰ ਸਿੰਘ ’ਤੇ ਦੂਜੇ ਦਰਜੇ ਦੇ ਕਤਲ ਦੇ ਮਾਮਲੇ ਦਾ ਦੋਸ਼ ਆਇਦ ਕੀਤਾ ਗਿਆ ਹੈ। ਦੋਵੇਂ ਨਿਊ ਵੈਸਟਮਿੰਸਟਰ ਕੈਨੇਡਾ ਦੇ ਵਸਨੀਕ ਹਨ। ਪੁਲਸ ਨੂੰ ਸ਼ਾਮ 5:00 ਵਜੇ ਤੋਂ ਬਾਅਦ ਸਲਟਰ ਸਟਰੀਟ ਨੇੜੇ ਸੁਜ਼ੂਕੀ ਸਟਰੀਟ ’ਤੇ ਇੱਕ ਫੋਨ ਕਾਲ ਆਈ, ਜਦੋਂ ਪੁਲਸ ਉੱਥੇ ਪੁੱਜੀ ਤਾਂ ਉਨ੍ਹਾਂ ਨੇ ਇਕ 46 ਸਾਲਾ ਔਰਤ ਨੂੰ ਜਾਨਲੇਵਾ ਸੱਟਾਂ ਨਾਲ ਪੀੜਤ ਪਾਇਆ। ਉਸ ਦੀ ਜਾਨ ਬਚਾਉਣ ਦੀਆਂ



ਕੋਸ਼ਿਸ਼ਾਂ ਦੇ ਬਾਵਜੂਦ ਵੀ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਪੁਲਸ ਨੇ ਪਤੀ ਬਲਵੀਰ ਸਿੰਘ ਨੂੰ ਮੌਕੇ ’ਤੇ ਹੀ ਹਿਰਾਸਤ ’ਚ ਲੈ ਲਿਆ। ਪੁਲਸ ਦਾ ਕਹਿਣਾ ਹੈ ਕਿ ਇਹ ਪਰਿਵਾਰ ਦੇ ਮੈਂਬਰਾਂ ਵਿਚਕਾਰ ਆਪਸੀ ਘਰੇਲੂ ਲੜਾਈ ਝਗੜੇ ਦੇ ਮਸਲੇ ਦੀ ਘਟਨਾ ਜਾਪਦੀ ਹੈ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਿੱਖ ਸ਼ਹੀਦ ਦੀ ਫੋਟੋ ਤੋੜਨ ਕਾਰਨ ਸੰਗਤਾਂ 'ਚ ਭਾਰੀ ਰੋਸ

## ਪੁਲਿਸ ਵਲੋਂ ਮੌਕੇ ਉਪਰ ਨੌਜਵਾਨ ਗ੍ਰਿਫ਼ਤਾਰ, ਵੱਖ ਵੱਖ ਕੇਸਾ ਤਹਿਤ ਐਫ.ਬੀ.ਆਈ. ਵਲੋਂ ਜਾਂਚ ਜਾਰੀ






ਦੇਗ ਤੇਗ ਫ਼ਤਿਹ
ਗੁਰਦੁਆਰਾ ਸਾਹਿਬ ਫਰੀਮੌਂਟ
GURDWARA SAHIB FREMONT
ਪੰਥ ਕੀ ਜੀਤ
SIKH TEMPLE - SAN FRANCISCO BAY AREA

ੴ ਸਤਿਗੁਰ ਪ੍ਰਸਾਦਿ - ਅਕਾਲ ਸਹਾਇ

No. 1709

ਮਿਤੀ - ਅਕਤੂਬਰ ੧੬, ੨੦੨੩

ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਅਕਤੂਬਰ 15,2023 ਰਾਤ 9:00 ਵਜੇ ਦੇ ਕਰੀਬ ਇੱਕ ਅਣਪਛਾਤੇ ਨੌਜਵਾਨ ਵੱਲੋ ਲੰਗਰ ਹਾਲ ਦੀ ਬਿਲਡਿੰਗ ਦੇ ਬਾਹਰਲੇ ਪਾਸੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਜਰ ਦੇ ਫਲੈਕਸ ਬੋਰਡ ਤੋੜਨ ਦੀ ਕੋਸ਼ਿਸ਼ ਕੀਤੀ ਜਿਸਨੂੰ ਮੌਕੇ ਤੇ ਮੌਜੂਦ ਸੇਵਾਦਾਰਾਂ ਵੱਲੋ ਫੜ੍ਹਕੇ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਸੀ ।ਪੁਲਿਸ ਵੱਲੋਂ ਉਸ ਨੋਜਵਾਨ ਤੇ ਚਾਰਜ ਲਾਕੇ ਅੰਦਰ ਕਰ ਦਿੱਤਾ ਗਿਆ ਹੈ ।ਹੁਣ ਤੱਕ ਦੀ ਪੁਲਿਸ ਤਫ਼ਤੀਸ਼ ਦੌਰਾਨ ਉਕਤ ਨੌਜਵਾਨ ਨਸ਼ੇ ਦੀ ਹਾਲਤ ਵਿੱਚ ਦਿਮਾਗੀ ਤੌਰ ਤੇ ਸਹੀ ਨਾ ਹੋਣ ਕਰਕੇ ਬਹੁਤੀ ਉਸ ਕੋਲੋ ਪੁੱਛ-ਗਿੱਛ ਨਹੀ ਕੀਤੀ ਗਈ । ਸ਼ੋਸ਼ਲ ਮੀਡੀਏ ਤੇ ਬਹੁਤ ਸਾਰੀਆਂ ਬੇ ਬੁਨਿਆਦ ਖ਼ਬਰਾਂ ਚੱਲ ਰਹੀਆਂ ਹਨ|

ਫਰੀਮੌਂਟ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਇਸ ਵਾਪਰੀ ਘਟਨਾ ਦੀ ਪੁਰਜੋਰ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੋਈ ਸਾਰਿਆਂ ਨੂੰ ਅਪੀਲ ਕਰਦੀ ਹੈ ਕਿ ਸਾਨੂੰ ਮੌਜੂਦਾ ਵਾਪਰ ਰਹੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਦੇਸ਼ਾਂ ਅਤੇ ਦੇਸ਼ਾ ਵਿੱਚ ਵੱਸਦੇ ਸਿੱਖਾਂ ਨੂੰ ਬਹੁਤ ਸੁਚੇਤ ਰਹਿਣ ਦੀ ਲੋੜ ਹੈ ਕਿਉਂਕਿ ਭਾਰਤੀ ਖੁਫੀਆ ਤੰਤਰ ਇਸ ਹੱਦ ਤੱਕ ਜਾ ਚੁੱਕਾ ਹੈ ਕਿ ਉਹ ਪੈਸੇ ਦੇ ਜ਼ੋਰ ਨਾਲ ਜਾਂ ਹੋਰ ਦੁਨੀਆਵਾਂ ਲਾਲਚਾਂ ਨਾਲ ਸਾਡੇ ਆਪਣਿਆਂ ਨੂੰ ਸਾਡੇ ਖਿਲਾਫ ਖੜ੍ਹਾ ਕਰਕੇ ਸਾਡਾ ਜਾਨੀ ਤੇ ਮਾਲੀ ਨੁਕਸਾਨ ਕਰਾ ਸਕਦਾ ਹੈ । ਹਰ ਪਾਸੇ ਬਹੁਤ ਸੁਚੇਤ ਰਹਿਣ ਦੀ ਲੋੜ ਹੈ ।

ਗੁਰਦੁਆਰਾ ਸਾਹਿਬ ਵਿੱਚ ਵਾਪਰੇ ਇਸ ਘਟਨਾ ਕਰਮ ਦੀ ਤਹਿ ਤੱਕ ਜਾਇਆ ਜਾਵੇਗਾ । ਪੁਲਿਸ ਪ੍ਰਸ਼ਾਸ਼ਨ ਵੱਲੋ ਜੋ ਵੀ ਅਪਡੇਟ ਹੋਵੇਗੀ ਸਮੇਂ ਸਮੇਂ ਸੰਗਤ ਨਾਲ ਸਾਂਝੀ ਕੀਤੀ ਜਾਂਦੀ ਰਹੇਗੀ ।


ਖਾਲਿਸਤਾਨ ਦੇ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਫਰੀਮੌਂਟ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਹਮੇਸ਼ਾ ਯਤਨਸ਼ੀਲ ਸੀ ਤੇ ਯਤਨਸ਼ੀਲ ਰਹੇਗਾ |

ਗੁਰੂ ਪੰਥ ਦੀ ਸੇਵਾ ਵਿਚ ਸਮੂਹ ਸੁਪਰੀਮ ਕੌਂਸਲ ਮੈਂਬਰ –
ਹਰਪ੍ਰੀਤ ਸਿੰਘ ਬੈਂਸ,
ਰਜਿੰਦਰ ਸਿੰਘ ਰਾਜਾ,
ਜਸਪ੍ਰੀਤ ਸਿੰਘ ਅਟਵਾਲ,
ਸੁਰਿੰਦਰਜੀਤ ਕੌਰ,
ਜਸਵੰਤ ਸਿੰਘ

300 Gurdwara Road, Fremont, CA 94536 • Ph: 510.790.0177 • 510.790.3755
www.gurdwarasahibfremont.org • email: info@gurdwarasahibfremont.org

ਫਰੀਮਾਂਟ/ਕੈਲੀਫੋਰਨੀਆ : ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਕਿ ਸਿੱਖ ਸ਼ਹੀਦ ਦੀ ਫੋਟੋ ਤੋੜਨ ਕਾਰਨ ਸੰਗਤਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਕੇਸ ਵਿੱਚ ਮੌਕੇ ਉਪਰ ਹੀ ਪੁਲਿਸ ਵਲੋਂ ਨੌਜਵਾਨ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਵੱਖ ਵੱਖ ਕੇਸਾ ਤਹਿਤ ਐਫ.ਬੀ.ਆਈ. ਵਲੋਂ ਜਾਂਚ ਕੀਤੀ ਜਾ ਰਹੀ ਹੈ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਦੇ ਇੱਕ ਸੀਨੀਆ ਸੇਵਾਦਾਰ ਮੁਤਾਬਿਕ ਜਿੰਨਾ ਚਿਰ ਜਾਂਚ ਚਲ ਰਹੀ ਹੈ ਇਸ ਬਾਰੇ ਕੁਝ ਵੀ ਕਹਿਣਾ ਮੁਨਾਸਿਬ ਨਹੀਂ ਹੈ।

ਇਸ ਮੰਦਭਾਗੀ ਘਟਨਾ ਬਾਰੇ ਸੰਗਤ ਦੇ ਇਕ ਸੇਵਾਦਾਰ ਨੇ ਕਿਹਾ ਕਿ ਇਹੋ ਜਿਹੀਆਂ ਘਟਨਾ ਨਾਲ ਆਪਸ ਵਿਚ ਨਫ਼ਰਤ ਵਧਦੀ ਹੈ। ਅਗਰ ਕਿਸੇ ਨੂੰ ਕੋਈ ਪ੍ਰੇਸ਼ਾਨੀ ਹੈ ਤਾਂ ਉਹ ਪ੍ਰਬੰਧਕ ਕਮੇਟੀ ਨਾਲ ਗੱਲਬਾਤ ਕਰ ਸਕਦਾ ਹੈ। ਇਸ ਬਾਰੇ ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਗੁਰੂਘਰ ਫਰੀਮਾਂਟ ਦੀ ਫੇਸਬੁੱਕ ਉਪਰ ਜਾਣਕਾਰੀ ਮੁਤਾਬਕ ਨੌਜਵਾਨ ਦਾ ਨਾਮ ਰਵਿੰਦਰ ਸਿੰਘ ਤੂਰ ਹੈ ਅਤੇ ਉਹ ਇਸ ਸਮੇਂ ਸੈਂਟਾਰੀਟਾ ਜੇਲ੍ਹ ਵਿਚ ਹੈ, ਪੁਲਿਸ ਨੇ ਉਸ ਉਪਰ PC 415-3 ਤਹਿਤ ਸ਼ਾਂਤੀ ਭੰਗ ਕਰਨ ਦਾ ਦੋਸ਼ ਲਾਇਆ ਹੈ ਅਤੇ (PCS 94 A-M) ਤਕਰੀਬਨ 400 ਡਾਲਰ ਦਾ ਨੁਕਸਾਨ ਕਰਨ ਦਾ ਕੇਸ ਪਾਇਆ ਹੈ। PC 22.7 (A) F ਅਤੇ PC 422 (B)F ਅੰਦਰ ਕੇਸ ਦਰਜ ਕੀਤੇ ਹਨ। ਇਨ੍ਹਾਂ ਸਾਰੇ ਕੇਸਾਂ 'ਚ ਜ਼ਮਾਨਤ ਲਈ 80000 ਡਾਲਰ ਦੀ ਰਕਮ ਤਹਿ ਕੀਤੀ ਗਈ ਹੈ। ਇਸ ਪ੍ਰਤੀ ਰਿਪੋਰਟ ਨੰਬਰ ਨੰਬਰ 231015028 ਨੂੰ ਪ੍ਰਬੰਧਕ ਕਮੇਟੀ ਆਪਣੀ ਫੇਸਬੁੱਕ ਉਪਰ ਪਬਲਿਕ ਦੀ ਜਾਣਕਾਰੀ ਲਈ ਪਾਇਆ ਹੈ ਅਤੇ ਕਮੇਟੀ ਵਲੋਂ ਆਪਣੇ ਲੈਟਰਪੈਡ ਉਪਰ ਲਿਖੀ ਡਿਟੇਲ ਅਤੇ ਰਿਪੋਰਟ ਅਸੀਂ ਖ਼ਬਰ ਦੇ ਨਾਲ ਲਗਾ ਰਹੇ ਹਾਂ ਅਤੇ ਆਸ ਤੇ ਅਰਦਾਸ ਕਰਦੇ ਹਾਂ ਕਿ ਸਾਡੇ ਸਾਰਿਆਂ 'ਚ ਆਪਸੀ ਭਾਈਚਾਰਕ ਸ਼ਾਂਤੀ ਅਤੇ ਪਿਆਰ ਬਣਿਆ ਰਹੇ ਅਤੇ ਫੜੇ ਗਏ ਨੌਜਵਾਨ ਨੂੰ ਵੀ ਅਕਾਲ ਪੁਰਖ ਸਦਭਾਵਨਾ ਅਤੇ ਕੌਮੀ ਪਿਆਰ ਬਖਸ਼ੇ।


ONLINE SERVICES | Frequently Asked Questions | Sheriff's Office | New Query

About Inmate Locator

INMATE LOCATOR — SHERIFF'S OFFICE

Inmate Detail Custody Information

| Name | PFN | Sex | Race | Occupation | DOB | Eye Color | Hair Color | Height | Weight |
|---|---|---|---|---|---|---|---|---|---|
| TOOR, RAVINDER | BLG232 | M | ASIAN INDIAN | PORT OF OAKLAND | 01/28/1993 | BROWN | BLACK | 6'00" | 157 |

Arrest

| Date | Time | City |
|---|---|---|
| 10/15/2023 | 09:55 PM | FREMONT |
| **Event** | **Report No.** | **Exp. Release Date** |
| 3366492 | 231015028 | |

Booking

| Date | Time | Booking Type |
|---|---|---|
| 10/16/2023 | 02:23 AM | ONVIEW |
| **Holding Facility** | | **Housing Unit** |
| SANTA RITA JAIL | | ITRINTAKE |
| **Docket** | **Bail Type** | **Bail Amount** |
| | Bailable | $80,000.00 |

Arrest Charge(s)

| Code | Description |
|---|---|
| PC 415(3) M | OFFENSIVE WORDS PUBLIC PL |
| PC 422.6(B) M | DAMAGE PROP VIO CIVL RGHT |
| PC 422.7(A) F | CIV RGT VIOL VIOLENT INJ |
| PC 594(B)(1) F | VANDALISM $400 OR MORE |

Next Hearing(s)

EAST COUNTY HALL OF JUSTICE

| Date | Time | Dept. | Proceeding |
|---|---|---|---|
| 10/18/2023 | 09:00 AM | 702 | Arraignment * |

* When preparing bail papers, please leave the Court Date, Court Time, and Court Dept. blank.

# ਫ਼ਰਜ਼ੀ ਜਨਮ ਪ੍ਰਮਾਣ ਪੱਤਰ ਮਾਮਲੇ 'ਚ ਆਜ਼ਮ ਖ਼ਾਨ, ਪਤਨੀ ਤੇ ਪੁੱਤਰ ਨੂੰ 7 ਸਾਲ ਦੀ ਕੈਦ



ਰਾਮਪੁਰ : ਬਹੁ-ਚਰਚਿਤ ਫਰਜ਼ੀ ਜਨਮ ਸਰਟੀਫਿਕੇਟ ਮਾਮਲੇ 'ਚ ਰਾਮਪੁਰ (MP-MLA) ਦੀ ਅਦਾਲਤ ਨੇ ਬੁੱਧਵਾਰ ਨੂੰ ਇਤਿਹਾਸਕ ਹੁਕਮ ਦਿੰਦੇ ਹੋਏ ਆਜ਼ਮ ਖਾਨ, ਉਸ ਦੀ ਪਤਨੀ ਤਨਜ਼ੀਮ ਫਾਤਿਮਾ ਤੇ ਬੇਟੇ ਅਬਦੁੱਲਾ ਆਜ਼ਮ ਨੂੰ ਸੱਤ-ਸੱਤ ਸਾਲ ਦੀ ਸਜ਼ਾ ਸੁਣਾਈ ਹੈ। ਜਾਣਕਾਰੀ ਅਨੁਸਾਰ ਤਿੰਨਾਂ ਨੂੰ ਅੱਜ ਹੀ ਅਦਾਲਤ ਤੋਂ ਸਿੱਧੇ ਜੇਲ੍ਹ ਭੇਜ ਦਿੱਤਾ ਜਾਵੇਗਾ।

ਇਸ ਮਾਮਲੇ 'ਚ ਦੋਵਾਂ ਪੱਖਾਂ ਨੂੰ ਸੁਣਨ ਤੋਂ ਬਾਅਦ ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਆਜ਼ਮ ਖਾਨ, ਪਤਨੀ ਤਨਜ਼ੀਮ ਤੇ ਬੇਟੇ ਅਬਦੁੱਲਾ ਨੂੰ ਦੋਸ਼ੀ ਕਰਾਰ ਦਿੱਤਾ ਹੈ। ਹਾਈ ਪ੍ਰੋਫਾਈਲ ਕੇਸ ਹੋਣ ਕਾਰਨ ਅਦਾਲਤ 'ਚ ਸਵੇਰ ਤੋਂ ਹੀ ਪੁਲਿਸ ਦਾ ਸਖ਼ਤ ਪਹਿਰਾ ਸੀ। ਦੱਸ ਦੇਈਏ ਕਿ ਭਾਜਪਾ ਵਿਧਾਇਕ ਆਕਾਸ਼ ਸਕਸੈਨਾ ਨੇ ਆਜ਼ਮ ਖਾਨ, ਉਸ ਦੀ ਪਤਨੀ ਅਤੇ ਬੇਟੇ ਅਬਦੁੱਲਾ ਖਿਲਾਫ ਗੰਜ ਥਾਣੇ 'ਚ ਐੱਫਆਈਆਰ ਦਰਜ ਕਰਵਾਈ ਸੀ। ਭਾਜਪਾ ਵਿਧਾਇਕ ਆਕਾਸ਼ ਸਕਸੈਨਾ ਵੱਲੋਂ ਆਜ਼ਮ ਖ਼ਾਨ ਦੇ ਪਰਿਵਾਰ ਖ਼ਿਲਾਫ਼ ਦੋ ਜਨਮ ਸਰਟੀਫਿਕੇਟਾਂ ਦਾ ਮਾਮਲਾ ਦਰਜ ਕੀਤਾ ਗਿਆ ਸੀ। ਦੋਸ਼ ਸੀ ਕਿ ਆਜ਼ਮ ਖਾਨ ਨੇ ਆਪਣੇ ਬੇਟੇ ਦੇ ਦੋ ਜਨਮ ਸਰਟੀਫਿਕੇਟ ਵੱਖ-ਵੱਖ ਜਨਮ ਮਿਤੀਆਂ ਨਾਲ ਬਣਾਏ ਸਨ। ਇਸ ਵਿਚ ਇਕ ਜਨਮ ਸਰਟੀਫਿਕੇਟ ਰਾਮਪੁਰ ਨਗਰਪਾਲਿਕਾ ਤੋਂ ਬਣਾਇਆ ਗਿਆ ਹੈ, ਜਦੋਂਕਿ ਦੂਜਾ ਲਖਨਊ ਤੋਂ ਬਣਾਇਆ ਗਿਆ ਹੈ। ਇਸ ਮਾਮਲੇ 'ਚ ਆਜ਼ਮ ਖਾਨ ਤੋਂ ਇਲਾਵਾ ਉਨ੍ਹਾਂ ਦੇ ਬੇਟੇ ਅਬਦੁੱਲਾ ਅਤੇ ਪਤਨੀ ਸਾਬਕਾ ਸੰਸਦ ਮੈਂਬਰ ਤਨਜ਼ਿਮ ਫਾਤਿਮਾ ਦਾ ਨਾਂ ਵੀ ਹੈ।

# ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਅਕਤੂਬਰ 28 ਨੂੰ ਨਿਊਯਾਰਕ ਵਿਖੇ ਕਰਵਾਈ ਜਾਵੇਗੀ

## ਅਮਰੀਕਾ ਵਿੱਚ ਪਹਿਲੀ ਵਾਰੀ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਵੱਖ-ਵੱਖ ਰਾਜਾਂ ਤੋਂ ਖਿਡਾਰੀ ਹਿੱਸਾ ਲੈਣਗੇ







ਨਿਊਯਾਰਕ : ਅਮਰੀਕਾ ਵਿੱਚ ਗੱਤਕੇ ਦੇ ਪ੍ਰਚਾਰ-ਪ੍ਰਸਾਰ ਹਿੱਤ ਪੱਬਾ ਭਾਰ ਹੋ ਕੇ ਕੰਮ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜਥੇਬੰਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਇਤਿਹਾਸਿਕ ਮੀਲ ਪੱਥਰ ਰੱਖਦੇ ਹੋਏ ਅਮਰੀਕਾ ਵਿੱਚ ਪਹਿਲੀ ਵਾਰੀ ਦਿਨ ਸ਼ਨੀਵਾਰ, ਅਕਤੂਬਰ 28 ਨੂੰ "ਦਿ ਸਿੱਖ ਸੈਂਟਰ ਆਫ ਨਿਊਯਾਰਕ ਇੰਕ", 222-28-95 ਅਵੈਨਿਉ, ਕੁਇਨਜ ਵਿਲੇਜ ਨਿਊਯਾਰਕ ਦੇ ਉਚੇਚੇ ਸਹਿਯੋਗ ਨਾਲ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਕਰਵਾਉਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਗੱਤਕਾ ਫੈਡਰੇਸ਼ਨ ਯੂ.ਐਸ.ਏ ਪਿਛਲੇ ਕਾਫੀ ਸਾਲਾਂ ਤੋਂ ਗੱਤਕੇ ਦੇ ਪ੍ਰਚਾਰ ਹਿੱਤ ਵੱਖ ਵੱਖ ਰਾਜਾਂ ਵਿੱਚ ਗੱਤਕਾ ਸਿਖਲਾਈ ਲਈ ਉਪਰਾਲੇ ਕਰ ਰਹੀ ਹੈ। ਨਵੇਂ ਖਿਡਾਰੀਆਂ ਨੂੰ ਮੌਕੇ ਪ੍ਰਦਾਨ ਕਰਨ ਅਤੇ ਨੈਸ਼ਨਲ ਕੈਂਪਾਂ ਦੇ ਆਯੋਜਨ ਨਾਲ ਤਕਨੀਕੀ ਮਾਹਿਰਾਂ ਦੇ ਨਾਲ-ਨਾਲ ਗੱਤਕਾ ਆਫੀਸ਼ਅਲਜ ਪੈਦਾ ਕਰਨਾ ਫੈਡਰੇਸ਼ਨ ਦੇ ਮੁੱਢਲੇ ਉਦੇਸ਼ਾਂ ਵਿੱਚੋਂ ਇੱਕ ਹੈ।

ਅਮਰੀਕਾ ਵਿੱਚ ਕਰਵਾਈ ਜਾ ਰਹੀ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਦੇ ਬਾਰੇ ਵਿਸਤਾਰ ਵਿੱਚ ਗੱਲ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਚੈਅਰਮੈਨ ਸ. ਗੁਰਿੰਦਰ ਸਿੰਘ ਖਾਲਸਾ ਅਤੇ ਪ੍ਰਧਾਨ ਸ. ਕਲਵਿੰਦਰ ਸਿੰਘ ਕੈਲੀਫੋਰਨੀਆ ਉੱਘੇ ਕਾਰੋਬਾਰੀ ਵਲੋਂ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਆਖਿਆ ਹੈ ਕਿ ਭਾਵੇਂ ਕਿ ਵੱਖ-ਵੱਖ ਜੱਥੇਬੰਦੀਆਂ ਅਤੇ ਫੈਡਰੇਸ਼ਨ ਵਲੋਂ ਗੱਤਕਾ ਪ੍ਰਚਾਰ ਹਿੱਤ ਕਈ ਉਪਰਾਲੇ ਕੀਤੇ ਜਾਂਦੇ ਹਨ ਪਰ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਆਪਣੇ ਆਪ ਵਿੱਚ ਨਿਵੇਕਲੀ ਹੋਵੇਗੀ ਕਿਉਂਕਿ ਅਮਰੀਕਾ ਵਿੱਚ ਗੱਤਕਾ ਖੇਡ ਦਾ ਨੈਸ਼ਨਲ ਪੱਧਰ ਦਾ ਮੁਕਾਬਲਾ ਅਜੇ ਤੱਕ ਨਹੀਂ ਕਰਵਾਇਆ ਗਿਆ ਜੋ ਕਿ ਇਤਿਹਾਸਕ ਹੋਵੇਗਾ। ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ ਦੇ ਪ੍ਰਧਾਨ ਸ. ਕਲਵਿੰਦਰ ਸਿੰਘ ਕੈਲੀਫੋਰਨੀਆ ਨੇ ਜਾਣਕਾਰੀ ਦਿੱਤੀ ਕਿ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵੱਖ-ਵੱਖ ਉਮਰ ਵਰਗ ਦੇ ਤਿੰਨ ਵੱਖ-ਵੱਖ ਮੁਕਾਬਲੇ ਕਰਵਾਉਣ ਜਾ ਰਹੀ ਹੈ। ਜਿਸਦੇ ਤਹਿਤ ਉਮਰ ਵਰਗ 14 ਸਾਲ ਦੇ ਵਿੱਚ ਪ੍ਰਦਰਸ਼ਨੀ ਅਤੇ ਸਿੰਗਲ ਸੋਟੀ ਫਾਈਟ ਇਵੇਂਟ ਵਿੱਚ ਕ੍ਰਮਵਾਰ ਉਮਰ ਵਰਗ 17 ਅਤੇ 21 ਸਾਲ ਦੇ ਸਿੰਘ ਅਤੇ ਕੌਰ ਦੇ ਮੁਕਾਬਲੇ ਹੋਣਗੇ। ਉਹਨਾਂ ਦੱਸਿਆ ਕਿ ਇਸ ਮੌਕੇ ਡਾ. ਦੀਪ ਸਿੰਘ ਜਨਰਲ ਸਕੱਤਰ ਵਿਸ਼ਵ ਗੱਤਕਾ ਫੈਡਰੇਸ਼ਨ ਵਿਸ਼ੇਸ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਚੈਪੀਅਨਸ਼ਿਪ ਦੇ ਜੇਤੂਆਂ ਨੂੰ ਇਨਾਮ ਵੀ ਵੰਡਣਗੇ।

ਇਸ ਸਬੰਧੀ ਵਿਸਤਾਰ ਨਾਲ ਦੱਸਦਿਆਂ ਸ. ਦਲੇਰ ਸਿੰਘ ਚੇਅਰਮੈਨ, ਜਸਕੀਰਤ ਸਿੰਘ ਪ੍ਰਧਾਨ ਨਿਊਯਾਰਕ ਗੱਤਕਾ ਐਸੋਸੀਏਸ਼ਨ ਜਾਣਕਾਰੀ ਸਾਂਝੀ ਕੀਤੀ ਗਈ ਕਿ ਇਹਨਾਂ ਨੈਸ਼ਨਲ ਮੁਕਾਬਲਿਆਂ ਵਿੱਚ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਰੂਲਜ਼ ਲਾਗੂ ਹੋਣਗੇ ਅਤੇ ਮਾਨਤਾ ਪ੍ਰਾਪਤ ਰੈਫਰੀ ਅਤੇ ਜੱਜ ਸਾਹਿਬਾਨ ਹੀ ਜੱਜਮੈਂਟ-ਰੈਫਰੀ ਕੌਂਸ਼ਲ ਵਿੱਚ ਸੇਵਾ ਨਿਭਾਉਣਗੇ। ਉਹਨਾਂ ਚਾਨਣਾ ਪਾਇਆ ਕਿ ਇਹਨਾਂ ਮੁਕਾਬਲਿਆਂ ਦਾ ਮਨੋਰਥ ਨੌਜਵਾਨ ਪੀੜ੍ਹੀ ਨੂੰ ਬਾਣੀ-ਬਾਣੇ ਨਾਲ ਜੋੜਨਾ ਅਤੇ ਸਿੱਖ ਪੰਥ ਦੇ ਗੌਰਵਮਈ ਇਤਿਹਾਸ ਨਾਲ ਜੋੜਨਾ ਹੈ। ਅੱਗੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਗੱਤਕਾ ਜਿੱਥੇ ਬੱਚਿਆਂ ਨੂੰ ਧਰਮ ਤੇ ਵਿਰਸੇ ਨਾਲ ਜੋੜਦਾ ਹੈ, ਉਥੇ ਹੀ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਵੀ ਵੱਡਾ ਯੋਗਦਾਨ ਅਦਾ ਕਰਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਂਉਟੀ, ਸਿੱਖ ਆਗੂ ਭਾਈ ਗਗਨਦੀਪ ਸਿੰਘ ਬਰੇਲੀ, ਸੀਨੀਅਰ ਗੱਤਕਾ ਕੋਚ ਸੁਜਾਨ ਸਿੰਘ, ਦਸ਼ਮੇਸ ਸਿੰਘ ਪਲੇਨਵਿਉ ਅਤੇ ਬਲਜਿੰਦਰ ਸਿੰਘ ਬਨਵੈਤ ਆਦਿ ਵਿਸ਼ੇਸ ਤੌਰ 'ਤੇ ਹਾਜ਼ਰ ਸਨ।

# ਜੇਕਰ ਸਿੱਖਾਂ ਦੀਆਂ ਸ਼ਹਾਦਤਾ ਨਾ ਹੁੰਦੀਆਂ ਤਾਂ ਬਚਿਆ ਖੁਚਿਆ ਭਾਰਤ ਵੀ ਭਾਰਤ ਨਾ ਹੁੰਦਾ : ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ

## ਭਾਰਤ ਦੇ ਉਘੇ ਸਿੱਖ ਆਗੂਆ ਵਲੋਂ ਗ੍ਰਹਿ ਮੰਤਰੀ ਦਾ ਸ਼੍ਰੀ ਸਾਹਿਬ ਅਤੇ ਸਿਰੋਪਾਉ ਨਾਲ ਸਨਮਾਨ

ਨਵੀਂ ਦਿੱਲੀ : (ਸਾਡੇ ਲੋਕ) ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਾ ਪੀੜਤਾਂ ਨੂੰ ਨਿਆਂ ਸਾਲ 2014 ਵਿੱਚ ਮੋਦੀ ਸਰਕਾਰ ਦੇ ਸੱਤਾ 'ਚ ਆਉਣ ਮਗਰੋਂ ਹੀ ਸ਼ੁਰੂ ਹੋਇਆ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਇੱਕ ਸਮਾਗਮ ਦੌਰਾਨ ਸ੍ਰੀ ਸ਼ਾਹ ਨੇ ਕਿਹਾ ਕਿ ਮੋਦੀ ਸਰਕਾਰ ਨੇ 'ਸਿਟ' ਬਣਾਈ ਤੇ ਦੰਗਿਆਂ ਨਾਲ ਸਬੰਧਤ 300 ਕੇਸ ਮੁੜ ਖੋਲ੍ਹ ਕੇ ਕਥਿਤ ਦੋਸ਼ੀਆਂ ਨੂੰ ਜੇਲ੍ਹ ਭੇਜਣ ਦੀ ਕਵਾਇਦ ਸ਼ੁਰੂ ਕੀਤੀ ਤੇ ਹਰ ਪੀੜਤ ਦੇ ਪਰਿਵਾਰ ਨੂੰ ਸਾਲ 2014 ਮਗਰੋਂ ਪੰਜ ਲੱਖ ਰੁਪਏ (3,328 ਪੀੜਤ ਪਰਿਵਾਰਾਂ) ਮੁਆਵਜ਼ਾ ਦਿੱਤਾ ਗਿਆ। ਸਮਾਗਮ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਤ ਸਮਾਜ ਦੇ ਜਥਿਆਂ ਨੇ ਸ੍ਰੀ ਸ਼ਾਹ ਨੂੰ ਸ੍ਰੀ ਸਾਹਿਬ ਅਤੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਇਸ ਦੌਰਾਨ ਗ੍ਰਹਿ ਮੰਤਰੀ ਨੇ ਕਿਹਾ ਕਿ ਭਾਵੇਂ ਦੇਸ਼ ਦੀ ਆਜ਼ਾਦੀ ਦੀ ਗੱਲ ਹੋਵੇ ਜਾਂ ਮੁਗਲਾਂ ਤੇ ਅੰਗਰੇਜ਼ਾਂ ਖਿਲਾਫ਼ ਲੜਾਈ ਜਾਂ ਦੇਸ਼ ਵੰਡ ਹੋਵੇ ਤੇ ਦੇਸ਼ ਵਾਸਤੇ ਸ਼ਹਾਦਤ ਦੇਣ ਦੀ ਗੱਲ ਹੋਵੇ, ਸਿੱਖ ਕੌਮ ਹਮੇਸ਼ਾ ਨੰਬਰ ਇੱਕ 'ਤੇ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਸਾਰੀ ਦੁਨੀਆ ਗੁਰੂ ਨਾਨਕ ਦੇਵ





ਜੀ ਦੀਆਂ ਸਿੱਖਿਆਵਾਂ 'ਤੇ ਚੱਲ ਰਹੀ ਹੈ ਜਿਨ੍ਹਾਂ ਉਸ ਵੇਲੇ ਲੋਕਾਂ ਨੂੰ ਰਾਹ ਦਿਖਾਇਆ ਜਦੋਂ ਸਾਰੇ ਧਰਮ ਆਪਸ ਵਿੱਚ ਲੜ ਰਹੇ ਸਨ। ਉਨ੍ਹਾਂ ਸਿੱਖ ਕੌਮ ਵੱਲੋਂ 'ਧਰਮ ਤੇ ਕਰਮ' ਦੋਵਾਂ ਵਾਸਤੇ ਬਰਾਬਰ ਕੰਮ ਕਰਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੀਏਏ ਤਹਿਤ ਪ੍ਰਧਾਨ ਮੰਤਰੀ ਸ੍ਰੀ ਮੋਦੀ ਉਨ੍ਹਾਂ ਸਿੱਖ ਭਰਾਵਾਂ ਨੂੰ ਨਾਗਰਿਕਤਾ ਦੇਣੀ ਚਾਹੁੰਦੇ ਸਨ ਜੋ ਅਫ਼ਗਾਨਿਸਤਾਨ, ਬੰਗਲਾਦੇਸ਼ ਜਾਂ ਪਾਕਿਸਤਾਨ ਤੋਂ ਆਏ ਹੋਣ।

ਸ੍ਰੀ ਸ਼ਾਹ ਨੇ ਕਿਹਾ ਕਿ ਇਹ ਸਿਰਫ਼ ਸਿੱਖ ਪੰਥ ਹੀ ਹੈ ਜਿਸਦੇ ਪਹਿਲੇ ਗੁਰੂ ਨਾਨਕ ਦੇਵ ਤੋਂ ਲੈ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਸਮਾਜਿਕ ਅਨਿਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਤੇ ਸ਼ਹਾਦਤਾਂ ਦਿੱਤੀਆਂ। ਇਤਿਹਾਸ ਵਿੱਚ ਸਿੱਖ ਗੁਰੂਆਂ ਦੀਆਂ ਸ਼ਹਾਦਤਾਂ ਦੀ ਕੋਈ ਬਰਾਬਰੀ ਨਹੀਂ ਹੈ। ਜੇਕਰ ਸਿੱਖਾਂ ਦੀਆ ਸ਼ਹਾਦਤਾ ਨਾ ਹੁੰਦੀਆ ਤਾਂ ਬਚਿਆ ਖੁਚਿਆ ਭਾਰਤ ਵੀ ਭਾਰਤ ਨਾ ਹੁੰਦਾ ਅਸੀ ਗੁਰੂ ਸਾਹਿਬਾਨ ਅਤੇ ਮਹਾਨ ਸਿੱਖ ਸ਼ਹੀਦਾ ਨੂੰ ਪ੍ਰਣਾਮ ਕਰਦੇ ਹਾ। ਇਸ ਦੌਰਾਨ ਸ੍ਰੀ ਸਿਰਸਾ ਨੇ ਦੱਸਿਆ ਕਿ ਪੰਜ ਮੁੱਖ ਸਿੱਖਾਂ ਨੂੰ ਕੇਂਦਰੀ ਯੂਨੀਵਰਸਿਟੀਆਂ ਦੇ ਚਾਂਸਲਰ ਤੇ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ। ਗੁਰੂ ਅੰਗਦ ਦੇਵ ਟੀਚਰ ਟਰੇਨਿੰਗ ਇੰਸਟੀਚਿਊਟ ਖੋਲ੍ਹਿਆ ਗਿਆ ਜਿਸ ਵਿੱਚ ਹੁਣ ਤੱਕ 80 ਹਜ਼ਾਰ ਤੋਂ ਜ਼ਿਆਦਾ ਅਧਿਆਪਕ ਸਿਖਲਾਈ ਲੈ ਚੁੱਕੇ ਹਨ। ਇਸ ਦੌਰਾਨ ਤਰਲੋਚਨ ਸਿੰਘ ਨੇ ਦੱਸਿਆ ਕਿ ਹਰਿਆਣਾ ਵਿੱਚ 18 ਲੱਖ, ਰਾਜਸਥਾਨ ਵਿੱਚ 16 ਲੱਖ, ਦਿੱਲੀ ਵਿੱਚ 9 ਲੱਖ ਅਤੇ ਯੂ ਪੀ ਵਿੱਚ 5 ਲੱਖ ਸਿੱਖ ਰਹਿੰਦੇ ਹਨ। ਹਰਮੀਤ ਸਿੰਘ ਕਾਲਕਾ ਨੇ ਮਤਾ ਪੇਸ਼ ਕੀਤਾ ਜਿਸ ਵਿੱਚ ਵੱਖਵਾਦੀ ਤਾਕਤਾਂ ਦੀ ਨਿਖੇਧੀ ਕਰਦਿਆਂ ਇਹ ਸਪੱਸ਼ਟ ਕਿਹਾ ਗਿਆ ਕਿ ਸਿੱਖ ਕੌਮ ਹਮੇਸ਼ਾ ਦੇਸ਼ ਨਾਲ ਡੱਟ ਕੇ ਖੜ੍ਹੀ ਹੈ। ਸਮਾਗਮ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਅਸੰਧ ਅਤੇ ਪ੍ਰਸ਼ਾਸਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਪ੍ਰਬੰਧਕੀ ਬੋਰਡ ਵਿਜੇ ਸਤਿਬੀਰ ਸਿੰਘ ਨੇ ਵੀ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਸ਼ਾਹ ਦਾ ਸਨਮਾਨ ਕੀਤਾ।







### ਸ੍ਰੀ ਰਕਾਬਗੰਜ ਸਾਹਿਬ ਵਿਖੇ ਨਤਮਸਤਕ ਹੋਏ ਨਿਤਿਨ ਗਡਕਰੀ; ਮੁਫ਼ਤ ਕੈਂਸਰ ਕੇਅਰ ਅਤੇ ਅੱਖਾਂ ਦੇ ਚੈਕਅਪ ਕੈਂਪ ਦਾ ਕੀਤਾ ਉਦਘਾਟਨ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਅਤੇ ਸਮਾਜ ਲਈ ਆਪਣਾ ਸਰਬੰਸ ਵਾਰਿਆ : ਨਿਤਿਨ ਗਡਕਰੀ








ਨਵੀਂ ਦਿੱਲੀ:ਕੇਂਦਰੀ ਮੰਤਰੀ ਨਿਤਿਨ ਗਡਕਰੀ ਅੱਜ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨਾਲ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਸਣੇ ਕਈ ਆਗੂ ਮੌਜੂਦ ਰਹੇ। ਇਸ ਦੌਰਾਨ ਉਨ੍ਹਾਂ ਵਲੋਂ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਮੁਫ਼ਤ ਕੈਂਸਰ ਕੇਅਰ ਅਤੇ ਅੱਖਾਂ ਦੇ ਚੈੱਕਅਪ ਕੈਂਪ ਦਾ ਉਦਘਾਟਨ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਕੈਂਸਰ ਦੀ ਮੁਫ਼ਤ ਜਾਂਚ ਕਰਨ ਵਾਲੀਆਂ ਬੱਸਾਂ ਨੂੰ ਵੀ ਰਵਾਨਾ ਕੀਤਾ। ਨਿਤਿਨ ਗਡਕਰੀ ਨੇ ਕਿਹਾ ਦੁਨੀਆਂ ਭਰ ਵਿਚ ਕੈਂਸਰ ਦੀ ਬੀਮਾਰੀ ਫੈਲੀ ਹੋਈ ਹੈ ਅਤੇ ਗੁਰਦੁਆਰਾ ਸਾਹਿਬ ਦੀ ਪਵਿੱਤਰ ਧਰਤੀ ਤੋਂ ਇਸ ਦੀ ਜਾਂਚ ਦੀ ਸ਼ੁਰੂਆਤ ਹੋਈ ਹੈ। ਉਨ੍ਹਾਂ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਬੀਮਾਰੀ ਦਾ ਇਲਾਜ ਤਾਂ ਹੀ ਹੋ ਸਕਦਾ ਹੈ ਜੇਕਰ ਸਾਨੂੰ ਸ਼ੁਰੂਆਤੀ ਦੌਰ ਵਿਚ ਹੀ ਬੀਮਾਰੀ ਬਾਰੇ ਪਤਾ ਲੱਗ ਜਾਵੇ। ਇਸ ਲਈ ਸੱਭ ਤੋਂ ਪਹਿਲਾਂ ਮੁਫ਼ਤ ਕੈਂਸਰ ਜਾਂਚ ਦੀ ਸਹੂਲਤ ਦੇਣਾ ਸ਼ਲਾਘਾਯੋਗ ਕਦਮ ਹੈ। ਇਸ ਬੀਮਾਰੀ ਨੇ ਅਨੇਕਾਂ ਜ਼ਿੰਦਗੀਆਂ ਬਰਬਾਦ ਕੀਤੀਆਂ ਹਨ, ਸਾਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗ਼ਰੀਬਾਂ ਦੇ ਸੇਵਾ ਕਰਨਾ ਰੱਬ ਦੀ ਸੇਵਾ ਦੇ ਬਰਾਬਰ ਹੈ।

ਕੇਂਦਰੀ ਮੰਤਰੀ ਨੇ ਦਸਿਆ ਕਿ ਉਨ੍ਹਾਂ ਨੇ ਹੁਣ ਤਕ 40 ਹਜ਼ਾਰ ਮੁਫ਼ਤ ਦਿਲ ਦੀਆਂ ਸਰਜਰੀਆਂ ਕਰਵਾਈਆਂ ਹਨ। ਇਸ ਤੋਂ ਇਲਾਵਾ ਹਜ਼ਾਰਾਂ ਲੋਕਾਂ ਨੂੰ ਐਨਕਾਂ ਅਤੇ ਸੁਣਨ ਵਾਲੀਆਂ ਮਸ਼ੀਨਾਂ ਵੀ ਮੁਫ਼ਤ ਮੁਹਈਆ ਕਰਵਾਈਆਂ ਹਨ। ਨਿਤਿਨ ਗਡਕਰੀ ਨੇ ਕਿਹਾ ਕਿ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਕਾਰਨ ਬਹੁਤ ਨੁਕਸਾਨ ਹੁੰਦਾ ਹੈ, ਕਿਸਾਨਾਂ ਨੂੰ ਇਸ ਦੀ ਵਰਤੋਂ ਬੰਦ ਕਰਨੀ ਚਾਹੀਦੀ ਹੈ।

ਨਿਤਿਨ ਗਡਕਰੀ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਅਤੇ ਸਮਾਜ ਲਈ ਆਪਣਾ ਸਰਬੰਸ ਵਾਰ ਦਿਤਾ। ਸਾਨੂੰ ਇਸ ਇਤਿਹਾਸ ਤੋਂ ਸੇਧ ਲੈ ਕੇ ਲੋਕ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਦੱਸ ਦੇਈਏ ਕਿ ਇਹ ਕੈਂਪ ਗਲੋਬਲ ਪੰਜਾਬੀ ਐਸੋਸੀਏਸ਼ਨ ਵਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਗਲੋਬਲ ਪੰਜਾਬੀ ਐਸੋਸੀਏਸ਼ਨ ਹੁਣ ਤਕ 400 ਕੈਂਸਰ ਡਿਟੈਂਸ਼ਨ ਕੈਂਪ ਲਗਾ ਚੁੱਕੀ ਹੈ ਅਤੇ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਤ ਉਨ੍ਹਾਂ ਦਾ 400ਵਾਂ ਕੈਂਪ ਸੀ।

# ਭਗਵੰਤ ਮਾਨ ਨੇ ਸ਼ਹੀਦ ਅਗਨੀਵੀਰ ਅੰਮ੍ਰਿਤਪਾਲ ਸਿੰਘ ਦੇ ਘਰ ਜਾ ਕੇ ਪਰਿਵਾਰ ਨਾਲ ਦੁੱਖ ਵੰਡਾਇਆ

## ਸਨਮਾਨ ਰਾਸ਼ੀ ਵਜੋਂ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ









ਕੋਟਲੀ ਕਲਾਂ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜੰਮੂ ਕਸ਼ਮੀਰ ਵਿੱਚ ਦੇਸ਼ ਦੀ ਸੇਵਾ ਨਿਭਾਉਂਦਿਆਂ ਸ਼ਹੀਦੀ ਪ੍ਰਾਪਤ ਕਰਨ ਵਾਲੇ ਅਗਨੀਵੀਰ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨੂੰ ਸਨਮਾਨ ਰਾਸ਼ੀ ਵਜੋਂ ਇਕ ਕਰੋੜ ਰੁਪਏ ਦੇ ਚੈੱਕ ਸੌਂਪਿਆ। ਮੁੱਖ ਮੰਤਰੀ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੇ ਦੇਸ਼ ਪ੍ਰਤੀ ਯੋਗਦਾਨ ਦੇ ਸਤਿਕਾਰ ਵਿੱਚ ਸੂਬਾ ਸਰਕਾਰ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਦੇਵੇਗੀ।

ਮਾਨਸਾ ਦੇ ਪਿੰਡ ਕੋਟਲੀ ਕਲਾਂ ਵਿਖੇ ਸ਼ਹੀਦ ਦੇ ਜੱਦੀ ਘਰ ਦਾ ਦੌਰਾ ਕਰਨ ਉਪਰੰਤ ਮੁੱਖ ਮੰਤਰੀ ਨੇ ਕਿਹਾ ਕਿ ਇਸ ਬਹਾਦਰ ਸੈਨਿਕ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਆਪਣਾ ਫਰਜ਼ ਨਿਭਾਉਂਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ ਹੈ ਅਤੇ ਉਸ ਵੱਲੋਂ ਪਾਏ ਗਏ ਵੱਡਮੁੱਲੇ ਯੋਗਦਾਨ ਦੇ ਸਨਮਾਨ ਵਜੋਂ ਸੂਬਾ ਸਰਕਾਰ ਦਾ ਇਹ ਨਿਮਾਣਾ ਜਿਹਾ ਉਪਰਾਲਾ ਹੈ।

ਮੁੱਖ ਮੰਤਰੀ ਨੇ ਦੇਸ਼ ਦੇ ਪਹਿਲੇ ਸ਼ਹੀਦ ਅਗਨੀਵੀਰ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੂੰ ਮਿਲ ਕੇ ਸ਼ਹੀਦ ਸੈਨਿਕ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ ਜਿਸ ਨੇ 19 ਵਰ੍ਹਿਆਂ ਦੀ ਉਮਰ ਵਿੱਚ ਦੇਸ਼ ਦੀ ਖਾਤਰ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਸਰਕਾਰ ਪਰਿਵਾਰ ਦੇ ਨਾਲ ਖੜ੍ਹੀ ਹੈ ਕਿਉਂਕਿ ਇਹ ਦੇਸ਼ ਅਤੇ ਖਾਸ ਕਰਕੇ ਸ਼ਹੀਦ ਦੇ ਪਰਿਵਾਰ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਸ਼ਹੀਦ ਦੇ ਨਾਮ ਉਤੇ ਬੁੱਤ ਵੀ ਸਥਾਪਤ ਕੀਤਾ ਜਾਵੇਗਾ।

ਸ਼ਹੀਦ ਅੰਮ੍ਰਿਤਪਾਲ ਸਿੰਘ ਨੂੰ ਫੌਜ ਵੱਲੋਂ 'ਗਾਰਡ ਆਫ ਆਨਰ' ਨਾ ਦੇਣ ਉਤੇ ਸਖ਼ਤ ਇਤਰਾਜ਼ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭੇਦਭਾਵ ਵਾਲੇ ਇਸ ਮਾੜੇ ਵਰਤਾਰੇ ਨਾਲ ਫੌਜੀ ਜਵਾਨਾਂ ਦੇ ਮਨੋਬਲ ਨੂੰ ਸੱਟ ਵੱਜੇਗੀ। ਉਨ੍ਹਾਂ ਕਿਹਾ ਕਿ ਸ਼ਹੀਦ ਜਵਾਨ ਅਗਨੀਵੀਰ ਹੋਣ ਕਰਕੇ ਫੌਜ ਦਾ ਉਸ ਪ੍ਰਤੀ ਇਹ ਵਤੀਰਾ ਬਹੁਤ ਦੁਖਦਾਇਕ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਦੇ ਮਾਪਿਆਂ ਨੇ ਆਪਣਾ ਬੇਟਾ ਦੇਸ਼ ਦੀ ਸੇਵਾ ਕਰਨ ਲਈ ਭੇਜਿਆ ਸੀ ਅਤੇ ਡਿਊਟੀ ਨਿਭਾਉਂਦਿਆਂ ਉਸ ਦੀ ਮੌਤ ਨੂੰ ਸ਼ਹੀਦ ਨਾ ਮੰਨਣਾ ਬਹੁਤ ਮੰਦਭਾਗੀ ਗੱਲ ਹੈ ਜਿਸ ਨਾਲ ਗਲਤ ਮਿਸਾਲ ਪੈਦਾ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਦੇਖਿਆ ਗਿਆ ਹੈ ਕਿ ਸ਼ਹੀਦ ਸੈਨਿਕ ਦੀ ਦੇਹ ਨੂੰ ਪ੍ਰਾਈਵੇਟ ਐਂਬੂਲੈਂਸ ਵਿੱਚ ਲਿਆਉਣਾ ਪਿਆ ਹੋਵੇ ਜੋ ਸਰਾਸਰ ਸ਼ਹੀਦ ਦਾ ਅਪਮਾਨ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦਾ 60 ਫੀਸਦੀ ਬਜਟ ਰੱਖਿਆ ਦੇ ਖੇਤਰ ਲਈ ਹੁੰਦਾ ਹੈ ਪਰ ਫੌਜ ਵੱਲੋਂ ਸ਼ਹੀਦ ਅੰਮ੍ਰਿਤਪਾਲ ਸਿੰਘ ਦੀ ਦੇਹ ਲਿਜਾਣ ਲਈ ਐਂਬੂਲੈਂਸ ਤੱਕ ਵੀ ਮੁਹੱਈਆ ਨਹੀਂ ਕਰਵਾਈ ਗਈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਦੀ ਸ਼ਹਾਦਤ ਨੂੰ ਖ਼ੁਦਕੁਸ਼ੀ ਕਰਾਰ ਦੇਣਾ ਹੋਰ ਵੀ ਦੁੱਖ ਦੀ ਗੱਲ ਹੈ। ਉਨ੍ਹਾਂ ਨੇ ਫੌਜ ਦੇ ਬਿਆਨ ਨੂੰ ਜ਼ਖਮਾਂ ਉਤੇ ਲੂਣ ਛਿੜਕਣ ਵਾਲਾ ਦੱਸਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਲਈ ਮਰ-ਮਿਟਣ ਦਾ ਜਜ਼ਬਾ ਲੈ ਕੇ ਡਿਊਟੀ ਉਤੇ ਜਾਣ ਵਾਲਾ ਬਹਾਦਰ ਫੌਜੀ ਕਦੇ ਵੀ ਖ਼ੁਦਕੁਸ਼ੀ ਨਹੀਂ ਕਰ ਸਕਦਾ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਸ਼ਹੀਦਾਂ ਨਾਲ ਅਜਿਹਾ ਸਲੂਕ ਕੀਤਾ ਜਾਣਾ ਲੱਗਾ ਤਾਂ ਫੇਰ ਮਾਪੇ ਆਪਣੇ ਬੱਚਿਆਂ ਨੂੰ ਫੌਜ ਵਿੱਚ ਭੇਜਣ ਤੋਂ ਗੁਰੇਜ਼ ਕਰਨ ਲੱਗ ਪੈਣਗੇ।

ਅਗਨੀਵੀਰ ਯੋਜਨਾ ਦੀ ਸਖ਼ਤ ਮੁਖਾਲਫ਼ਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਯੋਜਨਾ ਸਰਾਸਰ ਬਹਾਦਰ ਫੌਜੀ ਜਵਾਨਾਂ ਦੇ ਯੋਗਦਾਨ ਨੂੰ ਅਪਮਾਨਿਤ ਕਰਨ ਵਾਲੀ ਹੈ ਅਤੇ ਕੇਂਦਰ ਸਰਕਾਰ ਨੂੰ ਇਸ ਯੋਜਨਾ ਉਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਗਨੀਵੀਰ ਯੋਜਨਾ ਹੇਠ ਭਰਤੀ ਕੀਤੇ ਫੌਜੀ ਸੈਨਿਕਾਂ ਨੂੰ ਰੈਗੂਲਰ ਫੌਜ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਦੇਸ਼ ਦੇ ਸ਼ਹੀਦਾਂ ਪ੍ਰਤੀ ਕੇਂਦਰ ਭਾਵੇਂ ਕੋਈ ਵੀ ਨੀਤੀ ਅਪਣਾਵੇ ਪਰ ਸਾਡੀ ਸਰਕਾਰ ਪੰਜਾਬ ਦੇ ਅਜਿਹੇ ਸੂਰਬੀਰ ਪੁੱਤਰਾਂ ਦੇ ਪਰਿਵਾਰਾਂ ਦਾ ਸਨਮਾਨ ਕਰਨ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਬਰਕਰਾਰ ਰੱਖਣ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਇਸ ਸ਼ਹੀਦ ਦੇ ਪਰਿਵਾਰ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਲਈ ਕੇਂਦਰ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਪੂਰੀ ਤਰ੍ਹਾਂ ਗੈਰ-ਵਾਜਬ ਹੈ ਅਤੇ ਇਸ ਪੰਜਾਬ ਦੇ ਪੁੱਤਰ ਦੀ ਸ਼ਹਾਦਤ ਦਾ ਨਿਰਾਦਰ ਕਰਨਾ ਅਤਿ ਨਿੰਦਣਯੋਗ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਜਲਦੀ ਹੀ ਇਸ ਮੁੱਦੇ ਨੂੰ ਭਾਰਤ ਸਰਕਾਰ ਕੋਲ ਉਠਾਉਣਗੇ।

# ਮੁੱਖ ਮੰਤਰੀ ਨੇ ਸ਼ਹੀਦ ਪਰਵਿੰਦਰ ਸਿੰਘ ਦੇ ਪਰਿਵਾਰ ਨੂੰ ਸਨਮਾਨ ਰਾਸ਼ੀ ਵਜੋਂ ਇਕ ਕਰੋੜ ਰੁਪਏ ਦਾ ਚੈਕ ਸੌਂਪਿਆ





ਸੰਗਰੂਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੰਮੂ ਕਸ਼ਮੀਰ ਵਿੱਚ ਕਾਰਗਿਲ ਵਿਖੇ ਦੇਸ਼ ਦੀ ਰਾਖੀ ਕਰਦਿਆਂ ਸ਼ਹੀਦੀ ਪ੍ਰਾਪਤ ਕਰਨ ਵਾਲੇ ਬਹਾਦਰ ਜਵਾਨ ਪਰਵਿੰਦਰ ਸਿੰਘ ਦੇ ਘਰ ਜਾ ਕੇ ਪਰਿਵਾਰ ਨੂੰ ਸਨਮਾਨ ਰਾਸ਼ੀ ਵਜੋਂ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ।

ਮੁੱਖ ਮੰਤਰੀ ਨੇ ਸ਼ਹੀਦ ਪਰਵਿੰਦਰ ਸਿੰਘ ਦੇ ਮਾਪਿਆਂ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਦੇਸ਼ ਹਮੇਸ਼ਾ ਆਪਣੇ ਸ਼ਹੀਦਾਂ ਦਾ ਰਿਣੀ ਰਹੇਗਾ ਜੋ ਦੁਸ਼ਮਣ ਤਾਕਤਾਂ ਤੋਂ ਆਪਣੇ ਵਤਨ ਦੀ ਰਾਖੀ ਕਰਦਿਆਂ ਜਾਨ ਨਿਛਾਵਰ ਕਰ ਦਿੰਦੇ ਹਨ। ਉਨ੍ਹਾਂ ਨੇ ਸ਼ਹੀਦ ਪਰਵਿੰਦਰ ਸਿੰਘ ਦੀ ਯਾਦ ਵਿੱਚ ਪਿੰਡ ਵਿੱਚ ਬੁੱਤ ਲਾਉਣ ਦਾ ਵੀ ਐਲਾਨ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਪਰਿਵਾਰ ਵੱਲੋਂ ਸ਼ਹੀਦ ਦੀ ਪਤਨੀ ਲਈ ਨੌਕਰੀ ਦੀ ਮੰਗ ਕੀਤੀ ਗਈ ਹੈ ਅਤੇ ਸੂਬਾ ਸਰਕਾਰ ਵੱਲੋਂ ਆਪਣੀ ਨੀਤੀ ਦੇ ਤਹਿਤ ਨੌਕਰੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਵੇਂ ਸ਼ਹੀਦ ਦੀ ਕੁਰਬਾਨੀ ਦੀ ਕੋਈ ਕੀਮਤ ਨਹੀਂ ਦਿੱਤੀ ਜਾ ਸਕਦੀ ਪਰ ਸਰਕਾਰ ਨੇ ਸ਼ਹੀਦ ਦੇ ਸਤਿਕਾਰ ਵਿੱਚ ਇਕ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਰਵਿੰਦਰ ਸਿੰਘ ਦਾ ਪਰਿਵਾਰ ਦੇਸ਼ ਸੇਵਾ ਪ੍ਰਤੀ ਸਮਰਪਿਤ ਹੈ ਕਿਉਂ ਜੋ ਉਨ੍ਹਾਂ ਦੇ ਪਿਤਾ ਜੀ ਵੀ ਫੌਜ ਵਿੱਚ ਸੇਵਾ ਨਿਭਾਅ ਚੁੱਕੇ ਹਨ ਅਤੇ ਉਨ੍ਹਾ ਦੇ ਭਰਾ ਵੀ ਇਸ ਵੇਲੇ ਫੌਜ ਵਿੱਚ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਕਿਸੇ ਇਕ ਪਰਿਵਾਰ ਜਾਂ ਸੂਬੇ ਦੇ ਨਹੀਂ ਸਗੋਂ ਪੂਰੇ ਦੇਸ਼ ਦੇ ਸ਼ਹੀਦ ਹੁੰਦੇ ਹਨ।



ਭਗਵੰਤ ਸਿੰਘ ਮਾਨ ਨੇ ਸੰਗਰੂਰ ਦੇ ਡਿਪਟੀ ਕਮਿਸ਼ਨਰ ਨੂੰ ਇਹ ਯਕੀਨੀ ਬਣਾਉਣ ਲਈ ਆਖਿਆ ਕਿ ਭਵਿੱਖ ਵਿੱਚ ਪਰਿਵਾਰ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਹਰ ਦੁੱਖ-ਸੁੱਖ ਵਿਚ ਪਰਿਵਾਰ ਨਾਲ ਖੜ੍ਹੇਗੀ ਅਤੇ ਦੁੱਖ ਦੀ ਇਸ ਘੜੀ ਵਿਚ ਉਸ ਦੀ ਮਦਦ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਸਹੀਦੀ ਪ੍ਰਾਪਤ ਕਰਨ ਵਾਲੇ ਜਵਾਨ ਪਰਵਿੰਦਰ ਸਿੰਘ ਦੀ ਕੁਰਬਾਨੀ ਲਈ ਦੇਸ ਵਾਸੀ ਸਦਾ ਰਿਣੀ ਰਹਿਣਗੇ। ਸਹੀਦ ਸੈਨਿਕ ਪਰਵਿੰਦਰ ਸਿੰਘ ਨੂੰ ਸਰਧਾਂਜਲੀ ਭੇਟ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਡਿਊਟੀ ਨਿਭਾਉਂਦੇ ਹੋਏ ਬਹਾਦਰੀ, ਪੇਸੇਵਰ ਵਚਨਬੱਧਤਾ ਅਤੇ ਸਾਹਸ ਦਾ ਪ੍ਰਗਟਾਵਾ ਕਰਕੇ ਮੁਲਕ ਅਤੇ ਖਾਸ ਕਰਕੇ ਪੰਜਾਬ ਦਾ ਨਾਮ ਰੌਸਨ ਕੀਤਾ ਹੈ।

# ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਭਗਵੰਤ ਮਾਨ ਵੱਲੋਂ ਵਿਦਿਆਰਥੀਆਂ ਨਾਲ ਹਰਿਮੰਦਰ ਸਾਹਿਬ 'ਚ ਕੀਤੀ ਅਰਦਾਸ













ਹਰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪਰਮਾਤਮਾ ਦਾ ਨਾਮ ਧਿਆਉਣਾ ਤੇ ਗੁਰੂ ਸਾਹਿਬ ਅੱਗੇ ਨਤਮਸਤਕ ਹੋਣਾ ਪੰਜਾਬੀਆਂ ਦਾ ਧਰਮ ਹੈ ਅੱਜ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਨਿਵੇਕਲੀ ਮੁਹਿੰਮ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਲੈਣ ਲਈ ਸੱਚਖੰਡ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਤਮਸਤਕ ਹੋਏ ਲਗਭਗ 35 ਹਜ਼ਾਰ ਬੱਚਿਆਂ ਸਣੇ ਗੁਰੂ ਚਰਨਾਂ 'ਚ ਅਰਦਾਸ ਕੀਤੀ ਪਰਮਾਤਮਾ ਬਲ? ਬਖ਼ਸ਼ੇ ਪੰਜਾਬ ਦੀ ਮੁੜ ਤੋਂ ਗੁਆਚੀ ਸ਼ਾਨ ਬਹਾਲ ਕਰਨ ਦੀ ਸਮਰੱਥਾ ਬਖ਼ਸ਼ੇਪੰਜਾਬ ਦੀ ਜਵਾਨੀ ਨੂੰ ਇਸ ਭੈੜੀ ਦਲਦਲ 'ਚੋਂ ਕੱਢਣ ਲਈ ਸਭ ਨੂੰ ਹੌਂਸਲਾ ਹਿੰਮਤ ਬਖ਼ਸ਼ਣ।

ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਵਿਖੇ 18 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ 35 ਹਜ਼ਾਰ ਵਿਦਿਆਰਥੀ ਨੇ 'ਸਰਬੱਤ ਦੇ ਭਲੇ' ਅਤੇ 'ਨਸ਼ਾ ਮੁਕਤ ਪੰਜਾਬ' ਦੀ ਅਰਦਾਸ ਕੀਤੀ। ਇਸ ਦੌਰਾਨ ਵਿਦਿਆਰਥੀਆਂ ਨੇ ਸਿਰਾਂ 'ਤੇ ਪੀਲੀਆਂ ਦਸਤਾਰਾਂ ਸਜਾ ਕੇ ਸੂਬੇ 'ਚੋਂ ਨਸ਼ੇ ਦੇ ਖ਼ਾਤਮੇ ਲਈ ਸਹੁੰ ਚੁੱਕੀ ਅਤੇ ਗੁਰੂ ਜੀ ਦੇ ਚਰਨਾਂ 'ਚ ਅਰਦਾਸ ਕੀਤੀ। ਇਸ ਮੌਕੇ ਮੁੱਖ ਮੰਤਰੀ ਮਾਨ ਨਾਲ ਕਮਿਸ਼ਨਰੇਟ ਪੁਲਸ ਨੌਨਿਹਾਲ ਸਿੰਘ, ਪੰਜਾਬ ਡੀ.ਜੀ.ਪੀ. ਗੌਰਵ ਯਾਦਵ, ਰਾਜ ਸਭਾ ਮੈਂਬਰ ਸੰਤ ਸੀਚੇਵਾਲ ਅਤੇ ਕੈਬਨਿਟ ਦੇ ਹੋਰ ਮੈਂਬਰ ਵੀ ਸ਼ਾਮਲ ਹੋਏ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਪਵਿੱਤਰ ਨਗਰੀ ਅੰਮ੍ਰਿਤਸਰ ਵਿਖੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਆਏ ਹਾਂ। ਉਨ੍ਹਾਂ ਕਿਹਾ ਕਿ ਅਸੀਂ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਸਭ ਦੇ ਘਰ 'ਚ ਤੰਦਰੁਸਤੀ ਬਖ਼ਸ਼ੇ ਅਤੇ ਤਰੱਕੀਆਂ ਦੇ ਚਿਰਾਗ ਜਗਦੇ ਰਹਿਣ। ਮੁੱਖ ਮੰਤਰੀ ਮਾਨ ਨੇ ਕਿਹਾ ਪਿਛਲੇ ਕਈ ਸਾਲਾਂ ਤੋਂ ਨਸ਼ਿਆਂ ਦੀ ਦਲਦਲ 'ਚ ਫ਼ਸੇ ਨੌਜਵਾਨਾਂ ਨੂੰ ਲੈ ਕੇ ਚਿਤਾਜਨਕ ਖ਼ਬਰਾਂ ਸਾਹਮਣੇ ਆਈਆਂ ਹਨ। ਮਾਨ ਨੇ ਦਾਅਵਾ ਕੀਤਾ ਕਿ ਜਿਹੜੇ ਲੋਕ ਨਸ਼ੇ ਦੇ ਆਦੀ ਹਨ ਉਨ੍ਹਾਂ ਦਾ ਮੈਡੀਕਲ ਇਲਾਜ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡਾ ਟੀਚਾ ਹੈ ਕਿ ਬੱਚਿਆਂ ਦੀ ਪੜ੍ਹਾਈ ਵੱਲ ਧਿਆਨ ਦਿੱਤਾ ਜਾਵੇ ਤਾਂ ਕਿ ਆਉਣ ਵਾਲੀ ਪੀੜ੍ਹੀ ਨੂੰ ਇਸ ਕੋਹੜ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਵਿਕਾਸ ਲਈ ਮੁਕਾਬਲੇ ਕਰਾਏ ਜਾਣਗੇ ਅਤੇ ਖੇਡਾਂ ਵੱਲ ਖ਼ਾਸ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆ ਤੋਂ ਦੂਰ ਰੱਖਣ ਲਈ ਰੁਜ਼ਗਾਰ ਦਿੱਤਾ ਜਾਵੇਗਾ। ਸਰਕਾਰ ਸਭ ਤੋਂ ਪਹਿਲਾ ਕੰਮ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਕਰ ਰਹੀ ਹੈ। ਮੁੱਖ ਮੰਤਰੀ ਨੇ ਨੌਜਵਾਨ ਪੀੜ੍ਹੀ ਨੂੰ ਸੇਧ ਦਿੰਦਿਆਂ ਕਿਹਾ ਕਿ ਸਫ਼ਲਤਾ ਦਾ ਸ਼ਾਰਟਕੱਟ ਰਸਤਾ ਮਿਹਨਤ ਹੈ। ਜੇਕਰ ਪੜ੍ਹੋ-ਲਿਖੋਗੇ ਤਾਂ ਵੱਡੀਆਂ ਕੁਰਸੀਆਂ ਤੁਹਾਡਾ ਇੰਤਜ਼ਾਰ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਅੱਜ ਵੱਡੀ ਗਿਣਤੀ 'ਚ ਸਕੂਲਾਂ ਦੇ ਮੁੰਡੇ-ਕੁੜੀਆਂ ਆਏ ਹਨ। ਜਿਨ੍ਹਾਂ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਅਰਦਾਸ ਕੀਤੀ ਹੈ। ਜੇਕਰ ਇੰਨੀ ਵੱਡੀ ਗਿਣਤੀ 'ਚ ਲੋਕ ਅਰਦਾਸ ਕਰਨ ਪਰਮਾਤਮਾ ਜ਼ਰੂਰ ਸੁਣਦਾ ਹੈ। ਉਨ੍ਹਾਂ ਕਿਹਾ ਪੂਰੀ ਦੁਨੀਆ ਦੇ ਲੋਕ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੁੰਦੇ ਹਨ, ਇਹ ਇਕ ਦਿਲ ਨੂੰ ਸਕੂਨ ਦੇਣ ਵਾਲੀ ਥਾਂ ਹੈ, ਇੱਥੇ ਸੱਚੇ ਦਿਲੋਂ ਕੀਤੀ ਅਰਦਾਸ ਹਮੇਸ਼ਾ ਪੂਰੀ ਹੁੰਦੀ ਹੈ।

'ਦੁਖ ਵੇਲੇ ਸਿਮਰਨ ਸੁੱਖ ਵੇਲੇ ਸ਼ੁਕਰਾਨਾ' ਤੁਕ ਉਚਾਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਕਿਸੇ ਦੇ ਘਰ 'ਚ ਦੁੱਖ ਹੈ ਤਾਂ ਅਸੀਂ ਸਾਰੇ ਮਿਲ ਕੇ ਉਨ੍ਹਾਂ ਦੇ ਦੁਖ ਨੂੰ ਦੂਰ ਕਰਾਂਗੇ। ਉਨ੍ਹਾਂ ਕਿਹਾ ਜੇਕਰ ਕੋਈ ਵਿਅਕਤੀ ਨਸ਼ਾ ਕਰਦਾ ਹੈ ਤਾਂ ਅਸੀਂ ਉਸ ਨੂੰ ਜੇਲ੍ਹ 'ਚ ਨਹੀਂ ਭੇਜਣਾ, ਸਮੱਗਲਰ ਨਹੀਂ ਕਹਿਣਾ ਸਗੋਂ ਉਸ ਦਾ ਮੈਡੀਕਲ ਇਲਾਜ ਕਰਵਾ ਕੇ ਸਹਾਇਤਾ ਦੇਣੀ ਹੈ। ਉਨ੍ਹਾਂ ਕਿਹਾ ਮੇਰੇ ਕੋਲ ਬਹੁਤ ਲੋਕ ਆਉਂਦੇ ਹਨ ਕਿ ਅਸੀਂ ਨਸ਼ੇ ਦੇ ਦੌਰ ਤੋਂ ਵਾਪਸ ਆਏ ਹਾਂ। ਉਨ੍ਹਾਂ ਕਿਹਾ ਇਸ ਚੀਜ਼ ਤੋਂ ਪਤਾ ਲਗਦਾ ਹੈ ਕਿ ਨਸ਼ੇ ਦੀ ਦਲਦਲ 'ਚੋਂ ਨਿਕਲਿਆ ਜਾ ਸਕਦਾ ਹੈ। ਕਈ ਨਸ਼ਿਆਂ ਖ਼ਿਲਾਫ਼ NGO ਚਲਾ ਰਹੇ ਹਨ ਅਤੇ ਲੋਕਾਂ ਨੂੰ ਜਾਗਰੂਕ ਵੀ ਕਰ ਰਹੇ ਹਨ।

ਇਸ ਦੌਰਾਨ ਉਨ੍ਹਾਂ ਨੇ ਮੀਡੀਆ ਅਤੇ ਆਉਣ ਵਾਲੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਪਰਮਾਤਮਾ ਨੇ ਸਾਨੂੰ ਜੋ ਜ਼ਿੰਮੇਵਾਰੀ ਦਿੱਤੀ ਹੈ ਉਸ ਨੂੰ ਨਿਭਾਉਣ ਦਾ ਬਲ ਬਖ਼ਸ਼ੇ। ਅਸੀਂ ਪੰਜਾਬ ਨੂੰ ਦੁਬਾਰਾ ਰੰਗਲਾ ਪੰਜਾਬ ਬਣਾਵਾਂਗੇ। ਇਸ ਤੋਂ ਇਲਾਵਾ ਉਨ੍ਹਾਂ ਨੇ ਕਮਿਸ਼ਨਰੇਟ ਪੁਲਸ ਨੌਨਿਹਾਲ ਸਿੰਘ, ਪੰਜਾਬ ਡੀ.ਜੀ.ਪੀ. ਗੌਰਵ ਯਾਦਵ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਇਹ ਸ਼ਲਾਘਾਯੋਗ ਮਹਿੰਮ ਦੀ ਸ਼ੁਰੂਆਤ ਕੀਤੀ ਹੈ।

### ਨੌਜਵਾਨਾਂ ਨੇ ਖੂਨਦਾਨ ਕਰਕੇ ਮਨਾਇਆ ਮੁੱਖ ਮੰਤਰੀ ਦਾ ਜਨਮ ਦਿਨ; ਪਿੰਡ ਸਤੌਜ ਦੇ ਗੁਰੂ ਘਰ ਵਿਖੇ ਨਤਮਸਤਕ ਹੋਏ ਭਗਵੰਤ ਮਾਨ

# ਮੁੱਖ ਮੰਤਰੀ ਨੇ ਆਪਣੇ ਜੱਦੀ ਪਿੰਡ ਵਿਚ ਲੋਕਾਂ ਨਾਲ ਮੁਲਾਕਾਤ ਕਰਕੇ ਬਿਤਾਇਆ ਪੂਰਾ ਦਿਨ

### ਵੱਖ-ਵੱਖ ਆਗੂਆਂ ਵਲੋਂ ਭਗਵੰਤ ਮਾਨ ਨੂੰ ਜਨਮ ਦਿਨ ਦੀ ਦਿੱਤੀ ਵਧਾਈ








## ਮੋਦੀ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਦਿੱਤੀ ਜਨਮ ਦਿਨ ਦੀ ਵਧਾਈ



ਨਵੀਂ ਦਿੱਲੀ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਜਨਮ ਦਿਨ ਹੈ। ਇਸ ਮੌਕੇ ਕਈ ਵੱਡੇ ਸਿਆਸੀ ਨੇਤਾਵਾਂ ਸਮੇਤ ਲੋਕਾਂ ਵਲੋਂ ਉਨ੍ਹਾਂ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਉਨ੍ਹਾਂ ਦੇ ਜਨਮ ਦਿਨ ’ਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੀ ਸਿਹਤਮੰਦ ਤੇ ਲੰਬੀ ਉਮਰ ਦੀ ਕਾਮਨਾ ਕੀਤੀ। ਇਕ ਟਵੀਟ ‘ਚ ਉਨ੍ਹਾਂ ਕਿਹਾ ਕਿ “ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਨਮ ਦਿਨ ਦੀਆਂ ਬਹੁਤ-ਬਹੁਤ ਮੁਬਾਰਕਾਂ। ਮੈਂ ਤੁਹਾਡੀ ਸਿਹਤਮੰਦ ਅਤੇ ਲੰਬੀ ਉਮਰ ਦੀ ਕਾਮਨਾ ਕਰਦਾ ਹਾਂ।

ਸੰਗਰੂਰः ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਪਣੇ ਜੱਦੀ ਪਿੰਡ ਵਿਚ ਜਨਮ ਦਿਨ ਮਨਾਇਆ ਅਤੇ ਵੱਡੀ ਗਿਣਤੀ ਵਿਚ ਨੌਜਵਾਨਾਂ ਨੇ ਖ਼ੂਨਦਾਨ ਕਰਕੇ ਸ਼ਿਰਕਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਖ਼ੂਨਦਾਨ ਨੂੰ ਸੱਭ ਤੋਂ ਵੱਡੀ ਸੇਵਾ ਦੱਸਦਿਆਂ ਕਿਹਾ ਕਿ ਇਸ ਉਪਰਾਲੇ ਨਾਲ ਹਰੇਕ ਵਿਅਕਤੀ ਅਪਣਾ ਯੋਗਦਾਨ ਪਾ ਸਕਦਾ ਹੈ ਜਿਸ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੇ ਹਰੇਕ ਖੇਤਰ ਵਿਚ ਸ਼ਾਨਦਾਰ ਕੰਮ ਕੀਤਾ ਹੈ ਜਿਸ ਕਰਕੇ ਖ਼ੂਨ ਦਾਨ ਕਰਨ ਵਿਚ ਵੀ ਨੌਜਵਾਨਾਂ ਦੇ ਪਿੱਛੇ ਰਹਿ ਜਾਣ ਦੀ ਕੋਈ ਵਜ੍ਹਾ ਨਹੀਂ ਬਣਦੀ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਨਾ ਮਨੁੱਖਤਾ ਦੀ ਸੱਚੀ ਸੇਵਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਅੱਜ ਵੱਡੀ ਗਿਣਤੀ ਵਿਚ ਨੌਜਵਾਨ ਖ਼ੂਨ ਦਾਨ ਕਰਨ ਲਈ ਅੱਗੇ ਆਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਨੌਜਵਾਨ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਹਰ ਖ਼ੂਨ ਦਾਨੀ ਇਕ ਨਾਇਕ ਹੈ ਜਿਸ ਕਰਕੇ ਉਨ੍ਹਾਂ ਨੂੰ ਸਮੇਂ-ਸਮੇਂ ਬਾਅਦ ਖ਼ੂਨ ਦਾਨ ਕਰਨਾ ਚਾਹੀਦਾ ਹੈ। ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਆਪਣੇ ਸਾਥੀਆਂ ਨੂੰ ਸਮੇਂ-ਸਮੇਂ ਸਿਰ ਸਵੈ-ਇੱਛਾ ਨਾਲ ਖ਼ੂਨ ਦਾਨ ਕਰਨ ਲਈ ਪ੍ਰੇਰਿਤ ਕਰਨ ਤਾਂ ਜੋ ਆਮ ਇਲਾਜ ਖਾਸ ਕਰਕੇ ਐਮਰਜੈਂਸੀ ਇਲਾਜ ਲਈ ਖ਼ੂਨ ਦੇ ਲੋੜੀਂਦੇ ਭੰਡਾਰ ਨੂੰ ਯਕੀਨੀ ਬਣਾਇਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਕਿਸੇ ਵਿਅਕਤੀ ਵੱਲੋਂ ਦਾਨ ਕੀਤੀ ਗਈ ਖ਼ੂਨ ਦੀ ਇਕ ਬੂੰਦ ਵੀ ਕਿਸੇ ਮਨੁੱਖ ਦੀ ਜਾਨ ਬਚਾ ਸਕਦੀ ਹੈ, ਜਿਸ ਕਰਕੇ ਖ਼ੂਨ ਦਾਨ ਕਰਨਾ ਬਹੁਤ ਮਹੱਤਤਾ ਰੱਖਦਾ ਹੈ।

ਇਕ ਸਵਾਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦਾ ਆਗਾਮੀ ਇਜਲਾਸ ਕਾਨੂੰਨੀ ਤੌਰ ਉਤੇ ਪੂਰੀ ਤਰ੍ਹਾਂ ਜਾਇਜ਼ ਹੈ। ਉਨ੍ਹਾਂ ਕਿਹਾ ਕਿ 20 ਤੇ 21 ਅਕਤੂਬਰ ਨੂੰ ਹੋਣ ਵਾਲਾ ਇਜਲਾਸ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਅਤੇ ਭਾਰਤ ਦੇ ਸੰਵਿਧਾਨ ਦੇ ਅਨੁਸਾਰ ਹੀ ਸੱਦਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੋ ਦਿਨਾਂ ਇਜਲਾਸ ਦੌਰਾਨ ਕਈ ਲੋਕ ਪੱਖੀ ਬਿੱਲ ਪੇਸ਼ ਕੀਤੇ ਜਾਣਗੇ ਜੋ ਸੂਬੇ ਲਈ ਬਹੁਤ ਮਹੱਤਵਪੂਰਨ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਧਾਨ ਸਭਾ ਜਮਹੂਰੀ ਢੰਗ ਨਾਲ ਚੁਣੀ ਹੋਈ ਸੰਸਥਾ ਹੈ ਜੋ ਸਿਰਫ ਸੂਬੇ ਦੇ ਲੋਕਾਂ ਨੂੰ ਜਵਾਬਦੇਹ ਹੈ ਨਾ ਕਿ ਕਿਸੇ ਵਿਅਕਤੀ ਦੀ ਮਨਮਰਜ਼ੀ ਅਨੁਸਾਰ ਚੱਲਣੀ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਪਹਿਲਾਂ ਹੀ ਕਈ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਕਈ ਅਗਾਂਹਵਧੂ ਕਿਸਾਨਾਂ ਨੇ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਦੀ ਮਿਸਾਲ ਕਾਇਮ ਕੀਤੀ ਹੈ ਅਤੇ ਦੂਜੇ ਪਾਸੇ ਸੂਬਾ ਸਰਕਾਰ ਨੇ ਪੰਜਾਬ ਵਿਚ ਚੱਲ ਰਹੇ ਲਗਭਗ 2500 ਭੱਠਿਆਂ ਵਿਚ ਬਾਲਣ ਵਜੋਂ 20 ਫੀਸਦੀ ਕੋਲੇ ਨੂੰ ਝੋਨੇ ਦੀ ਪਰਾਲੀ ਦੀਆਂ ਗੱਟੀਆਂ ਨਾਲ ਬਦਲਣ ਨੂੰ ਨੋਟੀਫਾਈ ਕੀਤਾ ਹੈ। ਇਸੇ ਤਰ੍ਹਾਂ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਲਈ 23,000 ਹੋਰ ਮਸ਼ੀਨਾਂ ਕਿਸਾਨਾਂ ਨੂੰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਅਗਲੇ ਕੁਝ ਦਿਨਾਂ ਤੱਕ ਪਰਾਲੀ ਸਾੜਨ ਦੇ ਖਤਰੇ ਨੂੰ ਰੋਕਣ ਲਈ ਸਖ਼ਤ ਨਿਗਰਾਨੀ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਮੰਡੀਆਂ ਵਿਚ ਝੋਨੇ ਦੀ ਫ਼ਸਲ ਦੀ ਨਿਰਵਿਘਨ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਆਪੋ-ਆਪਣੇ ਜ਼ਿਲ੍ਹਿਆਂ ਵਿਚ ਇਸ ਦੀ ਤੁਰੰਤ ਲਿਫਟਿੰਗ ਲਈ ਵੀ ਵਚਨਬੱਧ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਪਹਿਲਾਂ ਹੀ ਪੁਖਤਾ ਪ੍ਰਬੰਧ ਕੀਤੇ ਹਨ ਕਿ ਕਿਸਾਨਾਂ ਦੀ ਫ਼ਸਲ ਦੀ ਚੁਕਾਈ ਦਾਣਾ ਮੰਡੀਆਂ ਵਿੱਚੋਂ ਨਿਰਵਿਘਨ, ਸਮੇਂ ਸਿਰ ਅਤੇ ਬਿਨਾਂ ਕਿਸੇ ਰੁਕਾਵਟ ਦੇ ਹੋ ਸਕੇ।
















# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੰਜਾਬ 'ਚ 'ਨਸ਼ੇ ਛਡਾਓ, ਪੁੱਤ ਬਚਾਓ' ਮੁਹਿੰਮ ਦੀ ਸ਼ੁਰੂਆਤ

ਅਜਨਾਲਾ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਵਲੋਂ ਸਰਹੱਦੀ ਖੇਤਰ ਦੇ ਹਲਕਾ ਅਜਨਾਲਾ ਦੇ ਪਿੰਡ ਚਮਿਆਰੀ ਦੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਅਰਦਾਸ ਕਰਕੇ 'ਨਸ਼ੇ ਛਡਾਓ, ਪੁੱਤ ਬਚਾਓ' ਦੇ ਨਾਅਰੇ ਹੇਠ ਗੁਰਮਤਿ ਦੀ ਰੋਸ਼ਨੀ ਵਿਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਲਹਿਰ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਵਿਚ ਬਰਬਾਦ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅੱਜ ਸ਼ੁਰੂ ਕੀਤੀ ਗਈ 'ਨਸ਼ੇ ਛਡਾਓ, ਪੁੱਤ ਬਚਾਓ' ਮੁਹਿੰਮ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਪੰਜਾਬ ਦੇ ਪਿੰਡ-ਪਿੰਡ ਤੱਕ ਲੈ ਕੇ ਜਾਵਾਂਗੇ ਤਾਂ ਜੋ ਆਉਣ ਵਾਲੀਆਂ ਨਸਲਾਂ ਨੂੰ ਨਸ਼ਿਆਂ ਤੋਂ ਬਚਾਇਆਂ ਜਾ ਸਕੇ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਜਸਪ੍ਰੀਤ ਸਿੰਘ ਕਰਮਸਰ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਦਿੱਲੀ, ਭੁਪਿੰਦਰ ਸਿੰਘ ਭੁੱਲਰ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਵਜੀਤ ਸਿੰਘ ਵਿਰਕ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ, ਭਾਈ ਮੋਹਕਮ ਸਿੰਘ ਦਮਦਮੀ ਟਕਸਾਲ, ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਭੁਪਿੰਦਰ ਸਿੰਘ ਭੁੱਲਰ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਵਜੀਤ ਸਿੰਘ ਵਿਰਕ, ਜਸਪ੍ਰੀਤ ਸਿੰਘ ਵਿੱਕੀ ਮਾਨ, ਬਾਬਾ ਮੇਜਰ ਸਿੰਘ ਪੰਜ ਪਿਆਰੇ, ਬਾਬਾ ਇੰਦਰਜੀਤ ਸਿੰਘ ਸਤਲਾਣੀ ਸਾਹਿਬ ਵਾਲੇ, ਬੀਬਾ ਮੰਜੂ ਕੁਰੈਸ਼ੀ, ਬੀਬੀ ਰਮਨਜੀਤ ਕੌਰ ਮਰਖਾਈ ਨੇ ਸੰਬੋਧਨ ਕਰਦਿਆਂ ਧਰਮ ਵਿਚ ਪਰਪੱਕ ਰਹਿਣ ਦੀ ਅਤੇ ਬਾਣੀ ਬਾਣੇ ਨਾਲ ਜੁੜਨ ਦੀ ਅਪੀਲ ਕੀਤੀ। ਇਸ ਪ੍ਰੋਗਰਾਮ ਵਿਚ ਸ੍ਰੀ ਗੁਰੂ ਅੰਗਦ ਦੇਵ ਪਬਲਿਕ ਸਕੂਲ ਚਮਿਆਰੀ ਦੇ ਪ੍ਰਿੰਸੀਪਲ ਸੁੱਚਾ ਸਿੰਘ ਸੰਧੂ ਤੇ ਸਟਾਫ਼ ਵਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਬੇਅੰਤ ਸਿੰਘ ਖਿਆਲਾ, ਬਾਬਾ ਮੇਜਰ ਸਿੰਘ ਪੰਜ ਪਿਆਰੇ, ਡਾ. ਲਖਵਿੰਦਰ ਸਿੰਘ ਢਿੰਗਨੰਗਲ, ਹੈਡਮਾਸਟਰ ਪਲਵਿੰਦਰ ਸਿੰਘ, ਪਲਵਿੰਦਰ ਸਿੰਘ ਪੰਨੂ, ਦਲਜੀਤ ਸਿੰਘ ਪਾਖਰਪੁਰਾ, ਹੈਡਮਾਸਟਰ ਸੁੱਚਾ ਸਿੰਘ, ਅਜੀਤ ਸਿੰਘ ਚਮਿਆਰੀ, ਬਾਬਾ ਜੋਗਾ ਸਿੰਘ ਚਮਿਆਰੀ, ਬਲਵਿੰਦਰ ਸਿੰਘ ਚਮਿਆਰੀ, ਜਥੇਦਾਰ ਦੀਦਾਰ ਸਿੰਘ ਚੌਧਰਪੁਰਾ, ਕਰਮਵੀਰ ਸਿੰਘ ਪੰਨੂ, ਪਰਮਜੀਤ ਸਿੰਘ ਜਿੱਜੇਆਣੀ, ਸੁਖਜਿੰਦਰ ਸਿੰਘ ਮਜੀਠੀਆ, ਕੁਲਬੀਰ ਸਿੰਘ



ਗੰਡੀਵਿੰਡ, ਕੁਲਦੀਪ ਸਿੰਘ ਮਜੀਠੀਆ, ਮਾਸਟਰ ਸਤਨਾਮ ਸਿੰਘ ਪਾਖਰਪੁਰਾ, ਭਾਈ ਮਲਕੀਤ ਸਿੰਘ ਅਜਨਾਲਾ, ਜੱਗਾ ਸਿੰਘ ਰਾਜੀਆ, ਜਗਦੀਸ ਸਿੰਘ ਵਡਾਲਾ, ਮਨਵੀਰ ਸਿੰਘ ਰਵੀ ਬੱਲ, ਬਲਦੇਵ ਸਿੰਘ ਸੋਹੀ, ਨਿਰਮਲ ਸਿੰਘ ਸੋਹਲ, ਸਰਬਜੀਤ ਸਿੰਘ ਚਮਿਆਰੀ, ਸਤਵਿੰਦਰ ਸਿੰਘ, ਜਤਿੰਦਰ ਸਿੰਘ, ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ, ਗੁਰਵਿੰਦਰ ਸਿੰਘ ਕਾਹਲੋਂ, ਅੰਗਰੇਜ ਸਿੰਘ, ਪਲਵਿੰਦਰ ਸਿੰਘ ਆਦਿ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਦਿੱਲੀ ਪੰਜਾਬ 'ਚ ਲੜੇਗਾ ਸ਼੍ਰੋਮਣੀ ਕਮੇਟੀ ਚੋਣਾਂ

ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੇ ਸ਼੍ਰੋਮਣੀ ਕਮੇਟੀ ਦੀਆਂ ਆ ਰਹੀਆਂ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਇੱਥੇ ਪਾਰਟੀ ਦੇ ਸਰਪ੍ਰਸਤ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਪੰਜਾਬ ਵਿਚ ਸ਼੍ਰੋਮਣੀ ਕਮੇਟੀ ਚੋਣਾਂ ਵਾਸਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ। ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ 21 ਅਕਤੂਬਰ ਤੋਂ 15 ਨਵੰਬਰ ਤੱਕ ਸ਼੍ਰੋਮਣੀ ਕਮੇਟੀ ਚੋਣਾਂ ਵਾਸਤੇ ਵੋਟਰਾਂ ਦੀ ਰਜਿਸਟਰੇਸ਼ਨ ਹੋ ਰਹੀ ਹੈ ਅਤੇ ਗੁਰਸਿੱਖੀ ਸਰੂਪ ਵਾਲੇ 21 ਸਾਲ ਤੋਂ ਵੱਧ ਉਮਰ ਵਾਲੇ ਸਾਰੇ ਵੋਟਰ ਆਪਣੀਆਂ ਵੋਟਾਂ ਜ਼ਰੂਰ ਬਣਵਾਉਣ। ਇਸ ਲਈ ਵੱਧ ਤੋਂ ਵੱਧ ਵੋਟਾਂ ਬਣਾਉਣੀਆਂ ਚਾਹੀਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਆਪਣੀਆਂ ਹਮਖਿਆਲੀ ਪਾਰਟੀਆਂ ਨਾਲ ਰਲ ਕੇ ਇਹ ਚੋਣਾਂ ਲੜੇਗਾ। ਜੇਕਰ ਕਿਸੇ ਨਾਲ ਸਹਿਮਤੀ ਨਾ ਬਣੀ ਤਾਂ ਫਿਰ ਪਾਰਟੀ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੀ ਕਰੇਗੀ।

## ਪੰਜਾਬ ਦੇ ਛੇ ਜ਼ਿਲ੍ਹੇ ਨਾਜਾਇਜ਼ ਖਣਨ ਤੇ ਨਸ਼ਿਆਂ ਦੀ ਮਾਰ ਹੇਠ: ਪੁਰੋਹਿਤ

*ਰਾਜਪਾਲ ਵੱਲੋਂ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਦਾ ਦੌਰਾ; ਪੁਲਿਸ ਦਾ ਸਹਿਯੋਗ ਕਰਨ ਵਾਲਿਆਂ ਦਾ ਸਨਮਾਨ*

ਗੁਰਦਾਸਪੁਰ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸੂਬੇ ਵਿੱਚ ਨਸ਼ਿਆਂ ਦੇ ਪਾਸਾਰ ਲਈ ਗੁਆਂਢੀ ਮੁਲਕ ਪਾਕਿਸਤਾਨ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦਿਆਂ ਨੌਜਵਾਨਾਂ ਨੂੰ ਸੂਬੇ ਵਿਚੋਂ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸਰਕਾਰ ਅਤੇ ਸੁਰੱਖਿਆ ਬਲਾਂ ਦਾ ਅੱਗੇ ਹੋ ਕੇ ਸਾਥ ਦੇਣ ਦਾ ਸੱਦਾ ਦਿੱਤਾ ਹੈ। ਰਾਜਪਾਲ ਵੱਲੋਂ ਕਲਾਨੌਰ ਦੇ ਨਜ਼ਦੀਕੀ ਸਰਹੱਦੀ ਪਿੰਡ ਨੜਾਂਵਾਲੀ ਵਿੱਚ ਪਿੰਡਾਂ ਦੇ ਪੰਚਾਂ-ਸਰਪੰਚਾਂ, ਮੋਹਤਬਰਾਂ ਅਤੇ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ ਗਈ। ਉਪਰੰਤ ਉਨ੍ਹਾਂ ਵੱਲੋਂ ਪਠਾਨਕੋਟ ਦੇ ਸਰਕਾਰੀ ਆਡੀਟੋਰੀਅਮ ਵਿੱਚ ਵਿਲੇਜ ਡਿਫੈਂਸ ਕਮੇਟੀ ਦੇ ਅਧਿਕਾਰੀਆਂ ਅਤੇ ਮੋਹਤਬਰਾਂ ਨਾਲ ਮੀਟਿੰਗ ਕੀਤੀ ਗਈ। ਸ੍ਰੀ ਪੁਰੋਹਿਤ ਨੇ ਕਿਹਾ ਕਿ ਉਹ ਪਿਛਲੇ ਇਕ ਸਾਲ ਤੋਂ ਸਰਹੱਦੀ ਖੇਤਰ ਨਾਲ ਜੁੜੇ ਛੇ ਜ਼ਿਲ੍ਹਿਆਂ ਦਾ ਦੌਰਾ ਕਰ ਰਹੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਉਕਤ ਜ਼ਿਲ੍ਹਿਆਂ ਵਿੱਚ ਜਿੱਥੇ ਨਸ਼ਿਆਂ ਦਾ ਕਾਰੋਬਾਰ ਜ਼ਿਆਦਾ ਹੁੰਦਾ ਹੈ, ਉਥੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਗੈਰਕਾਨੂੰਨੀ ਮਾਈਨਿੰਗ ਵੀ ਹੁੰਦੀ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਇਨ੍ਹਾਂ ਦੋਹਾਂ 'ਤੇ ਨਕੇਲ ਕੱਸਣ ਦੇ ਉਦੇਸ਼ ਲਈ ਵਿਲੇਜ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ



ਹੈ ਜਿਸ ਦਾ ਮਕਸਦ ਗੁਆਂਢੀ ਦੇਸ਼ ਤੋਂ ਆਉਣ ਵਾਲੇ ਨਸ਼ਿਆਂ ਦੀ ਸਪਲਾਈ 'ਤੇ ਰੋਕ ਲਗਾਉਣਾ ਹੈ।

ਸ੍ਰੀ ਪੁਰੋਹਿਤ ਨੇ ਕਿਹਾ ਕਿ ਪਾਕਿਸਤਾਨ ਨੇ ਹੁਣ ਇਹ ਸੱਚ ਮੰਨ ਲਿਆ ਹੈ ਕਿ ਉਹ ਭਾਰਤ ਨਾਲ ਸਿੱਧੀ ਜੰਗ ਨਹੀਂ ਲੜ ਸਕਦਾ, ਇਸ ਲਈ ਉਸ ਵੱਲੋਂ ਨਸ਼ਿਆਂ ਨੂੰ ਹਥਿਆਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲੀਸ ਤੋਂ ਇਲਾਵਾ ਜੇ ਸਰਹੱਦੀ ਪਿੰਡਾਂ ਵਿਚ ਬਣੀਆਂ ਡਿਫੈਂਸ ਕਮੇਟੀਆਂ ਵੀ ਮੁਸਤੈਦ ਹੋ ਜਾਣ ਤਾਂ ਸਮਾਜ ਦੇ ਦੁਸ਼ਮਣਾਂ ਦੀ ਪਛਾਣ ਸਹਿਜੇ ਹੀ ਕੀਤੀ ਜਾ ਸਕਦੀ ਹੈ। ਇਸ ਦੌਰਾਨ ਰਾਜਪਾਲ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਵਿਰਸੇ ਨੂੰ ਦਰਸਾਉਂਦੀ ਕਾਫ਼ੀ ਟੇਬਲ ਬੁੱਕ 'ਵਿਰਸਾ ਗੁਰਦਾਸਪੁਰ' ਲੋਕ ਅਰਪਣ ਕੀਤੀ ਗਈ। ਉਨ੍ਹਾਂ ਪੌਣੇ ਤੇਰਾਂ ਕਿੱਲੋ ਹੈਰੋਇਨ ਬਰਾਮਦ ਕਰਵਾਉਣ ਵਾਲੇ ਪਿੰਡ ਚੌੜਾ ਕਲਾਂ ਦੇ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰ ਸ਼ਮਸ਼ੇਰ ਸਿੰਘ, ਗੁਰਜੀਤ ਸਿੰਘ, ਦਲੇਰ ਸਿੰਘ ਅਤੇ ਮਨਜੀਤ ਸਿੰਘ ਦਾ ਸਨਮਾਨ ਕੀਤਾ। ਰਾਜਪਾਲ ਨੇ ਨਸ਼ਾ ਤਸਕਰਾਂ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਲੱਗਦਾ ਹੈ ਕਿ ਪ੍ਰਸ਼ਾਸਨ ਪੱਧਰ 'ਤੇ ਕੋਈ ਸੁਣਵਾਈ ਨਹੀਂ ਹੋ ਰਹੀ ਤਾਂ ਉਹ ਸਿੱਧਾ ਰਾਜਪਾਲ ਦੇ ਨਾਂ ਪੱਤਰ ਭੇਜ ਸਕਦੇ ਹਨ ਜਿਸ ਨੂੰ ਉਹ ਸਬੰਧਤ ਵਿਭਾਗ ਨੂੰ ਕਾਰਵਾਈ ਲਈ ਭੇਜ ਦੇਣਗੇ।

## ਦੋ ਭਰਾਵਾਂ ਵਲੋਂ ਦਰਿਆ 'ਚ ਛਾਲ ਮਾਰਨ ਦਾ ਮਾਮਲਾ: ਫਰਾਰ SHO ਨਵਦੀਪ ਸਿੰਘ ਦੀ ਅਗਾਊਂ ਜ਼ਮਾਨਤ ਅਰਜ਼ੀ ਖਾਰਜ

*ਫਰਾਰ ਨਵਦੀਪ 'ਤੇ ਲੱਗੇ ਸੀ 2 ਭਰਾਵਾਂ ਨੂੰ ਤੰਗ ਕਰਨ ਦੇ ਇਲਜ਼ਾਮ*



ਚੰਡੀਗੜ੍ਹ: ਜਲੰਧਰ ਦੇ ਢਿੱਲੋਂ ਭਰਾਵਾਂ (ਮਾਨਵਜੀਤ ਅਤੇ ਜਸ਼ਨਬੀਰ) ਵਲੋਂ ਨਹਿਰ ਵਿਚ ਛਾਲ ਮਾਰਨ ਦੇ ਮਾਮਲੇ ਵਿਚ ਲੋੜੀਂਦੇ ਬਰਖ਼ਾਸਤ ਇੰਸਪੈਕਟਰ ਨਵਦੀਪ ਸਿੰਘ ਦੀ ਅਗਾਊਂ ਜ਼ਮਾਨਤ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਹੋਈ। ਅਦਾਲਤ ਨੇ ਫਰਾਰ ਐਸ.ਐਚ.ਓ. ਨਵਦੀਪ ਸਿੰਘ ਦੀ ਅਗਾਊਂ ਜ਼ਮਾਨਤ ਖਾਰਜ ਕਰ ਦਿਤੀ ਹੈ। ਹਾਲਾਂਕਿ ਮੁਨਸ਼ੀ ਬਲਵਿੰਦਰ ਸਿੰਘ ਨੂੰ ਅਗਾਊਂ ਜ਼ਮਾਨਤ ਮਿਲ ਗਈ ਹੈ। ਮਾਮਲੇ ਵਿਚ ਲੋੜੀਂਦੇ ਤਿੰਨ ਪੁਲਿਸ ਮੁਲਾਜ਼ਮ ਅਜੇ ਤਕ ਫਰਾਰ ਹੈ। ਗ੍ਰਿਫ਼ਤਾਰੀ ਤੋਂ ਬਚਣ ਲਈ ਬਰਖ਼ਾਸਤ ਇੰਸਪੈਕਟਰ ਨਵਦੀਪ ਸਿੰਘ, ਏ.ਐਸ.ਆਈ. ਬਲਵਿੰਦਰ ਸਿੰਘ ਅਤੇ ਮਹਿਲਾ ਕਾਂਸਟੇਬਲ ਜਗਜੀਤ ਕੌਰ ਵਲੋਂ ਅਗਾਊਂ ਜ਼ਮਾਨਤ ਅਰਜ਼ੀ ਦਾਇਰ ਕੀਤੀ ਗਈ ਸੀ।

ਬਿਆਸ ਦਰਿਆ 'ਚ ਛਾਲ ਮਾਰਨ ਵਾਲੇ ਦੋ ਭਰਾਵਾਂ 'ਚੋਂ ਜਸ਼ਨਬੀਰ ਦੀ ਲਾਸ਼ ਦਰਿਆ ਦੇ ਨਾਲ ਲੱਗਦੇ ਖੇਤਾਂ 'ਚੋਂ ਪਾਣੀ ਘਟਣ ਤੋਂ ਬਾਅਦ ਮਿੱਟੀ 'ਚ ਦੱਬੀ ਹੋਈ ਮਿਲੀ ਸੀ। ਮਾਮਲੇ ਵਿਚ ਕਾਰਵਾਈ ਕਰਦਿਆਂ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਖੁਦਕੁਸ਼ੀ ਮਾਮਲੇ ਵਿਚ ਆਈ.ਪੀ.ਸੀ. ਦੀ ਧਾਰਾ 306 ਤਹਿਤ ਕੇਸ ਦਰਜ ਹੁੰਦਿਆਂ ਹੀ ਇੰਸਪੈਕਟਰ ਨਵਦੀਪ ਸਿੰਘ ਨੂੰ ਬਰਖ਼ਾਸਤ ਕਰ ਦਿਤਾ ਸੀ। ਇਲਜ਼ਾਮ ਹਨ ਕਿ ਢਿੱਲੋਂ ਭਰਾਵਾਂ ਜਸ਼ਨਬੀਰ ਸਿੰਘ ਢਿੱਲੋਂ ਅਤੇ ਮਾਨਵਜੀਤ ਸਿੰਘ ਢਿੱਲੋਂ ਨੇ ਪੁਲਿਸ ਵਲੋਂ ਕੀਤੇ ਗਏ ਤਸ਼ੱਦਦ ਦੇ ਚਲਦਿਆਂ ਬਿਆਸ ਦਰਿਆ ਵਿਚ ਛਾਲ ਮਾਰ ਦਿੱਤੀ ਸੀ।

ਗੋਇੰਦਵਾਲ ਸਾਹਿਬ ਪੁਲ ਤੋਂ ਬਿਆਸ ਦਰਿਆ 'ਚ ਛਾਲ ਮਾਰਨ ਵਾਲੇ ਜਸ਼ਨਬੀਰ ਦੀ ਲਾਸ਼ ਤਾਂ ਮਿਲ ਗਈ ਪਰ ਉਸ ਦੇ ਵੱਡੇ ਭਰਾ ਮਾਨਵਜੀਤ ਦਾ ਅਜੇ ਤਕ ਕੋਈ ਸੁਰਾਗ ਨਹੀਂ ਲੱਗਿਆ ਹੈ। ਦੋਵਾਂ ਭਰਾਵਾਂ ਦੇ ਪਿਤਾ ਨੇ ਹਾਲ ਹੀ ਵਿਚ ਦਾਅਵਾ ਕੀਤਾ ਸੀ ਕਿ ਘਟਨਾ ਤੋਂ ਕਈ ਦਿਨ ਬਾਅਦ ਮਾਨਵਜੀਤ ਦਾ ਮੋਬਾਈਲ ਫੋਨ ਕੁੱਝ ਪਲਾਂ ਲਈ ਸਵਿੱਚ ਆਨ ਹੋ ਗਿਆ। ਉਨ੍ਹਾਂ ਨੂੰ ਸ਼ੱਕ ਹੈ ਕਿ ਐਸ.ਐਚ.ਓ. ਨਵਦੀਪ ਸਿੰਘ ਅਪਰਾਧਕ ਮਾਨਸਿਕਤਾ ਵਾਲਾ ਵਿਅਕਤੀ ਹੈ ਅਤੇ ਉਸ ਨੇ ਉਸ ਦੇ ਲੜਕੇ ਦੀ ਦੇਹ ਨੂੰ ਖੁਰਦ-ਬੁਰਦ ਕੀਤਾ ਹੈ।

## ਸਾਬਕਾ ਕਾਂਗਰਸੀ ਵਿਧਾਇਕ ਜ਼ੀਰਾ ਗ੍ਰਿਫ਼ਤਾਰ, ਨਿਆਂਇਕ ਹਿਰਾਸਤ 'ਚ ਭੇਜਿਆ


ਫਿਰੋਜ਼ਪੁਰ : ਪੰਜਾਬ ਕਾਂਗਰਸ ਦੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੂੰ ਫਿਰੋਜ਼ਪੁਰ ਪੁਲਿਸ ਨੇ ਸਵੇਰੇ 5 ਵਜੇ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਉਹਨਾਂ ਨੂੰ ਘਰੋਂ ਚੁੱਕ ਲਿਆ ਸੀ। ਇਸ ਤੋਂ ਬਾਅਦ ਜ਼ੀਰਾ ਨੂੰ ਡਿਊਟੀ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕਰਕੇ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ। ਬੀਡੀਪੀਓ ਦਫ਼ਤਰ ਵਿਚ ਧਰਨਾ ਦੇਣ ਅਤੇ ਸਰਕਾਰੀ ਕੰਮ ਵਿਚ ਵਿਘਨ ਪਾਉਣ ਦੇ ਦੋਸ਼ ਵਿਚ ਜੀਰਾ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਹੈ।

ਇਸ ਦੇ ਨਾਲ ਹੀ ਜ਼ੀਰਾ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਸਮਰਥਕਾਂ ਨੇ ਹਾਈਵੇਅ 'ਤੇ ਪ੍ਰਦਰਸ਼ਨ ਕੀਤਾ। ਕੁਲਬੀਰ ਜ਼ੀਰਾ ਨੂੰ ਫ਼ ?ਰੋਜ਼ਪੁਰ ਤੋਂ ਰੋਪੜ ਜੇਲ੍ਹ ਲਿਜਾਂਦੇ ਸਮੇਂ ਤਲਵੰਡੀ ਵਿਖੇ ਪੁਲਿਸ ਕਾਫ਼ਲੇ ਨੂੰ ਰੋਕਿਆ ਵੀ ਗਿਆ। ਸਾਬਕਾ ਵਿਧਾਇਕ ਜੀਰਾ ਨੇ ਕਿਹਾ ਕਿ ਉਹ ਸਰਕਾਰ ਅਤੇ ਸਥਾਨਕ ਵਿਧਾਇਕ ਖ਼ਿਲਾਫ਼ ਹਾਈ ਕੋਰਟ ਤੱਕ ਪਹੁੰਚ ਕਰਨਗੇ। ਵਿਧਾਇਕ ਨੇ ਕਿਹਾ ਕਿ ਅੱਜ ਦੀ



ਪ੍ਰੈਸ ਕਾਨਫਰੰਸ ਵਿਚ ਉਹ ਫ਼ਿਰੋਜ਼ਪੁਰ ਦੇ ਐਸਐਸਪੀ ਦੀ ਨੱਕ ਹੇਠ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਬਾਰੇ ਖੁਲਾਸਾ ਕਰਨ ਜਾ ਰਹੇ ਸਨ ਅਤੇ ਕਿੱਥੇ ਰੇਤ ਦੀ ਨਾਜਾਇਜ਼ ਵਿਕਰੀ ਹੋ ਰਹੀ ਹੈ ਅਤੇ ਕਿਸ ਦੇ ਕਹਿਣ 'ਤੇ ਅਜਿਹਾ ਹੋ ਰਿਹਾ ਹੈ। ਇਸੇ ਡਰ ਕਾਰਨ ਉਹਨਾਂ ਨੂੰ ਸਵੇਰੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਚਾਰ ਦਿਨ ਪਹਿਲਾਂ ਫਿਰੋਜ਼ਪੁਰ 'ਚ ਵਿਧਾਇਕ ਜ਼ੀਰਾ ਖਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਜ਼ੀਰਾ ਖੁਦ ਅੱਜ ਦੁਪਹਿਰ 12 ਵਜੇ ਪ੍ਰੈਸ ਕਾਨਫਰੰਸ ਕਰਕੇ ਗ੍ਰਿਫ਼ਤਾਰੀ ਦਾ ਐਲਾਨ ਕਰਨ ਜਾ ਰਹੇ ਸਨ ਪਰ ਉਹਨਾਂ ਨੂੰ ਸਵੇਰੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ।

# ਦੁਨੀਆ 'ਚ 83 ਕਰੋੜ ਲੋਕ ਸੌਂ ਰਹੇ ਭੁੱਖੇ ਢਿੱਡ, 10 ਕਰੋੜ ਹੈਕਟੇਅਰ ਜ਼ਮੀਨ ਤੇ ਨਹੀਂ ਹੁੰਦੀ ਖੇਤੀ



ਨਵੀਂ ਦਿੱਲੀ : ਗਲੋਬਲ ਪੱਧਰ 'ਤੇ ਕੀਤੇ ਗਏ ਖੇਤਾਂ ਨੂੰ ਲੈ ਕੇ ਕੀਤੇ ਗਏ ਅਧਿਐਨ 'ਚ ਹੈਰਾਨ ਕਰਨ ਵਾਲਾ ਖ਼ੁਲਾਸਾ ਹੋਇਆ ਹੈ। ਸ਼ੋਧਕਰਤਾਵਾਂ ਨੇ ਦੱਸਿਆ ਕਿ ਪੂਰੀ ਦੁਨੀਆ 'ਚ 1992 ਤੋਂ 2020 ਵਿਚਾਲੇ ਕੁੱਲ 10 ਕਰੋੜ ਹੈਕਟੇਅਰ ਜ਼ਮੀਨ ਨੂੰ ਬਿਨਾਂ ਖੇਤੀ ਦੇ ਹੀ ਛੱਡ ਦਿੱਤਾ ਗਿਆ ਹੈ, ਜੋ ਆਕਾਰ ਵਿਚ 1992 ਦੀ ਖੇਤੀ ਯੋਗ ਜ਼ਮੀਨ ਦੀ 7 ਫ਼ੀਸਦੀ ਹੈ। ਜੇਕਰ ਇਸ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ ਤਾਂ ਕਰੋੜਾਂ ਲੋਕਾਂ ਨੂੰ ਭੁੱਖੇ ਢਿੱਡ ਨਾ ਸੌਂਣਾ ਪਵੇ। ਇਹ ਸ਼ੋਧ ਨੈਸ਼ਨਲ ਯੂਨੀਵਰਸਿਟੀ ਆਫ਼ ਸਿੰਗਾਪੁਰ ਦੇ ਸਹਿਯੋਗ ਨਾਲ ਕਈ ਦੇਸ਼ਾਂ ਦੇ ਸ਼ੋਧਕਰਤਾਵਾਂ ਨੇ ਕੀਤਾ ਹੈ। ਇਸ ਸ਼ੋਧ ਦੇ ਨਤੀਜੇ ਵੱਕਾਰੀ ਮੈਗਜ਼ੀਨ ਨੇਚਰ ਕਮਿਊਨੀਕੇਸ਼ਨ 'ਚ ਪ੍ਰਕਾਸ਼ਿਤ ਕੀਤਾ ਗਿਆ ਹੈ। ਸ਼ੋਧ ਮੁਤਾਬਕ ਕਈ ਵਾਰ ਮਿੱਟੀ ਵਿਚ ਪੌਸ਼ਟਿਕ ਤੱਤਾਂ ਦੀ ਕਮੀ ਹੋ ਜਾਂਦੀ ਹੈ ਅਤੇ ਅਜਿਹੀ ਜ਼ਮੀਨ ਨੂੰ ਮੁੜ ਉਪਜਾਊ ਬਣਾਉਣ ਲਈ ਇਸ ਨੂੰ ਖਾਲੀ ਹੀ ਛੱਡ ਦਿੱਤਾ ਜਾਂਦਾ ਹੈ ਪਰ ਇੱਥੇ ਸਥਿਤੀ ਵੱਖਰੀ ਹੈ। ਹਰ ਸਾਲ ਦੁਨੀਆ ਭਰ ਵਿਚ 36 ਲੱਖ ਹੈਕਟੇਅਰ ਜ਼ਮੀਨ ਖਾਲੀ ਛੱਡ ਦਿੱਤੀ ਜਾਂਦੀ ਹੈ। ਜੇਕਰ ਇਸ 'ਤੇ ਖੇਤੀ ਨਾ ਕੀਤੀ ਜਾਵੇ ਤਾਂ ਇਸ ਦੀ ਗੁਣਵੱਤਾ ਘਟਣ ਲੱਗਦੀ ਹੈ।

ਅੰਕੜਿਆਂ ਮੁਤਾਬਕ 2021 'ਚ ਪੂਰੀ ਦੁਨੀਆ 'ਚ ਲਗਭਗ 82.8 ਕਰੋੜ ਲੋਕਾਂ ਲਈ ਉੱਚਿਤ ਭੋਜਨ ਦੀ ਵਿਵਸਥਾ ਨਹੀਂ ਹੈ। ਇਨ੍ਹਾਂ ਦਾ ਢਿੱਡ ਭਰਨ ਲਈ ਅਗਲੇ 30 ਸਾਲਾਂ ਵਿਚ 22.6 ਮਿਲੀਅਨ ਹੈਕਟੇਅਰ ਜ਼ਮੀਨ ਦੀ ਲੋੜ ਹੈ। ਅਜਿਹੀ ਸਥਿਤੀ ਵਿਚ ਵਾਤਾਵਰਣ ਅਤੇ ਜੈਵ ਵਿਭਿੰਨਤਾ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਇਸ ਦੇ ਨਾਲ ਹੀ ਖੇਤੀ ਖੇਤਰ ਵਿਚ ਵੱਧਦੀ ਹੋਇਆ ਉਤਸਰਜਨ ਵੀ ਵੱਡੀ ਸਮੱਸਿਆ ਪੈਦਾ ਕਰ ਰਹੀ ਹੈ। ਖੇਤੀ ਵਿਚ ਕੀਟਨਾਸ਼ਕਾਂ ਦੀ ਵੱਧ ਰਹੀ ਵਰਤੋਂ ਕਾਰਨ ਧਰਤੀ ਦਾ ਵਾਤਾਵਰਣ ਖ਼ਤਰੇ ਵਿਚ ਹੈ। ਇਨ੍ਹਾਂ ਸਥਿਤੀਆਂ ਦਾ ਅਧਿਐਨ ਕਰਨ ਤੋਂ ਬਾਅਦ ਖੋਜਕਰਤਾਵਾਂ ਨੇ ਵੇਖਿਆ ਕਿ ਜੇਕਰ ਇਸ 36 ਲੱਖ ਹੈਕਟੇਅਰ ਜ਼ਮੀਨ ਨੂੰ ਖੇਤੀ ਯੋਗ ਬਣਾਇਆ ਜਾਵੇ, ਤਾਂ ਇਹ ਜਲਵਾਯੂ ਤਬਦੀਲੀ ਅਤੇ ਭੋਜਨ ਦੀ ਕਮੀ ਦੇ ਦੋਹਰੇ ਵਿਸ਼ਵ ਸੰਕਟ ਨਾਲ ਨਜਿੱਠਣ ਵਿਚ ਮਦਦ ਕਰ ਸਕਦਾ ਹੈ। ਵਿਗਿਆਨੀਆਂ ਅਨੁਸਾਰ ਵਾਹੀਯੋਗ ਜ਼ਮੀਨ 'ਤੇ ਖੇਤੀ ਨਾ ਕਰਨ ਦੇ ਕਈ ਕਾਰਨ ਹਨ। ਜ਼ਮੀਨ ਦੀ ਗੁਣਵੱਤਾ ਵਿਚ ਨਿਘਾਰ, ਸਮਾਜਿਕ ਤਬਦੀਲੀ, ਆਫ਼ਤਾਂ, ਸੰਘਰਸ਼ ਅਤੇ ਸ਼ਹਿਰੀਕਰਨ ਵਰਗੇ ਕਾਰਕ ਇਸ ਲਈ ਜ਼ਿੰਮੇਵਾਰ ਹਨ। ਹਾਲਾਂਕਿ ਖੋਜ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਛੱਡੀ ਗਈ ਫਸਲੀ ਜ਼ਮੀਨ 'ਚੋਂ, 6.1 ਹੈਕਟੇਅਰ ਨੂੰ ਖੇਤੀ ਲਈ ਮੁੜ ਵਰਤਿਆ ਜਾ ਸਕਦਾ ਹੈ, ਜੋ ਹਰ ਸਾਲ 47.6 ਕਰੋੜ ਲੋਕਾਂ ਦਾ ਢਿੱਡ ਭਰ ਸਕਦਾ ਹੈ।

# ਡੇਰਾ ਪ੍ਰੇਮੀਆਂ ਵੱਲੋਂ ਗੁਰਦੁਆਰਾ ਚੋਣਾਂ ਲਈ ਵੋਟਾਂ ਬਣਾਉਣੀਆਂ ਚਿੰਤਾ ਦਾ ਵਿਸ਼ਾ : ਗਿ. ਹਰਪ੍ਰੀਤ ਸਿੰਘ

ਅੰਮ੍ਰਿਤਸਰ: ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੱਡਾ ਖੁਲਾਸਾ ਕਰਦਿਆਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ ਸੌਦਾ ਸਾਧ ਦੇ ਡੇਰਾ ਪ੍ਰੇਮੀ ਵੀ ਵੋਟਾਂ ਬਣਵਾ ਰਹੇ ਹਨ। ਉਨ੍ਹਾਂ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਹਰਿਆਣਾ ਕਮੇਟੀ ਨੂੰ ਸ਼੍ਰੋਮਣੀ ਕਮੇਟੀ ਤੋਂ ਵੱਖਰੇ ਕਰਨ ਲਈ ਹਰ ਇਕ ਕੋਸ਼ਿਸ਼ ਕੀਤੀ ਜਾ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ, "ਸਾਡੀ ਜਾਣਕਾਰੀ ਵਿਚ ਆਇਆ ਹੈ ਕਿ ਹਰਿਆਣਾ ਵਿਚ ਡੇਰਾ ਪ੍ਰੇਮੀ ਵੋਟਾਂ ਬਣਵਾ ਰਹੇ ਹਨ। ਇਹ ਬਹੁਤ ਹੀ ਚਿੰਤਾਜਨਕ ਹੈ। ਹਰਿਆਣਾ ਸਰਕਾਰ ਨੂੰ ਵੋਟਰ ਫਾਰਮਾਂ ਵਿਚ ਖ਼ਾਸ ਤੌਰ 'ਤੇ ਜ਼ਿਕਰ ਕਰਨਾ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲਾ ਹੀ ਇਹ ਵੋਟ ਬਣਾ ਸਕਦਾ ਹੈ। ਇਸ ਦੇ ਨਾਲ ਹੀ ਫਾਰਮ ਵਿਚ ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਦੀ ਪਰਿਭਾਸ਼ਾ ਅੰਕਿਤ ਕੀਤੀ ਜਾਣੀ ਚਾਹੀਦੀ ਹੈ। ਸਾਬਕਾ ਜਥੇਦਾਰ ਨੇ ਕਿਹਾ ਕਿ ਪੰਜਾਬ ਵਿਚ ਵੀ ਅਜਿਹਾ ਹੋਣਾ ਚਾਹੀਦਾ ਹੈ ਕਿਉਂਕਿ ਇਹ ਸਿੱਖ ਧਾਰਮਕ ਅਸਥਾਨਾਂ ਦੀ ਸੇਵਾ ਸੰਭਾਲ ਦਾ ਮਾਮਲਾ ਹੈ। ਇਸ ਵਿਚ ਡੇਰਾਵਾਦ ਨੂੰ ਕੋਈ ਥਾਂ ਨਹੀਂ ਦਿਤੀ ਜਾਣੀ ਚਾਹੀਦੀ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਵਲੋਂ ਐਸ.ਵਾਈ.ਐਲ. ਦੇ ਮੁੱਦੇ ਦੇ ਉਤੇ ਵੀ ਪ੍ਰਤੀਕਿਰਿਆ ਦਿਤੀ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਅਤੇ ਪੰਜਾਬੀਅਤ ਲਈ ਸਾਨੂੰ ਸਾਰਿਆਂ ਨੂੰ ਅਤੇ ਖਾਸ ਤੌਰ 'ਤੇ ਐਸ.ਵਾਈ.ਐਲ. ਦੇ ਮੁੱਦੇ 'ਤੇ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਚੱਲਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਨੂੰ ਇੱਕਜੁੱਟ ਹੋ ਕੇ ਐਸ.ਵਾਈ.ਐਲ. ਦੇ ਮੁੱਦੇ 'ਤੇ ਗੱਲਬਾਤ ਕਰਨੀ ਚਾਹੀਦੀ ਹੈ।



ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਜੋ ਗੱਲ ਗਿਆਨੀ ਹਰਪ੍ਰੀਤ ਸਿੰਘ ਨੇ ਕਹੀ ਹੈ, ਇਹ ਗੱਲ ਮੈਂ ਕਈ ਦਿਨ ਪਹਿਲਾਂ ਕਹਿ ਚੁੱਕਿਆ ਹਾਂ। ਇਹ ਗੱਲ ਹੁਣ ਮੀਡੀਆ ਵਿਚ ਵੀ ਆ ਚੁੱਕੀ ਹੈ। ਇਸ ਦੇ ਨਾਲ ਹੀ ਉਨ੍ਹਾਂ ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੁੱਪੀ ਉੱਤੇ ਵੀ ਸਵਾਲ ਚੁੱਕੇ।

ਉਨ੍ਹਾਂ ਕਿਹਾ ਕਿ ਸਿੱਖ ਕਦੇ ਨਹੀਂ ਕਹਿੰਦੇ ਕਿ ਸਾਨੂੰ ਮੰਦਰ, ਮਸਜਿਦ, ਚਰਚ ਜਾਂ ਡੇਰੇ ਦਾ ਪ੍ਰਬੰਧ ਦਿਉ। ਸਿੱਖਾਂ ਦੇ ਅਧਿਕਾਰ ਵਿਚ ਗ਼ੈਰ ਸਿੱਖ ਨੂੰ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਅੱਜ ਉਹ ਵੋਟਰ ਬਣ ਰਹੇ ਨੇ, ਕੱਲ੍ਹ ਨੂੰ ਮੈਂਬਰ ਬਣਨਗੇ ਅਤੇ ਬਾਅਦ ਵਿਚ ਪ੍ਰਬੰਧਕ ਬਣਨਗੇ। ਦਾਦੂਵਾਲ ਨੇ ਦੱਸਿਆ ਕਿ ਉਨ੍ਹਾਂ ਕੋਲ ਡੇਰੇ ਦੇ ਪੈਰੋਕਾਰਾਂ ਵਲੋਂ ਭਰੇ ਗਏ ਫਾਰਮ ਵੀ ਆਏ ਸਨ। ਉਨ੍ਹਾਂ ਕਿਹਾ ਕਿ ਫਾਰਮ ਵਿਚ ਇਹ ਲਾਈਨ ਵੀ ਜੋੜਨੀ ਚਾਹੀਦੀ ਹੈ ਕਿ 'ਮੈਂ ਸ੍ਰੀ ਗੁਰੂ ਗੰਥ ਸਾਹਿਬ ਜੀ ਅਤੇ 10 ਪਾਤਸ਼ਾਹੀਆਂ ਤੋਂ ਬਿਨਾਂ ਕਿਸੇ ਨੂੰ ਗੁਰੂ ਨਹੀਂ ਮੰਨਦਾ'। ਇਹ ਚੀਜ਼ ਪੰਜਾਬ ਅਤੇ ਹਰਿਆਣਾ ਦੇ ਫਾਰਮਾਂ ਵਿਚੋਂ ਗ਼ਾਇਬ ਹੈ। ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਫਰਮਾਨ ਜਾਰੀ ਕੀਤਾ ਜਾਣਾ ਚਾਹੀਦਾ ਹੈ ਅਤੇ ਹਰਿਆਣਾ ਦੀ ਸੰਗਤ ਉਨ੍ਹਾਂ ਦੀ ਕਾਰਵਾਈ ਦਾ ਸਵਾਗਤ ਕਰੇਗੀ।

# ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ 'ਚ ਬਣ ਰਹੇ ਸਾਊਥ ਏਸ਼ੀਅਨ ਮਿਊਜ਼ੀਅਮ ਅੰਦਰ ਸਿੱਖਾਂ ਦੀ ਪਛਾਣ ਨੂੰ ਵੱਖਰਾ ਉਭਾਰਿਆ ਜਾਵੇ : ਭਾਈ ਗਰੇਵਾਲ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕੈਨੇਡਾ ਦੇ ਵਿਰਾਸਤ ਮੰਤਰੀ ਪਾਸਕੇਲ ਐਸਟੀ ਓਂਜ ਨੂੰ ਪੱਤਰ ਲਿਖ ਕੇ ਬ੍ਰਿਟਿਸ਼ ਕੋਲੰਬੀਆ ਵਿਚ ਬਣ ਰਹੇ 'ਸਾਊਥ ਏਸ਼ੀਅਨ ਮਿਊਜ਼ਮ' ਵਿਚ ਕੈਨੇਡੀਅਨ ਸਿੱਖਾਂ ਨੂੰ ਉਨ੍ਹਾਂ ਦੀ ਪਛਾਣ ਵਜੋਂ ਸਤਿਕਾਰ ਦੇਣ ਦੀ ਮੰਗ ਕੀਤੀ ਹੈ।



ਭਾਈ ਗਰੇਵਾਲ ਵੱਲੋਂ ਲਿਖੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਦਾ ਵੱਖਰਾ ਇਤਿਹਾਸ, ਪ੍ਰੰਪਰਾਵਾਂ ਅਤੇ ਪਿਛੋਕੜ ਹੈ। ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੇ ਕੈਨੇਡਾ ਵਿਚ ਆਪਣੀ ਥਾਂ ਬਣਾਉਣ ਲਈ ਸਖ਼ਤ ਮਿਹਨਤ ਅਤੇ ਲੰਮੀ ਘਾਲਣਾ ਘਾਲੀ ਹੈ। ਭਾਈ ਗਰੇਵਾਲ ਨੇ ਕਿਹਾ ਕਿ ਜਦੋਂ ਸਿੱਖ ਕੋਈ ਪ੍ਰਾਪਤੀ ਕਰਦੇ ਹਨ, ਤਾਂ ਉਸ ਨੂੰ ਦੱਖਣੀ ਏਸ਼ੀਆਈ ਦੇ ਨਾਂ ਹੇਠ ਰਲਗਡ ਕਰ ਦਿੱਤਾ ਜਾਂਦਾ ਹੈ, ਜੋ ਵਿਲੱਖਣ ਪਹਿਚਾਣ ਰੱਖਣ ਵਾਲੇ ਲੋਕਾਂ ਨਾਲ ਧੱਕਾ ਹੈ। ਬੇਸ਼ੱਕ ਸਿੱਖ ਦੱਖਣੀ ਏਸ਼ੀਆ 'ਚ ਪੈਂਦੇ ਖਿੱਤੇ ਪੰਜਾਬ 'ਚੋਂ ਗਏ ਹਨ, ਪਰ ਸਿਰਫ਼ ਇਸ ਨਾਲ ਹੀ ਉਹ ਦੱਖਣੀ ਏਸ਼ੀਆਈ ਨਹੀਂ ਹੋ ਜਾਂਦੇ, ਸਗੋਂ ਆਪਣੀ ਅੱਡਰੀ ਪਛਾਣ ਵੀ ਰੱਖਦੇ ਹਨ। ਉਨ੍ਹਾਂ ਪੱਤਰ ਵਿਚ ਲਿਖਿਆ ਕਿ ਦੱਖਣੀ ਏਸ਼ੀਆ ਵਿਚ ਬਹੁਭਾਂਤੀ ਲੋਕ ਵੱਸਦੇ ਹਨ, ਉਨ੍ਹਾਂ ਦੀ ਪਛਾਣ ਨੂੰ ਇਕੋ ਨਾਂ ਥੱਲੇ ਰਲਗਡ ਕਰਨਾ ਸਭ ਦੀ ਵੱਖਰੀ ਹੋਂਦ ਨੂੰ ਨਕਾਰਨਾ ਹੈ।

# ਜੇ ਇਕ ਚਾਹ ਵਾਲਾ ਪ੍ਰਧਾਨ ਮੰਤਰੀ ਬਣ ਸਕਦਾ ਹੈ ਤਾਂ ਟਰੈਕਟਰ ਵਾਲਾ ਕਿਉਂ ਨਹੀਂ? : ਕਿਸਾਨ ਆਗੂ

## *ਐਸਵਾਈਐਲ ਸਣੇ ਸਾਰੇ ਮੁੱਦੇ ਵਿਗਾੜਨ ਵਾਲੇ ਸਿਆਸੀ ਲੀਡਰਾਂ ਨੂੰ ਪਾਸੇ ਕਰ ਕੇ ਕਿਉਂ ਨਾ ਪਾਣੀ ਦੇ ਰਾਖੇ ਫ਼ੈਸਲਾ ਆਪ ਕਰਨ*

ਸ੍ਰੀ ਮੁਕਤਸਰ ਸਾਹਿਬ : ਐਸਵਾਈਐਲ, ਰਾਜਧਾਨੀ ਤੇ ਪੰਜਾਬ ਦੇ ਮੁੱਦਿਆਂ ਨੂੰ ਸਿਆਸੀ ਲੀਡਰਾਂ ਨੇ ਅਪਣੀਆਂ ਗ਼ਲਤੀਆਂ ਕਰ ਕੇ ਇੰਨਾ ਉਲਝਾ ਦਿੱਤਾ ਹੈ ਕਿ ਇਸ ਨੂੰ ਸੁਲਝਾਉਣ ਲਈ ਸਿਆਸੀ ਆਗੂਆਂ ਤੋਂ ਵਖਰਾ ਰਾਹ ਲਭਣਾ ਚਾਹੀਦਾ ਹੈ। ਆਜ਼ਾਦੀ ਤੋਂ ਬਾਅਦ ਤੇ ਪੰਜਾਬ ਪੁਨਰਗਠਨ ਦੌਰਾਨ ਇਨ੍ਹਾਂ ਸਿਆਸੀ ਆਗੂਆਂ ਨੇ ਕੋਈ ਵੀ ਮਸਲਾ ਸਲਝਾਉਣ ਦੀ ਬਜਾਏ ਵਿਗਾੜਿਆ ਹੀ ਹੈ।

ਆਜ਼ਾਦੀ ਤੋਂ ਬਾਅਦ ਭਾਵੇ ਕੇਂਦਰ ਦੀਆਂ ਸਰਕਾਰਾਂ ਪੰਜਾਬ ਨਾਲ ਹਮੇਸ਼ਾ ਵਿਤਕਰਾ, ਧੋਖਾ ਤੇ ਧੱਕਾ ਹੀ ਕੀਤਾ, ਜਿਸ ਨਾਲ ਇਕ ਦੇਸ਼ ਵਰਗਾ ਪੰਜਾਬ ਪਹਿਲਾਂ 1947 ਵੇਲੇ ਅਤੇ ਫਿਰ 1966 ਵੇਲੇ ਅਜਿਹੇ ਟੁਕੜੇ ਹੋਇਆ ਕਿ ਮਹਾਂ ਪੰਜਾਬ ਇਕ ਸੁਪਨਿਆਂ ਦਾ ਦੇਸ਼ ਬਣ ਕੇ ਰਹਿ ਗਿਆ। ਸੋ ਉਕਤ ਨੂੰ ਧਿਆਨ ਵਿਚ ਰਖਦੇ ਹੋਏ ਨਵਾਂ ਪੰਜਾਬ ਸਿਰਜਣ ਲਈ ਨਵੇਂ ਉਦਮ ਸਿਰਜਣੇ ਸ਼ੁਰੂ ਕਰੀਏ ਜਿਸ ਦੀ ਸ਼ੁਰੂਆਤ ਬੀਤੇ ਦਿਨੀਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀਆਂ ਕੁੱਝ ਕਿਸਾਨ ਜਥੇਬੰਦੀਆਂ ਦੇ ਕਿਸਾਨ ਆਗੂ ਇਕ ਪ੍ਰੈੱਸ ਮਿਲਣੀ ਦੁਆਰਾ ਕਰ ਚੁਕੇ ਹਨ। ਗੱਲਬਾਤ ਸ਼ੁਰੂ ਕਰਦੇ ਹੋਏ ਪੰਜਾਬ ਸਿੱਧੂਪੁਰ ਜਥੇਬੰਦੀ ਦੇ ਆਗੂ ਡੱਲੇਵਾਲ ਨੇ ਕਿਹਾ ਕਿ ਇਹ ਕਿਸਾਨ ਅਦੋਲਨ ਸਮੇਂ ਬਣੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਆਦਿ ਸੂਬਿਆਂ ਦੇ ਕਿਸਾਨਾਂ ਦੀ ਏਕਤਾ ਭਾਜਪਾ ਸਰਕਾਰਾਂ ਦੇ ਹਜ਼ਮ ਨਹੀਂ ਹੋ ਰਹੀ, ਇਹ ਸਾਨੂੰ ਕਿਸਾਨਾਂ ਮਜ਼ਦੂਰਾਂ ਨੂੰ ਲੜਾ ਕੇ ਅਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ।



ਹੋਰ ਸਤਲੁਜ-ਯਮੁਨਾ ਲਿੰਕ ਨਹਿਰ ਨਾ ਕਦੇ ਬਣ ਸਕੇਗੀ ਨਾ ਹੀ ਕੋਈ ਬਣਾਏਗਾ। ਇਹ ਤਾਂ ਮੋਦੀ ਸਰਕਾਰ ਦੀਆਂ ਉਤਰੀ ਭਾਰਤ ਦੇ ਕਿਸਾਨਾਂ ਦੀ ਬਣੀ ਏਕਤਾ ਨੂੰ ਤਾਰਪੀਡੋ ਕਰਨ ਦੀਆਂ ਕੋਝੀਆਂ ਨੀਤੀਆਂ ਹਨ, ਜਿਨ੍ਹਾਂ ਨੂੰ ਕਿਸਾਨ ਕਦੇ ਵੀ ਸਫ਼ਲ ਨਹੀਂ ਹੋਣ ਦੇਣਗੇ ਅਤੇ ਅਸੀ ਕਿਸੇ ਵੀ ਕੀਮਤ 'ਤੇ ਬਣੀ ਕਿਸਾਨ ਏਕਤਾ ਵੀ ਭੰਗ ਨਹੀਂ ਦੇਵਾਂਗੇ। ਤਿੰਨਾਂ ਸਟੇਟਾਂ ਦੇ ਆਗੂ ਕਿਸਾਨਾਂ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਅਤੇ ਸੁਪਰੀਮ ਕੋਰਟ ਅਸਲ ਵਿਚ ਇਸ ਨਹਿਰ ਵਾਲਾ ਮਸਲਾ ਹੱਲ ਕਰਨਾ ਚਾਹੁੰਦੇ ਹਨ ਤਾਂ ਹੱਲ ਸਤਲੁਜ-ਯਮੁਨਾ ਲਿੰਕ ਨਹਿਰ ਨਹੀਂ ਹੈ ਬਲਕਿ ਸ਼ਾਰਦਾ-ਯਮੁਨਾ ਲਿੰਕ ਚੈਨਲ ਹੈ, ਜਿਸ 'ਤੇ ਸਰਕਾਰਾਂ ਅਤੇ ਅਦਾਲਤਾਂ ਨੂੰ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਪਾਣੀ ਫ਼ਸਲਾਂ ਲਈ ਹੀ ਚਾਹੀਦਾ ਹੈ, ਵਾਧੂ ਪਾਣੀ ਕਿਸੇ ਨੇ ਕੀ ਕਰਨਾ ਹੈ।

ਜੇਕਰ ਪੰਜਾਬ ਕੋਲ ਵਾਧੂ ਪਾਣੀ ਹੋਵੇਗਾ, ਉਹ ਹਰਿਆਣੇ ਨੂੰ ਦੇ ਸਕਦਾ ਹੈ ਪਰ ਜਦੋਂ ਉਤਰਾਖੰਡ ਤੋਂ ਸ਼ਾਰਦਾ ਦਾ ਵਾਧੂ ਪਾਣੀ ਹਰਿਆਣੇ ਨੂੰ ਪੂਰਾ ਕਰ ਕੇ ਵਾਧੂ ਪਾਣੀ ਅੱਗੇ ਰਾਜਸਥਾਨ ਨੂੰ ਵੀ ਦਿਤਾ ਜਾ ਸਕਦਾ ਹੈ, ਫਿਰ ਸਰਕਾਰਾਂ ਅਤੇ ਸੁਪ੍ਰੀਮ ਕੋਰਟ ਪੰਜਾਬ 'ਤੇ ਹੀ ਦਬਾ ਕਿਉਂ ਬਣਾ ਰਿਹਾ ਹੈ। ਉਨ੍ਹਾਂ ਨਾਲ ਬੈਠੇ ਹਰਿਆਣਾ ਦੇ ਕਿਸਾਨ ਆਗੂ ਨੇ ਡਲੇਵੱਲ ਦੀ ਗੱਲ ਦੀ ਪ੍ਰੋੜਤਾ ਕਰਦੇ ਕਿਹਾ ਕਿ ਇਸ ਸਭ ਤੋਂ ਕਰੀਬ 44 ਸਾਲ ਪਹਿਲਾਂ ਸਾਰਦਾ ਲਿੰਕ ਪ੍ਰਾਜੈਕਟ ਕਾ ਕੰਮ ਸ਼ੁਰੂ ਹੋਇਆ ਸੀ, ਸਰਕਾਰਾਂ ਆਉਂਦੀਆਂ ਰਹੀਆਂ, ਰੀਪੋਰਟਾਂ ਬਣਦੀਆਂ ਗਈਆਂ ਪਰ ਹੱਲ ਕੋਈ ਨਾ ਹੋਇਆ।

ਉਨ੍ਹਾਂ ਸਾਝੇਂ ਤੌਰ 'ਤੇ ਜ਼ੋਰ ਦਿਤਾ ਕਿ ਇਹ ਸਿਆਸੀ ਪਾਰਟੀਆਂ ਨੂੰ 1979 ਤੋਂ ਹੁਣ ਤਕ ਚੋਣਾਂ ਵੇਲੇ ਹੀ ਸਤਲੁਜ ਯਮੂਨਾ ਲਿੰਕ ਨਹਿਰ ਯਾਦ ਕਿਉ ਆਉਂਦੀ ਹੈ। ਸਾਰੇ ਆਗੂਆਂ ਨੇ ਇਕ ਮੱਤ ਹੋ ਕੇ ਕਿਹਾ ਕਿ ਜੇਕਰ ਇਕ ਚਾਹ ਵਾਲਾ ਪ੍ਰਧਾਨ ਮੰਤਰੀ ਬਣ ਸਕਦਾ ਹੈ ਤਾਂ ਇਕ ਟਰੈਕਟਰ ਵਾਲਾ ਕਿਉਂ ਨਹੀਂ?

# ਪੰਜ ਸਿੰਘ ਸਾਹਿਬਾਨ ਵਲੋਂ ਸਮੁੰਦਰ ਕੰਢਿਆਂ, ਬੀਚਾਂ 'ਤੇ ਆਨੰਦ ਕਾਰਜਾਂ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ 'ਤੇ ਲਗਾਈ ਰੋਕ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਆਨੰਦ ਕਾਰਜ ਨੂੰ ਲੈ ਕੇ ਸਖ਼ਤ ਹੁਕਮ ਜਾਰੀ ਕੀਤੇ ਗਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਡੈਸਟੀਨੇਸ਼ਨ ਆਨੰਦ ਕਾਰਜ 'ਤੇ ਰੋਕ ਲਗਾ ਦਿੱਤੀ ਹੈ। ਦਰਅਸਲ ਡੈਸਟੀਨੇਸ਼ਨ ਵੈਡਿੰਗ 'ਚ ਲੋਕ ਥੀਮ ਅਧਾਰਿਤ ਵਿਆਹ ਕਰਦੇ ਸਨ ਜਿਵੇਂ ਕਿ ਬੀਚ ਕਿਨਾਰੇ ਜਾਂ ਫਿਰ ਕਿਸੇ ਰਿਸੋਰਟ ਵਿਚ ਹੀ ਅਨੰਦ ਕਾਰਜ ਦੀਆਂ ਰਸਮਾਂ ਕਰ ਲਈਆਂ ਜਾਂਦੀਆਂ ਸਨ। ਹੁਣ ਇਸ ਤਰ੍ਹਾਂ ਦੇ ਡੈਸਟੀਨੇਸ਼ਨ ਵਿਆਹਾਂ ਮੌਕੇ ਆਨੰਦ ਕਾਰਜ ਨਹੀਂ ਹੋਣਗੇ। ਇਹ ਫ਼ੈਸਲਾ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਵਿਚ ਹੋਈ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਵਿਚ ਲਿਆ ਗਿਆ ਹੈ।

ਇਥੇ ਦੱਸਣਯੋਗ ਹੈ ਕਿ ਮੈਰਿਜ ਪੈਲੇਸ ਵਿਚ ਪਹਿਲਾਂ ਤੋਂ ਆਨੰਦ ਕਾਰਜ ਕਰਵਾਉਣ 'ਤੇ ਪਾਬੰਦੀ ਲੱਗੀ ਹੋਈ ਹੈ। ਬੀਤੇ ਦਿਨੀਂ ਇਕ ਅਜਿਹੇ ਮਾਮਲੇ ਵਿਚ ਸਾਹਮਣੇ ਆਏ ਸਨ ਜਿਨ੍ਹਾਂ ਵਿਚ ਬੀਚ ਕਿਨਾਰੇ ਆਨੰਦ ਕਾਰਜ ਕਰਵਾਏ ਜਾ ਰਹੇ ਸਨ, ਇਸ ਨੂੰ ਦੇਖਦਿਆਂ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਨਵੇਂ ਹੁਕਮ ਜਾਰੀ ਕੀਤੇ ਗਏ ਹਨ। ਵਿਆਹ ਦੀ ਪਾਰਟੀ ਭਾਵੇਂ ਕਿਤੇ ਵੀ ਕੀਤੀ ਜਾ ਸਕਦੀ ਹੈ ਪਰ ਲਾਵਾਂ ਫੇਰੇ ਗੁਰਦੁਆਰਾ ਸਾਹਿਬ 'ਚ ਹੀ ਲੈਣੇ ਪੈਣਗੇ।

# ਸ਼੍ਰੋਮਣੀ ਕਮੇਟੀ ਨੂੰ ਸੈਟੇਲਾਈਟ ਚੈਨਲ ਸ਼ੁਰੂ ਕਰਨ ਲਈ ਕੇਂਦਰ ਤੋਂ ਨਹੀਂ ਮਿਲੀ ਪ੍ਰਵਾਨਗੀ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਵਾਸਤੇ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਲਈ ਫਿਲਹਾਲ ਕੇਂਦਰ ਸਰਕਾਰ ਕੋਲੋਂ ਹਰੀ ਝੰਡੀ ਨਹੀਂ ਮਿਲੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦਾ ਵਫ਼ਦ ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੂੰ ਮਿਲਿਆ ਹੈ। ਸ਼੍ਰੋਮਣੀ ਕਮੇਟੀ ਨੇ ਹਾਲ ਹੀ ਵਿੱਚ 24 ਜੁਲਾਈ ਨੂੰ ਵੈੱਬ ਚੈਨਲ ਸ਼ੁਰੂ ਕੀਤਾ ਸੀ ਜਿਸ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦੇ ਗੁਰਬਾਣੀ ਦੇ ਕੀਰਤਨ ਨੂੰ ਯੂਟਿਊਬ ਅਤੇ ਫੇਸਬੁਕ ਰਾਹੀਂ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਕਮੇਟੀ ਵੱਲੋਂ ਸੈਟੇਲਾਈਟ ਚੈਨਲ ਨੂੰ ਸ਼ੁਰੂ ਕਰਵਾਉਣ ਲਈ ਸਬ-ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ, ਜੋ ਹੁਣ ਤੱਕ ਕੇਂਦਰ ਸਰਕਾਰ ਦੇ ਸੂਚਨਾ ਪ੍ਰਸਾਰਨ ਮੰਤਰਾਲੇ ਨੂੰ ਦੋ ਵਾਰ ਮਿਲ ਚੁੱਕੀ ਹੈ ਪਰ ਫਿਲਹਾਲ ਇਸ ਕਾਰਜ ਨੂੰ ਹਰੀ ਝੰਡੀ ਨਹੀਂ ਦਿੱਤੀ ਗਈ। ਹੁਣ ਸਿੱਖ ਸੰਸਥਾ ਦਾ ਇਕ ਵਫ਼ਦ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਅਪੂਰਵਾ ਚੰਦਰਾ ਨੂੰ ਮਿਲਿਆ ਹੈ। ਇਸ ਵਫ਼ਦ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਕੁਲਵੰਤ ਸਿੰਘ ਮੰਨਣ ਅਤੇ ਮੀਤ ਸਕੱਤਰ ਸ਼ਾਹਬਾਜ਼ ਸਿੰਘ ਸ਼ਾਮਲ ਸਨ। ਇਸ ਸਬੰਧੀ ਭਾਈ ਮਹਿਤਾ ਨੇ ਦੱਸਿਆ ਕਿ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੇ ਸ਼੍ਰੋਮਣੀ ਕਮੇਟੀ ਵੱਲੋਂ ਰੱਖੇ ਪੱਖ ਨੂੰ ਸੰਜੀਦਗੀ ਨਾਲ ਸੁਣਿਆ ਹੈ ਅਤੇ ਜਲਦ ਹੀ ਇਸ ਸਬੰਧੀ ਮੁੜ ਵਿਚਾਰ-ਵਟਾਂਦਰੇ ਦੀ ਹਾਮੀ ਭਰੀ ਹੈ। ਉਨ੍ਹਾਂ ਦੱਸਿਆ ਕਿ ਧਾਰਮਿਕ ਸੰਸਥਾ ਹੋਣ ਕਾਰਨ ਸੈਟੇਲਾਈਟ ਚੈਨਲ ਲਈ ਕੁਝ ਤਕਨੀਕੀ ਸਮੱਸਿਆਵਾਂ ਅਤੇ ਸਰਕਾਰ ਦੇ ਨਿਯਮਾਂ ਕਰ ਕੇ ਮੁਸ਼ਕਲ ਆ ਰਹੀ ਹੈ ਪਰ ਸ਼੍ਰੋਮਣੀ ਕਮੇਟੀ ਆਪਣੀ ਤਰਫੋਂ ਲਗਾਤਾਰ ਕਾਰਜਸ਼ੀਲ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਰਜਿਸਟਰੇਸ਼ਨ 21 ਤੋਂ

ਫ਼ਤਹਿਗੜ੍ਹ ਸਾਹਿਬ : ਗੁਰਦੁਆਰਾ ਚੋਣ ਕਮਿਸ਼ਨ ਪੰਜਾਬ ਵੱਲੋਂ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ 1959 ਦੇ ਨਿਯਮ 6 ਤੋਂ 12 ਅਨੁਸਾਰ ਜ਼ਿਲ੍ਹੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਰ ਸੂਚੀ ਤਿਆਰ ਕਰਨ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ।

ਇਸ ਅਨੁਸਾਰ ਜ਼ਿਲ੍ਹੇ ਵਿੱਚ ਪੈਂਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਿੰਨ ਗੁਰਦੁਆਰਾ ਬੋਰਡ ਚੋਣ ਹਲਕੇ 60-ਫ਼ਤਹਿਗੜ੍ਹ ਸਾਹਿਬ, 61-ਬਸੀ ਪਠਾਣਾ ਅਤੇ 62-ਅਮਲੋਹ ਵਿੱਚ 21 ਅਕਤੂਬਰ ਤੋਂ 15 ਨਵੰਬਰ ਤੱਕ ਵੋਟਰਾਂ ਦੀ ਰਜਿਸਟਰੇਸ਼ਨ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਦੱਸਿਆ ਕਿ ਵੋਟਰ ਸੂਚੀ ਤਿਆਰ ਕਰਨ ਸਬੰਧੀ 26 ਦਸੰਬਰ ਤੱਕ ਦਾਅਵੇ 'ਤੇ ਇਤਰਾਜ਼ ਦਿੱਤੇ ਜਾ ਸਕਦੇ ਹਨ ਅਤੇ 4 ਜਨਵਰੀ ਨੂੰ ਦਾਅਵੇ 'ਤੇ ਇਤਰਾਜ਼ਾਂ ਦਾ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 5 ਜਨਵਰੀ ਨੂੰ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 16 ਜਨਵਰੀ ਨੂੰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਵੋਟ ਬਣਾਉਣ ਲਈ ਬਿਨੈਕਾਰਾਂ ਵੱਲੋਂ ਭਰੇ ਫਾਰਮ 'ਤੇ ਦਰਜ ਵੋਟਰ ਦਾ ਨਾਮ, ਮਾਤਾ/ਪਿਤਾ/ਪਤੀ ਦਾ ਨਾਮ ਉਸ ਦੇ ਆਧਾਰ ਕਾਰਡ ਜਾਂ ਸ਼ਨਾਖਤੀ ਕਾਰਡ ਨਾਲ ਮਿਲਾ ਕੇ ਉਸ ਦੀ ਤਸਦੀਕ ਅਤੇ ਪੁਸ਼ਟੀ ਕੀਤੀ ਜਾਵੇਗੀ।

## ਸਿੰਘ ਸਾਹਿਬਾਨ ਦਾ ਵੱਡਾ ਫ਼ੈਸਲਾ

# ਕੁੜੀਆਂ ਦਾ ਸਮਲਿੰਗੀ ਵਿਆਹ ਕਰਵਾਉਣ ਵਾਲੇ ਗ੍ਰੰਥੀ ਸਿੰਘ ਕੀਤੇ ਬਲੈਕਲਿਸਟ



ਅੰਮ੍ਰਿਤਸਰ : ਅੱਜ ਵੱਖ-ਵੱਖ ਪੰਥਕ ਮੁੱਦਿਆਂ ਨੂੰ ਲੈ ਕੇ 5 ਤਖ਼ਤਾਂ ਦੇ ਜਥੇਦਾਰਾਂ ਦੀ ਮੀਟਿੰਗ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੀ ਗਈ। ਇਸ ਮੀਟਿੰਗ 'ਚ ਕਈ ਅਹਿਮ ਫ਼ੈਸਲੇ ਲਏ ਗਏ ਹਨ। ਜਿਸ 'ਚ ਪਹਿਲਾ ਫ਼ੈਸਲਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੋਏ ਆਦੇਸ਼ਾਂ 'ਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਇੰਦੌਰ ਦੀ ਕਰਵਾਈ ਜਾਣ ਵਾਲੀ ਚੋਣ ਪ੍ਰਕਿਰਿਆ ਵਿਚ ਵਿਘਨ ਪਾਉਣ ਦੇ ਦੋਸ਼ ਵਿਚ ਜਗਜੀਤ ਸਿੰਘ (ਸੁਗਾ) ਨਾਮਜਦ ਮੈਂਬਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਇੰਦੌਰ, ਮੱਧ ਪ੍ਰਦੇਸ਼ ਨੂੰ ਵਾਰ-ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਣ ਲਈ ਬੁਲਾਇਆ ਗਿਆ ਪਰ ਹਰ ਵਾਰ ਇਹ ਆਨਾਕਾਨੀ ਕਰਕੇ ਹਾਜ਼ਰ ਨਹੀਂ ਹੋਇਆ। ਜਿਸ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਇਸ ਦੀ ਪ੍ਰਬੰਧਕ ਕਮੇਟੀ ਵਿਚੋਂ ਮੈਂਬਰਸ਼ਿਪ ਖਾਰਜ ਕੀਤੀ ਜਾਂਦੀ ਹੈ ਅਤੇ ਸੰਗਤਾਂ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਜਿੰਨੀ ਦੇਰ ਤੱਕ ਜਗਜੀਤ ਸਿੰਘ ਗੁਰਦੁਆਰਾ ਚੋਣ ਸਬੰਧੀ ਕੀਤੇ ਕੇਸ ਵਾਪਸ ਨਹੀਂ ਲੈਂਦਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣੀ ਭੁੱਲ ਨਹੀਂ ਬਖ਼ਸ਼ਾਉਂਦਾ ਉਨ੍ਹੀ ਦੇਰ ਤੱਕ ਸੰਗਤਾਂ ਇਸ ਨੂੰ ਮੂੰਹ ਨਾ ਲਗਾਉਣ।

2. ਗੁਰਦੁਆਰਾ ਕਲਗੀਧਰ ਸਾਹਿਬ, ਕੈਨਾਲ ਕਲੋਨੀ, ਮੁਲਤਾਨੀਆਂ ਰੋਡ, ਬਠਿੰਡਾ ਵਿਖੇ ਦੋ ਲੜਕੀਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲਾਵਾਂ ਕਰਵਾ ਕੇ ਸਮਲਿੰਗੀ ਵਿਆਹ (ਅਨੰਦ ਕਾਰਜ) ਕਰਵਾਉਣ ਸਬੰਧੀ ਕੇਸ ਵਿਚ ਇਹ ਫ਼ੈਸਲਾ ਹੋਇਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਦਾ ਲਈ ਪ੍ਰਬੰਧ ਚਲਾਉਣ ਵਿਚ ਅਯੋਗ ਕਰਾਰ ਕੀਤਾ ਜਾਂਦਾ ਹੈ, ਇਹ ਕਿਸੇ ਵੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਨਹੀਂ ਆਉਣਗੇ। ਸੰਗਤਾਂ ਜਲਦ ਹੀ ਨਵੀਂ ਅੰਮ੍ਰਿਤਧਾਰੀ ਪ੍ਰਬੰਧਕ ਕਮੇਟੀ ਦੀ ਚੋਣ ਕਰਨ ਅਤੇ ਮੁੱਖ ਗ੍ਰੰਥੀ ਹਰਦੇਵ ਸਿੰਘ, ਗ੍ਰੰਥੀ ਅਜੈਬ ਸਿੰਘ, ਰਾਗੀ ਸਿਕੰਦਰ ਸਿੰਘ, ਤਬਲਾ ਵਾਦਕ ਸਤਨਾਮ ਸਿੰਘ ਨੂੰ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਕਰਨ ਦੇ ਦੋਸ਼ ਵਜੋਂ ਪੰਜ ਸਾਲ ਲਈ ਬਲੈਕ ਲਿਸਟ ਕੀਤਾ ਜਾਂਦਾ ਹੈ। ਇਹ ਕਿਸੇ ਵੀ ਗੁਰਦੁਆਰਾ ਸਾਹਿਬਾਨ ਅਤੇ ਧਾਰਮਿਕ ਸਮਾਗਮਾਂ 'ਚ ਡਿਊਟੀ ਨਹੀਂ ਕਰਨਗੇ।

3. ਗੁਰਦੁਆਰਾ ਸਿੰਘ ਸਭਾ, ਮਿਆਣੀ ਰੋਡ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੇਸ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਾਰ-ਵਾਰ ਬੁਲਾਉਣ 'ਤੇ ਹਾਜ਼ਰ ਨਹੀਂ ਹੋਈ। ਜਿਸ 'ਤੇ ਪੰਜ ਸਿੰਘ ਸਾਹਿਬਾਨ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ, ਮੀਤ ਪ੍ਰਧਾਨ ਜੋਗਿੰਦਰ ਸਿੰਘ ਅਤੇ ਸਕੱਤਰ ਕਮਲਪ੍ਰੀਤ ਸਿੰਘ ਨੂੰ ਪ੍ਰਬੰਧ ਚਲਾਉਣ ਵਿਚ ਅਯੋਗ ਕਰਾਰ ਕੀਤਾ ਹੈ। ਸਮੂਹ ਸੰਗਤਾਂ ਨੂੰ ਆਦੇਸ਼ ਹੈ ਕਿ ਇਨ੍ਹਾਂ ਨੂੰ ਕੋਈ ਮੂੰਹ ਨਾ ਲਗਾਵੇ।

4. ਦਰਸ਼ਨ ਸਿੰਘ ਘੁਮਟਾਲੇ ਦੇ ਕੇਸ ਵਿਚ ਪੰਜ ਸਿੰਘ ਸਾਹਿਬਾਨ ਨੇ ਫ਼ੈਸਲਾ ਕੀਤਾ ਕਿ ਇਹ ਵਿਅਕਤੀ ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸੰਗਤ ਵਿਚ ਖਲੋ ਕੇ ਆਪਣੇ ਕੀਤੇ ਬੱਜਰ ਗੁਨਾਹ ਕਬੂਲੇ ਤੇ ਗੁਰੂ ਪੰਥ, ਗੁਰੂ ਗ੍ਰੰਥ ਅਤੇ ਸੰਗਤ ਪਾਸੋਂ ਮੁਆਫ਼ੀ ਮੰਗੇ। ਜਿੰਨਾ ਚਿਰ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਹੋ ਕੇ ਪੰਜ ਸਿੰਘ ਸਾਹਿਬਾਨ ਦੀ ਹਾਜਰੀ ਵਿਚ ਸੰਗਤ ਸਾਹਮਣੇ ਮੁਆਫ਼ੀ ਨਹੀਂ ਮੰਗਦਾ ਉਨ੍ਹਾਂ ਚਿਰ ਇਹ ਕਥਾ-ਕੀਰਤਨ ਕਰਨ ਦਾ ਅਧਿਕਾਰੀ ਨਹੀਂ ਅਤੇ ਨਾ ਹੀ ਸੰਗਤ ਇਸ ਨੂੰ ਮੂੰਹ ਲਗਾਵੇ ਅਤੇ ਇਸ ਨਾਲ ਹਰ ਪੱਖ ਤੋਂ ਕੋਈ ਸਾਂਝ ਨਾ ਰੱਖੀ ਜਾਵੇ। ਜੇਕਰ ਇਹ ਕਥਾ-ਕੀਰਤਨ ਕਰਦਾ ਸਾਹਮਣੇ ਆਇਆ ਤਾਂ ਇਸ ਦੇ ਖ਼ਿਲਾਫ਼ ਮਰਯਾਦਾ ਮੁਤਾਬਿਕ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਆਪਣੇ ਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਦਾ ਅਧਿਕਾਰੀ ਵੀ ਨਹੀਂ ਹੈ।

5. ਸੰਗਤਾਂ ਵਲੋਂ ਪੁੱਜੀਆਂ ਸ਼ਿਕਾਇਤਾਂ ਅਨੁਸਾਰ ਕੁਝ ਵਿਅਕਤੀ ਮਰਯਾਦਾ ਦੀ ਉਲੰਘਣਾ ਕਰਦਿਆ ਸਮੁੰਦਰਾਂ ਦੇ ਕੰਢੇ ਬੀਚਾਂ/ਰਿਜ਼ੋਰਟਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਅਨੰਦ ਕਾਰਜ (ਵਿਆਹ) ਕਰਦੇ ਹਨ। ਜਿਸ 'ਤੇ ਪੰਜ ਸਿੰਘ ਸਾਹਿਬਾਨ ਨੇ ਫ਼ੈਸਲਾ ਕਰਕੇ ਸਮੁੰਦਰਾਂ ਦੇ ਕੰਢੇ ਬੀਚਾਂ, ਰਿਜ਼ੋਰਟਾਂ ਆਦਿ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਅਨੰਦ ਕਾਰਜ (ਡੈਸਟੀਨੇਸ਼ਨ ਵੈਡਿੰਗ) ਕਰਨ 'ਤੇ ਰੋਕ ਲਗਾਈ ਹੈ।

# ਪੰਜਾਬੀ ਕਵੀ ਪ੍ਰੋ. ਅਨੂਪ ਸਿੰਘ ਵਿਰਕ ਦਾ ਦੇਹਾਂਤ



ਪਟਿਆਲਾ : ਸ਼੍ਰੋਮਣੀ ਪੰਜਾਬੀ ਕਵੀ ਪ੍ਰੋ. ਅਨੂਪ ਸਿੰਘ ਵਿਰਕ (76) ਨਹੀਂ ਰਹੇ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਰਹੇ ਪ੍ਰੋ. ਅਨੂਪ ਵਿਰਕ ਪਿਛਲੇ ਲੰਮੇ ਸਮੇਂ ਤੋਂ ਅਮਰੀਕਾ (ਕੈਲੀਫੋਰਨੀਆ) ਰਹਿ ਰਹੇ ਸਨ। ਉਨ੍ਹਾਂ ਅੱਜ ਕੈਲੀਫੋਰਨੀਆ ਦੇ ਹਸਪਤਾਲ ਵਿੱਚ ਆਖਰੀ ਸਾਹ ਲਿਆ। ਉਹ ਆਪਣੀ ਜ਼ਿੰਦਗੀ ਦਾ ਲੰਬਾ ਸਮਾਂ ਪਟਿਆਲਾ ਰਹੇ। ਉਨ੍ਹਾਂ ਦਾ ਜਨਮ ਪਾਕਿਸਤਾਨ ਦੇ ਜ਼ਿਲ੍ਹਾ ਗੁੱਜਰਾਂਵਾਲਾ ਦੇ ਪਿੰਡ ਨੱਢਾ ਵਿੱਚ 21 ਮਾਰਚ, 1946 ਨੂੰ ਹੋਇਆ। ਉਨ੍ਹਾਂ ਪੰਜਾਬੀ ਸਾਹਿਤ ਪ੍ਰੇਮੀਆਂ ਦੀ ਝੋਲੀ ਵਿੱਚ ਕਈ ਕਿਤਾਬਾਂ ਪਾਈਆਂ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਪੰਜਾਬੀ ਸਾਹਿਤ ਸਭਾ ਪ ?ਟਿਆਲਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ ਨੇ ਉਨ੍ਹਾਂ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ। ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਨੇ ਪੰਜਾਬੀ ਸ਼ਾਇਰ ਅਨੂਪ ਵਿਰਕ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟਾਇਆ ਹੈ। ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪ੍ਰਲੇਸ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ, ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਪੰਜਾਬੀ ਸ਼ਾਇਰ ਅਨੂਪ ਵਿਰਕ ਦੇ ਅਕਾਲ ਚਲਾਣੇ ਕਾਰਨ ਪੰਜਾਬੀ ਸਾਹਿਤ ਨੂੰ ਵੱਡਾ ਘਾਟਾ ਪਿਆ ਹੈ। ਇਸ ਮੌਕੇ ਸਰਬ ਭਾਰਤੀ ਪ੍ਰਲੇਸ ਕੌਮੀ ਕਮੇਟੀ ਦੇ ਮੈਂਬਰ ਡਾ. ਸਰਬਜੀਤ ਸਿੰਘ, ਨਾਵਲਕਾਰ ਬਲਦੇਵ ਸੜਕਨਾਮਾ, ਡਾ. ਪਰਮਿੰਦਰ ਸਿੰਘ, ਡਾ. ਸੁਰਜੀਤ, ਸੁਰਜੀਤ ਬਰਾੜ ਘੋਲੀਆ, ਕਿਰਪਾਲ ਕਜ਼ਾਕ, ਸੁਰਿੰਦਰ ਗਿੱਲ, ਜੋਗਿੰਦਰ ਨਿਰਾਲਾ, ਜਸਪਾਲ ਮਾਨਖੇੜਾ, ਅਤਰਜੀਤ, ਡਾ. ਲਖਵਿੰਦਰ ਜੌਹਲ, ਸਤਨਾਮ ਚਾਨਾ, ਡਾ. ਅਨੂਪ ਸਿੰਘ, ਗੁਲਜ਼ਾਰ ਪੰਧੇਰ, ਜਸਵੀਰ ਝੱਜ, ਸੁਰਿੰਦਰ ਕੈਲੇ, ਸੁਭਾਸ਼ ਮਾਨਸਾ, ਡਾ. ਹਰਵਿੰਦਰ ਸਿਰਸਾ, ਦੀਪਤੀ ਬਬੂਟਾ, ਤਰਸੇਮ, ਡਾ. ਭੁਪਿੰਦਰ ਸਿੰਘ, ਡਾ. ਹਰਭਗਵਾਨ, ਭੋਲਾ ਸਿੰਘ ਸੰਘੇੜਾ, ਡਾ. ਹਰਜਿੰਦਰ ਸੂਰੇਵਾਲੀਆ ਨੇ ਦੁੱਖ ਪ੍ਰਗਟਾਇਆ ਹੈ।

# ਸਾਬਕਾ ਮੰਤਰੀ ਮਨਪ੍ਰੀਤ ਬਾਦਲ ਨੂੰ ਹਾਈਕੋਰਟ ਤੋਂ ਵੱਡੀ ਰਾਹਤ, ਗ੍ਰਿਫ਼ਤਾਰੀ ਲਈ ਭਾਲ ਕਰ ਰਹੀ ਸੀ ਵਿਜੀਲੈਂਸ



ਚੰਡੀਗੜ੍ਹ : ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਮਨਪ੍ਰੀਤ ਬਾਦਲ ਨੂੰ ਵੱਡੀ ਰਾਹਤ ਦਿੰਦੇ ਹੋਏ ਅੰਤਰਿਮ ਜ਼ਮਾਨਤ ਦੇ ਦਿੱਤੀ ਗਈ ਹੈ। ਹਾਈਕੋਰਟ ਨੇ ਪਲਾਟ ਘਪਲੇ ਮਾਮਲੇ 'ਚ ਮਨਪ੍ਰੀਤ ਬਾਦਲ ਨੂੰ ਅੰਤਰਿਮ ਜ਼ਮਾਨਤ ਦਿੱਤੀ ਹੈ। ਅੰਤਰਿਮ ਜ਼ਮਾਨਤ ਮਿਲਣ ਮਗਰੋਂ ਹੁਣ ਉਨ੍ਹਾਂ ਨੂੰ ਅਦਾਲਤ ਦੇ ਹੁਕਮਾਂ ਤਹਿਤ ਆਪਣਾ ਪਾਸਪੋਰਟ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜਾਂਚ ਏਜੰਸੀ ਦੇ ਕੋਲ ਜਾ ਕੇ ਜਾਂਚ 'ਚ ਵੀ ਸ਼ਾਮਲ ਹੋਣਾ ਪਵੇਗਾ। ਦੱਸਣਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ 24 ਸਤੰਬਰ ਨੂੰ ਬਠਿੰਡਾ ਥਾਣਾ 'ਚ ਪਲਾਟ ਅਲਾਟਮੈਂਟ ਨਾਲ ਸਬੰਧਿ ਮਾਮਲੇ 'ਚ ਬਾਦਲ ਖ਼ ?ਲਾਫ਼ ਕੇਸ ਦਰਜ ਕੀਤਾ ਸੀ। ਵਿਜੀਲੈਂਸ ਨੇ ਮਨਪ੍ਰੀਤ ਬਾਦਲ ਦੀ ਭਾਲ 'ਚ 6 ਸੂਬਿਆਂ 'ਚ ਛਾਪੇਮਾਰੀ ਕੀਤੀ ਹੈ। ਵਿਜੀਲੈਂਸ ਦੀਆਂ ਟੀਮਾਂ ਨੇ ਚੰਡੀਗੜ੍ਹ ਅਤੇ ਲੰਬੀ 'ਚ ਵੀ ਉਨ੍ਹਾਂ ਦੇ ਘਰ ਛਾਪੇਮਾਰੀ ਕੀਤੀ ਪਰ ਉੱਥੇ ਵੀ ਉਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲਿਆ।


# ਗੁਰਦੁਆਰਾ ਚੋਣਾਂ ਦੇ ਵੋਟਰ ਫਾਰਮ ਸ਼੍ਰੋਮਣੀ ਕਮੇਟੀ ਡੂੰਘਾਈ ਨਾਲ ਵਾਚੇ: ਜੋਗਿੰਦਰ ਸਿੰਘ ਅਦਲੀਵਾਲ

## ਚੋਣਾਂ ਸਬੰਧੀ ਸ਼ੁਰੂ ਹੋਈ ਸ਼ੁਰੂਆਤ ਚੰਗੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਮੁਕਤ ਕਰਮਚਾਰੀਆਂ ਦੀ ਸੇਵਾਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਵੱਲੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀਆਂ ਚੋਣਾਂ ਦਾ ਆਗਾਜ਼ ਹੋਣ ਦਾ ਸੁਆਗਤ ਕੀਤਾ ਹੈ। ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਅਦਲੀਵਾਲ ਨੇ ਪ੍ਰੈੱਸ ਨੋਟ ਜਾਰੀ ਕਰਕੇ ਕਿਹਾ ਹੈ ਕਿ ਬੇਸ਼ੱਕ ਇਹ ਚੋਣਾਂ ਬਹੁਤ ਪਹਿਲਾਂ ਹੋਣੀਆਂ ਚਾਹੀਦੀਆਂ ਸੀ ਪਰ ਦੇਰ ਆਇਦ ਦਰੁਸਤ ਆਇਦ ਅਨੁਸਾਰ ਇਸ ਨੂੰ ਹਾਂ ਪੱਖੀ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਜ਼ਐਕਟ-1925 ਅਨੁਸਾਰ ਇਹ ਚੋਣਾਂ ਹਰ ਪੰਜ ਸਾਲ ਬਾਅਦ ਕਰਵਾਉਣੀਆਂ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ ਪਰ ਸਮੇਂ ਦੀਆਂ ਸਰਕਾਰਾਂ ਵੱਲੋਂ ਗੁਰਦੁਆਰਾ ਚੋਣਾਂ ਨੂੰ ਪਾਰਲੀਮੈਂਟ, ਅਸੰਬਲੀਆਂ, ਕਾਰਪੋਰੇਸ਼ਨਾਂ ਅਤੇ ਪੰਚਾਇਤ ਦੀਆਂ ਚੋਣਾਂ ਦੀ ਤਰਾਂ ਜ਼ਰੂਰੀ ਨਹੀਂ ਸਮਝਿਆ ਜਾਂਦਾ। ਉਨ੍ਹਾਂ ਕਿਹਾ ਕਿ ਸ਼ਾਇਦ ਸਮੇਂ ਦੀਆਂ ਸਰਕਾਰਾਂ ਸ਼੍ਰੋਮਣੀ ਕਮੇਟੀ ਦਾ ਪਰਜਾਤੰਤਰਿਕ ਅਤੇ ਪ੍ਰਤੀਨਿੱਧਤਾ ਸਰੂਪ ਖਤਮ ਕਰਨ ਦੇ ਮੰਦ ਮਨੋਰਥ ਨਾਲ ਗੁਰਦੁਆਰਾ ਚੋਣਾਂ ਕਦੀ 14 ਸਾਲ, ਕਦੀ 17 ਸਾਲ ਤੇ ਹੁਣ 12 ਸਾਲ ਬਾਅਦ ਕਰਵਉਣ ਜਾ ਰਹੀ ਹੈ। ਏਥੋਂ ਤੱਕ ਕਿ ਸਿੱਖ ਨੂੰ ਇਹ ਚੋਣਾਂ ਕਰਵਾਉਣ ਲਈ ਅਦਾਲਤਾਂ ਦਾ ਦਰਵਾਜ਼ਾ ਵੀ ਖੜਕਾਉਣਾ ਪਿਆ ਹੈ। ਸ. ਅਦਲੀਵਾਲ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ 21 ਅਕਤੂਬਰ ਤੋਂ ਬਣਨ ਵਾਲੀਆਂ ਵੋਟਰ ਸੂਚੀਆਂ ਵਿੱਚ ਨਾਮ ਦਰਜ ਕਰਵਾਉਣ ਲਈ ਸਮੁੱਚੀ ਸਿੱਖ ਕੌਮ ਨੂੰ ਹੁਣ ਤੋਂ ਹੀ ਕਮਰਕੱਸੇ ਕਰ ਲੈਣੇ ਚਾਹੀਦੇ ਹਨ ਤੇ ਨਿਰਧਾਰਤ ਸਮੇਂ ਦੇ ਅੰਦਰ ਅੰਦਰ ਲੋੜੀਂਦੀ ਪ੍ਰਕਿਰਿਆ ਪੂਰੀ ਕਰਕੇ ਵੱਡੀ ਗਿਣਤੀ ਵਿੱਚ ਵੋਟਰ ਬਣ ਕੇ ਇਸ ਮਹਾਨ ਸੰਸਥਾ ਦੇ ਪਰਜਾਤੰਤਰਿਕ ਅਤੇ ਪ੍ਰਤੀਨਿਧ ਸਰੂਪ ਤੇ ਮੋਹਰ ਲਾਉਣੀ ਚਾਹੀਦੀ ਹੈ। ਉਨ੍ਹਾਂ ਨੇ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੂੰ ਵੀ ਅਪੀਲ ਕੀਤੀ ਕਿ ਹਰਿਆਣਾ ਵਿੱਚ ਬਣ ਰਹੀਆਂ ਵੋਟਾਂ ਅਤੇ ਪੰਜਾਬ ਵਿੱਚ ਬਣ ਰਹੀਆਂ ਵੋਟਾਂ ਦੇ ਵੋਟਰ ਫਾਰਮ ਸਾਹਮਣੇ ਰੱਖ ਕੇ ਵੇਖਣ ਤੇ ਜੋ ਅੰਤਰ ਨਜ਼ਰ ਆਵੇ ਉਸ ਸੰਬੰਧੀ ਮਾਹਰਾਂ ਨਾਲ ਰਾਏ ਕਰਕੇ ਸਹੀ ਫੈਸਲਾ ਲੈਣਾ ਚਾਹੀਦਾ ਹੈ। ਸ. ਅਦਲੀਵਾਲ ਨੇ ਹੋਰ ਕਿਹਾ ਹੈ ਕਿ ਹਰਿਆਣਾ ਵਿੱਚ ਵੋਟਰ ਫਾਰਮ ਤੇ ਫੋਟੋ ਅਤੇ ਨਾਲ ਆਧਾਰ ਕਾਰਡ ਦੀ ਕਾਪੀ ਲੱਗ ਰਹੀ ਹੈ, ਪੰਜਾਬ ਵਿੱਚ ਵੀ ਏਵੇਂ ਹੀ ਯਕੀਨੀ ਬਣਾਉਣਾ। ਵੋਟਰ ਫਾਰਮ ਤੇ ਜਿੱਥੇ ਕੇਸ਼ਾਧਾਰੀ ਵੋਟਰ ਫਾਰਮ ਛੱਪ ਰਿਹਾ ਹੈ ਉਸਦੀ ਥਾਂ ਤੇ ਸਾਬਤ ਸੂਰਤ ਸ਼ਬਦ ਦੀ ਵਰਤੋਂ ਲਾਜ਼ਮੀ ਹੋਵੇ। ਸ. ਅਦਲੀਵਾਲ ਨੇ ਹੋਰ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਰਵਉੱਚ ਧਾਰਮਿਕ ਪ੍ਰਤੀਨਿੱਧ ਸੰਸਥਾ ਹੈ ਅਤੇ ਸਮੁੱਚੇ ਸੰਸਾਰ ਵਿੱਚ ਸਿੱਖ ਕੌਮ ਕੋਲ ਹੀ ਆਪਣੇ ਪਵਿੱਤਰ ਗੁਰਧਾਮਾਂ ਦੇ ਪ੍ਰਬੰਧਕ ਚੁਣਨ ਦਾ ਅਧਿਕਾਰ ਹੈ ਜੋ ਉਨ੍ਹਾਂ ਦੇ ਪੁਰਖਿਆਂ ਨੇ ਆਪਣਾ ਖੂਨ ਡੋਲ੍ਹ ਕੇ ਅੰਗਰੇਜ਼ ਹਕੂਮਤ ਪਾਸੋਂ ਪ੍ਰਾਪਤ ਕੀਤਾ ਹੈ। ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਵੋਟਰ ਬਣਨ ਵਿੱਚ ਕਿਸੇ ਕਿਸਮ ਦੀ ਉਦਾਸੀਨਤਾ ਨਾ ਦਿਖਾਈ ਜਾਵੇ ਸਗੋਂ ਵੱਧ ਤੋਂ ਵੱਧ ਵੋਟਰ ਬਣਾਏ ਜਾਣ।

# ਹਰਿਆਣਾ ਦਾ ਹੱਕ ਹਰਿਆਣਾ ਨੂੰ ਮਿਲੇ-ਪੰਜਾਬ ਦਾ ਹੱਕ ਪੰਜਾਬ ਨੂੰ ਮਿਲੇ : ਸੰਦੀਪ ਪਾਠਕ



ਚੰਡੀਗੜ੍ਹ- ਕਰਨਾਲ ਦੇ ਮੰਗਲਸੇਨ ਆਡੀਟੋਰੀਅਮ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਵਰਕਰ ਕਾਨਫਰੰਸ ਹੋਈ। ਇਸ ਵਿੱਚ ਪਾਰਟੀ ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ, ਸੂਬਾ ਪ੍ਰਧਾਨ ਸੁਸ਼ੀਲ ਗੁਪਤਾ, ਅਨੁਰਾਗ ਢਾਂਡਾ, ਅਸ਼ੋਕ ਤੰਵਰ ਸਮੇਤ ਕਈ ਆਗੂਆਂ ਨੇ ਸ਼ਿਰਕਤ ਕੀਤੀ।

ਕਾਨਫਰੰਸ ਵਿੱਚ ਸੰਦੀਪ ਪਾਠਕ ਨੇ ਵਰਕਰਾਂ ਨੂੰ ਪਾਰਟੀ ਦੀ ਮਜ਼ਬੂਤੀ ਦਾ ਮੂਲ ਮੰਤਰ ਦਿੱਤਾ। ਕਾਨਫਰੰਸ ਦੌਰਾਨ ਉਨ੍ਹਾਂ ਕਾਂਗਰਸ ਸਰਕਾਰ ਅਤੇ ਭਾਜਪਾ 'ਤੇ ਤਿੱਖਾ ਨਿਸ਼ਾਨਾ ਸਾਧਿਆ। ਐਸਵਾਈਐਲ ਦੇ ਸਵਾਲ 'ਤੇ ਪਾਠਕ ਨੇ ਕਿਹਾ ਕਿ ਇਹ ਮੁੱਦਾ ਚੋਣਾਂ ਵੇਲੇ ਹੀ ਉਠਾਇਆ ਜਾਂਦਾ ਹੈ, ਬਾਅਦ ਵਿੱਚ ਇਹ ਕੋਈ ਮੁੱਦਾ ਨਹੀਂ ਹੈ।

ਹਰ ਸੂਬੇ ਨੂੰ ਉਸ ਦਾ ਸਹੀ ਪਾਣੀ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦਾ ਹੱਕ ਪੰਜਾਬ ਨੂੰ ਅਤੇ ਹਰਿਆਣਾ ਦਾ ਹੱਕ ਹਰਿਆਣਾ ਨੂੰ ਮਿਲਣਾ ਚਾਹੀਦਾ ਹੈ। ਜਦੋਂ ਕੇਂਦਰ, ਹਰਿਆਣਾ ਅਤੇ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਸੀ ਤਾਂ ਵੀ ਇਹ ਮਸਲਾ ਹੱਲ ਨਹੀਂ ਹੋਇਆ ਅਤੇ ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਵੀ ਇਹ ਮਸਲਾ ਜਿਉਂ ਦਾ ਤਿਉਂ ਹੀ ਰਿਹਾ। ਕੇਂਦਰ ਸਰਕਾਰ ਨੂੰ ਇਸ ਮੁੱਦੇ ਦਾ ਕੋਈ ਹੱਲ ਕੱਢਣਾ ਚਾਹੀਦਾ ਹੈ ਅਤੇ ਰਾਜਾਂ ਨੂੰ ਜੋ ਵੀ ਪਾਣੀ ਦਾ ਹੱਕ ਹੈ, ਉਹ ਮਿਲਣਾ ਚਾਹੀਦਾ ਹੈ। ਸੰਦੀਪ ਪਾਠਕ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਨੂੰ ਬਣਦਾ ਹੱਕ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਮਿਲਜੁਲ ਕੇ ਇਸ ਦਾ ਹੱਲ ਕੱਢਾਂਗੇ। ਉਨ੍ਹਾਂ ਨੇ ਕਿਹਾ ਕਿ ਇਸ ਦਾ ਹੱਲ ਸੁਪਰੀਮ ਕੋਰਟ ਜਾਂ ਗੱਲਬਾਤ ਰਾਹੀਂ ਹੀ ਨਿਕਲੇਗਾ। ਰਾਜ ਸਭ ਮੈਂਬਰ ਦੇ ਇਸ ਬਿਆਨ ਤੋਂ ਬਾਅਦ ਸਿਆਸਤ 'ਚ ਇੱਕ ਵਾਰ ਫਿਰ ਗਰਮਾਹਟ ਲਿਆ ਦਿੱਤੀ ਹੈ। ਕਾਬਿਲੇਗੌਰ ਹੈ ਕਿ ਸੰਦੀਪ ਪਾਠਕ ਦੇ ਇਸ ਬਿਆਨ ਉਪਰ ਸਿਆਸਤ ਤੇਜ਼ ਹੋ ਗਈ ਹੈ। I.N.D.A. ਗਠਜੋੜ ਦੇ ਸਵਾਲ 'ਤੇ ਪਾਠਕ ਨੇ ਕਿਹਾ ਕਿ I.N.D.I.A ਗਠਜੋੜ ਦਾ ਉਦੇਸ਼ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨਾ ਹੈ। ਇਸ ਲਈ ਅਸੀਂ ਲੋਕ ਸਭਾ ਚੋਣਾਂ ਵਿੱਚ ਲੋਕਾਂ ਲਈ ਇਕੱਠੇ ਹੋਏ ਹਾਂ।

ਬੀਰੇਂਦਰ ਸਿੰਘ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਅੱਜ ਮਸਲਾ ਇਹ ਨਹੀਂ ਹੈ ਕਿ ਸਾਡੇ ਨਾਲ ਕੌਣ ਹੈ ਅਤੇ ਕੌਣ ਛੱਡ ਰਿਹਾ ਹੈ, ਗੱਲ ਇਹ ਹੈ ਕਿ ਕਿਸਾਨਾਂ ਦੀਆਂ ਫ਼ਸਲਾਂ ਸਮੇਂ ਸਿਰ ਨਹੀਂ ਖਰੀਦੀਆਂ ਜਾ ਰਹੀਆਂ, ਨੁਕਸਾਨ ਦਾ ਮੁਆਵਜ਼ਾ ਸਮੇਂ ਸਿਰ ਨਹੀਂ ਮਿਲ ਰਿਹਾ, ਜਦਕਿ ਪੰਜਾਬ 'ਚ ਖਰੀਦ ਵੀ ਕੀਤੀ ਜਾ ਰਹੀ ਹੈ, ਸਮੇਂ ਸਿਰ ਅਦਾਇਗੀ ਵੀ ਕੀਤੀ ਜਾ ਰਹੀ ਹੈ ਅਤੇ ਨੁਕਸਾਨ ਦਾ ਮੁਆਵਜ਼ਾ ਵੀ ਮਿਲ ਰਿਹਾ ਹੈ।

# ਬੁੱਢਾ ਦਲ ਦੀ ਅਮਰੀਕਾ ਸਥਿਤ ਛਾਉਣੀ ਵਿਖੇ ਨਿਸ਼ਾਨ ਸਾਹਿਬ ਝੁਲਾਏ ਗਏ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਕੀਤੇ ਗੁਰਮਤੇ ਅਨੁਸਾਰ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਸੈਕਸ਼ਨ ਸਟਰੀਟ ਪਲੇਨਫੀਲਡ ਇੰਡੀਆਨਾ ਅਮਰੀਕਾ ਵਿਖੇ ਸਥਾਪਤ ਕੀਤੀ ਗਈ ਬੁੱਢਾ ਦਲ ਦੀ ਛਾਉਣੀ ਵਿਖੇ ਖਾਲਸਾ ਪੰਥ ਦੇ ਨਿਲੰਬਰੀ ਮੀਰੀ ਦੇ ਨਿਸ਼ਾਨ ਸਾਹਿਬ ਝੁਲਾਉਣ ਦੀ ਸੇਵਾ ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ ਅਮਰੀਕਾ ਇਕਾਈ ਬੁੱਢਾ ਦਲ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਗਈ ਹੈ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਦਸਿਆ ਕਿ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਨੇ ਆਪਣੀ ਅਮਰੀਕਾ ਯਾਤਰਾ ਸਮੇਂ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਦਾ ਸ਼ੁਭ ਅਰੰਭ ਕੀਤਾ ਸੀ ਸੰਗਤਾਂ ਦੇ ਸਹਿਯੋਗ ਨਾਲ ਤਿੰਨ ਰੋਜ਼ਾ ਗੁਰਮਤਿ ਸਮਾਗਮ ਵੀ ਕਰਵਾਏ ਗਏ। ਜਿਸ ਵਿੱਚ ਸੰਗਤਾਂ ਨੇ ਵੱਡੀ ਪੱਧਰ ਤੇ ਪੂਰਨ ਸਹਿਯੋਗ ਕੀਤਾ ਅਤੇ ਵੱਧ ਚੜ੍ਹ ਹਾਜ਼ਰੀ ਭਰ ਕੇ ਬੁੱਢਾ ਦਲ ਨੂੰ ਭਵਿੱਖ ਵਿੱਚ ਹਰ ਤਰ੍ਹਾਂ ਨਾਲ ਸਹਿਯੋਗ ਕਰਨ ਦਾ ਭਰੋਸਾ ਦਿੱਤਾ ਸੀ ਜਿਸ ਦੇ ਉਤਰਫੱਲ ਵਜੋਂ ਦਿਨੋ ਦਿਨ ਸੰਗਤਾਂ ਦੀ ਵੱਧਦੀ ਆਮਦ ਸਦਕਾ ਸ. ਜਸਵਿੰਦਰ ਸਿੰਘ ਜੱਸੀ ਦੇ ਉਦਮ ਨਾਲ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਸੈਕਸ਼ਨ ਸਟਰੀਟ ਪਲੇਨਫੀਲਡ ਇੰਡੀਆਨਾ ਛਾਉਣੀ ਬੁੱਢਾ ਦਲ ਵਿਖੇ ਨਿਸ਼ਾਨ ਸਾਹਿਬ ਝੁਲਾਏ ਗਏ ਹਨ, ਪੂਰਨ ਤੌਰ ਤੇ ਗੁਰਮਤਿ ਮਰਯਾਦਾ ਅਨੁਸਾਰ ਧਾਰਮਿਕ ਸਮਾਗਮ ਕੀਤਾ ਗਿਆ ਨਿਸ਼ਾਨ ਸਾਹਿਬ ਝੁਲਾਉਣ ਤੋਂ ਪਹਿਲਾਂ ਸੰਗਤੀ ਅਰਦਾਸ ਕੀਤੀ ਗਈ ਗੁਰਬਾਣੀ ਦਾ ਰੰਸ ਭਿੰਨਾ ਕੀਰਤਨ ਹੋਇਆ। ਜੈਕਾਰਿਆਂ ਦੀ ਗੂੰਜ ਵਿੱਚ ਦੋਵੇ ਨਿਸ਼ਾਨ ਸਾਹਿਬ ਹਾਈਡ ਰੌਲਿਕ ਤਰੀਕੇ ਨਾਲ ਅਸਮਾਨ ਛੂਹਦੇ ਸਥਾਪਤ ਕੀਤੇ ਗਏ।



ਬੁੱਢਾ ਦਲ ਦੀ ਅਮਰੀਕਾ ਸਥਿਤ ਛਾਉਣੀ ਵਿਖੇ ਨਿਸ਼ਾਨ ਸਾਹਿਬ ਝੁਲਾਉਂਦੀਆਂ ਹੋਈਆਂ ਸੰਗਤਾਂ।

ਇਸ ਸਮੇਂ ਬਾਬਾ ਜਸਵਿੰਦਰ ਸਿੰਘ ਜੱਸੀ ਤੋਂ ਇਲਾਵਾ ਬਾਬਾ ਮੁਖਤਿਆਰ ਸਿੰਘ, ਸਲੌਲਾ ਬ੍ਰਦਰਜ਼, ਬਾਬਾ ਲਾਲ ਸਿੰਘ, ਸ. ਗੁਰਜੰਟ ਸਿੰਘ, ਸ. ਹਰਸਿਮਰਨ ਸਿੰਘ ਬਾਰਨ ਵਾਲੇ, ਸ. ਨੈਵ ਸਿੰਘ ਗਿੱਲ, ਸ. ਵਿਕਰਮ ਸਿੰਘ ਸਮਾਰਾ, ਸ. ਤਜਿੰਦਰ ਸਿੰਘ ਲਾਡੀ, ਸ. ਗੁਰਪ੍ਰੀਤ ਸਿੰਘ, ਸ. ਰਸਨੀਪ ਸਿੰਘ, ਸ. ਮਲਕੀਤ ਸਿੰਘ, ਸ. ਮਿਲਖਾ ਸਿੰਘ, ਸ. ਵਿਕਰਮ ਸਿੰਘ, ਸ. ਦਲੀਪ ਸਿੰਘ, ਸ. ਵਿਕਰਮ ਸਿੰਘ ਰਾਜਪੁਰਾ, ਸ. ਜਸਪਾਲ ਸਿੰਘ, ਸ. ਹਰਪਾਲ ਸਿੰਘ, ਸ. ਜਗਰੂਪ ਸਿੰਘ, ਸ. ਪ੍ਰਤਾਪ ਸਿੰਘ ਰੰਧਾਵਾ, ਸ. ਕੁਲਦੀਪ ਸਿੰਘ, ਸ. ਪਲਵਿੰਦਰ ਸਿੰਘ, ਸ. ਪੀਦਰ ਸਿੰਘ, ਸ. ਸੁਖਜਿੰਦਰ ਸਿੰਘ, ਸ. ਗੁਰਲਾਲ ਸਿੰਘ, ਸ. ਪਲਵਿੰਦਰ ਸਿੰਘ ਹੁਸਾਪੁਰ, ਸ. ਰਵੀ ਸਿੰਘ ਢਿੱਲੋਂ, ਸ. ਹਰਭਜਨ ਸਿੰਘ, ਜਥੇਦਾਰ ਤਾਰਾ ਸਿੰਘ, ਸ.ਗੁਰਮੀਤ ਸਿੰਘ ਸਲੌਲਾ, ਸ. ਸਰਬਜੀਤ ਸਿੰਘ ਸਲੌਲਾ, ਸ. ਕਰਤਾਰ ਸਿੰਘ, ਸਰਪੰਚ ਰੰਸਪਾਲ ਸਿੰਘ ਆਦਿ ਹਾਜ਼ਰ ਸਨ।

# ਬੁੱਢਾ ਦਲ ਵੱਲੋਂ ਬਾਬਾ ਜੱਸਾ ਆਹਲੂਵਾਲੀਆ ਦੀ ਬਰਸੀ ਮਨਾਈ ਜਾਵੇਗੀ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੁਲਤਾਨ-ਉਲ-ਕੌਮ ਸਿੰਘ ਸਾਹਿਬ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ 240ਵੀਂ ਬਰਸੀ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ, ਗੁਰਦੁਆਰਾ ਬਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਵਿਖੇ 23 ਅਕਤੂਬਰ ਨੂੰ ਪੂਰੇ ਖਾਲਸਈ ਜਾਹੋ ਜਲਾਲ ਨਾਲ ਮਨਾਈ ਜਾਵੇਗੀ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਸਲਾਨਾ ਬਰਸੀ ਦੇ ਗੁਰਮਤਿ ਸਮਾਗਮ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਹੋਣਗੇ 21 ਅਕਤੂਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਸਾਹਿਬ ਅਰੰਭ ਹੋਣਗੇ ਅਤੇ 23 ਅਕਤੂਬਰ ਨੂੰ ਭੋਗ ਪਾਏ ਜਾਣਗੇ। ਉਨ੍ਹਾਂ ਕਿਹਾ ਉਨ੍ਹਾਂ ਕਿਹਾ ਸਿੱਖ ਕੌਮ ਦੀਆਂ ਧਾਰਮਿਕ ਸਖਸ਼ੀਅਤਾਂ ਕੌਮ ਦੇ ਮਹਾਨ ਦੂਲੇ ਸ਼ੇਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸ਼ਰਧਾ ਸਤਿਕਾਰ ਭੇਟ ਕਰਨ ਲਈ ਵਿਸ਼ੇਸ਼ ਤੌਰ ਤੇ ਪੁਜਣਗੀਆਂ। ਇਸ ਮੌਕੇ ਸਜੇ ਦੀਵਾਨ ਸਮੇਂ ਢਾਡੀ, ਕਥਾਵਾਚਕ, ਕਵੀਸ਼ਰ ਗੁਰਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਗੇ।




# ਪਰਵਾਸ ਨੇ ਪੰਜਾਬ ਦੀ ਆਬਾਦੀ ਵਿਕਾਸ ਦਰ ਘਟਾਈ, ਸਿੱਖਾਂ ਲਈ ਚਿੰਤਨ ਦਾ ਸਮਾਂ

ਜਲੰਧਰ : ਪੰਜਾਬ 'ਤੇ ਇਸ ਵਕਤ ਇਕ ਵੱਡਾ ਖ਼ਤਰਾ ਮੰਡਰਾਅ ਰਿਹਾ ਹੈ। ਦਰਅਸਲ ਪੰਜਾਬ ਵਿੱਚ ਆਬਾਦੀ ਵਿਕਾਸ ਦਰ ਪਿਛਲੇ ਇਕ ਦਹਾਕੇ ਤੋਂ ਲਗਾਤਾਰ ਘਟ ਰਹੀ ਹੈ। ਹਾਲਾਂਕਿ ਸਾਲ 2021 'ਚ ਹੋਣ ਵਾਲੀ ਜਨਗਣਨਾ ਕੋਵਿਡ ਕਾਰਨ ਨਹੀਂ ਹੋ ਸਕੀ ਹੈ ਪਰ (ਸੀਆਰਐੱਸ) ਸਿਵਲ ਰਜਿਸਟ੍ਰੇਸ਼ਨ ਸਿਸਟਮ ਮੁਤਾਬਕ ਪੰਜਾਬ 'ਚ ਸਾਲ 2011 ਦੇ ਮੁਕਾਬਲੇ 2021 ਵਿੱਚ ਜਨਸੰਖਿਆ ਵਾਧੇ 'ਚ 50 ਫ਼ੀਸਦੀ ਗਿਰਾਵਟ ਦਰਜ ਕੀਤੀ ਗਈ ਹੈ।

ਸਾਲ 2011 'ਚ ਪੰਜਾਬ ਦੀ ਜਨਸੰਖਿਆ 'ਚ 3 ਲੱਖ ਤੋਂ ਵੀ ਵੱਧ ਦਾ ਵਾਧਾ ਦਰਜ ਕੀਤਾ ਗਿਆ ਸੀ, ਜੋ 2020 'ਚ ਘਟ ਕੇ 1.5 ਲੱਖ ਤੱਕ ਰਹਿ ਗਿਆ ਹੈ। ਇਸ ਅੰਕੜੇ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੀ ਆਬਾਦੀ 1.65 ਫ਼ੀਸਦੀ ਦੀ ਦਰ ਨਾਲ ਵਧੀ ਹੈ, ਜਦ ਕਿ ਦੇਸ਼ 'ਚ ਇਹ ਅੰਕੜਾ 2.98 ਫ਼ੀਸਦੀ ਰਿਹਾ ਹੈ। 2011 ਦੀ ਜਨਗਣਨਾ ਮੁਤਾਬਕ ਪੰਜਾਬ ਦੀ ਆਬਾਦੀ ਦੇਸ਼ ਦੀ ਆਬਾਦੀ ਦਾ 2.37 ਫ਼ੀਸਦੀ ਸੀ, ਜੋ ਹੁਣ 2.29 ਫੀਸਦੀ ਰਹਿ ਗਿਆ ਹੈ। ਸਾਲ 2011 ਦੀ ਜਨਗਣਨਾ ਮੁਤਾਬਕ ਸੂਬੇ 'ਚ 5 ਲੱਖ ਤੋਂ ਵੀ ਵੱਧ ਬੱਚਿਆਂ ਨੇ ਜਨਮ ਲਿਆ ਸੀ, ਇਹ ਅੰਕੜਾ ਵੀ ਘਟ ਕੇ 2020 'ਚ 4 ਲੱਖ ਤੋਂ ਹੇਠਾਂ ਆ ਗਿਆ। ਜੇਕਰ ਗੱਲ ਮੌਤਾਂ ਦੀ ਗਿਣਤੀ ਦੀ ਕਰੀਏ ਤਾਂ 2011 'ਚ ਸੂਬੇ 'ਚ 2 ਲੱਖ ਤੋਂ ਘੱਟ ਮੌਤਾਂ ਹੋਈਆਂ, ਜਦਕਿ 2020 'ਚ ਇਹ ਅੰਕੜਾ 2,30,000 ਤੱਕ ਪਹੁੰਚ ਗਿਆ। ਇਸ ਦੇ ਉਲਟ ਗੁਆਂਢੀ ਸੂਬਾ ਹਰਿਆਣਾ 'ਚ ਸਾਲ 2020 'ਚ 6 ਲੱਖ ਦੇ ਕਰੀਬ ਬੱਚੇ ਪੈਦਾ ਹੋਏ, ਜਦਕਿ 2 ਲੱਖ ਤੋਂ ਵੱਧ ਮੌਤਾਂ ਹੋਈਆਂ। ਇਸ ਦੌਰਾਨ ਪੰਜਾਬ ਦੀ ਜਨਸੰਖਿਆ 'ਚ ਆਏ ਇਸ ਵੱਡੇ ਅੰਤਰ ਦੇ ਦੋ ਮੁੱਖ ਕਾਰਨ ਮੰਨੇ ਜਾ ਰਹੇ ਹਨ, ਪਹਿਲਾ ਇਹ ਕਿ ਪੰਜਾਬੀ ਵਿਦੇਸ਼ਾਂ 'ਚ ਜਾ ਕੇ ਉੱਥੇ ਹੀ ਵਿਆਹ ਕਰਵਾ ਕੇ ਉੱਥੇ ਹੀ ਵਸ ਰਹੇ ਹਨ, ਅਤੇ ਦੂਜਾ ਇਹ ਕਿ ਸੂਬੇ 'ਚ ਹੋਰਾਂ ਸੂਬਿਆਂ ਤੋਂ ਵੱਡੀ ਗਿਣਤੀ 'ਚ ਪ੍ਰਵਾਸੀ ਆ ਰਹੇ ਹਨ। ਵਿਦੇਸ਼ਾਂ 'ਚ ਪ੍ਰਵਾਸ ਕਰਨਾ ਪੰਜਾਬ ਦੀ ਆਬਾਦੀ ਵਿਕਾਸ ਦਰ 'ਚ ਕਮੀ ਦਾ ਸਭ ਤੋਂ ਵੱਡਾ ਕਾਰਨ ਹੈ। ਨੌਜਵਾਨ ਪੰਜਾਬੀ ਵਿਦੇਸ਼ ਜਾ ਕੇ ਵਿਆਹ ਕਰਵਾ ਰਹੇ ਹਨ ਤੇ ਉੱਥੇ ਹੀ ਰਹਿ ਜਾਂਦੇ ਹਨ। ਦੂਜਾ ਕਾਰਨ ਇਹ ਹੈ ਕਿ ਸੂਬੇ 'ਚ ਨੌਜਵਾਨ ਪ੍ਰਵਾਸੀ ਭਾਰਤੀ ਵੱਡੀ ਗਿਣਤੀ 'ਚ ਆ ਰਹੇ ਹਨ, ਉਹ ਵੀ ਵਿਆਹ ਕਰਵਾ ਕੇ ਇੱਥੇ ਵਸ ਰਹੇ ਹਨ, ਜਿਸ ਕਾਰਨ ਪੰਜਾਬ ਦੀ ਆਬਾਦੀ 'ਚੋਂ ਵੀ ਵੱਡਾ ਹਿੱਸਾ ਪ੍ਰਵਾਸੀ ਭਾਰਤੀ ਅਤੇ ਉਨ੍ਹਾਂ ਦੇ ਬੱਚਿਆਂ ਦਾ ਹੋ ਸਕਦਾ ਹੈ। ਆਬਾਦੀ ਵਿਕਾਸ ਦਰ ਦੇ ਘਟਣ ਦਾ ਸਭ ਤੋਂ ਵੱਡਾ ਅਸਰ ਸਿੱਖ ਆਬਾਦੀ 'ਤੇ ਦਿਖ ਸਕਦਾ ਹੈ। ਸਿੱਖ ਆਬਾਦੀ ਪਹਿਲਾਂ ਹੀ ਘੱਟ ਹੈ ਤੇ ਹੁਣ ਰਾਸ਼ਟਰੀ ਪੱਧਰ 'ਤੇ ਵੀ ਉਨ੍ਹਾਂ ਦੀ ਗਿਣਤੀ ਘਟ ਰਹੀ ਹੈ। ਸਾਲ 2001 ਦੀ ਜਨਗਣਨਾ 'ਚ ਸਿੱਖਾਂ ਦੀ ਆਬਾਦੀ ਦੇਸ਼ ਦੀ ਕੁੱਲ ਆਬਾਦੀ ਦਾ 1.87 ਫ਼ੀਸਦੀ ਸੀ, ਜੋ 2011 'ਚ ਘਟ ਕੇ 1.72 ਫ਼ੀਸਦੀ ਰਹਿ ਗਈ ਸੀ, ਜਦਕਿ ਸੂਬੇ ਦੀ ਆਬਾਦੀ ਦੇ ਹਿਸਾਬ ਨਾਲ 2001 'ਚ ਸਿੱਖ ਆਬਾਦੀ ਸੂਬੇ ਦੀ ਕੁੱਲ ਆਬਾਦੀ ਦਾ ਲਗਭਗ 60 ਫੀਸਦੀ ਸੀ, ਜੋ 2011 'ਚ ਘਟ ਕੇ 57.7 ਫ਼ੀਸਦੀ ਰਹਿ ਗਈ। ਇਸ ਦੌਰਾਨ ਉੱਤਰ ਪ੍ਰਦੇਸ਼ ਤੋਂ ਜ਼ਿਆਦਾਤਰ ਮੁਸਲਮਾਨ ਪੰਜਾਬ 'ਚ ਆ ਰਹੇ ਹਨ। ਉਨ੍ਹਾਂ ਅਨੁਸਾਰ ਪੰਜਾਬ ਮੁਸਲਿਮ ਭਾਈਚਾਰੇ ਲਈ ਇਕ ਸੁਰੱਖਿਅਤ ਸੂਬਾ ਹੈ। ਇਹ ਪ੍ਰਵਾਸੀ ਪੰਜਾਬ 'ਚ ਛੋਟੇ ਅਤੇ ਮੱਧਮ ਦਰਜੇ ਦੇ ਵਪਾਰ ਖੋਲ ਕੇ ਕੰਮ ਕਰ ਰਹੇ ਹਨ।



# ਅਮਰੀਕਾ 'ਚ ਸਨ ਫਰਾਂਸਿਸਕੋ ਸਥਿਤ ਚੀਨੀ ਕੌਂਸਲਖਾਨੇ ਵਿਚ ਕਾਰ ਅੰਦਰ ਵੜ ਕੇ ਕੰਧ ਨਾਲ ਟਕਰਾਈ



ਚੀਨੀ ਕੌਂਸਲਖਾਨੇ ਵਿਚ ਵੜੀ ਕਾਰ ਤੇ ਪੁਲਿਸ ਵੱਲੋਂ ਕੀਤੀ ਘੇਰਾਬੰਦੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਪ੍ਰਸਿੱਧ ਸ਼ਹਿਰ ਸਨ ਫਰਾਂਸਿਸਕੋ ਸਥਿੱਤ ਚੀਨ ਦੇ ਕੌਂਸਲਖਾਨੇ (ਵੀਜ਼ਾ ਦਫਤਰ) ਵਿਚ ਉਸ ਵੇਲੇ ਹਾਲਾਤ ਬਹੁਤ ਤਨਾਅਪੂਰਨ ਬਣ ਗਏ ਜਦੋਂ ਇਕ ਤੇਜ ਰਫਤਾਰ ਕਾਰ ਅੰਦਰ ਵੜ ਕੇ ਇਕ ਕੰਧ ਨਾਲ ਟਕਰਾ ਕੇ ਤਬਾਹ ਹੋ ਗਈ। ਅਧਿਕਾਰੀਆਂ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਕਾਰ ਦਾ ਡਰਾਈਵਰ ਪੁਲਿਸ ਦੀ ਕਾਰਵਾਈ ਵਿਚ ਮਾਰਿਆ ਗਿਆ। ਸਨ ਫਰਾਂਸਿਸਕੋ ਪੁਲਿਸ ਵਿਭਾਗ ਦੇ ਬੁਲਾਰੇ ਸਾਰਜੈਂਟ ਕੈਥਰਾਇਨ ਵਿੰਟਰਜ ਅਨੁਸਾਰ ਇਹ ਘਟਨਾ ਦੁਪਹਿਰ ਬਾਅਦ 3.09 ਵਜੇ ਦੇ ਆਸ ਪਾਸ ਵਾਪਰੀ ਜਦੋਂ ਇਕ ਕਾਰ ਕੌਂਸਲੇਟ ਜਨਰਲ ਆਫ ਪੀਪਲਜ ਰਿਪਬਲਿਕ ਆਫ ਚਾਈਨਾ ਦੇ ਲਾਬੀ ਖੇਤਰ ਵਿਚ ਕੰਧ ਨਾਲ ਟਕਰਾ ਗਈ। ਇਸ ਉਪਰੰਤ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਕਾਰ ਦੇ ਡਰਾਈਵਰ ਨੂੰ ਗੋਲੀ ਮਾਰ ਦਿੱਤੀ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਬੁਲਾਰੇ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਜਦੋਂ ਘਟਨਾ ਵਾਪਰੀ ਉਸ ਵੇਲੇ ਕਿੰਨੇ ਲੋਕ ਕੌਂਸਲਖਾਨੇ ਵਿਚ ਮੌਜੂਦ ਸਨ ਇਸ ਬਾਰੇ ਕੋਈ ਸਪਸ਼ਟ ਜਾਣਕਾਰੀ ਨਹੀਂ ਹੈ ਪਰੰਤੂ ਚੰਗੀ ਗਲ ਇਹ ਹੈ ਕਿ ਉਥੇ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਪ੍ਰੈਸ ਕਾਨਫਰੰਸ ਦੌਰਾਨ ਵਿੰਟਰਜ ਨੇ ਉਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਜਿਨ੍ਹਾਂ ਵਿਚ ਪੁੱਛਿਆ ਗਿਆ ਸੀ ਕਿ ਪੁਲਿਸ ਨੇ ਗੋਲੀ ਕਿਉਂ ਚਲਾਈ ਜਾਂ ਕੀ ਮਾਰਿਆ ਗਿਆ ਵਿਅਕਤੀ ਹਥਿਆਰਬੰਦ ਸੀ। ਕੀ ਇਹ ਹਾਦਸਾ ਜਾਣ-ਬੁਝ ਕੇ ਕੀਤਾ ਗਿਆ ਹੈ, ਇਸ ਬਾਰੇ ਵੀ ਬੁਲਾਰੇ ਨੇ ਕੋਈ ਜਾਣਕਾਰੀ ਨਹੀਂ ਦਿੱਤੀ ਤੇ ਨਾ ਹੀ ਮਾਰੇ ਗਏ ਵਿਅਕਤੀ ਬਾਰੇ ਜਾਂ ਘਟਨਾ ਬਾਰੇ ਹੋਰ ਕੁਝ ਦੱਸਿਆ ਹੈ। ਚੀਨੀ ਕੌਂਸਲਖਾਨੇ ਦੇ ਬੁਲਾਰੇ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਹਾਦਸੇ ਕਾਰਨ ਇਮਾਰਤ ਨੂੰ ਬਹੁਤ ਨੁਕਸਾਨ ਪੁੱਜਾ ਹੈ ਤੇ ਲੋਕਾਂ ਲਈ ਗੰਭੀਰ ਖਤਰਾ ਪੈਦਾ ਕੀਤਾ ਹੈ। ਬੁਲਾਰੇ ਨੇ ਘਟਨਾ ਦੀ ਜੋਰਦਾਰ ਨਿੰਦਾ ਕਰਦਿਆਂ ਮਾਮਲੇ ਦੀ ਤੇਜ਼ੀ ਨਾਲ ਜਾਂਚ ਕਰਨ ਤੇ ਕਾਨੂੰਨ ਅਨੁਸਾਰ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਹੱਥੋਂ ਮਾਰੇ ਗਏ ਵਿਅਕਤੀ ਕੋਲੋਂ ਚਾਕੂ ਤੇ ਇਕ ਕਰਾਸਬੋਅ ਬਰਾਮਦ ਹੋਇਆ ਹੈ। ਮੌਕੇ 'ਤੇ ਮੌਜੂਦ ਇਕ ਵਿਅਕਤੀ ਵੱਲੋਂ ਬਣਾਈ ਵੀਡੀਓ ਵਿਚ ਕੌਂਸਲਖਾਨੇ ਦੀ ਕੰਧ ਨਾਲ ਨੀਲੇ ਰੰਗ ਦੀ ਇਕ ਕਾਰ ਟਕਰਾਉਣ ਉਪਰੰਤ ਲੋਕ ਇਧਰ ਉਧਰ ਭਜ ਰਹੇ ਵਿਖਾਈ ਦੇ ਰਹੇ ਹਨ। ਗਵਾਹਾਂ ਅਨੁਸਾਰ ਕਾਰ ਵਿਚੋਂ ਨਿਕਲ ਕੇ ਡਰਾਈਵਰ ਨੇ ਉੱਚੀ ਆਵਾਜ਼ ਵਿਚ ਕਿਹਾ ਕਿਥੇ ਹੈ ਸੀ ਸੀ ਪੀ (ਚਾਈਨੀਜ ਕਮਿਊਨਿਸਟ ਪਾਰਟੀ) ਅਧਿਕਾਰੀਆਂ ਅਨੁਸਾਰ ਮਾਮਲੇ ਦੀ ਜਾਂਚ ਉਪਰੰਤ ਹੀ ਘਟਨਾ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਜਾਵੇਗੀ।

# ਡੋਨਾਲਡ ਟਰੰਪ ਦਾ ਵੱਡਾ ਬਿਆਨ, ਹਮਾਸ ਦੇ ਸਮਰਥਕਾਂ ਨੂੰ ਅਮਰੀਕਾ ਚ ਨਹੀਂ ਮਿਲੇਗੀ ਐਂਟਰੀ

ਕਲਾਈਵ/ਆਯੋਵਾ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲ-ਹਮਾਸ ਜੰਗ ਦਰਮਿਆਨ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਉਹ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਹਮਾਸ ਦਾ ਸਮਰਥਨ ਕਰਨ ਵਾਲੇ ਪ੍ਰਵਾਸੀਆਂ ਦੇ ਅਮਰੀਕਾ ਆਉਣ 'ਤੇ ਰੋਕ ਲਗਾ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹਮਾਸ ਦਾ ਜਨਤਕ ਤੌਰ 'ਤੇ ਸਮਰਥਨ ਕਰਨ ਵਾਲੇ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ ਅਤੇ ਦੇਸ਼ 'ਚ ਹਮਾਸ ਦੇ ਸਮਰਥਨ 'ਚ ਪ੍ਰਦਰਸ਼ਨਾਂ 'ਤੇ ਪਾਬੰਦੀ ਲਗਾਈ ਜਾਵੇਗੀ।



ਮੀਡੀਆ ਰਿਪੋਰਟਾਂ ਮੁਤਾਬਕ ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਚੋਣ ਪ੍ਰਚਾਰ ਦੇ ਹਿੱਸੇ ਵਜੋਂ ਸੋਮਵਾਰ ਨੂੰ ਅਮਰੀਕਾ ਦੇ ਆਯੋਵਾ ਪਹੁੰਚੇ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਜੇਕਰ ਉਹ ਦੀ ਅਮਰੀਕਾ ਸੱਤਾ 'ਚ ਆਉਂਦੇ ਹਨ ਤਾਂ ਕਿਸੇ ਵੀ ਅਜਿਹੇ ਵਿਅਕਤੀ ਨੂੰ ਅਮਰੀਕਾ 'ਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ, ਜੋ ਇਜ਼ਰਾਈਲ ਦੀ ਹੋਂਦ 'ਚ ਵਿਸ਼ਵਾਸ ਨਹੀਂ ਰੱਖਦਾ। ਅਸੀਂ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਵੀ ਰੱਦ ਕਰ ਦੇਵਾਂਗੇ, ਜੋ ਯਹੂਦੀ ਵਿਰੋਧੀ ਮਾਨਸਿਕਤਾ ਰੱਖਦੇ ਹਨ। ਉਨ੍ਹਾਂ ਨੇ ਅੱਤਵਾਦ ਪ੍ਰਭਾਵਿਤ ਦੇਸ਼ਾਂ ਦੀ ਅਮਰੀਕਾ ਯਾਤਰਾ 'ਤੇ ਪਾਬੰਦੀ ਨੂੰ ਵਧਾਉਣ ਦਾ ਵੀ ਵਾਅਦਾ ਕੀਤਾ। ਦੱਸ ਦੇਈਏ ਕਿ ਪਿਛਲੀ ਸਰਕਾਰ 'ਚ ਟਰੰਪ ਨੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ ਦੇ ਲੋਕਾਂ 'ਤੇ ਪਾਬੰਦੀ ਲਗਾਈ ਸੀ, ਜਿਸ ਨੂੰ ਹੇਠਲੀ ਅਦਾਲਤ ਨੇ ਤਾਂ ਰੱਦ ਕਰ ਦਿੱਤਾ ਸੀ ਪਰ ਸੁਪਰੀਮ ਕੋਰਟ ਨੇ ਇਸ ਪਾਬੰਦੀ ਨੂੰ ਬਰਕਰਾਰ ਰੱਖਿਆ ਸੀ। ਬਾਅਦ ਵਿੱਚ ਬਾਈਡੇਨ ਪ੍ਰਸ਼ਾਸਨ ਨੇ ਪੂਰੀ ਤਰ੍ਹਾਂ ਪਾਬੰਦੀ ਹਟਾ ਦਿੱਤੀ ਸੀ।

# ਅਮਰੀਕਾ ਦੇ ਸੇਂਟ ਲੂਇਸ ਸ਼ਹਿਰ 'ਚ ਫੁੱਟਬਾਲ ਕੋਚ ਦੇ ਮਾਰੀਆਂ ਗੋਲੀਆਂ

## ਆਪਣੇ ਪੁੱਤਰ ਦੇ ਖੇਡਣ ਦੇ ਸਮੇਂ ਤੋਂ ਨਿਰਾਸ਼ ਪਿਓ ਦਾ ਕਾਰਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਮਿਸੂਰੀ ਰਾਜ ਦੇ ਸ਼ਹਿਰ ਸੇਂਟ ਲੂਇਸ ਦੇ ਇਕ ਫੁੱਟਬਾਲ ਕੋਚ ਨੂੰ ਗੋਲੀਆਂ ਮਾਰ ਕੇ ਗੰਭੀਰ ਜ਼ਖਮੀ ਕਰ ਦੇਣ ਦੀ ਖਬਰ ਹੈ। ਸੇਂਟ ਲੂਇਸ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਅਨੁਸਾਰ ਸ਼ਕੁਇਲ ਲਾਟੀਮੋਰ (30) ਦੀ ਹਾਲਤ ਗੰਭੀਰ ਪਰ ਸਥਿਰ ਹੈ। ਆਪਣੇ ਪੁੱਤਰ ਦੇ ਖੇਡਣ ਦੇ ਸਮੇ ਨੂੰ ਲੈ ਕੇ ਪ੍ਰੇਸ਼ਾਨ ਡੈਰੀਲ ਕਲੈਮੋਨਸ (43) ਨਾਮੀ ਵਿਅਕਤੀ ਨੇ ਲਾਟੀਮੋਰ ਨਾਲ ਹੋਏ ਝਗੜੇ ਉਪਰੰਤ ਉਸ ਉਪਰ ਗੋਲੀ ਚਲਾ ਦਿੱਤੀ। ਇਹ ਘਟਨਾ ਉੱਤਰੀ ਸੇਂਟ ਲੂਇਸ ਵਿਚ ਫੁੱਟਬਾਲ ਖਿਡਾਰੀਆਂ ਦੇ ਅਭਿਆਸ ਦੌਰਾਨ ਵਾਪਰੀ। ਸੇਂਟ ਲੂਇਸ ਬੈਡਬਵਾਇਜ਼ ਦੇ ਸਹਾਇਕ ਕੋਚ ਤੇ ਕੋਆਰੀਨੇਟਰ ਲਾਟੀਮੋਰ ਨੇ ਹਸਪਤਾਲ ਵਿਚ ਦਿੱਤੇ ਆਪਣੇ ਬਿਆਨ ਵਿਚ ਕਿਹਾ ਕਿ "ਜਦੋਂ ਤਕ ਮੈ ਕਲੈਮੋਨਸ ਦੇ ਹੱਥ ਵਿਚ ਗੰਨ ਵੇਖਦਾ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ। ਮੈ ਦੌੜਿਆ ਪਰੰਤੂ ਉਸ ਨੇ ਮੇਰੀ ਪਿੱਠ ਵਿਚ ਗੋਲੀ ਮਾਰੀ ਉਪਰੰਤ ਮੈ ਡਿੱਗ ਪਿਆ ਤੇ ਮੇਰੇ ਡਿੱਗੇ ਪਏ ਉਪਰ ਉਸ ਨੇ ਹੋਰ ਗੋਲੀਆਂ ਚਲਾਈਆਂ।" ਇਸ ਘਟਨਾ ਵਿਚ ਮੌਕੇ 'ਤੇ ਮੌਜੂਦ ਬੱਚਿਆਂ ਸਮੇਤ ਹੋਰ ਕੋਈ ਜ਼ਖਮੀ ਨਹੀਂ ਹੋਇਆ। ਸੇਂਟ ਲੂਇਸ ਬੈਡਬਵਾਇਜ਼ 9 ਤੋਂ 10 ਸਾਲ ਦੇ ਛੋਟੇ ਬੱਚਿਆਂ 'ਤੇ ਅਧਾਰਤ ਇਕ ਰੀਕਰੀਏਸ਼ਨਲ ਲੀਗ ਟੀਮ ਹੈ। ਘਟਨਾ ਉਪਰੰਤ ਕਲੈਮੋਨਸ ਖੁਦ ਹੀ ਪੁਲਿਸ ਅੱਗੇ ਹਾਜਰ ਹੋ ਗਿਆ ਤੇ ਉਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਲਾਟੀਮੋਰ ਦੀ ਪਿੱਠ, ਲੱਤ, ਬਾਂਹ ਤੇ ਢਿੱਡ ਵਿਚ ਗੋਲੀ ਵੱਜੀ ਹੈ। ਉਸ ਦੇ ਸਰੀਰ ਦੇ ਅੰਦਰੂਨੀ ਅੰਗ ਵੀ ਗੋਲੀ ਵੱਜਣ ਕਾਰਨ ਜ਼ਖਮੀ ਹੋਏ ਹਨ। ਲਾਟੀਮੋਰ ਦੀ ਮਾਂ ਸੇਮਿਕੋ ਲਾਟੀਮੋਰ ਨੇ ਸ਼ੁੱਕਰ ਕੀਤਾ ਹੈ ਕਿ ਇਸ ਪਾਗਲਪਣ ਵਾਲੇ ਹਮਲੇ ਉਪਰੰਤ ਵੀ ਉਸ ਦਾ ਪੁੱਤਰ ਜਿਉਂਦਾ ਹੈ।

# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਚੋਰਾਂ ਵੱਲੋਂ ਚੋਰੀ ਕੀਤੀ 16 ਲੱਖ ਡਾਲਰਾਂ ਦੇ ਮੁੱਲ ਦੀ ਸ਼ਰਾਬ ਦਾ ਮਾਮਲਾ ਅਜੇ ਤੱਕ ਨਹੀਂ ਹੋਇਆ ਹੱਲ

## ਚੋਰਾਂ ਨੇ ਸ਼ਰਾਬ ਲਿਜਾਣ ਲਈ ਕੀਤੀ ਟਰੈਕਟਰ ਟਰਾਲਿਆਂ ਦੀ ਵਰਤੋਂ



ਗਬਸਨਟਨ, ਫਲੋਰਿਡਾ ਸਥਿਤ ਕੰਪਨੀ ਦਾ ਸ਼ਰਾਬ ਦਾ ਗੁਦਾਮ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਫਲੋਰਿਡਾ ਰਾਜ ਵਿਚ ਇਕ ਕੰਪਨੀ ਵਿਚੋਂ ਚੋਰਾਂ ਵੱਲੋਂ 16 ਲੱਖ ਡਾਲਰਾਂ ਤੋਂ ਵਧ ਕੀਮਤ ਦੀ ਸ਼ਰਾਬ ਚੋਰੀ ਕਰ ਲੈਣ ਦਾ ਮਾਮਲਾ ਸੁਰਖੀਆਂ ਵਿਚ ਹੈ। ਚੋਰੀ ਕੀਤੀ ਸ਼ਰਾਬ ਵਿਚ ਪ੍ਰਸਿੱਧ ਬਰਾਂਡ ਜੋਸ ਕੁਰਵੋ ਤੇ ਮਾਲੀਬੂ ਦੀਆਂ ਬੋਤਲਾਂ ਵੀ ਸ਼ਾਮਿਲ ਹਨ। ਇਸ ਸਾਲ ਜੁਲਾਈ ਵਿਚ ਹੋਈ ਚੋਰੀ ਦੀ ਇਸ ਘਟਨਾ ਸਬੰਧੀ ਜਾਂਚਕਾਰਾਂ ਦੇ ਹੱਥ ਕੋਈ ਸੁਰਾਗ ਨਹੀਂ ਲੱਗਾ ਤੇ ਮਾਮਲਾ ਜਾਂਚ ਅਧੀਨ ਹੈ ਪਰੰਤੂ ਅਧਿਕਾਰੀ ਇਹ ਪਤਾ ਲਾਉਣ ਵਿਚ ਕਾਮਯਾਬ ਹੋਏ ਹਨ ਕਿ ਚੋਰੀ ਦੀ ਇਸ ਵੱਡੀ ਘਟਨਾ ਵਿਚ ਚੋਰਾਂ ਨੇ ਸ਼ਰਾਬ ਲਿਜਾਣ ਲਈ ਟਰੈਕਟਰ ਟਰਾਲਿਆਂ ਦੀ ਵਰਤੋਂ ਕੀਤੀ ਸੀ।

ਜਾਰੀ ਨਵੇਂ ਤਲਾਸ਼ੀ ਵਾਰੰਟਾਂ ਅਨੁਸਾਰ ਹਿਲਜ਼ਬੋਰੋਘ ਕਾਊਂਟੀ ਵਿਚ ਟਾਂਪਾ ਦੇ ਦੱਖਣ ਵਿੱਚ ਸਥਿੱਤ ਰਿਪਬਲਿਕ ਨੈਸ਼ਨਲ ਡਿਸਟ੍ਰੀਬਿਊਸ਼ਨ ਕੰਪਨੀ ਵਿਚੋਂ ਚੋਰਾਂ ਨੇ 8 ਜੁਲਾਈ ਨੂੰ ਤੜਕਸਾਰ 4.10 ਵਜੇ ਤੋਂ 9.45 ਵਜੇ ਤੱਕ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ। ਉਨਾਂ ਨੇ ਚੋਰੀ ਕਰਨ ਲਈ ਕੋਈ ਕਾਹਲ ਨਹੀਂ ਵਿਖਾਈ ਤੇ ਉਹ ਅਰਾਮ ਨਾਲ ਟਰੈਕਟਰ ਟਰਾਲਿਆਂ ਉਪਰ ਸ਼ਰਾਬ ਦੇ ਡੱਬੇ ਰਖ ਕੇ ਲੈ ਗਏ। ਤਲਾਸ਼ੀ ਵਾਰੰਟਾਂ ਅਨੁਸਾਰ ਚੋਰ ਵੱਖ ਵੱਖ ਬਰਾਂਡਾਂ ਦੀ ਸ਼ਰਾਬ ਦੇ 4277 ਡੱਬੇ ਲਿਜਾਣ ਵਿਚ ਸਫਲ ਹੋ ਗਏ। ਅਧਿਕਾਰੀਆਂ ਦਾ ਵਿਸ਼ਵਾਸ਼ ਹੈ ਕਿ ਏਨੀ ਵੱਡੀ ਚੋਰੀ ਅਜਿਹੇ ਫੋਨ ਦੀ ਵਰਤੋਂ ਕਰਕੇ ਕੀਤੀ ਹੋ ਸਕਦੀ ਹੈ ਜਿਸ ਵਿਚ ਕੰਪਨੀ ਦੀ ਵਿਸ਼ੇਸ਼ ਜਾਣਕਾਰੀ, ਤਕਨੀਕੀ ਡੈਟਾ ਤੇ ਸਬੂਤ ਮੌਜੂਦ ਸਨ। ਤਲਾਸ਼ੀ ਵਾਰੰਟ ਜਿਨਾਂ ਦਸਤਾਵੇਜਾਂ ਦੇ ਆਧਾਰ 'ਤੇ ਲਏ ਗਏ ਹਨ ਉਨ੍ਹਾਂ ਵਿਚ ਚੋਰਾਂ ਨੂੰ 'ਅਣਪਛਾਤੇ ਸ਼ੱਕੀ' ਵਜੋਂ ਦਰਜ ਕੀਤਾ ਗਿਆ ਹੈ। ਵਾਰੰਟਾਂ ਅਨੁਸਾਰ ਚੋਰਾਂ ਨੇ ਅਲਕੋਹਲ ਵਿਤਰਕ ਕੰਪਨੀ ਦਾ ਡਿਜ਼ੀਟਲ ਵੀਡੀਓ ਰਿਕਾਰਡਰ ਵੀ ਉਖਾੜ ਦਿੱਤਾ ਜਿਸ ਦੀ ਵਰਤੋਂ ਨਿਗਰਾਨੀ ਲਈ ਕੀਤੀ ਜਾਂਦੀ ਸੀ। ਵਾਰਟਾਂ ਅਨੁਸਾਰ ਨਾਲ ਲੱਗਦੇ ਕਾਰੋਬਾਰੀ ਅਦਾਰਿਆਂ ਤੇ ਇਕ ਸਟੋਰ ਉਪਰ ਲੱਗੇ ਨਿਗਰਾਨ ਕੈਮਰਿਆਂ ਦੀ ਮਦਦ ਨਾਲ ਹਿਲਜਬੋਰੋਘ ਕਾਊਂਟੀ ਸ਼ੈਰਿਫ ਦਫਤਰ ਦੇ ਡਿਪਟੀ ਚੋਰੀ ਲਈ ਵਰਤੇ ਗਏ ਟਰੈਕਟਰ ਟਰਾਲੇ ਦੀ ਪਛਾਣ ਕਰਨ ਵਿਚ ਸਫਲ ਹੋ ਗਏ ਹਨ। ਇਕ ਹੋਰ ਨਿਗਰਾਨ ਕੈਮਰੇ ਤੋਂ ਮਿਲੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਚੋਰਾਂ ਨੇ ਸ਼ਰਾਬ ਦੇ ਡੱਬੇ ਲਿਜਾਣ ਲਈ 3 ਟਰੈਕਟਰ ਟਰਾਲਿਆਂ ਦੀ ਵਰਤੋਂ ਕੀਤੀ ਸੀ। ਇਥੇ ਜਿਕਰਯੋਗ ਹੈ ਕਿ ਗਿਬਸਨਟਨ, ਫਲੋਰਿਡਾ ਵਿਚ ਸਥਿੱਤ ਰਿਪਬਲਿਕ ਨੈਸ਼ਨਲ ਡਿਸਟ੍ਰੀਬਿਊਸ਼ਨ ਕੰਪਨੀ ਇਕ ਵੱਡੀ ਕੰਪਨੀ ਹੈ ਜਿਸ ਦੇ ਅਮਰੀਕਾ ਦੇ 38 ਰਾਜਾਂ ਤੇ ਵਾਸ਼ਿੰਗਟਨ ਡੀ ਸੀ ਵਿਚ 14000 ਮੁਲਾਜ਼ਮ ਹਨ।

# ਲੋਕ ਗਾਇਕ ਮਿੱਟੂ ਧੂਰੀ ਤੇ ਦਲਜੀਤ ਕੌਰ ਨੇ ਫਰਿਜ਼ਨੋ 'ਚ ਲਾਈਆਂ ਰੌਣਕਾਂ

ਫਰਿਜਨੋ/ਕੈਲੀਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਲੋਕ ਗਾਇਕ ਮਿੱਟੂ ਧੂਰੀ ਅਤੇ ਦਲਜੀਤ ਕੌਰ ਅੱਜ ਕੱਲ ਆਪਣੀ ਨਿੱਜੀ ਫੇਰੀ ਤੇ ਅਮਰੀਕਾ ਪਹੁੰਚੇ ਹੋਏ ਨੇ, ਇੱਥੇ ਉਹਨਾਂ ਕੈਲੀਫੋਰਨੀਆਂ ਦੇ ਸ਼ਹਿਰ ਫਰਿਜਨੋ ਵਿਖੇ ਕਾਰੋਬਾਰੀ ਜਸਪਾਲ ਸਿੰਘ ਧਾਲੀਵਾਲ ਅਤੇ ਖੁਸ਼ ਧਾਲੀਵਾਲ, ਬਲਪ੍ਰੀਤ ਸਿੱਧੂ ਦੇ ਘਰ ਖੁੱਲ੍ਹਾ ਅਖਾੜਾ ਲਾਇਆ। ਇਸ ਮੌਕੇ ਕਿਰਸਾਨ ਚਰਨਜੀਤ ਸਿੰਘ ਬਾਠ ਤੋਂ ਬਿਨਾ ਇਲਾਕੇ ਦੇ ਬਹੁਤ ਸਾਰੇ ਪਤਵੰਤੇ ਪਹੁੰਚੇ ਹੋਏ ਸਨ, ਜਿੰਨਾਂ ਵਿੱਚ ਸਰਪੰਚ ਜੁਗਰਾਜ ਸਿੰਘ ਦੌਧਰ, ਬਿੱਟੂ ਕੁੱਸਾ, ਬੌਬੀ ਸਿੱਧੂ, ਐਡਮ, ਮੱਲ ਦੌਧਰ, ਜੁਗਰਾਜ ਲੁਹਾਰਾ, ਸਟੀਵ, ਮਿੱਕੀ ਸਿਆਲ, ਅਮਰਜੀਤ ਸਿੰਘ ਦੌਧਰ, ਰੰਮੀ ਧਾਲੀਵਾਲ, ਜੈਲਾ ਧੂੜਕੋਟ, ਜੱਗਾ ਸਧਾਰ, ਸਾਧੂ ਸਿੰਘ ਸੰਘਾ, ਮਨਜੀਤ ਕੁਲਾਰ, ਪਵਿੱਤਰ ਸਿੰਘ, ਗੁਰਪ੍ਰੀਤ ਸਿੰਘ ਦੌਧਰ, ਮਾਸਟਰ ਦਲਬਾਰਾ ਸਿੰਘ, ਲੱਕੀ ਬਾਰਬਰ ਆਦਿ ਦੇ ਨਾਮ ਜਿਕਰਯੋਗ ਹਨ। ਇਸ ਮੌਕੇ ਗਾਇਕ ਮਿੱਟੂ ਧੂਰੀ ਅਤੇ ਦਲਜੀਤ ਕੌਰ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਹਰਕੋਈ ਅਸ਼ ਅਸ਼ ਕਰ ਉੱਠਿਆ। ਇਸ ਮੌਕੇ ਗਾਇਕ ਪੱਪੀ ਭਦੌੜ ਅਤੇ ਬਹਾਦਰ ਸਿੱਧੂ ਨੇ ਵੀ ਇੱਕ-ਇੱਕ ਗੀਤ ਨਾਲ ਸਟੇਜ਼ ਤੋਂ ਹਾਜ਼ਰੀ ਭਰੀ। ਸਟੇਜ ਸੰਚਾਲਨ






ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਕਾਲਾ ਸਿੱਧੂ ਨੇ ਸੁਆਦਿਸ਼ਟ ਫੂਡ ਨੇ ਸਭਨਾਂ ਨੂੰ ਉਂਗਲਾਂ ਚੱਟਣ ਲਈ ਮਜਬੂਰ ਕਰ ਦਿੱਤਾ। ਢੋਲ ਤੇ ਹਾਜ਼ਰੀ ਜ਼ੋਰੇ ਢੋਲੀ ਨੇ ਭਰੀ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

ਖ਼ੁਸ਼ਖਬਰੀ ਖ਼ੁਸ਼ਖਬਰੀ ਖ਼ੁਸ਼ਖਬਰੀ




# Fresno California

## ਵਿਚ ਖੁੱਲ੍ਹ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।



ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**

**510-472-0608**

**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ

Anthony Nwosu
Attorney at Law

# ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਵਿਖੇ ਨਤਮਸਤਕ ਹੋਏ ਰਾਸ਼ਟਰਪਤੀ ਦ੍ਰੋਪਦੀ ਮੁਰਮੂ







ਪਟਨਾ: ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਖ਼ਤ ਸੁਰੱਖਿਆ ਦਰਮਿਆਨ ਇਥੇ ਸਥਿਤ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਮੱਥਾ ਟੇਕਿਆ। ਸੋਸ਼ਲ ਮੀਡੀਆ ਪਲੇਟਫਾਰਮ ’ਤੇ ਰਾਸ਼ਟਰਪਤੀ ਦੇ ਅਕਾਊਂਟ ਤੋਂ ਸਾਂਝੀ ਕੀਤੀ ਗਈ ਇਕ ਪੋਸਟ ਵਿਚ ਲਿਖਿਆ, ‘ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਬਿਹਾਰ ਦੇ ਅਪਣੇ ਦੌਰੇ ਦੇ ਪਹਿਲੇ ਦਿਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ’। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਰਾਸ਼ਟਰਪਤੀ ਦੀ ਫੇਰੀ ਦੇ ਮੱਦੇਨਜ਼ਰ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਰਾਸ਼ਟਰਪਤੀ ਦੀ ਫੇਰੀ ਤੋਂ ਤੁਰੰਤ ਬਾਅਦ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, “ਇਹ ਸੱਚਮੁੱਚ ਬਹੁਤ ਵਧੀਆ ਮੌਕਾ ਸੀ ਕਿ ਰਾਸ਼ਟਰਪਤੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਅਰਦਾਸ ਕਰਨ ਆਏ। ਸਾਨੂੰ ਉਨ੍ਹਾਂ ਨਾਲ ਇਸ ਪ੍ਰਸਿੱਧ ਸਥਾਨ ਦਾ ਇਤਿਹਾਸ ਸਾਂਝਾ ਕਰਨ ਦਾ ਮੌਕਾ ਮਿਲਿਆ। ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੀ ਕਿਹਾ ਜਾਂਦਾ ਹੈ। ਇਹ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਹੈ। ਇਹ ਤਖ਼ਤ 18ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਦੇ ਜਨਮ ਅਸਥਾਨ ’ਤੇ ਬਣਵਾਇਆ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਵਿਚ ਪਟਨਾ ਵਿਖੇ ਹੋਇਆ ਸੀ।











# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



## ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

### 23 ਅਕਤੂਬਰ ਬਰਸੀ 'ਤੇ ਵਿਸ਼ੇਸ਼

# ਸ. ਜੱਸਾ ਸਿੰਘ ਆਹਲੂਵਾਲੀਆ




ਦਿਲਜੀਤ ਸਿੰਘ ਬੇਦੀ
+91 98148 98570

ਉਨ੍ਹਾਂ ਮਾਵਾਂ ਦੀਆਂ ਕੁੱਖਾਂ ਹੀ ਵਡਭਾਗੀਆਂ ਹੁੰਦੀਆਂ ਹਨ, ਜਿਨ੍ਹਾਂ 'ਚ ਸੁਲਤਾਨ-ਉਲ-ਕੌਮ ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਵਰਗੇ ਮਹਾਨ ਯੋਧੇ ਜਰਨੈਲ ਤੇ ਪੰਥ ਸੇਵਕ ਪੈਦਾ ਹੁੰਦੇ ਹਨ। ਨਵਾਬ ਕਪੂਰ ਸਿੰਘ ਦੇ ਇਸ ਜਹਾਨ ਤੋਂ ਅਕਾਲ ਚਲਾਣਾ ਕਰ ਜਾਣ ਉਪਰੰਤ ਸਮੁੱਚੇ ਪੰਥ ਵਲੋਂ ਇਕ ਰਾਏ ਹੋ ਸ. ਜੱਸਾ ਸਿੰਘ ਆਹਲੂਵਾਲੀਏ ਨੂੰ ਪੰਥ ਦਾ ਸ਼੍ਰੋਮਣੀ ਜਥੇਦਾਰ ਪ੍ਰਵਾਨਿਆ ਗਿਆ। ਖਾਲਸੇ ਦੇ ਧਾਰਮਿਕ ਤੇ ਸਿਆਸੀ ਮਾਮਲਿਆਂ 'ਤੇ ਮੋਹਰ ਜਥੇਦਾਰ ਦੀ ਪ੍ਰਵਾਨ ਹੋਈ। ਉਹ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਮੁਖੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਰਹੇ।

ਜੱਸਾ ਸਿੰਘ ਨੇ ਸ. ਬਦਰ ਸਿੰਘ ਦੇ ਘਰ ਮਾਤਾ ਜੀਵਨ ਕੌਰ ਦੀ ਪਵਿੱਤਰ ਕੁੱਖੋਂ ਪਿੰਡ ਆਹਲੂ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਖੇ 3 ਮਈ 1718 ਈ: ਨੂੰ ਜਨਮ ਲਿਆ। ਬਾਪ ਦਾ ਛੋਟੀ ਉਮਰੇ ਸਿਰ ਤੋਂ ਸਾਇਆ ਉਠ ਗਿਆ। ਮਾਤਾ ਜੀਵਨ ਕੌਰ ਸੰਗਤ ਨਾਲ ਦਿੱਲੀ ਗਏ ਤੇ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਹੀ ਜੁੱਟ ਗਏ। ਉਥੇ ਹੀ ਬਾਲ ਜੱਸਾ ਸਿੰਘ ਨੇ ਕੀਰਤਨ ਤੇ ਸੇਵਾ ਦੀ ਅਸੀਸ ਪ੍ਰਾਪਤ ਕੀਤੀ। ਮਾਤਾ ਸੁੰਦਰੀ ਜੀ ਦੀ ਸਰਪ੍ਰਸਤੀ ਵਿਚ ਹੀ ਸਿੱਖ ਵਿਚਾਰਧਾਰਾ, ਆਤਮਿਕ ਤੇ ਸਮਾਜਿਕ ਪੱਖਾਂ ਤੇ ਬਹੁਪੱਖੀ ਸਿੱਖਿਆ ਤੇ ਵੱਖ-ਵੱਖ ਭਾਸ਼ਾਵਾਂ ਦਾ ਗਿਆਨ, ਸ਼ੁੱਧ ਗੁਰਬਾਣੀ ਪੜ੍ਹਨ ਅਤੇ ਯੁੱਧਨੀਤੀ ਦੀ ਵਿਦਿਆ ਸ. ਜੱਸਾ ਸਿੰਘ ਨੇ ਪ੍ਰਾਪਤ ਕੀਤੀ। ਦਿੱਲੀ ਤੋਂ ਤੁਰਨ ਸਮੇਂ ਮਾਤਾ ਸੁੰਦਰੀ ਜੀ ਨੇ ਬਾਲਕ ਜੱਸਾ ਸਿੰਘ ਨੂੰ ਦਸਮੇਸ਼ ਪਿਤਾ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਸ਼ਸਤਰ, ਤਲਵਾਰ, ਤੀਰਾਂ ਦਾ ਭੱਥਾ, ਕਮਾਨ, ਗੁਰਜ ਆਦਿ ਬਖਸ਼ਿਸ਼ ਕੀਤੇ।

ਮਾਤਾ ਜੀਵਨ ਕੌਰ, ਪੁੱਤਰ ਜੱਸਾ ਸਿੰਘ ਤੇ ਮਾਮਾ ਸ. ਬਾਘ ਸਿੰਘ ਹਲੋਵਾਲੀਆ, ਨਵਾਬ ਕਪੂਰ ਸਿੰਘ ਪਾਸ ਕਰਤਾਰਪੁਰ ਜਲੰਧਰ ਵਿਖੇ ਪੁੱਜੇ। ਗੁਰੂ ਘਰੋਂ ਅਸੀਸ ਪ੍ਰਾਪਤ ਕਰਕੇ ਆਏ ਗੱਭਰੂ ਜੱਸਾ ਸਿੰਘ ਨੇ ਅੰਮ੍ਰਿਤ ਵੇਲੇ ਗੁਰਬਾਣੀ ਕੀਰਤਨ ਕਰਕੇ ਸਭ ਨੂੰ ਨਿਹਾਲੋ ਨਿਹਾਲ ਕੀਤਾ। ਸ. ਜੱਸਾ ਸਿੰਘ ਦੀ ਸ਼ਖਸੀਅਤ ਨਵਾਬ ਕਪੂਰ ਸਿੰਘ ਨੂੰ ਚੰਗੀ ਲੱਗੀ। ਉਨ੍ਹਾਂ ਮਾਤਾ ਜੀਵਨ ਕੌਰ ਨੂੰ ਕਿਹਾ ਕਿ ਜੱਸਾ ਸਿੰਘ ਨੂੰ ਸਾਡੇ ਕੋਲ ਰਹਿਣ ਦਿਉ। ਇਸ ਤੇ ਭੈਣ ਭਰਾ ਨੇ ਜੱਸਾ ਸਿੰਘ ਨੂੰ ਪੰਥ ਦੇ ਮਹਾਨ ਆਗੂ ਨਵਾਬ ਕਪੂਰ ਸਿੰਘ ਦੇ ਸਪੁਰਦ ਕਰ ਦਿੱਤਾ। ਇਹੋ ਸ. ਜੱਸਾ ਸਿੰਘ ਬਾਅਦ ਵਿਚ ਨਵਾਬ ਸਾਹਿਬ ਦਾ ਧਰਮ ਪੁੱਤਰ ਵੱਜੋਂ ਪ੍ਰਸਿੱਧ ਹੋਇਆ।

ਨਵਾਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਨੂੰ ਘੋੜ ਸਵਾਰੀ, ਤੇਗ਼ ਜੌਹਰ, ਨੇਜ਼ਾਬਾਜ਼ੀ ਤੇ ਤੀਰ ਕਮਾਨ ਆਦਿ ਦੀ ਬਰੀਕੀ ਨਾਲ ਸਿੱਖਿਆ ਦਿਵਾਈ। ਸ. ਜੱਸਾ ਸਿੰਘ ਇਸ ਸਿਖਲਾਈ ਦੇ ਨਾਲ ਦੀਵਾਨਾਂ ਵਿਚ ਸੰਗਤ ਨੂੰ ਪੱਖਾ ਝੱਲਣ ਤੇ ਭਾਂਡੇ ਮਾਂਜਣ ਦੀ ਸੇਵਾ ਵੀ ਖੂਬ ਦਿਲੋਂ ਖੁੰਭ ਕੇ ਕਰਦਾ। ਪੁੱਤ ਗੱਭਰੂ ਹੋਇਆ ਤਾਂ ਨਵਾਬ ਕਪੂਰ ਸਿੰਘ ਨੇ ਉਸ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਦਿੱਤੀ ਤੇ ਰਹਿਤ ਬਹਿਤ ਵਿਚ ਪਰਪੱਕ ਰਹਿਣ ਲਈ ਕਿਹਾ। ਫਿਰ ਨਵਾਬ ਕਪੂਰ ਸਿੰਘ ਜੀ ਨੇ ਖਾਲਸੇ ਦੇ ਘੋੜਿਆਂ ਨੂੰ ਖੁਰਾਕ ਮੁਹੱਈਆ ਕਰਨ ਦੀ ਸੇਵਾ ਸੌਂਪ ਦਿੱਤੀ, ਜੋ ਸ. ਜੱਸਾ ਸਿੰਘ ਜੀ ਨੇ ਪੂਰੀ ਤਨਦੇਹੀ ਤੇ ਲਗਨ ਨਾਲ ਨਿਭਾਈ। ਸ. ਜੱਸਾ ਸਿੰਘ ਆਪਣੇ ਧਰਮ ਪਿਤਾ ਨਵਾਬ ਕਪੂਰ ਸਿੰਘ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਸਮੇਂ ਉਨ੍ਹਾਂ ਦੇ ਨਾਲ ਰਹੇ ਤੇ ਜਿੱਤਾਂ ਪ੍ਰਾਪਤ ਕੀਤੀਆਂ। ਉਹ 1738 ਦੇ ਲਗਭਗ ਸਿੱਖ ਸਰਦਾਰਾਂ ਦੀ ਪਹਿਲੀ ਕਤਾਰ ਵਿਚ ਸ਼ਾਮਲ ਹੋ ਗਏ ਸਨ। ਕਿਸੇ ਵੀ ਰਾਜ ਦੀ ਸਥਾਪਤੀ ਲਈ ਤਿੰਨ ਗੱਲਾਂ ਦਾ ਹੋਣਾ ਜ਼ਰੂਰੀ ਹੈ, ਸੰਕਲਪ, ਸੰਘਰਸ਼ ਅਤੇ ਸਥਾਪਤੀ। ਸਦੀਆਂ ਤੋਂ ਰਾਜਸੀ, ਸਮਾਜਿਕ, ਮਾਨਸਿਕ ਤੇ ਆਤਮਿਕ ਗੁਲਾਮ ਹੁੰਦੇ ਰਹੇ ਹਿੰਦੁਸਤਾਨ ਦੇ ਲੋਕਾਂ ਨੂੰ ਬਹੁਪੱਖੀ ਗੁਲਾਮੀ ਦੀ ਨੀਂਦ ਵਿਚੋਂ ਜਗਾਉਣ ਵਾਸਤੇ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਨੇ ਜਿਹੜੀ ਟੁੰਬਣਾਂ (ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰੁ ਧਰਿ ਤਲੀ ਗਲੀ ਮੇਰੀ ਆਉ) ਅਤੇ (ਇਤੁ ਮਾਰਗੁ ਪੈਰੁ ਧਰੀਜੈ, ਸਿਰੁ ਦੀਜੈ ਕਾਣਿ ਨ ਕੀਜੈ) ਦੇ ਪਾਵਨ, ਅਗੰਮੀ, ਬੀਰ-ਰਸੀ ਸਿੰਘ ਗਰਜ ਵਾਲੇ ਬੋਲਾਂ ਦੁਆਰਾ ਦਿੱਤੀ ਉਸਨੇ ਗੁਲਾਮ ਮਾਨਸਿਕਤਾ ਤਿਆਗਣ ਅਤੇ ਪੂਰਨ ਆਜ਼ਾਦੀ ਦਾ ਸੁਆਦ ਮਾਨਣ ਦੀ ਤੜਪ ਬਖ਼ਸ਼ੀ। ਇਸੇ ਟੁੰਬਣਾਂ ਵਿਚੋਂ ਹੀ ਪੰਜਾਬ ਦੀ ਭਾਗਾਂ ਭਰੀ ਧਰਤੀ ਉਪਰ ਵਕਤ ਦੀ ਦੱਬੀ ਕੁਚਲੀ ਜਨ ਸਾਧਾਰਨ ਲੋਕਾਈ 'ਚੋਂ ਸਿੱਖ ਪੰਥ ਦਾ ਜਨਮ ਹੋਇਆ। ਇਹੀ ਸਿੱਖ ਪੰਥ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵਕਤ ਖਾਲਸਾ ਪੰਥ ਦੇ ਰੂਪ ਵਿਚ ਵਿਕਸਿਤ ਹੋਇਆ। ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਸਾਜੇ ਨਿਵਾਜੇ ਖਾਲਸਾ ਪੰਥ ਦੀ ਔਖੇ ਸਮੇਂ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਜੀ ਨੇ ਅਗਵਾਈ ਕੀਤੀ।

ਜਗਤ ਅੰਦਰ ਉਨ੍ਹਾਂ ਦਾ ਹੀ ਨਾਮ ਰੌਸ਼ਨ ਹੁੰਦਾ ਹੈ, ਜਿਹੜੇ ਕੁਝ ਐਸੀ ਮਹਾਨਤਾ ਦੇ ਕਾਰਜ ਕਰਦੇ ਹਨ, ਜੋ ਕੌਮ ਲਈ ਅਤੇ ਮਨੁੱਖਤਾ ਲਈ ਹਮੇਸ਼ਾ ਹੀ ਮਾਰਗ ਦਰਸ਼ਨ ਅਤੇ ਸ਼ੁੱਭ ਕਰਮਾਂ ਲਈ ਪ੍ਰੇਰਣਾ ਦਾ ਕੰਮ ਕਰਦੇ ਹਨ। ਸਿੱਖ ਕੌਮ ਦਾ ਇਤਿਹਾਸ ਇਹੋ ਜਿਹੇ ਮਹਾਨ ਪੁਰਸ਼ਾਂ ਸੂਰਬੀਰ ਯੋਧਿਆਂ ਦੇ ਮਹਾਨ ਕਾਰਨਾਮਿਆਂ ਦੇ ਨਾਲ ਭਰਿਆ ਪਿਆ ਹੈ। ਸਿੱਖ ਕੌਮ ਦੇ ਮਹਾਨ ਯੋਧਿਆਂ ਦੀ ਮਹਾਨਤਾ ਦੀ ਮਿਸਾਲ ਹੋ ਕਿਤੇ ਵੀ ਨਹੀਂ ਮਿਲਦੀ। ਗ਼ੈਰ ਸਿੱਖ ਵੀ ਜਦੋਂ ਸਿੱਖ ਕੌਮ ਦਾ ਇਤਿਹਾਸ ਪੜ੍ਹਦੇ ਹਨ, ਤਾਂ ਉਹ ਵੀ ਮਹਾਨ ਸਿੱਖ ਸੂਰਬੀਰਾਂ ਅੱਗੇ ਸਿਰ ਝੁਕਾਉਂਦੇ ਹਨ ਅਤੇ ਸਿਫਤਾਂ ਕਰਦੇ ਹਨ। ਐਸੇ ਮਹਾਨ ਯੋਧਿਆਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਨ ਹੁੰਦਾ ਹੈ। ਸ. ਜੱਸਾ ਸਿੰਘ ਨੇ ਜਿਥੇ ਅਫਗਾਨੀਆਂ ਨੂੰ ਸੋਧਿਆ, ਉਥੇ 1761 ਨੂੰ ਅਹਿਮਦਸ਼ਾਹ ਅਬਦਾਲੀ ਕੋਲੋਂ ਬਾਈ ਸੌ ਜਵਾਨ ਹਿੰਦੂ ਲੜਕੀਆਂ ਨੂੰ ਛਡਾ ਕੇ ਬਾਇੱਜ਼ਤ ਘਰੋਂ-ਘਰੀਂ ਪਹੁੰਚਾਇਆ। 1761 ਨੂੰ ਖਾਲਸੇ ਨੇ ਲਾਹੌਰ ਫਤਹਿ ਕੀਤਾ। ਉਪਰੰਤ ਸੁਲਤਾਨ-ਉਲ-ਕੌਮ ਨੇ ਸਿੱਖਾਂ ਦੀ ਸੁਤੰਤਰਤਾ ਦਾ ਐਲਾਨ ਕੀਤਾ ਤੇ ਸਿੱਖ ਗੁਰੂ ਸਾਹਿਬਾਨ ਦੇ ਨਾਂ ਦੇ ਸਿੱਕੇ ਜਾਰੀ ਕੀਤੇ। ਰਾਜ ਕਰੇਗਾ ਖਾਲਸਾ ਵਿਚ ਹਰਨਾਮਦਾਸ ਸ਼ਹਿਰਾਈ ਲਿਖਦੇ ਹਨ ਕਿ ਪਹਿਲਾਂ ਖਾਲਸੇ ਦੀ ਚੜ੍ਹਤ ਵੇਖਦੇ ਸਾਂ ਤੇ ਅੱਜ ਜਸ਼ਨ ਲਾਹੌਰ ਦੀ ਫਤਿਹ ਦਾ ਬੜੀਆਂ ਸੁੱਖਣਾ ਸੁਖਦਿਆਂ ਇਹ ਦਿਨ ਵੇਖਿਆ ਏ। ਅੱਜ ਦਲ ਵਾਲੇ ਬਹੁਤ ਖੁਸ਼ ਹਨ। ਗੁਰਾਂ ਦੇ ਬਚਨ ਪੂਰੇ ਹੋ ਰਹੇ ਹਨ। ਏਸ ਜਸ਼ਨ ਵਿਚ ਹੋਵੇਗਾ ਕੀ? ਘੋੜਿਆਂ ਦੀ ਦੌੜ, ਨੇਜ਼ੇਬਾਜ਼ੀ ਦੇ ਕਰਤਬ, ਤੀਰ ਅੰਦਾਜ਼ੀ ਦੇ ਕਮਾਲ? ਹਾਂ ਇਹ ਸਭ ਕੁਝ ਤੇ ਹੋਵੇਗਾ ਈ। ਦਲ ਵਾਲਿਆਂ ਨੇ ਫੈਸਲਾ ਕੀਤਾ ਏ ਇਨ੍ਹਾਂ ਬਹਾਦਰਾਂ ਨੂੰ ਸਰੋਪੇ, ਕੜਿਆਂ ਦੀ ਜੋੜੀ ਤੇ ਕਿਸੇ ਨੂੰ ਘੋੜਾ ਸੁਨਹਿਰੀ ਸਾਜ਼ ਵਿਚ ਜੁੜਿਆ ਹੋਇਆ ਇਨਾਮ ਵਿਚ ਦਿੱਤਾ ਜਾਏਗਾ।

ਅਕਾਲ ਅਕਾਲ ਦੇ ਨਾਅਰੇ ਗੂੰਜ ਰਹੇ ਸਨ। ਦਲ ਦਾ ਪੂਰਾ ਜਲਾਲ ਲੋਕਾਂ ਵੇਖਿਆ। ਦਲ ਵਾਲਿਆਂ ਪੁਰਾਣਾ ਲਾਹੌਰ ਵੀ ਵੇਖਿਆ ਸੀ ਤੇ ਹੁਣ ਨਵਾਂ ਲਾਹੌਰ ਵੀ ਵੇਖਣਗੇ। ਦਰਬਾਰੇ ਆਮ ਦਲ ਦੀ ਛਤਰਛਾਇਆ ਵਿਚ ਜਸ਼ਨ ਫ਼ਤਿਹ ਦਾ। ਨਗਾਰੇ ਵੱਜੇ, ਨਰਸਿੰਘਿਆਂ ਨੇ ਧਾਕ ਜਮਾਈ, ਢੋਲ ਵੀ ਵੱਜਣ ਦਿੱਤਾ। ਅੱਜ ਜਸ਼ਨ ਏ, ਜੋ ਕਿਸੇ ਦਾ ਜੀਅ ਆਏ, ਵਜਾਏ।

**ਸਿੱਕ ਜ਼ਦ ਦਰ ਜਹਾਂ ਬਫਜ਼ਲ।**
**ਮੁਲਕਿ ਅਹਿਮਦ ਗ੍ਰਿਫ਼ਤ ਜੱਸਾ ਕਲਾਲ॥**

ਪੰਜਾਬ ਵਾਲੇ ਏਸ ਸਿੱਕੇ ਨੂੰ ਅਕਾਲ ਪੁਰਖ਼ ਦੀ ਦੇਣ ਸਮਝਦੇ ਸਨ ਤੇ ਲੋਕਾਂ ਨੇ ਇਸ ਨੂੰ ਏਸ ਤਰ੍ਹਾਂ ਮੰਨਿਆ। ਸਿੱਕੇ ਤੇ ਜੱਸਾ ਕਲਾਲ ਲਿਖਣ ਦਾ ਮਤਲਬ ਇਹ ਸੀ ਕਿ ਤੂੰ ਬੜਾ ਬਣਿਆ ਫਿਰਦਾ ਏ ਬਾਦਸ਼ਾਹ, ਲੈ ਇਹ ਮਾਮੂਲੀ ਕਲਾਲ ਨੇ ਤੇਰਾ ਸਾਰਾ ਰਾਜ ਭਾਗ ਖੋਹ ਲਿਐ ਤੇ ਆਪਣੇ ਨਾਂ ਦਾ ਸਿੱਕਾ ਜਾਰੀ ਕਰ ਦਿੱਤੈ। ਇਹ ਸ਼ਰਮ ਦੇਣ ਲਈ, ਤੈਸ਼ ਵਿਚ ਲਿਆਉਣ ਲਈ ਇਹ ਸਿੱਕਾ ਘੜਾਇਆ ਗਿਆ ਸੀ। ਅਸਲ ਸਿੱਕਾ ਦੇਗ਼-ਤੇਗ਼ ਫ਼ਤਿਹ ਵਾਲਾ ਸੀ। ਪੰਜ ਬਾਣੀਆਂ ਦਾ ਪਾਠ ਤੇ ਫੇਰ ਅਰਦਾਸ ਸਤਗੁਰਾਂ ਅੱਗੇ। ਪੰਜਾਂ ਪਰਾਤਾਂ ਵਿਚ ਸਿੱਕਾ ਜੱਸਾ ਸਿੰਘ ਆਹਲੂਵਾਲੀਏ ਦੇ ਨਾਂ ਦਾ ਭਰ ਦਿੱਤਾ। ਸਾਰੇ ਸਰਦਾਰਾਂ ਜੱਥੇਦਾਰਾਂ ਨੇ ਨੰਗੇ ਪੈਰੀਂ ਇਹ ਪਰਾਤਾਂ ਚੁੱਕੀਆਂ ਤੇ ਲਿਆ ਰੱਖੀਆਂ ਜੱਸਾ ਸਿੰਘ ਆਹਲੂਵਾਲੀਏ ਸਾਹਮਣੇ। ਮਿਹਰਾਂ ਸੱਚੇ ਪਾਤਸ਼ਾਹ, ਤੂੰ ਮਿਹਰਬਾਨ ਏਂ। ਆਪਣੇ ਸੇਵਕਾਂ ਨੂੰ ਇਹ ਇਨਾਮ ਬਖਸ਼ਿਆ ਈ। ਇਹ ਸਭ ਪੰਥ ਦੀ ਕਿਰਪਾ ਏ। ਜਿਨ ਹਮਕੀ-ਤੁਮਕੀ ਨੂੰ ਪਾਤਸ਼ਾਹ ਬਣਾ ਦਿੱਤਾ ਏ। ਕਿੱਥੇ ਘੋੜਿਆਂ ਦੀ ਲਿੱਦ ਚੁੱਕਣ ਵਾਲਾ ਤੇ ਕਿੱਥੇ ਸੁਲਤਾਨਲ ਕੌਮ। ਕਿੱਥੇ ਇਕ ਮਾਮੂਲੀ ਜਿਹੀ ਮਾਲਾ ਫੇਰਨ ਵਾਲਾ ਤੇ ਕਿੱਥੇ ਪੁਜਾਰੀ ਮਹਾਂਕਾਲ ਦਾ। ਗੁਰਾਂ ਨੇ ਬਖ਼ਸ਼ਿਸ਼ ਕੀਤੀ ਏ, ਪੰਥ ਨੇ ਚੁਣ ਲਿਆ ਏ ਜੱਸਾ ਸਿੰਘ ਆਹਲੂਵਾਲੀਆ। ਹਰ ਇਕ ਸਰਦਾਰ ਨੇ ਪਹਿਲਾਂ ਸਰਵਾਰਨਾ ਕੀਤਾ ਤੇ ਫੇਰ ਨਜ਼ਰਾਨਾ ਪੇਸ਼ ਕੀਤਾ। ਸਰਵਾਰਨਾ ਕਰਨ ਵਾਲਿਆਂ ਨੇ ਤਾਂ ਹੱਦਾਂ ਈ ਲਾਹ ਦਿੱਤੀਆਂ। ਫੁੱਲਾਂ ਦੇ ਹਾਰ ਏਨੇ ਪਾਏ ਕਿ ਸਰਦਾਰ ਦਾ ਮੁੱਖੜਾ ਈ ਕੀਤੇ ਨਜ਼ਰ ਨਹੀਂ ਸੀ ਆਉਂਦਾ। ਸਭ ਪਾਸਿਓਂ ਵਧਾਈਆਂ ਮਿਲ ਰਹੀਆਂ ਸਨ ਖੈਰਾਤ ਆਰੰਭ ਹੋਈ, ਰੁਤਬੇ ਵੱਡੇ ਕੀਤੇ ਸਰਦਾਰਾਂ ਦੇ ਇਨਾਮ-ਕਰਾਮ ਵੀ ਵੰਡੇ। ਸਿੰਧ ਤੋਂ ਲੈ ਕੇ ਸਤਲੁਜ ਤੱਕ ਦਾ ਇਲਾਕਾ ਖ਼ਾਲਸੇ ਨੇ ਦਲ ਦੀ ਝੋਲੀ 'ਚ ਪਾਇਆ। ਬੁੱਢੇ ਦਲ ਦੇ ਥਾਪੇ ਸੇਵਕ ਸੂਰਮਿਆਂ ਨੂੰ ਕੜਿਆਂ ਦੀਆਂ ਜੋੜੀਆਂ ਦੀਆਂ ਜੋੜੀਆਂ ਵੰਡੀਆਂ, ਸਰੋਪੇ ਵੀ ਦਿੱਤੇ, ਜੜਾਊ ਤਲਵਾਰਾਂ ਦੇ ਤੋਹਫ਼ੇ। ਸਾਜ਼ ਸੁਨਿਹਰੀ ਨਾਲ ਮੜ੍ਹੇ ਹੋਏ ਘੋੜੇ। ਸਭ ਕੁਝ ਇਹ ਜੱਸਾ ਸਿੰਘ ਹੱਥੋਂ ਹੋਇਆ। ਸੁਲਤਾਨੁਲ ਕੌਮ ਦੀ ਪਦਵੀ ਪੰਜਾਂ ਪਿਆਰਿਆਂ ਨੇ ਭੇਟ ਕੀਤੀ ਤੇ ਨਾਲ ਅਸੀਸ ਵੀ ਦਿੱਤੀ। ਰਾਜ ਦੀ ਨੀਂਹ ਰੱਖੀ ਗਈ ਏ ਹੁਣ ਪੰਜਾਬ ਦਾ ਰਾਜ ਸਾਡੇ ਨਾਂ ਲਿਖਿਆ ਗਿਆ ਏ। ਗੁਰਾਂ ਦੀ ਮਿਹਰ ਸਦਕਾ ਮਹੂਰਤ ਚੰਗਾ ਹੋਇਆ ਏ। ਵਾਹਿਗੁਰੂ ਆਪੇ ਕਾਰਜ ਸਿੱਧ ਕਰੇਗਾ। ਜੈਕਾਰੇ, ਬੋਲੇ ਸੋ ਨਿਹਾਲ-ਸਤ ਸਰੀ ਅਕਾਲ ਦੇ ਗੂੰਜੇ। ਫਰਲਿਆਂ ਵਾਲੇ, ਨਿਹੰਗ ਦੂਰੋਂ ਲਿਸ਼ਕਾਰੇ ਮਾਰ ਰਹੇ ਸਨ। ਦਲ ਵਾਲੇ ਪ੍ਰਸੰਨ ਸਨ। ਹੁਣ ਸਾਰਾ ਇੰਤਜ਼ਾਮ ਦਲ ਨੇ ਆਪਣੇ ਹਿਸਾਬ ਨਾਲ ਕਰਨਾ ਸੀ।

ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਜਥੇਦਾਰ ਬਣੇ ਤੇ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਵੀ ਕੌਮ ਦੀ ਅਗਵਾਈ ਕਰਦੇ ਰਹੇ। ਸੰਨ 1748 ਈ. ਸਮੇਂ ਭਰ ਜੁਆਨੀ ਵਿਚ ਹੀ ਉਸ ਨੂੰ ਪੰਥ ਦੀ ਵਾਂਗ ਡੋਰ ਸੌਂਪੀ ਗਈ। ਆਹਲੂਵਾਲੀਆ ਨੂੰ ਲੋਕ ਪਿਆਰ ਸਤਿਕਾਰ ਦੀ ਨਿਗਾਹ ਨਾਲ ਦੇਖਦੇ ਸਨ। ਉਸ ਨੂੰ ਰੱਬ ਵਾਂਗ ਪੂੱਜਦੇ ਸਨ। ਉਸ ਦਾ ਆਚਰਣ ਉਚਾ ਸੀ, ਗੁਰੂ ਗੋਬਿੰਦ ਸਿੰਘ ਜੀ ਦੀ ਰਹਿਮਤ ਸੀ। ਜੁਅੱਰਤ ਦਲੇਰੀ ਤੇ ਵੀਰਤਾ ਦਾ ਉਹ ਮੁਜੱਸਮਾ ਸੀ ਉਸ ਦੇ ਲਲਕਾਰੇ ਤੇ ਜੈਕਾਰੇ ਦੀ ਆਵਾਜ਼ ਦੁਸ਼ਮਣਾਂ ਨੂੰ ਦਰਾ ਖ਼ੈਬਰ ਨੋਚਕੀ ਤੇ ਬੋਲਾਨ ਤੱਕ ਕੰਬਣ ਲਾ ਦਿੰਦੀ ਸੀ, ਸਾਰਾ ਅਫਗਾਨਿਸਤਾਨ ਥਰਥਰ ਕੰਬਦਾ ਸੀ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਤਕਰੀਬਨ 35 ਸਾਲ ਦਿਨ-ਰਾਤ ਇੱਕ ਕਰਕੇ ਬਿਖੜੇ ਸਮੇਂ ਕੌਮ ਦੀ ਅਗਵਾਈ ਤੇ ਸੇਵਾ ਕੀਤੀ ਅਤੇ ਸਮੁੱਚੀ ਕੌਮ ਨੂੰ ਇੱਕ ਨਿਸ਼ਾਨ ਹੇਠਾਂ ਇਕੱਤਰ ਕਰੀ ਰੱਖਿਆ।

**ਮਿਸਲ ਵੰਡ ਅਬ ਕਬਹੂੰ ਨਾ ਪਾਵੋ।**
**ਰਲ ਮਿਲ ਖੜ ਤੁਰ ਪੰਥ ਬਚਾਵੋ।**

ਅਠਾਰ੍ਹਵੀਂ ਸਦੀ ਦੇ ਅਤਿ ਮੁਸ਼ਕਲ ਤੇ ਬਿਖੜੇ ਦੌਰ ਵਿਚ ਵੀ ਉਨ੍ਹਾਂ ਗੁਰੂ ਸਾਹਿਬਾਨ ਦੇ ਉਪਦੇਸ਼, ਆਦੇਸ਼ ਅਤੇ ਸਿਧਾਂਤਾਂ ਪ੍ਰਤੀ ਵਚਨਬੱਧਤਾ ਨੂੰ ਨਿਭਾਇਆ ਅਤੇ ਸਿਖ ਪੰਥ ਦੀ ਆਨ-ਸ਼ਾਨ ਨੂੰ ਆਂਚ ਨਹੀਂ ਆਉਣ ਦਿੱਤੀ। ਪੰਥਕ ਜਜ਼ਬੇ ਨਾਲ ਲਬਰੇਜ਼ ਹੋਣ ਕਾਰਨ ਆਪ ਵੱਖ-ਵੱਖ ਵਿਚਾਰਧਾਰਾਵਾਂ ਵਾਲੀਆਂ ਪੰਥਕ ਧਿਰਾਂ, ਜਥੇਬੰਦੀਆਂ ਤੇ ਮਿਸਲਾਂ ਵਿਚ ਸੰਤੁਲਨ ਬਣਾਈ ਰੱਖਣ ਵਿਚ ਕਾਮਯਾਬ ਰਹੇ। ਇਸੇ ਤਰ੍ਹਾਂ ਹੀ ਖਾਲਸਾ ਪੰਥ ਬੁੱਢਾ ਦਲ ਦੇ ਪਹਿਲੇ ਜਥੇਦਾਰ ਬਾਬਾ ਬਿਨੋਦ ਸਿੰਘ, ਦੂਜੇ ਦੀਵਾਨ ਦਰਬਾਰਾ ਸਿੰਘ, ਤੀਜੇ ਨਵਾਬ ਕਪੂਰ ਸਿੰਘ ਨੇ ਖਾਲਸਾ ਪੰਥ ਦੀ ਅਗਵਾਈ ਦੇ ਨਾਲ-ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਵੀ ਨਿਭਾਉਂਦੇ ਰਹੇ। ਬਾਅਦ ਵਿਚ ਲੰਮਾਂ ਸਮਾਂ ਚੌਥੇ ਜਥੇ. ਜੱਸਾ ਸਿੰਘ ਆਹਲੂਵਾਲੀਆ, ਪੰਜਵੇਂ ਜਥੇਦਾਰ ਨੈਣਾ ਸਿੰਘ, ਛੇਵੇਂ ਜਥੇ. ਅਕਾਲੀ ਫੂਲਾ ਸਿੰਘ, ਸਤਵੇਂ ਬਾਬਾ ਹਨੂਮਾਨ ਸਿੰਘ, ਅੱਠਵੇਂ ਬਾਬਾ ਪ੍ਰਲਾਹਦ ਸਿੰਘ, ਨੌਵੇਂ ਬਾਬਾ ਗਿਆਨ ਸਿੰਘ, ਦਸਵੇਂ ਬਾਬਾ ਤੇਜਾ ਸਿੰਘ, ਇਹ ਸਾਰੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਸੇਵਾ ਸੰਭਾਲ ਦਾ ਪ੍ਰਬੰਧ ਤੇ ਅਗਵਾਈ ਕਰਦੇ ਰਹੇ। ਬਾਬਾ ਸਾਹਿਬ ਸਿੰਘ ਕਲਾਧਾਰੀ, ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ ਨੇ ਦਲ ਪੰਥ ਨੂੰ ਸ਼ਾਨਦਾਰ ਸੇਵਾਵਾਂ ਦਿੱਤੀਆਂ ਹੁਣ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਵਜੋਂ ਸੇਵਾ ਨਿਭਾ ਰਹੇ ਹਨ।

ਇਤਿਹਾਸਕਾਰ ਲਿਖਦੇ ਹਨ ਕਿ ਵੱਡਾ ਘੱਲੂਘਾਰਾ ਜੋ 5 ਫਰਵਰੀ 1762 ਨੂੰ ਕੁੱਪ ਰੁਹੀੜੇ ਦੇ ਸਥਾਨ ਉਪਰ ਵਾਪਰਿਆ, ਉਸ ਸਮੇਂ ਜਥੇ. ਜੱਸਾ ਸਿੰਘ ਆਹਲੂਵਾਲੀਆ ਨੇ ਬਹੁਤ ਦਲੇਰੀ ਤੇ ਸਮਝਦਾਰੀ ਨਾਲ ਕੌਮ ਦੀ ਅਗਵਾਈ ਕੀਤੀ। ਇਸ ਸਾਕੇ ਸਮੇਂ ਉਨ੍ਹਾਂ ਦੇ ਸਰੀਰ ਤੇ ਦੋ ਦਰਜਨ ਤੋਂ ਵੱਧ ਫੱਟ ਲੱਗੇ। ਇੱਕ ਸਮੇਂ ਘੱਲੂਘਾਰੇ ਵਿਚ ਹੀ ਜਥੇਦਾਰ ਜੱਸਾ ਸਿੰਘ ਜੀ ਐਸੇ ਘਿਰੇ ਕਿ ਉਨ੍ਹਾਂ ਦੇ ਅੰਗ ਪਾਲਕ ਭਾਈ ਗੁਰਮੁਖ ਸਿੰਘ ਜੀ ਨੇ ਚਾਬੁਕ ਚੁੱਕੀ ਕਿ ਘੋੜਾ ਦੌੜ ਕੇ ਪਾਸੇ ਹੋ ਜਾਏ ਤਾਂ ਉਸ ਸਮੇਂ ਬੜੀ ਉਚੀ ਆਵਾਜ਼ ਵਿਚ ਜਥੇਦਾਰ ਜੱਸਾ ਸਿੰਘ ਜੀ ਨੇ ਕਿਹਾ-ਐਸਾ ਨਾ ਕਰੀਂ, ਨੱਸ-ਭੱਜ ਦਾਗ਼ ਲੱਗ ਜਾਣ ਨਾਲੋਂ ਤਾਂ ਸ਼ਹੀਦ ਹੋ ਜਾਣਾ ਬਿਹਤਰ ਹੈ।

**ਪੰਥ ਸੁਨੈ ਹਮ ਕੋ ਕਰੈ ਨੱਠਾ।**
**ਘੋੜਾ ਕਟਾਇ ਜੱਸਾ ਸਿੰਘ ਜੀ ਨੱਠਾ।**
**ਕਯਾ ਮੁਖ ਲੈ ਮੈਂ ਬਹੋਂ ਦਿਵਾਨ।**
**ਕਰੈਂ ਮਸਕਰੀ ਹਮ ਕੋ ਆਣ ॥86॥**
**ਮੈਂ ਖਾਲਸੈ ਪਾਤਿਸ਼ਾਹੁ ਕਹਾਯੋ।**
**ਤੁਮ ਚਾਹਤ ਹਮ ਗੀਦੀ ਬਨਾਯੋ।**
**ਇਸ ਜੀਵਣ ਤੇ ਮਰਨੋ ਬੇਸ਼।**
**ਰਹੈ ਜੱਸ ਜਿਸ ਜਗ ਮੈਂ ਲੇਸ਼॥67॥**

(ਪ੍ਰਚੀਨ ਪੰਥ ਪ੍ਰਕਾਸ਼ : 367)

1764 ਵਿਚ ਸਰਹਿੰਦ ਫਤਹਿ ਕਰਨ ਉਪਰੰਤ ਖਾਲਸੇ ਨੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਗੁਰਦੁਆਰਾ ਫਤਿਹਗੜ੍ਹ ਸਾਹਿਬ ਉਸਾਰਿਆ। ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਲਈ ਨੋ ਲੱਖ ਰੁਪੈ ਅਤੇ ਬਾਕੀ ਸਿੰਘ ਸਰਦਾਰਾਂ ਨੇ ਪੰਜ ਲੱਖ ਰੁਪਏ ਭੇਟ ਕੀਤੇ। ਇਹ ਮਾਇਆ ਆਪ ਨੇ ਭਾਈ ਦੇਸ ਰਾਜ ਬਿਧੀ ਚੰਦੀਏ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਸੌਂਪ ਦਿੱਤੀ। ਇੱਕ ਹੋਰ ਇਤਿਹਾਸਕ ਘਟਨਾ ਸਾਹਮਣੇ ਆਉਂਦੀ ਹੈ ਕਿ ਇਸ ਸਮੇਂ ਨੌਸ਼ਹਿਰਾ ਪੰਨੂਆਂ ਦੇ ਚੌਧਰੀ ਰਾਏ ਜਿਸ ਪਾਸ ਸ੍ਰੀ ਹਰਿਮੰਦਰ ਸਾਹਿਬ ਗਿਰਵੀ ਸੀ ਤਿੰਨ ਲੱਖ ਰੁਪਏ ਉਸਨੂੰ ਦੇ ਕੇ ਜਥੇ: ਆਹਲੂਵਾਲੀਏ ਨੇ ਸਿੱਖ ਪੰਥ ਦੇ ਸਿਰੋਂ ਵੱਡਾ ਭਾਰ ਉਤਾਰਿਆ। ਇਨ੍ਹਾਂ ਪੰਥਕ ਨਿਸ਼ਕਾਮ ਸੇਵਾਵਾਂ ਦੇ ਉਤਰਫਲ ਵਜੋਂ ਹੀ ਬਜ਼ਾਰ (ਕਟੜਾ) ਦਾ ਨਾਂ ਆਹਲੂਵਾਲੀਆ ਰੱਖਿਆ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਕਿਰਪਾਲ ਸਿੰਘ ਲਿਖਦੇ ਹਨ 10 ਅਪ੍ਰੈਲ 1762 ਈ. ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਵਿਚ ਬਰੂਦ ਦੇ ਕੁੱਪੇ ਰੱਖ ਕੇ ਅਹਿਮਦਸ਼ਾਹ ਅਬਦਾਲੀ ਨੇ ਸਾਰੀ ਇਮਾਰਤ ਹੀ ਉਡਾ ਦਿੱਤੀ ਸੀ। ਉਪਰੰਤ ਸੰਮਤ 1821 ਸੰਨ 1764 ਵਿਚ ਪੰਥ ਵੱਲੋਂ ਦੁਬਾਰਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨਵੀਂ ਇਮਾਰਤ ਉਸਾਰਨ ਸਮੇਂ ਨਵੀਂ ਇਮਾਰਤ ਦਾ ਨੀਂਹ ਪੱਥਰ ਵੀ ਜਥੇ ਜੱਸਾ ਸਿੰਘ ਆਹਲੂਵਾਲੀਆ ਪਾਸੋਂ ਹੀ ਰਖਵਾਇਆ। 11 ਮਾਰਚ 1783 ਨੂੰ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਿੱਖ ਸਰਦਾਰਾਂ-ਸ. ਜੱਸਾ ਸਿੰਘ ਰਾਮਗੜ੍ਹੀਆ, ਸ. ਬਘੇਲ ਸਿੰਘ, ਸ. ਭਾਗ ਸਿੰਘ, ਸ. ਗੁਰਦਿੱਤ ਸਿੰਘ ਨਾਲ ਮਿਲ ਕੇ ਲਾਲ ਕਿਲ੍ਹੇ 'ਤੇ ਕੇਸਰੀ ਪਰਚਮ ਲਹਿਰਾਇਆ ਤੇ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਭਾਰਤ ਦਾ ਬਾਦਸ਼ਾਹ ਐਲਾਨਿਆ। ਇਸ ਸਮੇਂ ਸਿੱਖ ਪੰਥ ਪੂਰੇ ਜਾਹੋ ਜਲਾਲ ਵਿਚ ਸੀ, ਪੰਥ ਦੇ ਜੈਕਾਰਿਆਂ ਦੀਆਂ ਧੁੰਮਾਂ ਅਕਾਸ਼ ਵਿਚ ਗੂੰਜਦੀਆਂ ਸਨ। ਹਰ ਪਾਸੇ ਕੇਸਰੀ ਨਿਸ਼ਾਨ ਲਹਿਰਾਉਂਦੇ ਸਨ। ਪ੍ਰਿੰਸੀਪਲ ਸਤਿਬੀਰ ਸਿੰਘ ਪੁਰਾਤਨ ਇਤਿਹਾਸਕ ਜੀਵਨੀਆਂ ਵਿਚ ਲਿਖਦੇ ਹਨ ਕਿ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ ਜੀਵਨ ਵਿਚ ਇਤਨੀ ਨਿਮਰਤਾ ਸੀ ਕਿ ਕਦੇ ਆਪਣੇ ਨਾਮ ਨਾਲ ਕੋਈ ਲਕਬ ਰਾਜਾ, ਨਵਾਬ ਜਾ ਪਾਤਸ਼ਾਹ ਨਾ ਲਗਾਇਆ। ਕੇਵਲ 'ਅਕਾਲ ਸਹਾਇ, ਜੱਸਾ ਸਿੰਘ ਜੀ' ਹੀ ਲਿਖਦੇ ਰਹੇ। ਦੀਵਾਲੀ ਦੇ ਮੇਲੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜੇ ਹੀ ਸਨ ਕਿ ਪੇਟ ਵਿਚ ਸੂਲ ਉ?ਠਿਆ। ਜਦ ਦੇਖਿਆ ਕਿ ਇਲਾਜ ਦੇ ਬਾਵਜੂਦ ਤਬੀਅਤ ਠੀਕ ਨਹੀਂ ਹੋ ਰਹੀ, ਤਾਂ ਸਭ ਸਰਦਾਰਾਂ ਨੂੰ ਬੁਲਾ ਕੇ ਕਿਹਾ- "ਅੰਤਮ ਸਮਾਂ ਨੇੜੇ ਆ ਗਿਆ ਹੈ, ਹੁਣ ਉਨ੍ਹਾਂ ਦਾ ਧਿਆਨ ਹੋਰ ਕਿਸੇ ਪਾਸੇ ਨਾ ਖਿੱਚਣਾ। ਕੋਈ ਦੁਨਿਆਵੀ ਗੱਲ ਕੰਨਾਂ ਤੱਕ ਨਾ ਪਹੁੰਚਾਣੀ।" ਸਾਰਾ ਸਮਾਂ ਗੁਰਬਾਣੀ ਸੁਣਨ ਤੇ ਪੜ੍ਹਨ ਵਿਚ ਹੀ ਲਗਾਉਂਦੇ ਸਨ। ਸਾਰੇ ਸਰਦਾਰ ਦੀਵਾਲੀ ਕਾਰਨ ਪੁੱਜੇ ਹੋਏ ਸਨ। ਸਭ ਨੂੰ ਪਾਸ ਬਿਠਾ ਆਖਿਆ: "ਤੁਸਾਂ ਬੜਾ ਪਿਆਰ ਦਿੱਤਾ ਹੈ। ਮੇਰੇ ਜਿਹੇ ਨਾਚੀਜ਼ ਨੂੰ ਪਾਤਸ਼ਾਹ ਬਣਾਇਆ। ਇਹ ਪੰਥ ਦੀ ਗਰੀਬ-ਨਿਵਾਜ਼ੀ ਹੈ। ਮੇਰੀ ਇਕੋ ਹੀ ਬੇਨਤੀ ਹੈ ਕਿ ਸਸਕਾਰ ਹੋਣ ਤੱਕ ਕੋਈ ਅਰਥੀ ਨਾਲ ਹੰਝੂ ਨਾ ਵਗਾਏ। ਸਾਰੇ 'ਵਾਹਿਗੁਰੂ-ਵਾਹਿਗੁਰੂ' ਕਰਦੇ ਜਾਣ। ਸਸਕਾਰ ਨਵਾਬ ਕਪੂਰ ਸਿੰਘ ਜੀ ਦੇ ਲਾਗੇ ਬਾਬਾ ਅਟੱਲ ਸਾਹਿਬ ਹੀ ਕਰਨਾ।ਸਾਰਿਆਂ ਨੇ ਯਕੀਨ ਦਿੱਤਾ ਅਤੇ ਕਿਹਾ ਕਿ- 'ਅਜਿਹਾ ਹੀ ਹੋਵੇਗਾ। ਆਪ ਜੀ 20 ਅਕਤੂਬਰ, 1783 ਈ. ਨੂੰ ਕੌਮ ਦੇ ਤੇਜਤਪ ਨੂੰ ਬੁਲੰਦੀਆਂ 'ਤੇ ਪਹੁੰਚਾ ਅਕਾਲ ਚਲਾਣਾ ਕਰ ਗਏ। ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਹੁੰਦੇ ਰਹੇ। ਕੌਮ ਨੇ ਉਵੇਂ ਹੀ ਕੀਤਾ, ਜਿਵੇਂ ਕਹਿ ਗਏ ਸਨ। ਸਾਰੇ ਸਰਦਾਰ, ਸਿੰਘ, ਸੰਗਤਾਂ ਸਿਰਫ਼ ਫੁੱਲਾਂ ਦੀ ਬਾਰਸ਼ ਕਰ ਰਹੇ ਸਨ ਤੇ ਕਿਸੇ ਨੇ ਅੱਥਰੂ ਤੱਕ ਨਾ ਵਗਾਇਆ ਪਰ ਸਸਕਾਰ ਹੋ ਜਾਣ ਉਪਰੰਤ ਕਿਸੇ ਦੇ ਹੰਝੂ ਨਾ ਰੁੱਕੇ। ਸਭ ਡੁਸ-ਡੁਸ ਹੁਬਕੀ ਰੋਏ। ਸਭ ਇਹ ਕਹਿ ਰਹੇ ਸਨ ਕਿ:

"ਬਾਬਾ ਬੰਦਾ ਸਿੰਘ ਜੀ ਤੇ ਨਵਾਬ ਕਪੂਰ ਸਿੰਘ ਜੀ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਲਗਾਏ ਬਾਗ਼ ਨੂੰ ਮਾਲੀ ਹੋ ਕੇ ਅਜਿਹਾ ਸਰਸਬਾਜ਼ ਕੀਤਾ ਹੈ, ਜਿਸ ਦੀ ਖ਼ੁਸ਼ਬੂ ਸ਼ਜਾਹਤ, ਪੂਰਬ ਤੋਂ ਪੱਛਮ ਤੱਕ, ਉਤਰ ਤੋਂ ਦੱਖਣ ਤੱਕ ਫੈਲੀ।" ਉਨ੍ਹਾਂ ਦੀ ਤੇਗ਼ ਨੇ ਦਿੱਲੀ ਝੁਕਾਈ, ਕਾਬਲ ਨਿਵਾਇਆ ਅਤੇ ਪੰਜਾਬ ਉ?ਤੇ ਖ਼ਾਲਸਾ ਰਾਜ ਸਥਾਪਤ ਕੀਤਾ। ਜਿਧਰ ਤੇਗ਼ ਲੈ ਕੇ ਨਿਕਲੇ ਦੁਸ਼ਮਣ
ਖ਼ਰਗੋਸ਼ ਦੀ ਤਰ੍ਹਾਂ ਨੱਸੇ। ਐਸਾ ਰਾਜ-ਪ੍ਰਬੰਧ ਕੀਤਾ ਕਿ ਸ਼ੇਰ-ਬੱਕਰੀ ਇਕ ਘਾਟ ਪਾਣੀ ਪੀਂਦੇ ਰਹੇ। ਗਿਆਨੀ ਗਿਆਨ ਸਿੰਘ ਜੀ ਨੇ ਉਨ੍ਹਾਂ ਦੇ ਅਕਾਲ ਚਲਾਣੇ ਦਾ ਦ੍ਰਿਸ਼ ਦੇਂਦੇ ਖੂਬ ਲਿਖਿਆ ਹੈ:-

**ਦਸ ਅਠ ਚਾਲੀਏ ਮੈਂ ਦਰਦ ਸ਼ਿਕਮ ਸੰਗ,**
**ਆਪ ਗੁਰੁ ਪੂਰਿ ਗਯੋ ਸੁਧਾਸਰ ਮਾਂਹਿ ਹੈ।**
**ਤਾਂਹਿ ਕਾ ਮਰਨ ਸੁਨਿ ਰੋਇ ਸਭਿ ਸਿੰਘ ਕੈਹੈਂ,**
**ਏ ਰੇ ਜਮ ਰਾਜ! ਤੈ ਅਕਾਜ ਕੀਨੋ ਕਾਂਹਿ ਹੈ?**
**ਪਰਉਪਕਾਰੀ ਸੂਰੋ ਪੂਰੋ ਬੀਰ ਅਤਿ ਭਾਰੀ,**
**ਪੰਥ ਖ਼ਾਲਸੇ ਕਾ ਪਾਰੀ ਥਾ ਉਦਾਰੀ ਵਾਹਿ ਹੈ।**
**ਕੌਨ ਕੋ ਕਹੇਂਗੇ ਬਾਦਸ਼ਾਹਿ ਹਮ ਚਾਹਿ ਨਿਜ,**
**ਕੌਨ ਦੇਗ਼ ਤੇਗ਼ ਫ਼ਤੇ ਸੁਜਸ ਲਹਾਹਿ ਹੈ॥**

94॥ (ਪੰਥ ਪ੍ਰਕਾਸ਼ : 2707)

ਉਨ੍ਹਾਂ ਦਾ ਅੰਗੀਠਾ ਬਾਕੀ ਸਰਦਾਰਾਂ ਦੇ ਨਾਲ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਦੀ ਪ੍ਰਕਰਮਾ ਵਿਚ ਅੰਮ੍ਰਿਤਸਰ ਸਾਹਿਬ ਵਿਖੇ ਬਣਿਆ ਹੋਇਆ ਹੈ

ਜਨਮ ਦਿਨ 'ਤੇ ਵਿਸ਼ੇਸ਼

# ਸਿੱਖ ਇਤਿਹਾਸ ਦੀ ਮਹਾਨ ਸ਼ਖ਼ਸ਼ੀਅਤ-ਬ੍ਰਹਮ ਗਿਆਨੀ ਬਾਬਾ ਬੁੱਢਾ ਜੀ



ਪੂਰਨ ਗੁਰਸਿੱਖ ਬਾਬਾ ਬੁੱਢਾ ਜੀ ਸਿੱਖ ਇਤਿਹਾਸ ਵਿੱਚ ਇਕ ਅਜੇਹੀ ਮਹਾਨ ਸਖ਼ਸ਼ੀਅਤ ਹੋਏ ਹਨ, ਜਿਨ੍ਹਾਂ ਨੂੰ ਪਹਿਲੇ ਛੇ ਗੁਰੂ ਸਾਹਿਬਾਨ ਦੀ ਸਾਖ਼ਸ਼ਤ ਰੂਪ ਵਿੱਚ ਚਰਨਛੋਹ ਪ੍ਰਾਪਤ ਕਰਨ ਅਤੇ ਸੇਵਾ ਕਰਨ ਦਾ ਮੌਕਾ ਮਿਲਣ ਤੋਂ ਇਲਾਵਾ ਦੂਸਰੀ ਪਾਤਸ਼ਾਹੀ ਤੋਂ ਛੇਵੀਂ ਪਾਤਸ਼ਾਹੀ ਤੱਕ ਨੂੰ ਗੁਰਿਆਈ ਸੌਂਪਣ ਦੀ ਰਸਮ ਖ਼ੁਦ ਆਪਣੇ ਹੱਥੀਂ ਨਿਭਾਉਣ, ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਆਪਣੇ ਹੱਥੀਂ ਕਰਨ ਦਾ ਮਾਣ ਹਾਸਲ ਹੋਣ ਦੇ ਨਾਲ ਨਾਲ ਪਹਿਲੀਆਂ ਸਤ ਪਾਤਸ਼ਾਹੀਆਂ ਅਤੇ ਨੌਵੀਂ ਪਾਤਸ਼ਾਹੀ ਭਾਵ ਅੱਠ ਪਾਤਸ਼ਾਹੀਆਂ ਦੇ ਸਰੀਰਕ ਰੂਪ ਵਿੱਚ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਐਸੀ ਮਹਾਨ ਸਖ਼ਸ਼ੀਅਤ ਦਾ ਜਨਮ 7 ਕੱਤਕ 1563 ਬਿਕਰਮੀ (22 ਅਕਤੂਬਰ, 1506) ਈ: ਨੂੰ ਪਿੰਡ ਗੱਗੋਨੰਗਲ, ਜ਼ਿਲਾ ਅੰਮ੍ਰਿਤਸਰ ਜਿਸ ਨੂੰ ਹੁਣ ਕੱਥੂਨੰਗਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵਿਖੇ ਭਾਈ ਸੁੱਘਾ ਜੀ ਰੰਧਾਵਾ ਦੇ ਗ੍ਰਹਿ ਵਿਖੇ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ ਬੂੜਾ ਰੱਖਿਆ। ਆਪ ਜੀ ਦੇ ਪਿਤਾ 22 ਪਿੰਡਾਂ ਦੇ ਮਾਲਕ ਸਨ। ਆਪ ਜੀ ਦੀ ਮਾਤਾ ਗੌਰਾਂ ਬਹੁਤ ਹੀ ਭਜਨ ਬੰਦਗੀ ਵਾਲੀ ਇਸਤਰੀ ਸੀ, ਜਿਸ ਕਰਕੇ ਉਨ੍ਹਾਂ ਦੀ ਭਜਨ ਬੰਦਗੀ ਦਾ ਪ੍ਰਭਾਵ ਬਾਬਾ ਬੁੱਢਾ ਜੀ 'ਤੇ ਵੀ ਪਿਆ। ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ ਆ ਵੱਸੇ। ਉਹ ਬਾਅਦ ਵਿੱਚ ਮੱਝਾਂ ਦੇ ਵਾਗੀ ਬਣੇ। ਜਦ ਉਹ ਬਾਰਾਂ-ਤੇਰਾਂ ਕੁ ਵਰਿਆਂ ਦੇ ਹੀ ਸਨ, ਤਦ ਗੁਰੂ ਨਾਨਕ ਸਾਹਿਬ ਜੀ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਮੱਝਾਂ ਚਾਰਦੇ ਉੱਥੇ ਆ ਗਏ ਅਤੇ ਉਨ੍ਹਾਂ ਗੁਰੂ ਜੀ ਦਾ ਉਪਦੇਸ ਸੁਣਿਆ। ਬਾਅਦ ਵਿੱਚ ਉਹ ਰੋਜ ਗੁਰੂ ਜੀ ਕੋਲ ਆਉਂਦੇ ਅਤੇ ਉਹਨਾਂ ਦਾ ਉਪਦੇਸ ਸੁਣਦੇ ਅਤੇ ਉਹਨਾਂ ਵਾਸਤੇ ਦੁੱਧ ਲਿਆ ਕੇ ਭੇਟ ਕਰਦੇ। ਇੱਕ ਦਿਨ ਗੁਰੂ ਜੀ ਨੇ ਬੂੜਾ ਜੀ ਨੂੰ ਉਨ੍ਹਾਂ ਬਾਰੇ ਪੁੱਛਿਆ ਤਾਂ ਗੁਰੂ ਜੀ ਨੇ ਬੂੜਾ ਜੀ ਦੇ ਜਵਾਬ ਸੁਣ ਕੇ ਕਿਹਾ ਕਿ 'ਤੂੰ ਹੈਂ ਤਾਂ ਬੱਚਾ, ਪਰ ਗੱਲਾਂ ਬੁੱਢਿਆਂ ਵਾਲੀਆਂ ਕਰਦਾ ਹੈਂ। ਤੂੰ ਬੱਚਾ ਨਹੀਂ, ਤੂੰ ਬੁੱਢਾ ਹੈਂ'। ਉਸ ਦਿਨ ਤੋਂ ਬੂੜਾ ਜੀ ਦਾ ਨਾਂ 'ਬੁੱਢਾ ਜੀ' ਪੈ ਗਿਆ। ਸਿੱਖ ਉਹਨਾਂ ਨੂੰ ਪਿਆਰ ਨਾਲ ਬਾਬਾ ਬੁੱਢਾ ਜੀ ਆਖਦੇ ਹਨ।

ਬਾਬਾ ਬੁੱਢਾ ਜੀ ਗੁਰੂ ਨਾਨਕ ਸਾਹਿਬ ਜੀ ਦੇ ਸੇਵਕ ਬਣ ਗਏ। ਉਹ ਸਾਰਾ ਦਿਨ ਸੰਗਤਾਂ ਦੀ ਸੇਵਾ ਕਰਦੇ, ਖੇਤਾਂ ਵਿੱਚ ਜਾ ਕੇ ਖੇਤੀ-ਬਾੜੀ ਦਾ ਕੰਮ ਵੀ ਨਿਭਾਉਂਦੇ ਅਤੇ ਨਾਮ ਜਪਦੇ ਰਹਿੰਦੇ। ਉਨ੍ਹਾਂ ਨੇ ਆਪਣਾ ਜੀਵਨ ਸੰਗਤਾਂ ਦੀ ਸੇਵਾ ਵਿਚ ਲਗਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ, ਕਿਰਤ ਕਰਨ ਤੇ ਵੰਡ ਕੇ ਛਕਣ' ਦੇ ਉਪਦੇਸ ਨੂੰ ਕਮਾ ਕੇ ਦਿਖਾਇਆ। ਗੁਰੂ ਨਾਨਕ ਸਾਹਿਬ ਜੀ ਉਨ੍ਹਾਂ ਉੱਪਰ ਬਹੁਤ ਪ੍ਰਸੰਨ ਸਨ।

ਬਾਬਾ ਬੁੱਢਾ ਦਾ ਵਿਆਹ ਸੰਮਤ 1590 ਨੂੰ ਅਚੱਲ ਪਿੰਡ ਦੇ ਜ਼ਿਮੀਂਦਾਰ ਦੀ ਲੜਕੀ ਮਿਰੋਆ ਨਾਲ ਹੋ ਗਿਆ। ਆਪ ਦੇ ਘਰ ਦੋ ਪੁੱਤਰਾਂ ਦਾ ਜਨਮ ਹੋਇਆ। ਕੁਝ ਸਮੇਂ ਬਾਅਦ ਉਨ੍ਹਾਂ ਦੇ ਪਿਤਾ ਅਚਾਨਕ ਚਲਾਣਾ ਕਰ ਗਏ। ਅਜੇ ਉਨ੍ਹਾਂ ਦੀ ਸਤਾਰਵੀਂ ਵੀ ਨਹੀਂ ਹੋਈ ਸੀ ਕਿ ਮਾਤਾ ਗੌਰਾਂ ਵੀ ਆਪਣੇ ਪਤੀ ਦੇ ਮਗਰ ਹੀ ਤੁਰ ਗਈ। ਮਾਂ-ਬਾਪ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਕਬੀਲਦਾਰੀ ਦੀ ਸਾਰੀ ਜ਼ਿੰਮੇਵਾਰੀ ਗੁਰੂ ਨਾਨਕ ਜੀ ਵਲੋਂ ਦਸਤਾਰ ਭੇਂਟ ਕਰਕੇ ਬਾਬਾ ਬੁੱਢਾ ਜੀ ਦੇ ਸਿਰ ਰੱਖ ਦਿੱਤੀ ਗਈ। ਉਨ੍ਹਾਂ ਨੇ ਆਪਣੇ ਗ੍ਰਹਿਸਥ ਜੀਵਨ ਅਤੇ ਗੁਰੂ ਘਰ ਦੀ ਸੇਵਾ ਦਾ ਕੰਮ ਪੂਰੀ ਸ਼ਰਧਾ ਨਾਲ ਨਿਭਾਇਆ। ਉਹ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਕਰਤਾਰਪੁਰ ਵਿਖੇ ਹੀ ਗੁਰੂ ਦੀ ਸੇਵਾ ਲਈ ਪੁੱਜ ਗਏ। ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਗੁਰਗੱਦੀ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀ, ਤਾਂ ਉਨ੍ਹਾਂ ਨੇ ਗੁਰਿਆਈ ਦੀ ਰਸਮ ਬਾਬਾ ਬੁੱਢਾ ਜੀ ਪਾਸੋਂ ਅਦਾ ਕਰਵਾਈ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁੱਢਾ ਜੀ ਹੀ ਕਰਦੇ ਰਹੇ।

ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ 'ਤੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਖਡੂਰ ਸਾਹਿਬ ਆ ਕੇ ਰਹਿਣ ਲੱਗੇ। ਉਨ੍ਹਾਂ ਆਪਣੇ ਆਪ ਨੂੰ ਲੋਕਾਂ ਤੋਂ ਛੁਪਾ ਕੇ ਇਸ ਨੂੰ ਰਾਜ਼ ਹੀ ਰੱਖੇ ਜਾਣ ਦਾ ਬਚਨ ਲਿਆ। ਸੰਗਤਾਂ ਗੁਰੂ ਦੀ ਤਲਾਸ਼ ਕਰ ਰਹੀਆਂ ਸਨ। ਉਸ ਸਮੇਂ ਲੋਕਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਤੇ ਉਨ੍ਹਾਂ ਖਡੂਰ ਸਾਹਿਬ ਜਾ ਕੇ ਮਾਈ ਭਿਰਾਈ ਦੇ ਘਰੋਂ ਗੁਰੂ ਅੰਗਦ ਸਾਹਿਬ ਜੀ ਨੂੰ ਸੰਗਤ ਅੱਗੇ ਪ੍ਰਗਟ ਕਰਨ ਦਾ ਕਾਰਜ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੇ ਆਰੰਭ ਕਰਵਾਉਣ ਤੇ ਸਿਰੇ ਚੜਾਉਣ ਦੇ ਕੰਮ ਵਿਚ ਹਿੱਸਾ ਪਾਇਆ।

ਸਿੱਖ ਇਤਿਹਾਸ ਅਨੁਸਾਰ ਜਦੋਂ ਗੁਰੂ ਅੰਗਦ ਸਾਹਿਬ ਜੀ ਨੇ ਗੁਰਗੱਦੀ ਗੁਰੂ ਅਮਰਦਾਸ ਜੀ ਨੂੰ ਸੌਂਪੀ ਤਾਂ ਗੁਰੂ ਅੰਗਦ ਦੇਵ ਜੀ ਦੇ ਸਪੁੱਤਰਾਂ ਦਾਤੂ ਅਤੇ ਦਾਸੂ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਗੁਰੂ ਅਮਰਦਾਸ ਜੀ ਬਿਨਾਂ ਕਿਸੇ ਨੂੰ ਦੱਸਿਆਂ ਗੋਇੰਦਵਾਲ ਸਾਹਿਬ ਤੋਂ ਬਾਸਰਕੇ ਆ ਗਏ ਅਤੇ ਜਿੱਥੇ ਹੁਣ ਗੁਰਦੁਆਰਾ ਸੰਨ੍ਹ ਸਾਹਿਬ ਹੈ, ਉੱਥੇ ਦਰੱਖਤਾਂ ਦੇ ਝੁੰਡ ਵਿੱਚ ਇਕ ਕੱਚਾ ਕੋਠਾ ਸੀ ਜਿਸ ਵਿੱਚ ਗੁਰੂ ਅਮਰਦਾਸ ਜੀ ਭਜਨ-ਬੰਦਗੀ ਕਰਨ ਲੱਗ ਪਏ। ਉਨ੍ਹਾਂ ਬਾਹਰ ਲਿਖ ਦਿੱਤਾ ਕਿ ਜਿਹੜਾ ਵੀ ਬੂਹਾ ਖੋਲੇਗਾ, ਉਹ ਗੁਰੂ ਦਾ ਸਿੱਖ ਹੀਂ ਹੋਵੇਗਾ। ਜਿਵੇਂ ਹੀ ਸੰਗਤਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਗੁਰੂ ਜੀ ਦੀ ਭਾਲ ਕਰਨ ਲਈ ਕਿਹਾ। ਬਾਬਾ ਬੁੱਢਾ ਜੀ ਦੇ ਨਾਲ ਸੰਗਤਾਂ ਬਾਸਰਕੇ ਆ ਪਹੁੰਚੀਆਂ। ਬਾਬਾ ਬੁੱਢਾ ਜੀ ਨੇ ਬੂਹਾ ਖੋਲਣ ਦੀ ਥਾਂ ਸੰਨ੍ਹ ਲਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਸੰਗਤਾਂ ਨੂੰ ਦਰਸ਼ਨ ਕਰਵਾਏ।

ਜਦੋਂ ਤੀਜੀ ਪਾਤਸਾਹੀ ਸ੍ਰੀ ਗੁਰੂ ਅਮਰਦਾਸ ਜੀ ਰਾਹੀਂ ਬਾਦਸਾਹ ਅਕਬਰ ਵੱਲੋਂ ਚਿਤੌੜ ਦਾ ਕਿਲਾ ਫਤਹਿ ਕਰਨ ਉਪਰੰਤ ਪ੍ਰਗਣਾ ਝਬਾਲ (12 ਪਿੰਡ) ਗੁਰੂ ਘਰ ਨੂੰ ਭੇਟ ਕੀਤੇ ਤਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਇਸ ਜਾਗੀਰ ਦਾ ਕਾਰ ਮੁਖਤਾਰ ਬਣਾ ਕੇ ਇੱਥੇ ਬੀੜ ਵਿਖੇ ਡੇਰਾ ਲਾਉਣ ਦਾ ਹੁਕਮ ਦਿੱਤਾ। ਬਾਬਾ ਬੁੱਢਾ ਜੀ ਨੇ ਝਬਾਲ-ਢੰਡ-ਕਸੇਲ ਦੇ ਵਿਚਕਾਰ ਇੱਕ ਵਿਰਾਨ ਜਿਹੇ ਅਸਥਾਨ 'ਤੇ ਡੇਰਾ ਲਾ ਲਿਆ। ਇਸ ਜੰਗਲ ਜਿਹੇ ਅਸਥਾਨ 'ਤੇ ਅੱਜ ਮੰਗਲ ਬਣਿਆ ਹੋਇਆ ਹੈ। ਇਹ ਉਹ ਅਸਥਾਨ ਹੈ, ਜਿੱਥੇ ਪੰਜਵੀਂ ਪਾਤਸਾਹੀ ਸ੍ਰੀ ਗੁਰੂ ਅਰਜੁਨ ਸਾਹਿਬ ਜੀ ਦੀ ਸਪੁੱਤਨੀ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਵੱਲੋਂ ਪੁੱਤਰ ਹੋਣ ਦੀ ਦਾਤ ਬਖਸ਼ੇ ਜਾਣ ਸਬੰਧੀ ਕਿਹਾ ਜਾਂਦਾ ਹੈ।

ਗੁਰੂ ਅਮਰਦਾਸ ਜੀ ਦੇ ਸਮੇਂ ਉਨ੍ਹਾਂ ਦੀ ਨਿਗਰਾਨੀ ਹੇਠ ਹੀ 1552 ਈਸਵੀ ਨੂੰ ਗੋਇੰਦਵਾਲ ਸਾਹਿਬ ਦੀ ਬਾਉਲੀ ਟੱਕ ਲਗਾ ਕੇ ਤਾਮੀਰ ਕੀਤੀ ਗਈ। ਗੁਰੂ ਅਮਰਦਾਸ ਜੀ ਦੇ ਸਮੇਂ ਜਦੋਂ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਨਿਯਮਬੱਧ ਤਰੀਕੇ ਨਾਲ 22 ਮੰਜੀਆਂ ਦੀ ਸਥਾਪਨਾ ਹੋਈ ਤਾਂ ਇਨ੍ਹਾਂ ਦੇ ਪ੍ਰਮੁੱਖ ਪ੍ਰਬੰਧਕ ਦੀ ਸੇਵਾ ਵੀ ਬਾਬਾ ਬੁੱਢਾ ਜੀ ਨੇ ਹੀ ਬਾਖ਼ੂਬੀ ਨਿਭਾਈ। ਅਕਬਰ ਬਾਦਸ਼ਾਹ ਦੇ ਗੁਰੂ ਦਰਬਾਰ ਵਿੱਚ ਆਉਣ 'ਤੇ ਉਸ ਨੂੰ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਬਾਬਾ ਬੁੱਢਾ ਜੀ ਨੇ ਹੀ ਮੁਹੱਈਆ ਕਰਵਾਈ ਸੀ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਆਖ਼ਰੀ ਰਸਮਾਂ ਬਾਬਾ ਜੀ ਨੇ ਹੀ ਆਪਣੇ ਹੱਥੀਂ ਨਿਭਾਈਆਂ ਸਨ। ਗੁਰੂ ਰਾਮਦਾਸ ਜੀ ਵੱਲੋਂ ਰਾਮਦਾਸਪੁਰ (ਅੰਮ੍ਰਿਤਸਰ) ਦੀ ਸਥਾਪਨਾ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਨਿਸ਼ਾਨਦੇਹੀ 'ਤੇ ਸਰੋਵਰ ਖੁਦਵਾਉਣ ਤੇ ਸ਼ਹਿਰ ਵਸਾਉਣ ਲਈ ਸਭ ਤੋਂ ਪਹਿਲਾਂ ਬਾਬਾ ਜੀ ਨੇ ਹੀ ਮੋਹੜੀ ਗੱਡੀ ਸੀ। ਫਿਰ ਜਦੋਂ ਅੰਮ੍ਰਿਤਸਰ ਸਰੋਵਰ ਤੇ ਦਰਬਾਰ ਸਾਹਿਬ ਦੀ ਸੇਵਾ ਆਰੰਭ ਹੋਈ ਤਾਂ ਬਾਬਾ ਜੀ ਨੇ ਆਪਣੇ ਪੁੱਤ-ਪੋਤਰਿਆਂ ਸਮੇਤ ਸੇਵਾ ਵਿਚ ਹਿੱਸਾ ਲਿਆ। ਬਾਬਾ ਬੁੱਢਾ ਜੀ ਨੇ ਇੱਕ ਬੇਰੀ ਜੋ ਦਰਬਾਰ ਸਾਹਿਬ ਦੀ ਪ੍ਰਕਰਮਾਂ ਦੇ ਚੜ੍ਹਦੇ ਪਾਸੇ ਘੰਟਾ ਘਰ ਵਾਲੇ ਦਰਵਾਜ਼ੇ ਵਾਲੀ ਸਾਈਡ ਸਥਿਤ ਹੈ; ਹੇਠ ਪੱਕੇ ਡੇਰੇ ਲਾ ਦਿੱਤੇ ਤੇ ਸਰੋਵਰ ਦਾ ਕੰਮ ਮੁਕੰਮਲ ਕਰਵਾਇਆ। ਇਸ ਬੇਰੀ ਨੂੰ ਅੱਜ ਕੱਲ ਬੇਰ ਬਾਬਾ ਬੁੱਢਾ ਜੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਪੰਚਮ ਪਾਤਸ਼ਾਹ ਵੱਲੋਂ ਸੰਨ 1604 ਈਸਵੀ ਵਿਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਤਾਂ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸਨਮਾਨ ਬਖ਼ਸ਼ਿਆ ਗਿਆ। ਬਾਬਾ ਜੀ ਨੇ ਪਹਿਲਾ ਪ੍ਰਕਾਸ਼ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪਹਿਲਾ ਪਵਿੱਤਰ ਵਾਕ ਪੜ੍ਹ ਕੇ ਸੰਗਤਾਂ ਨੂੰ ਸੁਣਾਇਆ। ਮਾਤਾ ਗੰਗਾ ਜੀ ਨੂੰ ਸਪੁੱਤਰ ਆਪ ਜੀ ਦੀ ਬਖਸ਼ਿਸ਼ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਛੇਵੇਂ ਗੁਰੂ ਨੇ ਜਨਮ ਲਿਆ।

ਗੁਰੂ ਅਰਜੁਨ ਸਾਹਿਬ ਜੀ ਨੇ ਬਚਪਨ ਵਿਚ ਬਾਲ ਹਰਿਗੋਬਿੰਦ ਨੂੰ ਹਰ ਪੱਖੋਂ ਨਿਪੁੰਨ ਅਤੇ ਸੂਰਬੀਰ ਯੋਧਾ ਬਣਾਉਣ ਦੀ ਸੇਵਾ ਵੀ ਬਾਬਾ ਬੁੱਢਾ ਜੀ ਤੋਂ ਲਈ । ਬਾਅਦ ਵਿੱਚ ਗੁਰਗੱਦੀ ਦੀ ਜਿੰਮੇਵਾਰੀ ਸੌਂਪੇ ਜਾਣ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਬਾਬਾ ਬੁੱਢਾ ਜੀ ਨੇ ਹੀ ਪਹਿਨਾਈਆਂ। 1608 ਈਸਵੀ ਵਿੱਚ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਅਕਾਲ ਬੁੰਗਾ (ਅਕਾਲ ਤਖ਼ਤ ਸਾਹਿਬ) ਦੀ ਉਸਾਰੀ ਕੀਤੀ। ਇਸ ਦਾ ਨੀਂਹ ਪੱਥਰ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਰੱਖਿਆ ਸੀ। ਗੁਰੂ ਹਰਗੋਬਿੰਦ ਸਾਹਿਬ ਦੀ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦੀ ਦੌਰਾਨ ਸਿੱਖਾਂ ਦੀ ਅਗਵਾਈ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਕੀਤੀ ਸੀ। ਜਨਵਰੀ 1620 ਈਸਵੀ ਦੇ ਆਖ਼ਰੀ ਦਿਨਾਂ ਵਿਚ ਬਾਦਸ਼ਾਹ ਜਹਾਂਗੀਰ ਨਾਲ ਹੋਈ ਮੁਲਾਕਾਤ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਅਤੇ ਬਾਲੂ ਰਾਇ ਨੇ ਅਹਿਮ ਭੂਮਿਕਾ ਨਿਭਾਈ ਸੀ। ਬਾਬਾ ਬੁੱਢਾ ਜੀ ਦੇ ਚਾਰ ਸਪੁੱਤਰ ਸਨ। ਉਨ੍ਹਾਂ ਦੇ ਵੰਸ਼ ਵਿੱਚੋਂ ਹੀ ਭਾਈ ਰਾਮ ਕੰਵਰ, 'ਖੰਡੇ ਦੀ ਪਾਹੁਲ' ਲੈ ਕੇ ਗੁਰਬਖਸ਼ ਸਿੰਘ ਨਾਮ ਨਾਲ ਪ੍ਰਸਿੱਧ ਹੋਇਆ। ਬਾਬਾ ਜੀ ਦਾ ਵੰਸ਼ ਅੱਜ-ਕੱਲ ਵੀ ਕੱਥੂ ਨੰਗਲ ਦੇ ਆਸ-ਪਾਸ ਰਹਿੰਦਾ ਹੈ। ਬਾਬਾ ਬੁੱਢਾ ਜੀ ਸੰਮਤ 1688 ਬਿਕ੍ਰਮੀ/1631ਈ: ਨੂੰ ਪਿੰਡ ਰਮਦਾਸ (ਜ਼ਿਲਾ ਅੰਮ੍ਰਿਤਸਰ) ਵਿਖੇ 125 ਸਾਲ ਦੀ ਲੰਬੀ ਉਮਰ ਭੋਗ ਕੇ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਸਸਕਾਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਕੀਤਾ। ਇਸ ਜਗਾ (ਰਾਮਦਾਸ) ਇਕ ਕਾਫ਼ੀ ਵੱਡਾ ਸਰੋਵਰ ਹੈ।

ਬਾਬਾ ਬੁੱਢਾ ਜੀ ਨੇ ਕਈ ਬਿਖੜੇ ਸਮਿਆਂ ਵਿਚ ਆਪਣੀ ਦੂਰਦ੍ਰਿਸ਼ਟੀ ਅਤੇ ਤੀਖਣ ਬੁੱਧੀ ਰਾਹੀਂ ਸੇਧ ਦੇ ਕੇ ਸਿੱਖਾਂ ਨੂੰ ਇੱਕ ਝੰਡੇ ਹੇਠ ਰੱਖਿਆ ਸੀ। ਬਾਬਾ ਬੁੱਢਾ ਜੀ ਜਿੱਥੇ ਸੁਯੋਗ ਪ੍ਰਬੰਧਕ ਸਨ, ਉੱਥੇ ਉੱਚੇ-ਸੁੱਚੇ ਜੀਵਨ ਵਾਲੇ ਪੂਰਨ ਗੁਰਸਿੱਖ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਗੁਰੂ ਘਰ ਤੋਂ ਵਰੋਸਾਏ ਹੋਏ ਇਸ ਜੀਉੜੇ ਦਾ ਨਾਂ ਹਮੇਸ਼ਾਂ ਸਿੱਖ ਇਤਿਹਾਸ ਵਿਚ ਚਾਨਣ-ਮੁਨਾਰੇ ਦਾ ਕੰਮ ਕਰਦਾ ਰਹੇਗਾ। ਸੋ ਸਾਨੂੰ ਗੁਰਬਾਣੀ ਅਤੇ ਬਾਬਾ ਬੁੱਢਾ ਜੀ ਦੇ ਉੱਚੇ ਸੁੱਚੇ ਜੀਵਨ ਤੋਂ ਹੀ ਸੇਧ ਲੈਣੀ ਚਾਹੀਦੀ ਹੈ ਅਤੇ ਆਪਣਾ ਜਨਮ ਸੁਫਲਾ ਕਰਨਾ ਚਾਹੀਦਾ ਹੈ।

# ਕਾਮਨਵੈਲਥ ਪਾਵਰਲਿਫਟਰ ਅਜੈ ਗੋਗਨਾ ਭੁਲੱਥ ਦਾ ਗੁਰਾਇਆ ਵਿਖੇ ਹੋਈ ਪੰਜਾਬ ਸਟੇਟ ਬੈਚ ਪ੍ਰੈਸ ਪਾਵਰਲਿਫਟਿੰਗ ਚੈਂਪੀਅਨਸ਼ਿਪ 'ਚ ਡਾਲਰਾਂ ਦੇ ਹਾਰ ਨਾਲ ਹੋਇਆ ਵਿਸ਼ੇਸ ਸਨਮਾਨ



ਭੁਲੱਥ, ( ਸਾਡੇ ਲੋਕ) : ਬੀਤੇ ਦਿਨ ਜ਼ਿਲ੍ਹਾ ਜਲੰਧਰ ਦੇ ਕਸਬਾ ਗੁਰਾਇਆ ਦੇ ਮਿਲਨ ਪੈਲੇਸ ਵਿਖੇ ਭੁਲੱਥ ਦੇ ਅੰਤਰਰਾਸ਼ਟਰੀ ਕਾਮਨਵੈਲਥ ਪਾਵਰਲਿਫਟਰ ਅਜੈ ਗੋਗਨਾ ਸਪੁੱਤਰ ਪ੍ਰਵਾਸੀ ਪੱਤਰਕਾਰ ਸ਼੍ਰੀ ਰਾਜ ਗੋਗਨਾ ਦਾ ਮਿਲਨ ਪੈਲੇਸ ਗੁਰਾਇਆ (ਜਲੰਧਰ) ਵਿਖੇ ਕਰਵਾਈ ਗਈ 'ਵਿਜੈ ਕਲਾਸਿਕ ਪੰਜਾਬ' ਸਟੇਟ ਬੈਚ ਪ੍ਰੈੱਸ ਪਾਵਰਲਿਫਟਿੰਗ ਚੈਂਪੀਅਨਸ਼ਿਪ 'ਚ ਕਾਮਨਵੈਲਥ ਗੋਲਡ ਮੈਡਲਿਸਟ ਦਾ ਚੈਪੀਅਨਸ਼ਿਪ ਦੇ ਪ੍ਰਬੰਧਕਾਂ ਅਤੇ ਨਾਮੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਾਵਰਲਿਫਟਰਾਂ ਅਤੇ ਉਚੇਚੇ ਤੌਰ 'ਤੇ ਪੁੱਜੇ ਇੰਡੀਆ ਪਾਵਰਲਿਫਟਿੰਗ ਦੇ ਉਪ-ਪ੍ਰਧਾਨ ਬਿਸਮ ਪਿਤਾਮਾ ਅਤੇ ਪਾਵਰਲਿਫਟਿੰਗ ਦੇ ਗੁਰੂ ਵਜੋਂ ਜਾਣੇ ਜਾਂਦੇ ਸ੍ਰੀ ਪੂਰਨ ਸਿੰਘ ਵੱਲੋ ਅਜੈ ਗੋਗਨਾ ਦੀ ਖੇਡ ਬਾਰੇ ਅਤੇ ਉਸ ਵੱਲੋਂ ਹਾਸਲ ਕੀਤੀਆਂ ਗਈਆਂ ਪ੍ਰਾਪਤੀਆਂ ਤੋਂ ਸਮੂੰਹ ਖਿਡਾਰੀਆਂ ਨੂੰ ਜਾਣੂ ਕਰਵਾਉਂਦੇ ਹੋਏ ਪਾਵਰਲਿਫਟਰ ਅਜੈ ਗੋਗਨਾ ਦੀ ਖ਼ੂਬ ਪ੍ਰਸ਼ੰਸਾ ਕੀਤੀ। ਇਸ ਪੰਜਾਬ ਪੱਧਰ ਦੀ ਹੋਈ ਚੈਪੀਅਨਸ਼ਿਪ ਮੌਕੇ ਅਜੈ ਗੋਗਨਾ ਨੂੰ ਉਹਨਾਂ ਦੀ ਇਕ ਤਸਵੀਰ ਭੇਂਟ ਕੀਤੀ ਗਈ। ਜਿਨ੍ਹਾਂ ਵਿੱਚ ਉਹਨਾਂ ਦੀਆਂ ਪ੍ਰਾਪਤੀਆ ਨਸ਼ਰ ਸਨ। ਇਸ ਮੌਕੇ ਖਿਡਾਰੀਆਂ ਅਤੇ ਪ੍ਰਬੰਧਕਾਂ ਨੂੰ ਸੰਬੋਧਨ ਕਰਦਿਆਂ ਅੰਤਰਰਾਸ਼ਟਰੀ ਪਾਵਰਲਿਫਟਰ ਅਜੈ ਗੋਗਨਾ ਨੇ ਕਿਹਾ ਕਿ ਖੇਡਾਂ ਨਾਲ ਜੁੜਨਾ ਸਰੀਰਕ ਅਤੇ ਮਾਨਸਿਕ ਪੱਖੋਂ ਮਜ਼ਬੂਤ ਹੋਣਾ ਹੈ ਅਤੇ ਖੇਡਾਂ ਨਸ਼ਿਆਂ ਨੂੰ ਮਾਤ ਪਾਉਣ ਵਿੱਚ ਸਹਾਈ ਹੁੰਦੀਆਂ ਹਨ। ਖੇਡਾਂ ਜ਼ਰੀਏ ਸਾਡੇ ਵਿੱਚ ਆਤਮ ਵਿਸ਼ਵਾਸ ਅਤੇ ਮਿਲਵਰਤਣ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਖਿਡਾਰੀ ਆਪਣੇ ਦੇਸ਼ ਦਾ ਸਰਮਾਇਆ ਹੁੰਦੇ ਹਨ। ਅਜੈ ਗੋਗਨਾ ਨੇ ਕਿਹਾ ਜਦੋਂ ਮੈਂ ਵਿਦੇਸ਼ਾਂ ਵਿੱਚ ਜਾ ਕੇ ਮੈਂ ਜਾ ਕੋਈ ਹੋਰ ਮੇਰਾ ਵੀਰ ਖਿਡਾਰੀ ਆਪਣੇ ਭਾਰਤ ਵਤਨ ਦਾ ਤਿਰੰਗਾ ਹਿੱਕ ਨਾਲ ਲਾ ਕੇ ਸਨਮਾਨ ਲੈਂਦਾ ਹੈ ਤਾਂ ਆਪਣੇ ਦੇਸ਼ ਦਾ ਆਪਣੀ ਜਨਮ ਭੂਮੀ ਅਤੇ ਮਾਤਾ ਪਿਤਾ ਦਾ ਨਾਂ ਰੋਸ਼ਨ ਹੁੰਦਾ ਹੈ। ਇਥੇ ਜ਼ਿਕਰਯੋਗ ਹੈ ਕਿ ਭੁਲੱਥ ਨਿਵਾਸੀ ਅਜੈ ਗੋਗਨਾ ਕੈਨੇਡਾ, ਜਾਪਾਨ, ਆਸਟ੍ਰੇਲੀਆ, ਦੁਬਈ, ਦੇਸ਼ਾਂ ਵਿੱਚ ਖੇਡ ਕੇ ਗੋਲਡ ਮੈਡਲ ਪ੍ਰਾਪਤ ਕਰਨ ਤੋ ਇਲਾਵਾਂ ਕਾਮਨਵੈਲਥ ਜੇਤੂ ਹਨ। ਗੋਗਨਾ ਦੀਆਂ ਪ੍ਰਾਪਤੀਆਂ ਵੱਲ ਜੇ ਝਾਤ ਮਾਰੀ ਜਾਵੇ ਤਾਂ ਉਹ 17 ਵਾਰ ਨੈਸ਼ਨਲ ਅਤੇ 5 ਵਾਰ ਇੰਟਰਨੈਸ਼ਨਲ ਪੱਧਰ 'ਤੇ ਗੋਲਡ ਮੈਡਲ, ਅਤੇ 17 ਟਾਇਮ ਨੈਸ਼ਨਲ ਗੋਲਡ ਮੈਡਲ ਜੇਤੂ ਹਨ।

**20 ਅਕਤੂਬਰ ਜੋਤੀ ਜੋਤਿ ਦਿਵਸ ’ਤੇ ਵਿਸ਼ੇਸ਼**

# ਗੁਰੂ ਹਰਿਰਾਏ ਸਾਹਿਬ ਜੀ





ਪ੍ਰਮਿੰਦਰ ਸਿੰਘ ‘ਪ੍ਰਵਾਨਾ’
ਕੈਲੀਫੋਰਨੀਆ
ਯੂ.ਐਸ.ਏ.)
(510) 415-9377

ਗੁਰੂ ਹਰਿਰਾਇ ਸਾਹਿਬ ਜੀ ਦੇ ਆਦਰਸ਼ਕ ਗੁਰ ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਨੂੰ ਸਿੱਖਾਂ ਦੇ ਸਤਵੀਂ ਪਾਤਸ਼ਾਹੀ ਦੀ ਗੁਰਗੱਦੀ ਸੌਂਪੀ। ਉਨ੍ਹਾਂ ਦੀ ਉਮਰ 14 ਸਾਲ ਸੀ। ਗੁਰੂ ਹਰਿਰਾਇ ਸਾਹਿਬ ਜੀ ਦੇ ਮਨ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬੜਾ ਪ੍ਰਭਾਵ ਸੀ। ਉਨ੍ਹਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਵਿਹਾਰਕ, ਗੁਰਬਾਣੀ ਵਿਚਾਰ ਬੀਰ-ਰਸ ਦੇ ਪ੍ਰਭਾਵਾਂ ਦੇ ਨਾਲ-ਨਾਲ ਸ਼ਸਤਰ ਵਿਦਿਆ ਦੇ ਗਿਆਨ ਵਿਚ ਪ੍ਰਪੱਕ ਹੋਣ ਦਾ ਪ੍ਰਬੰਧ ਪ੍ਰਾਪਤ ਸੀ। ਛੋਟੀ ਉਮਰ ਵਿਚ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ ਵੀਰਤਾ ਅਤੇ ਸੇਵਾ ਦੇ ਪੁੰਜ ਸਨ। ਉਨ੍ਹਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਨ੍ਹਾਂ ਨੂੰ ਇਹ ਸਿੱਖਿਆ ਮਿਲੀ ਹੋਈ ਸੀ ਕਿ ਸੰਸਾਰ ਵਿਚ ਵਿਚਰਦੇ ਸਮੇਂ ਸੰਜਮ ਵਿਚ ਰਹਿਣਾ ਹੈ। ਤਾਕਤ ਦੀ ਵਰਤੋਂ ਬੜੇ ਸੋਚ ਸਮਝ ਕੇ ਕਰਨੀ ਹੈ ਕਿ ਕੁਝ ਨਜਾਇਜ਼ ਨਾ ਹੋਵੇ। ਇਸੇ ਭਾਣੇ ਵਿਚ ਆਪ ਨੇ ਤਾਣ ਹੁੰਦਿਆਂ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਆਗਮਨ 16 ਜਨਵਰੀ, 1630 ਈ. ਸੀਸ ਮਹੱਲ ਕੀਰਤਪੁਰ ਹੁਣ ਜ਼ਿਲ੍ਹਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ ਮਾਤਾ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦਾ ਵਿਆਹ 1640 ਈ. ਵਿਚ ਮਾਤਾ ਕ੍ਰਿਸ਼ਨਾ (ਸੁਲਖਣੀ) ਦੇ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮਰਾਇ ਤੇ ਹਰਿਕ੍ਰਿਸ਼ਨ (ਗੁਰੂ) ਜੀ ਸਨ।

ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਤੋਂ 20 ਅਕਤੂਬਰ 1666 ਈ. ਦਾ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅਗਾਂਹ ਤੋਰਿਆ। ਉਸੇ ਆਸ਼ੇ ਵਿਚ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆ। ਆਪ ਨੇ ਸੰਗਤਾਂ ਵਿਚ ਚੜ੍ਹਦੀ ਕਲਾ ਦਾ ਜ਼ਜਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ-ਨਾਲ ਧਰਮ ਵਿਚ ਵਿਸ਼ਵਾਸ ਨੂੰ ਨਹੀਂ ਤਿਆਗਣਾ। ਸਗੋਂ ਧਰਮ ਦੀ ਰੱਖਿਆ ਕਰਨੀ ਹੈ ਜਿਸ ਲਈ ਜੀਵਨ ਘੋਲ-ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਨਿਰਭਉ ਨਿਰਵੈਰ ਹੈ। ਗੁਰੂ ਸਾਹਿਬ ਜੀ ਨੇ ਸੰਜਮ ਵਿਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜਾ ਖਾਣਾ, ਥੋੜਾ ਸੌਣਾ ਤੇ ਸਰੀਰ ਨੂੰ ਤੰਦਰੁਸਤ ਰੱਖਣਾ ਅਤੇ ਸਹਿਜ ਵਿਚ ਰਹਿਣਾ ਹੈ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ ਹੈ। ਗੁਰੂ ਕੇ ਲੰਗਰਾਂ ਦੀ ਸੇਵਾ ਪ੍ਰਥਾ ਨੂੰ ਸਿੱਖਾਂ ਦੇ ਘਰਾਂ ਤੱਕ ਚਲਾਉਣ ਦੀ ਮਰਯਾਦਾ ਬਣਾ ਦਿੱਤੀ। ਉਹੀ ਲੰਗਰ ਸਫ਼ਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਣਾਲੀ ਮਾਤਰ ਲਈ ਵਰਤਾਇਆ ਜਾਵੇ। ਘਰ ਘਰ ਧਰਮਸਾਲ ਨਾਲ ਘਰ ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਸਿੱਖ ਦੇ ਘਰੋਂ ਕੋਈ ਭੁੱਖਾ ਨਾ ਜਾਵੇ। ਲੰਗਰਾਂ ਨੂੰ ਸਿੱਖੀ ਦੀ ਰਹਿਣੀ-ਬਹਿਣੀ ਦਾ ਅਟੁੱਟ ਪ੍ਰਪੱਕ ਅੰਗ ਦੱਸਿਆ ਹੈ। ਇਸੇ ਉਪਦੇਸ਼ ਅਧੀਨ ਸਿੱਖ ਸੰਗਤਾਂ ਨੇ ਹਮੇਸ਼ਾ ਕੁਦਰਤੀ ਆਫ਼ਤਾਂ, ਮਹਾਂਮਾਰੀਆਂ ਵਿਚ ਬਿਮਾਰਾਂ, ਲਾਚਾਰਾਂ, ਲੋੜਵੰਦਾਂ ਦੀ ਤਨ ਮਨ ਤੇ ਧੰਨ ਨਾਲ ਸੇਵਾ ਕਰਨ ਦੀ ਸੰਸਾਰ ਵਿਚ ਮਿਸਾਲ ਕਾਇਮ ਕੀਤੀ ਹੈ।

ਆਪ ਜੀ ਨੂੰ ਗੁਰਿਆਈ ਬਖਸ਼ਣ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਹਦਾਇਤ ਕੀਤੀ ਕਿ ਸਵੈ ਰੱਖਿਆ ਲਈ ਲੋੜ ਅਨੁਸਾਰ ਫੌਜ ਜ਼ਰੂਰ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਫੌਜ ਹਮੇਸ਼ਾ ਤਿਆਰ ਰਹਿੰਦੀ ਸੀ। ਜੋ ਖਾਲਸੇ ਦੇ ਜੁਝਾਰੂ ਜਲੌਅ ਦਾ ਪ੍ਰਤੀਕ ਸੀ। ਇਸ ਤਰ੍ਹਾਂ ਗੁਰਾਂ ਨੇ ਮੀਰੀ-ਪੀਰੀ ਦੀ ਮਰਯਾਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਹ ਦੀ ਬੇਨਤੀ ’ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿਚ ਲੈ ਕੇ ਔਰੰਗਜ਼ੇਬ ਦੀ ਫੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਿਕੋਹ ਸੁਰੱਖਿਅਤ ਬਚ ਨਿਕਲਣ ਵਿਚ ਸਫ਼ਲ ਹੋ ਸਕੇ। ਜਿਥੇ ਆਪ ਸੰਗਤਾਂ ਨੂੰ ਨਾਮ-ਦਾਨ ਦੇ ਕੇ ਸਫ਼ਲ ਜੀਵਨ ਦੇ ਰਾਹ ਪਾਉਂਦੇ ਸਨ, ਉਥੇ ਰੋਗੀਆਂ ਦੇ ਰੋਗ ਦੂਰ ਕਰਨ ਵਿਚ ਵੀ ਸਹਾਇਤਾ ਕਰਦੇ ਸਨ। ਇਸ ਲਈ ਸੰਗਤਾਂ ਨੂੰ ਹਦਾਇਤ ਕੀਤੀ ਸੀ ਕਿ ਲੰਗਰਾਂ ਵਿਚ ਜੋ ਵੀ ਰਸਦ ਵਸਤ ਅਤੇ ਸਮਾਨ ਆਵੇ ਬੜਾ ਸੰਭਾਲ ਕੇ ਰੱਖਣਾ ਹੈ ਤਾਂ ਜੋ ਕਿਸੇ ਸਮੇਂ ਜੇ ਲੋੜ ਪਵੇ ਤਾਂ ਕੋਈ ਚੀਜ਼ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਦਵਾਖਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿਚ ਵੰਡੀਆਂ ਜਾਂਦੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖਾਨੇ ਦੀਆਂ ਔਸ਼ਧੀਆਂ ਵਸਤਾਂ ਨਾਲ ਤੰਦਰੁਸਤ ਹੋ ਗਿਆ ਸੀ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਸਾਹਿਬ ਜੀ ਦਾ ਉਪਦੇਸ਼ ਸੁਣ ਕੇ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਤ ਹੋਇਆ।

ਗੁਰੂ ਸਾਹਿਬ ਜੀ ਨਾਲ ਦਾਰਾ ਸ਼ਿਕੋਹ ਦਾ ਮੇਲ-ਮਿਲਾਪ ਵਧਦਾ ਦੇਖਕੇ, ਬਾਦਸ਼ਾਹ ਔਰੰਗਜੇਬ ਨੇ ਈਰਖਾ ਵੱਸ ਹੋ ਕੇ ਬਹਾਨੇ ਨਾਲ ਗੁਰੂ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ। ਗੁਰੂ ਸਾਹਿਬ ਜੀ ਨੇ ਆਪਣੇ ਵੱਡੇ ਸਾਹਿਬਜ਼ਾਦਾ ਰਾਮਰਾਇ ਜੀ ਨੂੰ ਭੇਜ ਦਿੱਤਾ। ਬਾਦਸ਼ਾਹ ਔਰੰਗਜੇਬ ਇਕ ਕੱਟੜ ਸ਼ਰਈ ਮੁਸਲਮਾਨ ਸੀ। ਉਹ ਲੋਕਾਂ ਦਾ ਜਬਰੀ ਧਰਮ ਪ੍ਰੀਵਰਤਨ ਕਰਵਾਉਣ ਦਾ ਆਦੀ ਸੀ। ਉਸਨੇ ਚਾਹਿਆ ਕਿ ਰਾਮਰਾਇ ਜੀ ਦਾ ਦਿਲ ਜਿੱਤ ਕੇ ਉਸ ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਧਰਮ ਗ੍ਰੰਥ ਦੀ ਟਿੱਪਣੀ ਦੇ ਬਹਾਨੇ ਬਾਦਸ਼ਾਹ ਨੇ ਕਿਹਾ ਕਿ ਤੁਹਾਡੇ ਧਰਮ ਗ੍ਰੰਥ ਵਿਚ ਦਰਜ ਹੈ ਕਿ ਮ: ੧॥ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ ਅੰਗ-466. ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ? ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਜਾਣ ਕੇ ਰਾਮਰਾਇ ਜੀ ਨੇ ਝੱਟ ਕਹਿ ਦਿੱਤਾ ਕਿ ਹਜ਼ੂਰ ਇਥੇ ਮਿੱਟੀ ਮੁਸਲਮਾਨ ਕੀ ਨਹੀਂ ਬਲਕਿ ਮਿੱਟੀ ਬੇਈਮਾਨ ਕੀ ਹੈ। ਬਾਦਸ਼ਾਹ ਨੇ ਉਸਦੀ ਚਤੁਰਤਾ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿਚ ਦੇ ਦਿੱਤਾ।

ਜਦੋਂ ਗੁਰੂ ਹਰਿਰਾਏ ਸਾਹਿਬ ਜੀ ਨੂੰ ਰਾਮਰਾਇ ਜੀ ਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲੱਗਾ ਤਾਂ ਉਨ੍ਹਾਂ ਦਾ ਮਨ ਬੜਾ ਉਚਾਟ ਹੋਇਆ। ਗੁਰੂ ਸਾਹਿਬ ਜੀ ਅਸੂਲਾਂ ਦੇ ਬੜੇ ਪੱਕੇ ਸਨ। ਉਨ੍ਹਾਂ ਨੇ ਬੜੇ ਦ੍ਰਿੜਤਾ ਨਾਲ ਫੈਸਲਾ ਕਰ ਲਿਆ ਕਿ ਰਾਮਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ। ਜਿਥੇ ਜਿਥੇ ਵੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਉਪਦੇਸ਼ ਮੰਨਣ ਵਾਲੇ ਵੱਸੇ ਸਨ, ਉਥੇ ਪ੍ਰਚਾਰਕ ਦੌਰੇ ਕੀਤੇ। ਉਨ੍ਹਾਂ ਨੇ ਸੰਗਤਾਂ ਨੂੰ ਗੁਰ-ਉਪਦੇਸ਼ ਦ੍ਰਿੜ੍ਹ ਕਰਵਾਇਆ। ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਖੋਲ੍ਹੇ। ਉਥੇ ਆਪ ਜੀ ਨੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂ : ਸੁਥਰੇ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬਜੀਏ, ਇਨ੍ਹਾਂ ਕੇਂਦਰਾਂ ਨੂੰ ਚਲਾਉਣ ਲਈ ਭਾਈ ਬਹਿਲੋ ਭਾਈ ਭੂਦੰੜ, ਭਾਈ ਪੰਜਾਬ, ਭਾਈ ਭਗਤੂ। 20 ਅਕਤੂਬਰ 1666 ਈ. ਨੂੰ ਆਪ ਜੀ ਨੇ ਛੋਟੇ ਸਾਹਿਬਜ਼ਾਦਾ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ’ਤੇ ਬਿਠਾ ਜੋਤੀ ਜੋਤਿ ਸਮਾ ਗਏ।

## ਬੇਇਨਸਾਫ਼ੀਆਂ ਅਤੇ ਨਸਲਕੁਸ਼ੀ ਸਮੇਤ ਭਾਰਤ ’ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਸਿੱਖ ਯੂ. ਐਨ. ਓ. ਪਹੁੰਚੇ



ਲੰਡਨ : ਸਾਕਾ ਨੀਲਾ ਤਾਰਾ ਅਤੇ ਸਿੱਖ ਨਸਲਕੁਸ਼ੀ ਨੂੰ ਅਗਲੇ ਸਾਲ 40 ਵਰ੍ਹੇ ਹੋਣ ਜਾ ਰਹੇ ਹਨ ਅਤੇ ਅਜੇ ਤੱਕ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ। 1984 ਤੋਂ ਲੈ ਕੇ ਹੁਣ ਤੱਕ ਭਾਰਤ ’ਚ ਸਰਕਾਰ ਦੀ ਸ਼ਹਿ ’ਤੇ ਸਿੱਖਾਂ ਨਾਲ ਹੋਈਆਂ ਬੇਇਨਿਸਾਫੀਆਂ ਅਤੇ ਨਸਲਕੁਸ਼ੀ ਸਮੇਤ ਭਾਰਤ ’ਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾ ਦੇ ਮਾਮਲਿਆਂ ਦੀ ਨਜ਼ਰਸਾਨੀ ਕਰਨ ਅਤੇ ਸਥਿਤੀ ’ਤੇ ਨਜ਼ਰ ਰੱਖਣ ਲਈ ਵਿਸ਼ੇਸ਼ ਅਧਿਕਾਰ ਕਮਿਸ਼ਨ ਦਾ ਗਠਨ ਕਰਨ ਦੀ ਮੰਗ ਕੀਤੀ ਗਈ ਹੈ, ਜਿਸ ਦੇ ਸਬੰਧ ਵਿਚ ਜਾਣਕਾਰੀ ਦਿੰਦਿਆਂ ਸਿੱਖ ਫੈਡਰੇਸ਼ਨ ਯੂ. ਕੇ. ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਬਿੰਦਰਜੀਤ ਸਿੰਘ ਸਿੱਧੂ ਨੇ ਕਿਹਾ ਕਿ ਬੀਤੇ ਦਿਨੀਂ ਜਨੇਵਾ ਵਿਖੇ ਯੂ. ਐਨ. ਓ. ਦੇ ਮਨੁੱਖੀ ਅਧਿਕਾਰ ਵਿੰਗ ਨੂੰ ਸਿੱਖਾਂ ਵਲੋਂ ਦਿੱਤੇ ਮੰਗ ਪੱਤਰ ’ਚ 1984 ਵਿਚ ਸਾਕਾ ਨੀਲਾ ਤਾਰਾ, ਨਵੰਬਰ 1984 ਵਿਚ ਹੋਈ ਸਿੱਖ ਨਸਲਕੁਸ਼ੀ, ਭਾਈ ਜਸਵੰਤ ਸਿੰਘ ਖਾਲੜਾ ਦਾ ਕਤਲ ਅਤੇ 25000 ਸਿੱਖ ਨੌਜਵਾਨਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਕੀਤੇ ਕਤਲ ਜਾਂ ਲਾਪਤਾ ਕਰਨ ਤੋਂ ਲੈ ਕੇ ਬੀਤੇ ਸਮੇਂ ਕੈਨੇਡਾ ’ਚ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਸੰਬੰਧੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਦਿੱਤੇ ਬਿਆਨ, ਯੂ. ਕੇ. ਵਿਚ ਭਾਈ ਅਵਤਾਰ ਸਿੰਘ ਖੰਡਾ ਦੀ ਹੋਈ ਰਹੱਸਮਈ ਮੌਤ ਸਮੇਤ ਬੀਤੇ 40 ਸਾਲਾਂ ’ਚ ਸਿੱਖਾਂ ਨਾਲ ਹੋਏ ਵਿਵਹਾਰ ਦਾ ਜ਼ਿਕਰ ਕਰਦਿਆਂ ਵਿਸਥਾਰ ਮੰਗ ਪੱਤਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਸਿੱਖਾਂ ਵਲੋਂ ਮੰਗ ਕੀਤੀ ਗਈ ਹੈ ਕਿ ਭਾਰਤ ’ਚ ਘੱਟ ਗਿਣਤੀ ਭਾਈਚਾਰੇ ਸੁਰੱਖਿਅਤ ਨਹੀਂ ਹਨ ਅਤੇ ਆਜ਼ਾਦੀ ਪਸੰਦ ਲੋਕਾਂ ਦੀ ਆਵਾਜ਼ ਬੰਦ ਕਰਨ ਲਈ ਸਰਕਾਰ ਵਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਭਾਰਤ ’ਚ ਹੋ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਅੰਕੜੇ ਇਕੱਠੇ ਕਰਨ ਅਤੇ ਸਥਿਤੀ ’ਤੇ ਨਜ਼ਰ ਰੱਖਣ ਲਈ ਵਿਸ਼ੇਸ਼ ਅਧਿਕਾਰ ਕਮਿਸ਼ਨ ਦਾ ਗਠਨ ਹੋਵੇ, ਜਿਸ ਕੋਲ ਘੱਟ ਗਿਣਤੀ ਭਾਈਚਾਰੇ ਆਪਣੇ ਮਾਮਲੇ ਰੱਖ ਸੱਕਣ।

## ਭਵਨ ਰਕਬਾ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਹਾੜੇ ’ਤੇ ਰਾਜ ਪੱਧਰੀ ਸਮਾਗਮ



ਭਵਨ ਰਕਬਾ ਲੁਧਿਆਣਾ ਵਿਖੇ ਧਾਰਮਿਕ ਸਮਾਗਮ ’ਚ ਸ਼ਹੀਦ ਬਾਬਾ ਅਜੇ ਸਿੰਘ ਦੇ ਬੁੱਤ ਤੋਂ ਪਰਦਾ ਹਟਾਉਣ ਉਪਰੰਤ ਨਤਮਸਤਕ ਹੋਏ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆ।

ਮੁੱਲਾਂਪੁਰ-ਦਾਖਾ : ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵਲੋਂ ਭਵਨ ਰਕਬਾ (ਲੁਧਿ:) ਵਿਖੇ ਸ਼੍ਰੋਮਣੀ ਸ਼ਹੀਦ, ਯੋਧੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ 353ਵੇਂ ਜਨਮ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਫਾਊਂਡੇਸ਼ਨ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਮਲਕੀਤ ਸਿੰਘ ਦਾਖਾ, ਪੰਜਾਬ ਪ੍ਰਧਾਨ ਕਰਨੈਲ ਸਿੰਘ ਗਿੱਲ, ਕਨਵੀਨਰ ਬਲਦੇਵ ਬਾਵਾ ਦੀ ਸਮੁੱਚੀ ਟੀਮ ਦੇ ਯੋਗ ਪ੍ਰਬੰਧਾਂ ਹੇਠ ਧਾਰਮਿਕ ਸਮਾਗਮ ’ਚ ਅੱਜ ਸਵੇਰ ਤੋਂ ਕੀਰਤਨੀਏ ਰਾਗੀ-ਢਾਡੀ ਜਥਿਆਂ ਵਲੋਂ ਸੰਗਤ ਨੂੰ ਗੁਰੂ ਜਸ ਸਰਵਣ ਕਰਵਾਉਂਦਿਆਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਬਾਰੇ ਵਾਰਾਂ ਦਾ ਗਾਇਨ ਕੀਤਾ। ਕ੍ਰਿਸ਼ਨ ਕੁਮਾਰ ਬਾਵਾ ਦੇ ਸੱਦੇ ’ਤੇ ਉਚੇਚਾ ਪਹੁੰਚੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆ ਨੇ ਪਹਿਲਾਂ ਭਵਨ ਰਕਬਾ ਵਿਖੇ ਸ਼ਬਦ ਪ੍ਰਕਾਸ਼ ਅਜਾਇਬ ਘਰ ਦੇ ਦਰਸ਼ਨ ਕੀਤੇ। ਫਿਰ ਬਾਬਾ ਬੰਦਾ ਸਿੰਘ ਬਹਾਦਰ ਦੇ ਆਦਮਕੱਦ ਬੁੱਤ ਨੇੜੇ ਸ਼ਹੀਦ ਬਾਬਾ ਅਜੇ ਸਿੰਘ (ਸਪੁੱਤਰ ਬਾਬਾ ਬੰਦਾ ਸਿੰਘ) ਦੇ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਕੀਤੀ, ਉਨ੍ਹਾਂ ਨਾਲ ‘ਆਪ’ ਦੇ ਹਲਕਾ ਦਾਖਾ ਇੰਚਾਰਜ ਡਾ. ਕੇ. ਐਨ. ਐਸ. ਕੰਗ ਮੌਜੂਦ ਰਹੇ। ਇਕੱਤਰਤਾ ਨੂੰ ਸੰਬੋਧਨ ਹੁੰਦਿਆਂ ਮੰਤਰੀ ਖੁੱਡੀਆਂ ਨੇ ਕਿਹਾ ਕਿ ਪਹਿਲੇ ਸਿੱਖ ਬਾਦਸ਼ਾਹ ਦੇ ਤੌਰ ’ਤੇ ਜੇ ਦੁਨੀਆਂ ਦੇ ਵਿਚ ਕਿਸੇ ਦੀ ਪਹਿਚਾਣ ਹੈ ਤਾਂ ਉਹ ਹੈ ਬਾਬਾ ਬੰਦਾ ਸਿੰਘ ਬਹਾਦਰ ਜੀ, ਜਿਸ ਨੇ ਜਗੀਰਦਾਰੀ ਸਿਸਟਮ ਦਾ ਖ਼ਾਤਮਾ ਕਰਕੇ ਹਲਵਾਹਕ ਨੂੰ ਜ਼ਮੀਨ ਦਾ ਮਾਲਕ ਬਣਾਇਆ, ਐਡੀ ਵੱਡੀ ਸਮਾਜਿਕ ਕ੍ਰਾਂਤੀ, ਸਮਾਜਿਕ ਤਬਦੀਲੀ ਵਾਲੇ ਸ਼੍ਰੋਮਣੀ ਸ਼ਹੀਦ ਵਲੋਂ ਸਰਹਿੰਦ ’ਤੇ ਫਤਹਿ ਦਾ ਝੰਡਾ ਲਹਿਰਾਇਆ। ਭਵਨ ਰਕਬਾ ਵਿਖੇ ਧਾਰਮਿਕ ਸਮਾਗਮ ’ਚ ਅਹਿਮ ਸ਼ਖ਼ਸੀਅਤਾਂ ਸਤਪਾਲ ਬੈਰਾਗੀ, ਪਰਮਿੰਦਰ ਸਿੰਘ ਗਰੇਵਾਲ, ਮੋਹਣ ਸਿੰਘ ਕਿਸ਼ਨਪੁਰਾ, ਮਨੋਜ ਸੁਆਮੀ ਹਰਿਆਣਾ, ਰਾਮ ਸਿੰਘ ਭੀਖੀ, ਕੇਵਲ ਦਾਸ ਧਾਰੋਕੀ, ਗੁਰਦੀਪ ਸਿੰਘ ਕਲਕੱਤਾ, ਗਗਨਦੀਪ ਕੌਰ ਥਿੰਦ, ਪਰਮਜੀਤ ਕੌਰ ਬਾਵਾ, ਸਤਿੰਦਰਪਾਲ ਸਿੰਘ, ਬਲਵੀਰ ਸਿੰਘ ਗਿੱਲ ਦੇ ਸਨਮਾਨ ਸਮੇਂ ਇਤਿਹਾਸਕਾਰ ਡਾ. ਸਵਰਾਜ ਸਿੰਘ, ਜਥੇਦਾਰ ਬਾਬਾ ਬਲਵਿੰਦਰ ਸਿੰਘ ਤਰਨਾ ਦਲ (ਮਹਿਤਾ ਚੌਂਕ), ਸੰਤ ਬਲਵੀਰ ਸਿੰਘ ਲੰਮਾ-ਜੱਟਪੁਰਾ, ਗੁਰਦੇਵ ਸਿੰਘ ਲਾਪਰਾਂ, ਡਾ. ਨਿਰਮਲ ਜੌੜਾ, ਸਰਬੱਤ ਦਾ ਭਲਾ ਟਰੱਸਟ ਵਲੋਂ ਜਸਵੰਤ ਸਿੰਘ ਛਾਪਾ, ਰਿਟਾ: ਆਈ. ਜੀ. ਪੁਲਿਸ ਇਕਬਾਲ ਸਿੰਘ ਗਿੱਲ, ਮਨਜੀਤ ਸਿੰਘ ਹੰਬੜਾਂ, ਤੇਲੂ ਰਾਮ ਬਾਂਸਲ, ਉਮਰਾਉ ਸਿੰਘ ਛੀਨਾ, ਨਵਦੀਪ ਸਿੰਘ ਸਾਊਥ ਸਿਟੀ ਲੁਧਿਆਣਾ, ਟਰਾਂਸਪੋਰਟਰ ਬਲਵੰਤ ਸਿੰਘ ਧਨੋਆ, ਤਰਲੋਚਨ ਸਿੰਘ ਬਿਲਾਸਪੁਰ, ਰਜਿੰਦਰ ਬਸੰਤ, ਰੇਸ਼ਮ ਸਿੰਘ ਸੱਗੂ, ਸੁਰਜੀਤ ਸਿੰਘ ਲੋਟੇ, ਸੁੱਚਾ ਸਿੰਘ ਤੁਗਲ, ਮਹੰਤ ਮੋਹਣ ਦਾਸ, ਬਾਵਾ ਰਵਿੰਦਰ ਨੰਦੀ, ਅਨਿਲ ਸੇਠੀ, ਅਮਨਦੀਪ ਬਾਵਾ, ਸੁਰਿੰਦਰ ਸਿੰਘ ਰਕਬਾ, ਗੁਰਚਰਨ ਸਿੰਘ ਸਿੱਧੂ, ਬਾਬਾ ਜਗਜੀਤ ਸਿੰਘ ਰਕਬਾ, ਸਾਧੂ ਸਿੰਘ ਦਿਲਸ਼ਾਦ, ਢਾਡੀ ਕਮਲ ਸਿੰਘ ਬੱਦੋਵਾਲ ਤੇ ਹੋਰ ਮੌਜੂਦ ਸਨ।

# ਬਾਬਿਆਂ, ਡੇਰਿਆਂ ਦੇ ਪਾਖੰਡਵਾਦ ਦੇ ਮਹਾਜਾਲ 'ਚ ਫਸਿਆ ਅਜੋਕਾ ਮਨੁੱਖ

ਡਾ.ਗੁਰਤੇਜ ਸਿੰਘ

ਇਸ ਦਾ ਮੁੱਖ ਕਾਰਨ ਸ਼ਰਾਬ ਪੀਣਾ ਜਾਂ ਹੋਰ ਨਸ਼ੇ ਕਰਨਾ ਹੈ। ਨਸ਼ੇ ਅੱਜ ਪੰਜਾਬ ਨੂੰ ਅਜਿਹੇ ਘੁਣ ਵਾਂਗ ਲੱਗ ਗਏ ਹਨ ਕਿ ਪਰਿਵਾਰਾਂ ਦੇ ਪਰਿਵਾਰ ਟੁੱਟ ਰਹੇ ਹਨ। ਕਿਸੇ ਘਰ ਦਾ ਇੱਕੋ-ਇੱਕ ਕਮਾਉਣ ਵਾਲਾ ਨਸ਼ੇ ਦਾ ਆਦੀ ਹੋ ਜਾਂਦਾ ਹੈ ਤੇ ਅੰਤ ਇਸੇ ਵਿੱਚ ਗ਼ਲਤਾਨ ਹੋਇਆ ਦਮ ਤੋੜ ਜਾਂਦਾ ਹੈ ਤੇ ਪਰਿਵਾਰ ਦਾ ਗੁਜ਼ਾਰਾ ਹੋਣਾ ਮੁਸ਼ਕਿਲ ਹੋ ਜਾਂਦਾ ਹੈ। ਜਾਂ ਕਿਸੇ ਦੀ ਔਲਾਦ



ਨਸ਼ੇ ਦੀ ਆਦੀ ਹੋ ਕੇ ਭਰ ਜਵਾਨੀ ਵਿੱਚ ਸਿਵਿਆਂ ਦੇ ਰਾਹ ਪੈ ਜਾਂਦੀ ਹੈ। ਇਸ ਸਮੱਸਿਆ ਦਾ ਅਸਲ ਕਾਰਨ ਤੇ ਉਸ ਦੇ ਹੱਲ ਲਈ ਯਤਨ ਕਰਨ ਨਾਲੋਂ ਲੋਕ ਫ਼ਾਲਤੂ ਚੀਜ਼ਾਂ ਦਾ ਸਹਾਰਾ ਲੈ ਰਹੇ ਹਨ। ਘਰ ਵਿੱਚ ਅਜਿਹਾ ਕੁਝ ਹੋਣ 'ਤੇ ਇਹ ਸਮਝਿਆ ਜਾਂਦਾ ਹੈ ਕਿ ਘਰ ਉੱਪਰ ਕਿਸੇ ਓਪਰੀ ਛਾਇਆ ਦਾ ਅਸਰ ਹੈ ਜਾਂ ਕਿਸੇ ਨੇ ਕਾਲਾ ਜਾਦੂ ਕਰਵਾ ਦਿੱਤਾ ਹੈ। ਇਨ੍ਹਾਂ ਕਾਲਪਨਿਕ ਬਲਾਵਾਂ ਤੋਂ ਪਿੱਛਾ ਛੁਡਵਾਉਣ ਲਈ ਲੋਕ ਤਾਂਤਰਿਕਾਂ, ਅਖੌਤੀ ਬਾਬਿਆਂ ਆਦਿ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਹ ਅਖੌਤੀ ਬਾਬੇ ਜਾਂ ਆਪਣੇ ਆਪ ਨੂੰ ਤਾਂਤਰਿਕ ਦੱਸਣ ਵਾਲੇ ਲੋਕ ਗ਼ਲਤ ਤੇ ਫ਼ਾਲਤੂ ਦੀਆਂ ਗੱਲਾਂ ਵਿੱਚ ਆਮ ਲੋਕਾਂ ਨੂੰ ਫਸਾ ਲੈਂਦੇ ਹਨ ਜਿਵੇਂ ਘਰ ਦੇ ਕਿਸੇ ਚਾਰ ਪੰਜ ਸਾਲ ਦੇ ਬੱਚੇ ਦੇ ਅੰਗੂਠੇ ਵਿੱਚ ਫੋਟੋ ਦਿਖਾ ਕੇ ਪਰਿਵਾਰ ਨੂੰ ਭਰਮਾ ਲਿਆ ਜਾਂਦਾ ਹੈ। (ਇਸ ਵਿੱਚ ਅੰਗੂਠੇ ਦੇ ਨਹੁੰ ਉੱਪਰ ਤੇਲ ਲਗਾ ਦਿੱਤਾ ਜਾਂਦਾ ਹੈ ਤੇ ਉਸ ਤੇਲ ਵਿੱਚ ਆਲੇ-ਦੁਆਲੇ ਹੋਣ ਵਾਲਾ ਸਭ ਕੁਝ ਦਿਖਾਈ ਦਿੰਦਾ ਹੈ, ਜਿਸ ਨੂੰ ਛੋਟਾ ਬੱਚਾ ਸੱਚ ਮੰਨ ਲੈਂਦਾ ਹੈ)। ਇਸ ਸਭ ਤੋਂ ਤਾਂਤਰਿਕ ਗੱਲਾਂ-ਗੱਲਾਂ ਵਿੱਚ ਤਾਂਤਰਿਕ ਇਹ ਜਾਣ ਲੈਂਦਾ ਹੈ ਕਿ ਘਰ ਵਾਲਿਆਂ ਦੇ ਮਨ ਵਿੱਚ ਕਿਸ ਵਿਅਕਤੀ ਪ੍ਰਤੀ ਸ਼ੱਕ ਹੈ। ਇਹ ਜਾਨਣ ਤੋਂ ਬਾਅਦ ਉਹ ਮਨਘੜਤ ਕਹਾਣੀ ਬਣਾ ਸਾਰਾ ਦੋਸ਼ ਉਸ ਵਿਅਕਤੀ ਸਿਰ ਮੜ ਦਿੰਦਾ ਹੈ। ਇਸਦੇ ਇਲਾਜ ਲਈ ਕਾਗ਼ਜ਼ ਉੱਤੇ ਪੁੱਠੇ ਸਿੱਧੇ ਅੱਖਰ ਵਾਹ ਕੇ ਤਵੀਤ ਬਣਾ ਕੇ ਦਿੱਤੇ ਜਾਂਦੇ ਹਨ ਜੋ ਘਰ ਦੇ ਦਰਵਾਜ਼ੇ ਨਾਲ ਬੰਨ੍ਹਣ ਤੇ ਪਾਣੀ ਵਿੰਚ ਘੋਲ ਕੇ ਪੀਣ ਆਦਿ ਲਈ ਕਿਹਾ ਜਾਂਦਾ ਹੈ। ਅਜਿਹੀਆਂ ਘਟਨਾਵਾਂ ਸਮਾਜ ਵਿੱਚ ਆਮ ਹਨ ਤੇ ਜ਼ਿਆਦਾਤਰ ਲੋਕਾਂ ਨਾਲ ਸਬੰਧਤ ਹਨ। ਕੁਝ ਚਲਾਕ ਲੋਕ ਅੱਜ ਪਾਖੰਡਵਾਦ ਅਤੇ ਲੋਕਾਂ ਦੀ ਅਗਿਆਨਤਾ ਦਾ ਲਾਹਾ ਲੈ ਕੇ ਆਪਣਾ ਤੋਰੀ ਫੁਲਕਾ ਚਲਾ ਰਹੇ ਹਨ।

ਹਰ ਪਿੰਡ ਅਤੇ ਸ਼ਹਿਰ ਵਿੱਚ ਤਾਂਤਰਿਕਾਂ ਦੇ ਅੱਡੇ ਹਨ ਜਿੱਥੇ ਇਹ ਆਪਣਾ ਗੋਰਖਧੰਦਾ ਚਲਾਉਂਦੇ ਹਨ। ਇਨ੍ਹਾਂ ਦੇ ਜਾਲ਼ ਦੇ ਤੰਦ ਇੰਨੇ ਬਾਰੀਕ ਹੁੰਦੇ ਹਨ ਕਿ ਅਨਪੜ੍ਹ ਤਾਂ ਕੀ ਪੜ੍ਹੇ ਲਿਖੇ ਲੋਕ ਵੀ ਇਸ ਵਿੱਚ ਫਸ ਜਾਂਦੇ ਹਨ। ਇਹ ਤਾਂਤ੍ਰਿਕ ਲੋਕਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਤੱਕ ਵੀ ਕਰਦੇ ਹਨ। ਲੋਕ ਪਤਾ ਨਹੀਂ ਕਿਹੜੀ ਜੰਨਤ ਦੀ ਲਾਲਸਾ ਵਿੱਚ ਅਜੋਕੇ ਸਮੇਂ ਵੀ ਢੋਂਗੀਆਂ ਤੋਂ ਆਪਣੀ ਸਰੀਰਕ, ਮਾਨਸਿਕ ਅਤੇ ਆਰਥਿਕ ਲੁੱਟ ਕਰਵਾ ਰਹੇ ਹਨ। ਭੂਤਾਂ ਕੱਢਣ ਦੇ ਨਾਮ ਉੱਤੇ ਇਹ ਰੋਗੀ ਦੀ ਬੇਰਹਿਮੀ ਨਾਲ ਮਾਰ ਕੁਟਾਈ ਕਰਦੇ ਹਨ ਤੇ ਖ਼ਤਰਨਾਕ ਤਸੀਹੇ ਤੱਕ ਦਿੰਦੇ ਹਨ, ਜਿਸ ਨਾਲ ਕਈ ਵਾਰ ਵਿਅਕਤੀ ਦੀ ਮੌਤ ਤੱਕ ਹੋ ਜਾਂਦੀ ਹੈ। ਇਸ ਦੀਆਂ ਤਾਜ਼ਾ ਉਦਾਹਰਨਾਂ ਦਿੱਲੀ ਅਤੇ ਕੇਰਲਾ ਵਿੱਚ ਇੱਕੋ ਪਰਿਵਾਰ ਦੇ ਸਾਰੇ ਜੀਆਂ ਦਾ ਭੇਦਭਰੀ ਹਾਲਤ ਵਿੱਚ ਛੱਤ ਨਾਲ ਲਟਕਦੇ ਮਿਲਣਾ ਹੈ।

ਕੁਝ ਸਾਲ ਪਹਿਲਾਂ ਮੋਗਾ ਜ਼ਿਲੇ ਦੇ ਪਿੰਡ ਭਿੰਡਰ ਕਲਾਂ ਦੀ ਮਹਿਲਾ ਤਾਂਤਰਿਕ ਨੇ ਅੱਠ-ਦਸ ਸਾਲ ਦੀ ਬੱਚੀ ਨੂੰ ਭੂਤ ਕੱਢਣ ਦੇ ਨਾਂ 'ਤੇ ਚਿਮਟੇ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਹੈਰਾਨੀ ਦੀ ਗੱਲ ਇਹ ਕਿ ਉਹ ਉਸ ਸਮੇ ਪਿੰਡ ਦੀ ਸਰਪੰਚ ਸੀ ਅਤੇ ਸ਼ਰੇਆਮ ਭੀੜ ਵਿੱਚ ਇਸ ਘਿਨੌਣੇ ਕਾਰੇ ਨੂੰ ਅੰਜਾਮ ਦਿੱਤਾ ਗਿਆ ਸੀ। ਰੋਗੀ ਕੁੜੀ ਲੋਕਾਂ ਤੋਂ ਪਾਣੀ ਮੰਗਦੀ ਰਹੀ ਪਰ ਤਮਾਸ਼ਬੀਨ ਭੀੜ ਨੇ ਪਾਣੀ ਦਾ ਘੁੱਟ ਉਸ ਨੂੰ ਨਹੀਂ ਦਿੱਤਾ ਸੀ। ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ ਵਿੱਚ ਅੱਠ ਮਾਰਚ 2017 ਨੂੰ ਵਾਪਰੀ ਮੰਦਭਾਗੀ ਘਟਨਾ ਹੈ ਜਿਸ ਵਿੱਚ ਅੰਧਵਿਸ਼ਵਾਸੀ ਕਲਯੁਗੀ ਦਾਦੀ ਅਤੇ ਪਿਤਾ ਨੇ ਕਿਸੇ ਕਾਮਨਾ ਦੀ ਪੂਰਤੀ ਲਈ ਆਪਣੇ ਦੋ ਬੱਚਿਆਂ ਦੀ ਬਲੀ ਦੇ ਦਿੱਤੀ ਸੀ। ਬੱਚਿਆਂ ਨੂੰ ਬਚਾਉਣ ਆਈ ਉਨ੍ਹਾਂ ਦੀ ਮਾਂ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਬੀਤੇ ਦਿਨੀਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੂਧਲ ਵਿੱਚ ਦਸ ਸਾਲ ਦੀ ਬੱਚੀ ਦੀ ਬਲੀ ਉਸ ਦੇ ਆਪਣੇ ਰਿਸ਼ਤੇਦਾਰਾਂ ਨੇ ਕਿਸੇ ਤਾਂਤਰਿਕ ਦੇ ਕਹਿਣ 'ਤੇ ਦਿੱਤੀ ਸੀ। ਦਰਅਸਲ ਉਸ ਪਰਿਵਾਰ ਦਾ ਕਾਰੋਬਾਰ ਠੱਪ ਹੋ ਗਿਆ ਸੀ ਤੇ ਉਸ ਨੂੰ ਚਲਾਉਣ ਲਈ ਉਕਤ ਤਾਂਤਰਿਕ ਨੇ ਪਰਿਵਾਰ ਨੂੰ ਬੱਚੀ ਦੀ ਬਲੀ ਦੇਣ ਲਈ ਉਕਸਾਇਆ ਸੀ। ਅਜੋਕੇ ਵਿਗਿਆਨਕ ਅਤੇ ਅਗਾਂਹਵਧੂ ਯੁੱਗ ਵਿੱਚ ਅਜਿਹੀਆਂ ਸ਼ਰਮਨਾਕ ਘਟਨਾਵਾਂ ਦਾ ਵਾਪਰਨਾ ਆਪਣੇ ਆਪ ਵਿੱਚ ਮੰਦਭਾਗਾ ਹੈ। ਲੋਕਾਂ ਦੀ ਸੌੜੀ ਮਾਨਸਿਕਤਾ ਦਾ ਇਹ ਪਾਖੰਡੀ ਖ਼ੂਬ ਫ਼ਾਇਦਾ ਉਠਾਉਂਦੇ ਹਨ। ਮੁੰਡੇ ਦੀ ਲਾਲਸਾ ਰੱਖਣ ਵਾਲੇ ਲੋਕਾਂ ਨੂੰ ਗੋਲੀ (ਦਵਾਈ) ਦਿੰਦੇ ਹਨ ਤੇ ਦਾਅਵਾ ਕਰਦੇ ਹਨ ਕਿ ਇਸ ਨਾਲ ਤੁਹਾਨੂੰ ਪੁੱਤਰ ਦੀ ਪ੍ਰਾਪਤੀ ਹੋਵੇਗੀ। ਅਸਲ ਵਿੱਚ ਜੋ ਇਹ ਦਵਾਈ ਦਿੰਦੇ ਹਨ ਉਸ ਵਿੱਚ ਟੈਸਟੋਸਟੀਰੋਨ (ਆਦਮੀ ਦਾ ਸੈਕਸ ਹਾਰਮੋਨ) ਦੀ ਮਾਤਰਾ ਕਾਫ਼ੀ ਹੁੰਦੀ ਹੈ, ਜਿਸ ਕਾਰਨ ਕਈ ਵਾਰ ਬੱਚੇ ਅਸਾਧਾਰਨ ਪੈਦਾ ਹੁੰਦੇ ਹਨ। ਔਰਤ ਨੂੰ ਇਕੱਲਿਆਂ ਦਵਾਈ ਦੇਣ ਦੇ ਬਹਾਨੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ। ਅਗਰ ਉਹ ਔਰਤ ਬਾਹਰ ਜਾ ਕੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਉਸ ਪਾਖੰਡੀ ਦੀ ਕਰਤੂਤ ਦੱਸਦੀ ਵੀ ਹੈ ਤਾਂ ਵੀ ਉਹ ਪਰਿਵਾਰ ਅੰਨੀ ਸ਼ਰਧਾ ਦੇ ਵੱਸ ਵਿੱਚ ਹੋਣ ਕਾਰਨ ਉਸ ਦਾ ਯਕੀਨ ਨਹੀਂ ਕਰਦਾ ਹੈ ਜੋ ਉਸ ਪਾਖੰਡੀ ਦੀ ਢਾਲ ਹੋ ਨਿੱਬੜਦੀ ਹੈ। ਅਗਰ ਉਹ ਔਰਤ ਇਸ ਸ਼ੋਸ਼ਣ ਖਿਲਾਫ਼ ਮੂੰਹ ਖੋਲਦੀ ਹੈ ਤਾਂ ਇਹ ਚਲਾਕ ਲੋਕ ਉਸ ਦੇ ਪਰਿਵਾਰ ਦੇ ਦਿਮਾਗ ਵਿੱਚ ਇਹ ਕੂੜ ਭਰਨ ਵਿੱਚ ਸਫ਼ਲ ਹੋ ਜਾਂਦੇ ਹਨ ਕਿ ਤੁਹਾਡੇ ਲੇਖਾਂ ਵਿੱਚ ਪੁੱਤਰ ਤਾਂ ਹੈ ਪਰ ਇਹ ਔਰਤ ਪੁੱਤਰ ਨੂੰ ਜਨਮ ਨਹੀਂ ਦੇ ਸਕਦੀ। ਕੁਝ ਲੋਕਾਂ ਦੇ ਘਰ ਲੜਕਾ ਪੈਦਾ ਹੋਣਾ ਜੋ ਕੁਦਰਤੀ ਪ੍ਰਕ੍ਰਿਆ ਹੈ,



ਇਨ੍ਹਾਂ ਨੂੰ ਲੋਕਾਂ ਵਿੱਚ ਰੱਬ ਬਣਾਉਂਦਾ ਹੈ। ਮੈਡੀਕਲ ਸਾਇੰਸ ਅਨੁਸਾਰ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਔਰਤ ਦੀ ਥਾਂ ਮਰਦ ਦਾ ਰੋਲ ਅਹਿਮ ਹੈ। ਇਸ ਪ੍ਰਕ੍ਰਿਆ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਪੁਰਸ਼ ਵਿੱਚ ਐਕਸ ਵਾਈ ਕਰੋਮੋਸਮ ਹੁੰਦੇ ਹਨ ਜਦਕਿ ਔਰਤ ਵਿੱਚ ਸਿਰਫ਼ ਐਕਸ ਐਕਸ ਕਰੋਮੋਸਮ ਹੁੰਦੇ ਹਨ। ਇਸ ਨੂੰ ਇਸ ਤਰ੍ਹਾਂ ਸਮਝਿਆ ਜਾਵੇ ਕਿ ਮਨੁੱਖ ਵਿੱਚ ਕਰੋਮੋਸਮ ਦੇ ਤੇਈ ਜੋੜੇ ਹੁੰਦੇ ਹਨ ਜਿਨ੍ਹਾਂ ਵਿੱਚੋਂ 22 ਜੋੜੇ ਇੱਕ ਸਮਾਨ ਹੁੰਦੇ ਹਨ ਜਦੋਂ ਕਿ ਇੱਕ ਜੋੜਾ ਐਕਸ ਵਾਈ (ਪੁਰਸ਼) ਜਾਂ ਐਕਸ ਐਕਸ (ਔਰਤ) ਹੁੰਦਾ ਹੈ। ਇਸ ਤਰਾਂ ਸਪਸ਼ਟ ਹੈ ਕਿ ਔਰਤ ਨੇ ਸਿਰਫ਼ ਐਕਸ ਕਰੋਮੋਸਮ ਦੇਣਾ ਹੈ ਜਦ ਕਿ ਮਰਦ ਐਕਸ ਜਾਂ ਫਿਰ ਵਾਈ ਕਰੋਮੋਸਮ ਦੇਵੇਗਾ। ਜਦੋਂ ਪੁਰਸ਼ ਅਤੇ ਇਸਤਰੀ ਦੇ ਕਰੋਮੋਸਮ ਮਿਲਦੇ ਹਨ ਤਾਂ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਹੈ ਕਿ ਬੱਚਾ ਲੜਕਾ ਹੋਵੇਗਾ ਜਾਂ ਫਿਰ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਕਿ ਬੱਚਾ ਲੜਕੀ ਹੋਵੇਗੀ। ਜੇ ਪੁਰਸ਼ ਦਾ ਐਕਸ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ਲੱਗਦਾ/ ਜੁੜਦਾ ਹੈ ਤਾਂ ਬੱਚਾ ਲੜਕੀ ਹੋਵੇਗੀ। ਇਸੇ ਤਰ੍ਹਾਂ ਜੇ ਪੁਰਸ਼ ਦਾ ਵਾਈ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ਲੱਗਦਾ / ਜੁੜਦਾ ਹੈ ਤਾਂ ਬੱਚਾ ਲੜਕਾ ਹੋਵੇਗਾ। ਇੱਥੇ ਸਪਸ਼ਟ ਹੈ ਕਿ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਮਰਦ ਦਾ ਹੀ ਰੋਲ ਅਹਿਮ ਹੈ, ਇਸ ਵਿੱਚ ਇਸਤਰੀ ਦਾ ਕੋਈ ਰੋਲ ਨਹੀਂ ਹੈ। ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਭਾਵੇਂ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਮਰਦ ਦਾ ਰੋਲ ਬਹੁਤ ਅਹਿਮ ਹੈ ਪਰ ਪੁਰਸ਼ ਨੂੰ ਵੀ ਨਹੀਂ ਪਤਾ ਹੁੰਦਾ ਕਿ ਕਿਹੜਾ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਜਾ ਕੇ ਲੱਗੇਗਾ।

ਧਰਮ ਅਤੇ ਅੰਨੀ ਆਸਥਾ ਦਾ ਸਬੰਧ ਦਿਲ ਅਤੇ ਧੜਕਣ ਦੀ ਤਰਾਂ ਪੇਚੀਦਾ ਹੈ ਜਿਸ ਦੀ ਆੜ 'ਚ ਪਾਖੰਡੀ ਆਪਣਾ ਸਾਮਰਾਜ ਚਲਾ ਰਹੇ ਹਨ। ਬਹੁਤ ਸਾਰੀਆਂ ਸੰਸਥਾਵਾਂ ਇਨ੍ਹਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦੀਆਂ ਹਨ ਪਰ ਉਨ੍ਹਾਂ ਉੱਪਰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਮੜ ਦਿੱਤੇ ਜਾਂਦੇ ਹਨ। ਜੋ ਲੋਕ ਸੱਚ ਨੂੰ ਲੋਕਾਂ ਸਾਹਮਣੇ ਲਿਆਉਣ ਤੇ ਪਾਖੰਡਾਂ ਤੋਂ ਲੋਕਾਂ ਨੂੰ ਮੁਕਤ ਕਰਵਾਉਣ ਲਈ ਤਤਪਰ ਹਨ, ਉਨ੍ਹਾਂ ਨੂੰ ਸਹਿਯੋਗ ਕਰਨਾ ਸਾਡੀ ਵੀ ਜ਼ਿੰਮੇਵਾਰੀ ਹੈ। ਅਖ਼ਬਾਰ, ਨਿਊਜ਼ ਚੈਨਲ ਇਨ੍ਹਾਂ ਪਾਖੰਡੀਆਂ ਦੇ ਹੱਥੋਂ ਬਰਬਾਦ ਹੋਏ ਲੋਕਾਂ ਦੀ ਦਾਸਤਾਨ ਤਾਂ ਜ਼ਰੂਰ ਪੇਸ਼ ਕਰਦੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਇਨਾਂ ?ਹ ਨੇ ਹੀ ਉਨ੍ਹਾਂ ਪਾਖੰਡੀਆਂ ਦੇ ਪਾਖੰਡ ਦੇ ਪ੍ਰਚਾਰ-ਪ੍ਰਸਾਰ 'ਚ ਅਹਿਮ ਰੋਲ ਨਿਭਾਇਆ ਹੁੰਦਾ ਹੈ ਤੇ ਨਿਭਾਉਦੇ ਹਨ। ਮੰਨਿਆ ਵਪਾਰਕ ਪੱਖ ਤੋਂ ਇਸ਼ਤਿਹਾਰ ਲਾਜ਼ਮੀ ਹਨ ਪਰ ਮੀਡੀਆ ਨੂੰ ਇੰਨਾ ਵੀ ਮਤਲਬੀ ਨਹੀਂ ਹੋਣਾ ਚਾਹੀਦਾ ਕਿ ਸਮਾਜ ਨੂੰ ਜਿਸ ਦਾ ਖ਼ਮਿਆਜ਼ਾ ਭੁਗਤਣਾ ਪਵੇ। ਅਜਿਹੇ ਇਸ਼ਤਿਹਾਰਾਂ 'ਤੇ ਪਾਬੰਦੀ ਜ਼ਰੂਰੀ ਹੈ ਜੋ ਸਮਾਜ ਨੂੰ ਗੁਮਰਾਹ ਕਰਦੇ ਹੋਣ। ਲੋਕਾਂ ਨੂੰ ਜਾਗਰੂਕ ਕਰਨਾ ਅਜੋਕੇ ਸਮੇਂ ਦੀ ਬਹੁਤ ਵੱਡੀ ਲੋੜ ਹੈ, ਜਦੋਂ ਲੋਕ ਜਾਗਰੂਕ ਹੋ ਜਾਣਗੇ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਪਾਖੰਡੀਆਂ ਦਾ ਸਾਮਰਾਜ ਖੇਰੂੰ-ਖੇਰੂੰ ਨਾ ਹੋਵੇ।

# ਭਾਰਤ 'ਚ ਅੱਤਵਾਦ ਦਾ ਤੇਜ਼ੀ ਨਾਲ ਹੋ ਰਿਹਾ ਹੈ ਪਸਾਰਾ


ਰਾਸ਼ਟਰੀ ਜਾਂਚ ਏਜੰਸੀ ਭਾਵ ਐੱਨਆਈਏ ਨੇ ਛੇ ਸੂਬਿਆਂ ਵਿਚ ਪਾਪੂਲਰ ਫਰੰਟ ਆਫ ਇੰਡੀਆ ਅਰਥਾਤ ਪੀਐੱਫਆਈ ਦੇ 20 ਟਿਕਾਣਿਆਂ 'ਤੇ ਜੋ ਛਾਪੇਮਾਰੀ ਕੀਤੀ, ਉਸ ਤੋਂ ਇਹੀ ਪਤਾ ਲੱਗਦਾ ਹੈ ਕਿ ਅੱਤਵਾਦੀ ਸਰਗਰਮੀਆਂ ਵਿਚ ਸ਼ਮੂਲੀਅਤ ਕਾਰਨ ਪਾਬੰਦੀਸ਼ੁਦਾ ਕੀਤੇ ਜਾਣ ਤੋਂ ਬਾਅਦ ਵੀ ਇਸ ਸੰਗਠਨ ਦੇ ਮੈਂਬਰ ਸਰਗਰਮ ਹਨ। ਪੀਐੱਫਆਈ 'ਤੇ ਪਾਬੰਦੀ ਲਗਾਏ ਹੋਏ ਇਕ ਸਾਲ ਤੋਂ ਵੱਧ ਹੋ ਚੁੱਕਾ ਹੈ ਪਰ ਉਸ ਤੋਂ ਬਾਅਦ ਤੋਂ ਇਸ ਸੰਗਠਨ ਦੇ ਅਨੇਕ ਮੈਂਬਰਾਂ ਨੂੰ ਅੱਤਵਾਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦਾ ਅਰਥ ਹੈ ਕਿ ਇਸ ਸੰਗਠਨ ਦੇ ਮੈਂਬਰ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ ਹਨ। ਹਾਲ ਹੀ ਵਿਚ ਐੱਨਆਈਏ ਨੇ ਦਿੱਲੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ ਤੋਂ ਲੈ ਕੇ ਤਾਮਿਲਨਾਡੂ ਵਿਚ ਜਿਸ ਤਰ੍ਹਾਂ ਪੀਐੱਫਆਈ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ, ਉਸ ਤੋਂ ਇਹੀ ਜ਼ਾਹਰ ਹੁੰਦਾ ਹੈ ਕਿ ਇਸ ਸੰਗਠਨ ਨੇ ਦੇਸ਼ ਭਰ ਵਿਚ ਆਪਣੇ ਪੈਰ ਪਸਾਰ ਲਏ ਹਨ। ਇਸ ਸੰਗਠਨ ਨੂੰ ਨਕਾਰਾ ਬਣਾਉਣ ਵਿਚ ਇਸ ਲਈ ਸਮਾਂ ਲੱਗ ਰਿਹਾ ਹੈ ਕਿਉਂਕਿ ਉਸ ਨੇ ਕੇਰਲ ਤੋਂ ਲੈ ਕੇ ਉੱਤਰ-ਪੂਰਵੀ ਸੂਬਿਆਂ ਤੱਕ ਆਪਣਾ ਪਸਾਰਾ ਕਰ ਲਿਆ ਸੀ। ਉਸ ਨੇ ਆਪਣੇ ਕਈ ਸਹਿਯੋਗੀ ਸੰਗਠਨ ਵੀ ਬਣਾ ਲਏ ਸਨ। ਹਾਲਾਂਕਿ ਪੀਐੱਫਆਈ ਦੇ ਨਾਲ ਹੀ ਉਨ੍ਹਾਂ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਪਰ ਉਸ ਦੀ ਸਿਆਸੀ ਸ਼ਾਖਾ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਆਫ ਇੰਡੀਆ ਹਾਲੇ ਵੀ ਸਰਗਰਮ ਹੈ। ਉਹ ਕਈ ਸੂਬਿਆਂ ਵਿਚ ਚੋਣਾਂ ਵੀ ਲੜ ਚੁੱਕੀ ਹੈ। ਜਦ ਇਹ ਸਪਸ਼ਟ ਹੈ ਕਿ ਇਹ




ਕਥਿਤ ਸਿਆਸੀ ਪਾਰਟੀ ਪੀਐੱਫਆਈ ਦੇ ਏਜੰਡੇ 'ਤੇ ਹੀ ਚੱਲ ਰਹੀ ਹੈ ਤਾਂ ਫਿਰ ਉਸ 'ਤੇ ਵੀ ਉਸੇ ਤਰ੍ਹਾਂ ਪਾਬੰਦੀ ਲੱਗਣੀ ਚਾਹੀਦੀ ਹੈ ਜਿਵੇਂ ਅਜੇ ਬੀਤੇ ਹਫ਼ਤੇ ਜੰਮੂ-ਕਸ਼ਮੀਰ ਡੈਮੋਕ੍ਰੇਟਿਕ ਫਰੀਡਮ ਪਾਰਟੀ ਨੂੰ ਪਾਬੰਦੀਸ਼ੁਦਾ ਕੀਤਾ ਗਿਆ। ਬੇਸ਼ੱਕ ਸਿਰਫ਼ ਪੀਐੱਫਆਈ ਹੀ ਅੰਦਰੂਨੀ ਸੁਰੱਖਿਆ ਲਈ ਖ਼ਤਰਾ ਨਹੀਂ ਹੈ। ਇਸੇ ਤਰ੍ਹਾਂ ਦੇ ਹੋਰ ਸੰਗਠਨ ਵੀ ਹਨ ਜੋ ਭਾਰਤ ਵਿਚ ਅੱਤਵਾਦੀ ਘਟਨਾਵਾਂ ਦੀ ਸਾਜ਼ਿਸ਼ ਘੜਦੇ ਰਹਿੰਦੇ ਹਨ। ਦੇਸ਼ ਵਿਚ ਅਲਕਾਇਦਾ ਅਤੇ ਇਸਲਾਮਿਕ ਸਟੇਟ ਵਰਗੇ ਅੱਤਵਾਦੀ ਸੰਗਠਨਾਂ ਦੇ ਮੈਂਬਰ ਅਤੇ ਮਦਦਗਾਰ ਵੀ ਸਰਗਰਮ ਹਨ। ਅਕਸਰ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੁੰਦੀਆਂ ਰਹਿੰਦੀਆਂ ਹਨ। ਹਾਲੇ ਬੀਤੇ ਹਫ਼ਤੇ ਹੀ ਦਿੱਲੀ ਪੁਲਿਸ ਨੇ ਇਸਲਾਮਿਕ ਸਟੇਟ ਨਾਲ ਜੁੜੇ ਤਿੰਨ ਸ਼ੱਕੀ ਅੱਤਵਾਦੀਆਂ ਨੂੰ ਗਿ ?ਰਫ਼ਤਾਰ ਕੀਤਾ। ਇਹ ਤਿੰਨੇ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਚੁੱਕੇ ਹਨ। ਦਿੱਲੀ ਪੁਲਿਸ ਦੀ ਮੰਨੀਏ ਤਾਂ ਇਹ ਤਿੰਨੇ ਅੱਤਵਾਦੀ ਸਰਗਰਮੀਆਂ ਨੂੰ ਅੰਜਾਮ ਦੇਣ ਲਈ ਟਰੇਨਿੰਗ ਕੈਂਪ ਖੋਲ੍ਹਣ ਦੀ ਤਿਆਰੀ ਕਰ ਰਹੇ ਸਨ। ਉਨ੍ਹਾਂ ਨੂੰ ਪਾਕਿਸਤਾਨ ਤੋਂ ਵੀ ਮਦਦ ਮਿਲ ਰਹੀ ਸੀ। ਇਕ ਸਮਾਂ ਸੀ ਜਦ ਇਹ ਮੰਨਿਆ ਜਾਂਦਾ ਸੀ ਕਿ ਅਨਪੜ੍ਹ ਜਾਂ ਘੱਟ ਪੜ੍ਹਿਆ-ਲਿਖਿਆ ਮੁਸਲਿਮ ਨੌਜਵਾਨ ਵਰਗ ਹੀ ਅੱਤਵਾਦ ਦਾ ਰਾਹ ਫੜਦਾ ਹੈ ਪਰ ਬੀਤੇ ਕੁਝ ਸਾਲਾਂ ਤੋਂ ਉੱਚ ਸਿੱਖਿਆ ਪ੍ਰਾਪਤ ਮੁਸਲਮਾਨ ਨੌਜਵਾਨ ਵੀ ਅੱਤਵਾਦੀ ਸੰਗਠਨਾਂ ਨਾਲ ਜੁੜ ਰਹੇ ਹਨ। ਕੁਝ ਮਹੀਨੇ ਪਹਿਲਾਂ ਐੱਨਆਈਏ ਨੇ ਪੁਣੇ ਦੇ ਇਕ ਮੰਨੇ-ਪ੍ਰਮੰਨੇ ਡਾਕਟਰ ਅਦਨਾਨ ਅਲੀ ਨੂੰ ਮੁਸਲਿਮ ਨੌਜਵਾਨਾਂ ਨੂੰ ਅੱਤਵਾਦੀ ਸੰਗਠਨ ਵਿਚ ਭਰਤ ਕਰਵਾਉਣ ਵਿਚ ਮਦਦ ਕਰਨ ਦੇ ਦੋਸ਼ ਹੇਠ ਗ੍ਰਿਰਫ਼ਤਾਰ ਕੀਤਾ ਗਿਆ ਸੀ। ਉੱਚ ਸਿੱਖਿਆ ਪ੍ਰਾਪਤ ਨੌਜਵਾਨ ਅੱਤਵਾਦ ਦੇ ਰਾਹ 'ਤੇ ਕਿਉਂ ਤੁਰ ਰਹੇ ਹਨ, ਇਸ 'ਤੇ ਮੁਸਲਿਮ ਸਮਾਜ ਦੀ ਲੀਡਰਸ਼ਿਪ ਨੂੰ ਸੰਜੀਦਗੀ ਨਾਲ ਸੋਚ-ਵਿਚਾਰ ਕਰਨਾ ਹੋਵੇਗਾ। ਇਹ ਦਰੁਸਤ ਹੈ ਕਿ ਅੱਤਵਾਦ ਦਾ ਕੋਈ ਮਜ਼ਹਬ ਨਹੀਂ ਹੁੰਦਾ ਪਰ ਇਸ ਦੀਆਂ ਵੀ ਸੈਂਕੜੇ ਮਿਸਾਲਾਂ ਹਨ ਕਿ ਕਿਸ ਤਰ੍ਹਾਂ ਅੱਤਵਾਦ ਲਈ ਮਜ਼ਹਬ ਦੀ ਆੜ ਲਈ ਜਾਂਦੀ ਹੈ।

# ਅਲਵਿਦਾ ! ਪੰਜਾਬੀਅਤ ਦੇ ਮੁਦਈ ਵਿਕਾਸ ਪੁਰਸ਼ ਡਾ. ਮਨੋਹਰ ਸਿੰਘ ਗਿੱਲ

ਪੰਜਾਬੀਆਂ ਦਾ ਮੋਹਵੰਤਾ, ਪੰਜਾਬ ਦਾ ਵਿਕਾਸ ਪੁਰਸ਼, ਪ੍ਰਸ਼ਾਸ਼ਕੀ ਕਾਰਜ਼ਕੁਸ਼ਤਾ ਦਾ ਮਾਹਿਰ ਅਤੇ ਪੰਜਾਬੀ ਸਭਿਆਚਾਰ ਦਾ ਪ੍ਰਤੀਕ ਡਾ.ਮਨੋਹਰ ਸਿੰਘ ਗਿੱਲ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦੇ ਜਾਣ ਨਾਲ ਪੰਜਾਬ ਦੇ ਸੁਨਹਿਰੇ ਭਵਿਖ ਦੀ ਕਾਮਨਾ ਕਰਨ ਵਾਲਾ ਹਰ ਪੰਜਾਬੀ ਆਪਣੇ ਆਪ ਨੂੰ ਲਾਵਾਰਸ ਮਹਿਸੂਸ ਕਰ ਰਿਹਾ ਹੈ। ਕਲਾਕਾਰਾਂ, ਸਾਹਿਤਕਾਰਾਂ, ਖਿਡਾਰੀਆਂ, ਕਿਸਾਨਾ ਤੇ ਸੰਗੀਤਕਾਰਾਂ ਦਾ ਪ੍ਰੇਮੀ ਅਤੇ ਪੰਜਾਬੀ ਵਿਰਾਸਤ ਦਾ ਪਹਿਰੇਦਾਰ ਦਾ ਜਾਣਾ ਪੰਜਾਬੀਆਂ ਲਈ ਅਸਿਹ ਤੇ ਅਕਿਹ ਸਦਮਾ ਹੈ। ਭਾਰਤ ਅਤੇ ਖਾਸ ਤੌਰ 'ਤੇ ਪੰਜਾਬ ਦੇ ਵਿਕਾਸ ਵਿੱਚ ਉਨ੍ਹਾਂ ਦੇ ਪਾਏ ਗਏ ਵਿਲੱਖਣ ਯੋਗਦਾਨ ਕਰਕੇ ਉਨ੍ਹਾਂ ਨੂੰ ਵਿਕਾਸ ਪੁਰਸ਼ ਕਿਹਾ ਜਾਂਦਾ ਸੀ। ਉਹ ਬਹੁ-ਪੱਖੀ ਸ਼ਖ਼ਸ਼ੀਅਤ ਦੇ ਮਾਲਕ ਸਨ। ਉਹ ਸਫ਼ਲ ਪ੍ਰਸ਼ਾਸ਼ਨਿਕ ਅਧਿਕਾਰੀ, ਪ੍ਰਬੁੱਧ ਸਿਆਸਤਦਾਨ, ਸੁਚੇਤ ਕੂਟਨੀਤਕ, ਵਿਦਵਾਨ ਲੇਖਕ , ਸੱਚੇ-ਸੁੱਚੇ, ਇਮਾਨਦਾਰ ਅਤੇ ਵਿਕਾਸਮੁੱਖੀ ਬਿਹਤਰੀਨ ਇਨਸਾਨ ਸਨ। ਡਾ. ਮਨੋਹਰ ਸਿੰਘ ਗਿੱਲ ਦੀ ਖਾਸੀਅਤ ਸੀ ਕਿ ਵਿਕਾਸ ਮੁੱਖੀ ਹੋਣ ਕਰਕੇ ਜਿਥੇ ਵੀ ਉਨ੍ਹਾਂ ਦੀ ਤਾਇਨਾਤੀ ਹੋਈ, ਉਨ੍ਹਾਂ ਹਰ ਖੇਤਰ ਵਿੱਚ ਆਪਣੀ ਸੋਚ ਅਨੁਸਾਰ ਨਵੀਂ ਯੋਜਨਾ ਬਣਾਕੇ ਲਾਗੂ ਕਰਕੇ ਉਸ ਨੂੰ ਨੇਪਰੇ ਚਾੜਿਆ। ਪੰਜਾਬ ਦੇ ਪਿੰਡਾਂ ਨੂੰ ਲਿੰਕ ਸੜਕਾਂ ਰਾਹੀਂ ਜੋੜ ਕੇ ਪਿੰਡਾਂ ਦੇ ਲੋਕਾਂ ਦਾ ਜੀਵਨ ਪੱਧਰ ਉਚਾ ਕਰਨ ਦੀ ਸੋਚ ਪਿੱਛੇ ਪੰਜਾਬ ਮੰਡੀ ਬੋਰਡ ਦੇ ਸਕੱਤਰ ਹੁੰਦਿਆਂ ਮਨੋਹਰ ਸਿੰਘ ਗਿੱਲ ਦੀ ਸੋਚ ਕੰਮ ਕਰ ਰਹੀ ਸੀ। ਉਨ੍ਹਾਂ ਦਾ ਸ਼ੁਰੂ ਕੀਤਾ ਇਹ ਕੰਮ ਲਛਮਣ ਸਿੰਘ ਗਿੱਲ ਦੇ ਮੁੱਖ ਮੰਤਰੀ ਹੁੰਦਿਆਂ ਪੂਰਾ ਹੋਇਆ ਸੀ। ਪੰਜਾਬ ਦੇ ਵਿਕਾਸ ਕਮਿਸ਼ਨਰ ਹੁੰਦਿਆਂ ਉਨ੍ਹਾਂ ਲਿੰਕ ਸੜਕਾਂ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਕਰਵਾਇਆ। ਉਨ੍ਹਾਂ ਨੇ ਹਮੇਸ਼ਾ ਨਵੀਂ ਤਕਨੀਕ ਨੂੰ ਪਹਿਲ ਦੇ ਆਧਾਰ 'ਤੇ ਲਾਗੂ ਕੀਤਾ। ਉਹ ਦਬੰਗ ਪ੍ਰਸ਼ਾਸ਼ਕ ਅਤੇ ਨਿਡਰ ਸਿਆਸਤਦਾਨ ਸਨ। ਭਾਰਤ ਦੇ ਮੁੱਖ ਇਲੈਕਸ਼ਨ ਕਮਿਸ਼ਨਰ ਹੁੰਦਿਆਂ ਉਨ੍ਹਾਂ ਨੇ ਚੋਣ ਪ੍ਰਣਾਲੀ ਵਿੱਚ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਉਨ੍ਹਾਂ ਦੀ ਇਮਾਨਦਾਰੀ ਅਤੇ ਪ੍ਰਸ਼ਾਸ਼ਕੀ ਕਾਰਜ਼ਕੁਸ਼ਲਤਾ ਨੂੰ ਮੁੱਖ ਰਖਦਿਆਂ ਤਤਕਾਲੀ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਨੇ 2004 ਵਿੱਚ ਡਾ. ਮਨੋਹਰ ਸਿੰਘ ਗਿੱਲ ਨੂੰ ਸਿਆਸਤ ਵਿੱਚ ਲਿਆਕੇ ਆਪਣੇ ਮੰਤਰੀ ਮੰਡਲ ਵਿੱਚ ਪਹਿਲਾਂ ਰਾਜ ਮੰਤਰੀ ਆਜ਼ਾਦਾਨਾ ਚਾਰਜ ਅਤੇ ਬਾਅਦ ਵਿੱਚ ਕੈਬਨਿਟ ਮੰਤਰੀ ਬਣਾਇਆ। 2010 ਵਿੱਚ ਭਾਰਤ ਵਿੱਚ ਹੋਣ ਵਾਲੀਆਂ ਕਾਮਨਵੈਲਥ ਖੇਡਾਂ ਨੂੰ ਸਫਲਤਾ ਪੂਰਬਕ ਮੁਕੰਮਲ ਕਰਨ ਦੀ ਜ਼ਿੰਮੇਵਾਰੀ ਦਿੱਤੀ ਪ੍ਰੰਤੂ ਕਾਂਗਰਸੀ ਦਿਗਜ਼ ਸਿਆਸਤਦਾਨਾਂ ਨੇ ਡਾ.ਮਨੋਹਰ ਸਿੰਘ ਗਿੱਲ ਦੀ ਕਾਬਲੀਅਤ ਨੂੰ ਆਪਣੇ ਰਸਤੇ ਵਿੱਚ ਰੋੜਾ ਮਹਿਸੂਸ ਕਰਦਿਆਂ ਖੇਡਾਂ ਵਿੱਚ ਕੁਝ ਲੋਕਾਂ ਵੱਲੋਂ ਕੀਤੇ ਗਏ ਭ੍ਰਿਸ਼ਟਾਚਾਰ ਦਾ ਭਾਂਡਾ ਉਨ੍ਹਾਂ ਦੇ ਸਿਰ ਮੜ੍ਹਕੇ ਦੁਬਾਰਾ ਮੰਤਰੀ ਨਹੀਂ ਬਣਨ ਦਿੱਤਾ। ਡਾ. ਮਨੋਹਰ ਸਿੰਘ ਗਿੱਲ ਦੀ ਕਾਬਲੀਅਤ ਸਰਾਪ ਬਣਕੇ ਰਹਿ ਗਈ। ਉਨ੍ਹਾਂ ਦੇ ਪਿਤਾ ਕਰਨਲ ਪ੍ਰਤਾਪ ਸਿੰਘ ਗਿੱਲ ਅਕਾਲੀ ਨੇਤਾ ਸਨ, ਉਨ੍ਹਾਂ ਨਾਲ ਵੀ ਅਕਾਲੀ ਦਲ ਨੇ ਇਸੇ ਤਰ੍ਹਾਂ ਕੀਤਾ ਸੀ। ਅਕਾਲੀ ਦਲ ਦੇ ਅੰਦੋਲਨਾਂ ਵਿੱਚ ਉਨ੍ਹਾਂ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ। ਇਕ ਕਿਸਮ ਨਾਲ ਅਕਾਲੀ ਦਲ ਦੇ ਸੰਕਟਮੋਚਨ ਸਨ ਪ੍ਰੰਤੂ ਅਕਾਲੀ ਦਲ ਨੇ ਵੀ ਉਨ੍ਹਾਂ ਤੋਂ ਡਰਦਿਆਂ ਕਦੀਂ ਵੀ ਵਿਧਾਨ ਸਭਾ ਜਾਂ ਲੋਕ ਸਭਾ ਦੀ ਟਿਕਟ ਨਹੀਂ ਦਿੱਤੀ ਸੀ। ਡਾ.ਮਨੋਹਰ ਸਿੰਘ ਗਿੱਲ ਭਾਰਤ ਸਰਕਾਰ ਦੇ ਮਹੱਤਵਪੂਰਨ ਵਿਭਾਗਾਂ ਦੇ ਮੁਖੀ ਅਤੇ ਹੋਰ ਕਈ ਮਹੱਤਵਪੂਰਨ ਅਹੁਦਿਆਂ ਤੇ ਰਹੇ। ਲਾਹੁਲ ਸਪਿਤੀ ਦੇ ਡਿਪਟੀ ਕਮਿਸ਼ਨਰ ਹੁੰਦਿਆਂ ਇਸ ਪਛੜੇ ਤੇ ਪਹਾੜੀ ਇਲਾਕੇ ਵਿੱਚ ਵਿਕਾਸ ਲਈ ਬਹੁਪੱਖੀ ਯਤਨ ਕੀਤੇ, ਜਿਨ੍ਹਾਂ ਵਿੱਚ ਅਨਪੜ੍ਹਤਾ ਦੂਰ ਕਰਨ, ਪੀਣ ਵਾਲੇ ਸਾਫ ਸੁਥਰੇ ਪਾਣੀ ਦਾ ਪ੍ਰਬੰਧ ਕਰਨਾ, ਪਹਾੜੀ ਸੜਕਾਂ ਦਾ ਨਿਰਮਾਣ ਅਤੇ ਬਰਫਾਨੀ ਗਲੇਸ਼ੀਅਰ ਤੋਂ ਸਿੰਜਾਈ ਲਈ ਪੁਲਾਂ ਦਾ ਨਿਰਮਾਣ ਕਰਨਾ ਸ਼ਾਮਲ ਹੈ। ਕਣਕ ਅਤੇ ਟਮਾਟਰਾਂ ਦੇ ਉਤਮ ਬੀਜ ਤਿਆਰ ਕਰਵਾਕੇ ਇਸ ਇਲਾਕੇ ਦੀ ਆਰਥਿਕਤਾ ਨੂੰ ਸਮੁੱਚੇ ਪੰਜਾਬ ਦੀ ਖੇਤੀ ਪ੍ਰਧਾਨ ਆਰਥਿਕਤਾ ਨਾਲ ਇੱਕਸੁਰ ਕੀਤਾ ਅਤੇ ਸਥਾਨਕ ਲੋਕਾਂ ਦੀ ਆਰਥਿਕਤਾ ਮਜ਼ਬੂਤ ਹੋਈ। ਪੰਜਾਬ ਦੀਆਂ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਵਜੋਂ ਸ਼ਲਾਘਾਯੋਗ ਕੰਮ ਕੀਤਾ। ਇਸ ਵਿਭਾਗ ਦਾ ਵਿਆਪਕ ਢਾਂਚਾ ਵਿਕਸਤ ਕੀਤਾ। ਪੰਜਾਬ ਦੇ ਸਹਿਕਾਰਤਾ ਖੇਤਰ ਵਿੱਚ ਡਾ. ਮਨੋਹਰ ਸਿੰਘ ਗਿੱਲ ਦੇ ਯੋਗਦਾਨ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਕੌਮੀ ਸਹਿਕਾਰਤਾ ਵਿਕਾਸ ਨਿਗਮ ਦਾ ਮੈਨੇਜਿੰਗ ਡਾਇਰੈਕਟਰ ਨਿਯੁਕਤ ਕੀਤਾ। ਫਿਰ ਉਨ੍ਹਾਂ ਦੇ ਕੰਮ ਦੀ ਕਾਰਜਕੁਸ਼ਲਤਾ ਨੂੰ ਵੇਖਦੇ ਹੋਏ ਵਿਸ਼ਵ ਬੈਂਕ ਨਾਈਜੇਰੀਆ ਦੇ ਸਕੋਟੋ ਖੇਤੀਬਾੜੀ ਵਿਕਾਸ ਯੋਜਨਾ ਦਾ ਮੈਨੇਜਰ ਲਗਾਇਆ ਗਿਆ। ਇਸ ਪ੍ਰੋਗਰਾਮ ਦੇ ਘੇਰੇ ਵਿੱਚ ਕਾਨੂੰ, ਬਾਅਚੀ ਅਤੇ ਸਕੋਟੋ ਦੇ ਖੇਤਰ ਆਉਂਦੇ ਸਨ। ਇਸ ਪ੍ਰਾਜੈਕਟ ਦੀ ਮੈਨੇਜਰੀ ਤੇ ਨਿਯੁਕਤ ਹੋਣ ਵਾਲੇ ਉਹ ਪਹਿਲੇ ਅਵਿਸ਼ੇਤ (ਗੋਰਾ) ਅਧਿਕਾਰੀ ਸਨ। ਇੱਕ ਕਿਸਮ ਨਾਲ ਉਹ ਨਾਈਜੇਰੀਆ ਦੇ ਵਿਸ਼ਾਲ ਖੇਤਰ ਦਾ ਸੁਪਰ ਵਿਕਾਸ ਕਮਿਸ਼ਨਰ ਸਨ। ਉਨ੍ਹਾਂ ਨੇ ਨਾਈਜੇਰੀਆ ਵਰਗੇ ਗ਼ਰੀਬ ਦੇਸ਼ ਲਈ ਬਹੁਤ ਹੀ ਢੁਕਵੀਂ ਤੇ ਸਸਤੀ ਭਾਰਤੀ ਤਕਨੀਕ ਦੀ ਵਰਤੋਂ ਕੀਤੀ, ਜਿਸ ਨਾਲ ਵਿਤੀ ਫ਼ਜ਼ੂਲ ਖ਼ਰਚੀ ਤੋਂ ਬਚਾਓ ਹੋ ਸਕਿਆ। ਵਿਸ਼ਵ ਬੈਂਕ ਨੇ ਉਨ੍ਹਾਂ ਵਲੋਂ ਲਾਗੂ ਕੀਤੇ ਮਾਡਲ ਨੂੰ ਫਾਦਮਾ ਦਰਿਆਈ ਵਾਦੀ ਵਿੱਚ ਵੀ ਲਾਗੂ ਕੀਤਾ।



ਮਨੋਹਰ ਸਿੰਘ ਗਿੱਲ ਦਾ ਜਨਮ 14 ਜੂਨ 1936 ਨੂੰ ਕਰਨਲ ਪ੍ਰਤਾਪ ਸਿੰਘ ਗਿੱਲ ਅਤੇ ਸ੍ਰੀਮਤੀ ਨਿਰੰਜਨ ਕੌਰ ਦੇ ਘਰ ਤਰਨਤਾਰਨ ਜਿਲ੍ਹੇ ਦੇ ਛੋਟੇ ਜਿਹੇ ਪਿੰਡ ਅਲਾਦੀਨਪੁਰ ਵਿੱਚ ਹੋਇਆ। ਉਨ੍ਹਾਂ ਨੇ ਮੁੱਢਲੀ ਸਿੱਖਿਆ ਸੇਂਟ ਫੀਡੈਲਿਸ ਹਾਈ ਸਕੂਲ ਮਸੂਰੀ ਅਤੇ ਸੇਂਟ ਜਾਰਜ ਕਾਲਜ ਤੋਂ ਪ੍ਰਾਪਤ ਕੀਤੀ। ਬੀ.ਏ.ਸਰਕਾਰੀ ਕਾਲਜ ਲੁਧਿਆਣਾ ਅਤੇ ਐਮ.ਏ.ਅੰਗਰੇਜ਼ੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੀ। ਵਿਦਿਆਰਥੀ ਜੀਵਨ ਵਿੱਚ ਖੇਡਾਂ ਅਤੇ ਵਿਦਿਅਕ ਪ੍ਰਤੀਯੋਗਤਾਵਾਂ ਵਿੱਚ ਤਮਗੇ ਜਿੱਤੇ ਅਤੇ ਅਨੇਕਾਂ ਮਾਣ ਸਨਮਾਨ ਪ੍ਰਾਪਤ ਕੀਤੇ। ਐਮ.ਏ.ਦੀ ਡਿਗਰੀ ਕਰਨ ਤੋਂ ਉਪਰੰਤ ਉਹ 1958 ਵਿੱਚ ਆਈ.ਏ.ਐਸ ਵਿੱਚ ਚੁਣੇ ਗਏ। ਨੌਕਰੀ ਦੌਰਾਨ ਉਨ੍ਹਾਂ ਨੂੰ ਭਾਰਤ ਸਰਕਾਰ ਨੇ ਕੂਈਨਜ ਕਾਲਜ ਕੈਂਬਰਿਜ ਯੂਨਾਈਟਡ ਕਿੰਗਡਮ ਵਿੱਚ ਵਿਕਾਸ, ਅਰਥ ਸ਼ਾਸ਼ਤਰ ਅਤੇ ਮਾਨਵ ਵਿਗਿਆਨ ਦਾ ਅਧਿਐਨ ਕਰਨ ਲਈ ਭੇਜਿਆ ਗਿਆ। ਉਹ ਆਪਣੀ ਸਰਵਿਸ ਦੌਰਾਨ ਸਾਂਝੇ ਪੰਜਾਬ ਦੇ ਕਈ ਜਿਲਿ ?ਹਆਂ ਦੇ ਡਿਪਟੀ ਕਮਿਸ਼ਨਰ ਰਹੇ। ਉਨ੍ਹਾਂ ਨੇ ਕਈ ਹੋਰ ਮਹੱਤਵਪੂਰਨ ਅਹੁਦਿਆਂ ਤੇ ਰਹਿੰਦਿਆਂ ਕਈ ਮਹੱਤਵਪੂਰਨ ਫੈਸਲੇ ਕਰਕੇ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਇਆ। ਉਹ 1977 ਵਿੱਚ ਪੰਜਾਬ ਦੇ ਤਤਕਾਲੀ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਿੰਸੀਪਲ ਸਕੱਤਰ ਵੀ ਰਹੇ। ਉਸ ਸਮੇਂ ਆਪਣੀ ਪ੍ਰਬੰਧਕੀ ਕਾਬਲੀਅਤ ਦਾ ਸਬੂਤ ਦਿੰਦਿਆਂ ਪੰਜਾਬ ਦੇ ਵਿਕਾਸ ਨੂੰ ਨਵੀਆਂ ਲੀਹਾਂ 'ਤੇ ਲਿਆਉਣ ਵਿੱਚ ਬਿਹਤਰੀਨ ਫ਼ਰਜ਼ ਨਿਭਾਏ। 1985 ਵਿੱਚ ਉਨ੍ਹਾਂ ਖੇਤੀਬਾੜੀ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਪੰਜਾਬ ਦੇ ਵਿਕਾਸ ਕਮਿਸ਼ਨਰ ਦੇ ਅਹੁਦੇ ਤੇ ਹੁੰਦਿਆਂ ਸਹਿਕਾਰੀ ਰਿਣ ਪ੍ਰਬੰਧ ਦਾ ਵਿਕਾਸ ਵਿੱਚ ਯੋਗਦਾਨ ਦੇ ਵਿਸ਼ੇ ਉਪਰ ਥੀਸਜ ਲਿਖਿਆ, ਜਿਸ ਕਰਕੇ ਪੰਜਾਬ ਯੂਨੀਵਰਸਿਟੀ ਵਲੋਂ ਉਨ੍ਹਾਂ ਨੂੰ ਡਾਕਟਰੇਟ ਦੀ ਡਿਗਰੀ ਦਿੱਤੀ ਗਈ। ਉਨ੍ਹਾਂ ਨੇ ਪੰਜਾਬ ਵਿੱਚ ਪਹਿਲੀ ਖੰਡ ਮਿਲ ਬਟਾਲਾ ਵਿਖੇ ਲਗਵਾਈ ਸੀ। ਡਾ. ਮਨੋਹਰ ਸਿੰਘ ਗਿੱਲ ਨੇ ਪੰਜਾਬ ਵਿੱਚ ਸੜਕਾਂ ਤੇ ਪ੍ਰੀਮਿਕਸ ਦੀ ਵਰਤੋਂ ਲਾਜਮੀ ਕੀਤੀ। ਕਿਸਾਨਾਂ ਨੂੰ ਵਿਚੋਲਿਆਂ ਦੀ ਲੁਟ ਤੋਂ ਬਚਾਉਣ ਲਈ ਆਪਣੀ ਮੰਡੀ ਦੀ ਪ੍ਰਣਾਲੀ ਪੰਜਾਬ ਵਿੱਚ ਲਾਗੂ ਕੀਤੀ। ਉਹ ਇੱਕ ਸੁਲਝੇ ਹੋਏ ਵਿਦਵਾਨ ਲੇਖਕ ਵੀ ਸਨ।

ਉਹ ਲੇਖਕ ਦੇ ਤੌਰ 'ਤੇ ਉਨ੍ਹਾਂ ਨੇ ਅੰਗਰੇਜ਼ੀ ਵਿੱਚ ਪੁਸਤਕਾਂ 'ਹਿਮਾਲੀਅਨ ਵੰਡਰਲੈਂਡ-ਟ੍ਰੈਵਲਜ਼ ਇਨ ਲਾਹੁਲ-ਸਪਿਤੀ' 'ਐਨ ਇੰਡੀਅਨ ਸਕਸੈਸ ਸਟੋਰੀ:ਐਗਰੀਕਲਚਰ ਐਂਡ ਕੋ-ਆਪ੍ਰੇਟਿਵ', 'ਪੁਟਿੰਗ ਭਗਤ ਸਿੰਘ ਸਟੈਚੂ ਇਨ ਪਾਰਲੀਮੈਂਟ', ਅਤੇ 'ਐਗਰੀਕਲਚਰ ਕੋਆਪ੍ਰੇਟਿਵਜ਼:ਏ ਕੇਸ ਸਟੱਡੀ ਆਫ ਪੰਜਾਬ' ਲਿਖੀਆਂ। ਕੁਝ ਪੁਸਤਕਾਂ ਦਾ ਪੰਜਾਬੀ ਵਿੱਚ ਅਨੁਵਾਦ ਜਗਵਿੰਦਰ ਜੋਧਾ ਅਤੇ ਪਵਨ ਗੁਲਾਟੀ ਨੇ ਵੀ ਕੀਤਾ ਹੈ। ਪੰਜਾਬੀ ਵਿੱਚ 'ਲਾਹੌਲ-ਸਪਿਤੀ ਦੀਆਂ ਕਹਾਣੀਆਂ', 'ਕਿਵੇਂ ਲੱਗਿਆ ਭਗਤ ਸਿੰਘ ਦਾ ਬੁੱਤ' ਅਤੇ ਭਾਰਤ ਵਿੱਚ ਸਫ਼ਲਤਾ ਦੀ ਗਾਥਾ, ਖੇਤੀਬਾੜੀ ਤੇ ਸਹਿਕਾਰੀ ਸੰਸਥਾਵਾਂ' ਵੀ ਪ੍ਰਕਾਸ਼ਤ ਹੋਈਆਂ ਹਨ। ਸਤੀਸ਼ ਗੁਲਾਟੀ ਅਨੁਸਾਰ ਦੋ ਹੋਰ ਪੁਸਤਕਾਂ 'ਨਾਈਜੇਰੀਅਨ ਯਾਤਰਾ' ਤੇ ਨਾਈਜੇਰੀਅਨ ਸਫਰਨਾਵਾਂ' ਪ੍ਰਕਾਸ਼ਨ ਅਧੀਨ ਹਨ। ਉਨ੍ਹਾਂ ਨੇ ਆਪਣੇ ਐਮ.ਪੀ.ਲੈਡ.ਫ਼ੰਡ ਵਿੱਚੋਂ ਬਹੁਤੇ ਖਰਚੇ ਖੇਡ ਸਟੇਡੀਅਮ, ਵਿਦਿਅਕ ਸੰਸਥਾਵਾਂ, ਪੰਜਾਬੀ ਸਾਹਿਤ ਅਕਾਡਮੀ ਅਤੇ ਸਾਹਿਤਕ ਭਵਨਾ ਦੀ ਉਸਾਰੀ ਲਈ ਖ਼ਰਚੇ। ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿੱਚ ਭਵਨ ਦੀ ਉਸਾਰੀ ਲਈ ਵੀ ਗ੍ਰਾਂਟ ਦਿੱਤੀ।

ਆਈ.ਏ.ਐਸ.ਵਿੱਚੋਂ ਸੇਵਾ ਮੁਕਤ ਹੋਣ ਉਪਰੰਤ ਉਨ੍ਹਾਂ ਨੂੰ 1993 ਵਿੱਚ ਭਾਰਤ ਦਾ ਚੋਣ ਕਮਿਸ਼ਨਰ ਲਗਾਇਆ ਗਿਆ ਅਤੇ 1996 ਵਿੱਚ ਮੁੱਖ ਚੋਣ ਕਮਿਸ਼ਨਰ ਬਣਾਇਆ ਗਿਆ ਅਤੇ 2001 ਤੱਥ ਇਸ ਅਹੁਦੇ 'ਤੇ ਰਹੇ। ਇਸ ਪਦਵੀ ਉਪਰ ਉਨ੍ਹਾਂ ਨੇ ਬੜੇ ਠਰੰਮੇ, ਦ੍ਰਿੜ੍ਹਤਾ ਅਤੇ ਧੜੱਲੇਦਾਰੀ ਨਾਲ ਲਗਾਤਾਰ ਚੋਣ ਦੇ ਬੁਨਿਆਦੀ ਸੁਧਾਰਾਂ ਦਾ ਸਿਲਸਿਲਾ ਜਾਰੀ ਰੱਖਿਆ। ਭਾਰਤ ਦੇ ਕਰੋੜਾਂ ਵੋਟਰਾਂ ਨੂੰ ਵੋਟਰ ਸ਼ਨਾਖਤੀ ਕਾਰਡ ਬਣਵਾਕੇ ਦਿੱਤੇ ਅਤੇ ਇਲੈਕਟਰੌਨਿਕ ਵੋਟਿੰਗ ਮਸ਼ੀਨਾ ਦੀ ਵਰਤੋਂ ਚਾਲੂ ਕਰਵਾਈ ਗਈ। ਵੋਟਾਂ ਦੌਰਾਨ ਧਨ ਦੀ ਵਰਤੋਂ ਰੋਕਣ ਲਈ ਚੋਣ ਪ੍ਰਚਾਰ ਦਾ ਸਮਾਂ ਘਟਾ ਦਿੱਤਾ ਗਿਆ। ਚੋਣਾਂ ਦੇ ਐਲਾਨ ਵਾਲੇ ਦਿਨ ਤੋਂ ਹੀ ਚੋਣ ਜਾਬਤਾ ਲਾਗੂ ਕਰਨਾ ਲਾਜ਼ਮੀ ਕੀਤਾ। ਰਾਜਨੀਤਕ ਦਲਾਂ ਦੀਆਂ ਅੰਦਰੂਨੀ ਚੋਣਾਂ ਵੀ ਜ਼ਰੂਰੀ ਕੀਤੀਆਂ। ਚੋਣ ਸਧਾਰਾਂ ਤੋਂ ਬਾਅਦ ਉਨ੍ਹਾਂ ਨੇ 12ਵੀਂ ਲੋਕ ਸਭਾ 1998, 13ਵੀਂ ਲੋਕ ਸਭਾ 1999, 11ਵੇਂ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ 1997 ਅਤੇ 20 ਵਿਧਾਨ ਸਭਾਵਾਂ ਦੀਆਂ ਜਨਰਲ ਚੋਣਾ ਸਫਲਤਾ ਪੂਰਬਕ ਕਰਵਾਈਆਂ ਸਨ। ਉਨ੍ਹਾਂ ਦੇ ਪਿਤਾ ਕਰਨਲ ਪ੍ਰਤਾਪ ਸਿੰਘ ਗਿੱਲ ਗੋਆ ਦੇ ਉਪ ਰਾਜਪਾਲ ਰਹੇ ਹਨ। ਉਨ੍ਹਾਂ ਦੇ ਵੱਡੇ ਵਡੇਰੇ ਮਾਝੇ ਦੇ ਪ੍ਰਸਿਧ ਪਿੰਡ ਜਾਤੀ ਉਮਰ ਜਿਲ੍ਹਾ ਅੰਮ੍ਰਿਤਸਰ ਦੇ ਨਿਵਾਸੀ ਸਨ। ਉਨ੍ਹਾਂ ਨੂੰ ਫਰਵਰੀ 2000 ਵਿੱਚ ਪਦਮ ਵਿਭੂਸ਼ਨ ਨਾਲ ਵੀ ਪੁਰਸਕਾਰਤ ਕੀਤਾ ਗਿਆ ਸੀ। ਉਨ੍ਹਾਂ ਦੀ ਪ੍ਰਬੰਧਕੀ ਕਾਬਲੀਅਤ ਨੂੰ ਮੁੱਖ ਰਖਦਿਆਂ 2004 ਵਿੱਚ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ। 22 ਮਈ 2009 ਨੂੰ ਡਾਕਟਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੇ ਮੰਤਰੀ ਮੰਡਲ ਵਿੱਚ ਰਾਜ ਮੰਤਰੀ ਆਜ਼ਾਦ ਚਾਰਜ ਬਣਾਇਆ ਗਿਆ। ਉਹ ਯੂਥ ਅਫੇਅਰਜ, ਸਪੋਰਟਸ ਅਤੇ 20 ਨੁਕਾਤੀ ਪ੍ਰੋਗਰਾਮ ਵਿਭਾਗਾਂ ਦੇ ਮੰਤਰੀ ਰਹੇ। ਉਹ ਸੰਸਦ ਦੀਆਂ ਬਹੁਤ ਸਾਰੀਆਂ ਕਮੇਟੀਆਂ ਦੇ ਮੈਂਬਰ ਵੀ ਰਹੇ। ਉਨ੍ਹਾਂ ਨੂੰ ਦਾਦਾ ਭਾਈ ਨਾਰੋਜੀ ਨਿਊ ਮਿਲੇਨੀਅਮ ਅੰਤਰਰਾਸ਼ਟਰੀ ਅਵਾਰਡ ਜਨਵਰੀ 2000 ਵਿੱਚ ਲਾਈਫ ਟਾਈਮ ਭਾਰਤ ਦੀ ਸੇਵਾ ਲਈ ਦਿੱਤਾ ਗਿਆ। ਖਾਲਸਾ ਸਾਜਨਾ ਦੇ 300 ਸਾਲਾ ਸਮਾਗਮਾ ਮੌਕੇ ਮਨੋਹਰ ਸਿੰਘ ਗਿੱਲ ਨੂੰ ਨਿਸ਼ਾਨੇ ਖਾਲਸਾ ਦਾ ਅਵਾਰਡ ਦਿੱਤਾ ਗਿਆ। ਉਨ੍ਹਾਂ ਦਾ ਵਿਆਹ 1965 ਵਿੱਚ ਵਿੰਨੀ ਗਿੱਲ ਨਾਲ ਹੋਇਆ। ਡਾ.ਮਨੋਹਰ ਸਿੰਘ ਗਿੱਲ ਦੇ ਤਿੰਨ ਧੀਆਂ ਹਨ। ਉਹ 15 ਅਕਤੂਬਰ 2023 ਨੂੰ ਸੰਖੇਪ ਬਿਮਾਰੀ ਤੋਂ ਬਾਅਦ ਦਿੱਲੀ ਵਿਖੇ 87 ਸਾਲ ਦੀ ਉਮਰ ਵਿੱਚ ਸਵਰਗ ਸਿਧਾਰ ਗਏ ਹਨ।


ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
94178 13072
ujagarsingh48@yahoo.com

## ਨਹੀਂ ਰਹੇ ਸਾਬਕਾ ਮੁੱਖ ਚੋਣ ਕਮਿਸ਼ਨਰ ਮਨੋਹਰ ਸਿੰਘ ਗਿੱਲ, 88 ਸਾਲ ਦੀ ਉਮਰ 'ਚ ਲਿਆ ਆਖਰੀ ਸਾਹ

ਸਾਬਕਾ ਮੁੱਖ ਚੋਣ ਕਮਿਸ਼ਨਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੋਹਰ ਸਿੰਘ ਗਿੱਲ ਦਾ ਐਤਵਾਰ ਨੂੰ ਦਿੱਲੀ ਦੇ ਇਕ ਹਸਪਤਾਲ 'ਚ ਦਿਹਾਂਤ ਹੋ ਗਿਆ। ਉਨ੍ਹਾਂ ਨੇ 88 ਸਾਲ ਦੀ ਉਮਰ 'ਚ ਆਖਰੀ ਸਾਹ ਲਿਆ। ਮਨੋਹਰ ਸਿੰਘ ਗਿੱਲ 2004-16 ਤੱਕ ਪੰਜਾਬ ਤੋਂ ਰਾਜ ਸਭਾ ਮੈਂਬਰ ਅਤੇ ਮਨਮੋਹਨ ਸਰਕਾਰ ਦੌਰਾਨ ਖੇਡ ਮੰਤਰੀ ਵੀ ਰਹਿ ਚੁੱਕੇ ਹਨ। ਉਨ੍ਹਾਂ ਦਾ ਜਨਮ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਅਲਾਦੀਨਪੁਰ 'ਚ ਹੋਇਆ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਿਵਾਰ ਦੇ ਕਰੀਬੀ ਸਾਬਕਾ ਚੇਅਰਮੈਨ ਸੁਬੇਗ ਸਿੰਘ ਧੁੰਨ ਨੇ ਦੱਸਿਆ ਕਿ ਇਹ ਪਿੰਡ ਅਲਾਦੀਨਪੁਰ ਅਤੇ ਤਰਨਤਾਰਨ ਜ਼ਿਲ੍ਹੇ ਲਈ ਬਹੁਤ ਹੀ ਮੰਦਭਾਗੀ ਖ਼ਬਰ ਹੈ ਕਿਉਂਕਿ ਉਨ੍ਹਾਂ ਨੇ ਖੇਡ ਮੰਤਰੀ ਹੁੰਦਿਆਂ ਤਰਨਤਾਰਨ ਜ਼ਿਲ੍ਹੇ ਲਈ ਬਹੁਤ ਉਪਰਾਲੇ ਕੀਤੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਭਲਕੇ ਦਿੱਲੀ ਵਿੱਚ ਕੀਤਾ ਜਾਵੇਗਾ। ਪ੍ਰਕਾਸ਼ ਸਿੰਘ ਬਾਦਲ ਦੇ ਅਧੀਨ ਮਨੋਹਰ ਸਿੰਘ ਗਿੱਲ ਇਕ ਨੌਜਵਾਨ ਅਧਿਕਾਰੀ ਵਜੋਂ ਸੇਵਾ ਨਿਭਾ ਚੁੱਕੇ ਸਨ। ਉਨ੍ਹਾਂ ਦਸੰਬਰ 1996 ਤੋਂ ਜੂਨ 2001 ਦਰਮਿਆਨ ਮੁੱਖ ਚੋਣ ਕਮਿਸ਼ਨਰ (ਸੀਈਸੀ) ਵਜੋਂ ਵੀ ਕੰਮ ਕੀਤਾ। ਜਦੋਂ ਟੀਐੱਨ ਸ਼ੇਸ਼ਾਨ ਚੋਣ ਕਮਿਸ਼ਨ ਦੇ ਮੁਖੀ ਸਨ ਤਾਂ ਗਿੱਲ ਅਤੇ ਜੀਵੀਜੀ ਕ੍ਰਿਸ਼ਨਾਮੂਰਤੀ ਨੂੰ ਚੋਣ ਕਮਿਸ਼ਨ ਦਾ ਮੈਂਬਰ ਬਣਾਇਆ ਗਿਆ ਸੀ। ਇਕ ਸਾਬਕਾ ਸਰਕਾਰੀ ਅਧਿਕਾਰੀ ਦੱਸਣ ਮੁਤਾਬਕ ਉਹ ਰਾਜਨੀਤੀ ਵਿੱਚ ਆਉਣ ਵਾਲੇ ਸ਼ਾਇਦ ਪਹਿਲੇ ਸਾਬਕਾ ਸੀਈਸੀ ਹਨ। ਗਿੱਲ ਕਾਂਗਰਸ ਮੈਂਬਰ ਵਜੋਂ ਰਾਜ ਸਭਾ ਪਹੁੰਚੇ ਅਤੇ 2008 ਵਿੱਚ ਕੇਂਦਰੀ ਖੇਡ ਮੰਤਰੀ ਬਣੇ। ਗਿੱਲ ਆਪਣੇ ਪਿੱਛੇ ਪਤਨੀ ਅਤੇ 3 ਧੀਆਂ ਛੱਡ ਗਏ ਹਨ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮਨੋਹਰ ਸਿੰਘ ਗਿੱਲ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕੀਤਾ ਅਤੇ ਦੇਸ਼ ਦੇ ਵਿਕਾਸ 'ਚ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਖੜਗੇ ਨੇ ਐਕਸ 'ਤੇ ਇਕ ਪੋਸਟ 'ਚ ਕਿਹਾ ਕਿ ਉਹ ਸਾਬਕਾ ਕੇਂਦਰੀ ਮੰਤਰੀ ਪਦਮ ਵਿਭੂਸ਼ਣ ਮਨੋਹਰ ਸਿੰਘ ਗਿੱਲ ਦੇ ਦਿਹਾਂਤ 'ਤੇ ਬਹੁਤ ਦੁਖੀ ਹਨ। ਯੂਪੀਏ ਸਰਕਾਰ ਵਿੱਚ ਇਕ ਵੱਡਮੁੱਲੇ ਸਹਿਯੋਗੀ ਦੇ ਰੂਪ ਵਿੱਚ ਅਤੇ ਪਹਿਲਾਂ ਇਕ ਸਿਵਲ ਸੇਵਕ ਦੇ ਰੂਪ ਵਿੱਚ, ਖੇਡਾਂ, ਚੋਣ ਪ੍ਰਕਿਰਿਆਵਾਂ ਅਤੇ ਖੇਤੀਬਾੜੀ ਵਰਗੇ ਵੱਖ-ਵੱਖ ਖੇਤਰਾਂ ਵਿੱਚ ਰਾਸ਼ਟਰ ਦੇ ਵਿਕਾਸ 'ਚ ਉਨ੍ਹਾਂ ਦੇ ਯੋਗਦਾਨ ਨੂੰ ਲੰਬੇ ਸਮੇਂ ਤੱਕ ਯਾਦ ਰੱਖਿਆ ਜਾਵੇਗਾ।

# ਝੂਠ ਉੱਤੇ ਸੱਚ ਦੀ ਜਿੱਤ ਦੁਸਹਿਰਾ

ਭਗਵਾਨ ਸ੍ਰੀ ਰਾਮ ਨੇ ਦਸ਼ਮੀ ਦੇ ਦਿਨ ਹੀ ਰਾਵਣ ਦਾ ਵਧ ਕੀਤਾ ਅਤੇ ਉਸ 'ਤੇ ਜਿੱਤ ਹਾਸਲ ਕੀਤੀ। ਇਸ ਲਈ ਦੁਸਹਿਰੇ ਦੇ ਤਿਉਹਾਰ ਨੂੰ ਵਿਜੇਦਸ਼ਮੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। 'ਦੁਸਹਿਰਾ' ਸ਼ਬਦ ਵੀ ਸੰਸਿਤ ਤੋਂ ਲਿਆ ਗਿਆ ਹੈ। 'ਦਸ਼' ਦਾ ਅਰਥ ਦਸ਼ਾਨਨ ਭਾਵ 10 ਮੁਖ ਵਾਲੇ ਰਾਵਣ ਤੋਂ ਹੈ ਅਤੇ 'ਹਾਰਾ' ਦਾ ਸੰਬੰਧ ਰਾਵਣ ਨੂੰ ਰਾਮ ਤੋਂ ਮਿਲੀ ਹਾਰ ਨਾਲ ਹੈ। ਇਸ ਲਈ ਇਸ ਤਿਉਹਾਰ ਨੂੰ ਬਦੀ 'ਤੇ ਨੇਕੀ ਦੀ ਜਿੱਤ ਦੇ ਤਿਉਹਾਰ ਦੇ ਰੂਪ 'ਚ ਮਨਾਇਆ ਜਾਂਦਾ ਹੈ।

ਮਾਂ ਦੁਰਗਾ ਨੇ ਦੈਂਤ ਮਹਿਸ਼ਾਸੁਰ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇਣ ਲਈ ਉਸ ਨਾਲ ਪ੍ਰਚੰਡ ਯੁੱਧ ਕੀਤਾ ਜੋ ਨੌਂ ਦਿਨ ਅਤੇ ਨੌਂ ਰਾਤਾਂ ਤੱਕ ਚੱਲਿਆ। ਇਸ ਲਈ ਦਸਵੇਂ ਦਿਨ ਮਾਂ ਦੁਰਗਾ ਨੇ ਮਹਿਸ਼ਾਸੁਰ ਦੈਂਤ ਦਾ ਵਧ ਕਰ ਦਿੱਤਾ। ਪ੍ਰਾਚੀਨ ਕਾਲ ਤੋਂ ਹੀ ਯੋਧਾ ਨਰਾਤਰੇ ਕਾਲ 'ਚ ਸ਼ਕਤੀ ਪੂਜਾ ਕਰਦੇ ਆ ਰਹੇ ਹਨ। ਆਸ਼ਵਿਨ ਨਰਾਤਿਆਂ 'ਚ ਸਿੱਧੀ ਪ੍ਰਾਪਤੀ 'ਚ ਕੁਦਰਤ ਵੀ ਸਹਾਇਕ ਹੁੰਦੀ ਹੈ ?

ਵਿਜੇ ਦਸ਼ਮੀ (ਦੁਸਹਿਰਾ) ਸਿਰਫ ਇਕ ਤਿਉਹਾਰ ਹੀ ਨਹੀਂ, ਇਹ ਪ੍ਰਤੀਕ ਹੈ ਝੂਠ 'ਤੇ ਸੱਚ ਦੀ ਜਿੱਤ ਦਾ, ਸਾਹਸ ਦਾ, ਬਿਨਾਂ ਸਵਾਰਥ ਸਹਾਇਤਾ ਅਤੇ ਮਿੱਤਰਤਾ ਦਾ। ਇਹ ਤਿਉਹਾਰ ਸੰਦੇਸ਼ ਦਿੰਦਾ ਹੈ ਕਿ ਬਦੀ 'ਤੇ ਨੇਕੀ ਦੀ ਹਮੇਸ਼ਾ ਜਿੱਤ ਹੁੰਦੀ ਹੈ। ਇਸ ਗੱਲ ਨੂੰ ਸਮਝਾਉਣ ਲਈ ਦੁਸਹਿਰੇ ਦੇ ਦਿਨ ਰਾਵਣ ਦੇ ਪ੍ਰਤੀਕਾਤਮਕ ਰੂਪ ਦਾ ਦਹਿਨ ਕੀਤਾ ਜਾਂਦਾ ਹੈ। ਜੇਕਰ ਸਮਾਜਿਕ ਤੌਰ 'ਤੇ ਇਸ ਤਿਉਹਾਰ ਦੇ ਮਹੱਤਵ ਦੀ ਗੱਲ ਕਰੀਏ ਤਾਂ ਇਹ ਤਿਉਹਾਰ ਖੁਸ਼ੀ ਅਤੇ ਸਮਾਜਿਕ ਮੇਲ-ਜੋਲ ਦਾ ਪ੍ਰਤੀਕ ਹੈ। ਰਾਵਣ ਨਾਲ ਲੜਾਈ

**ਕ੍ਰਿਸ਼ਨ ਪਾਲ ਛਾਬੜਾ, ਗੋਰਾਇਆ**

ਸਮੇਂ ਹਥਿਆਰਾਂ ਦਾ ਵੀ ਇਸਤੇਮਾਲ ਹੋਇਆ ਸੀ ਇਸ ਲਈ ਦੁਸਹਿਰੇ ਨੂੰ ਹਥਿਆਰ ਪੂਜਾ ਦੇ ਨਾਲ ਵੀ ਜੋੜਿਆ ਜਾਂਦਾ ਹੈ। ਸਾਨੂੰ ਸਾਡੀ ਸੰਸਿਤੀ ਦੇ ਹੀ ਕੁਝ ਪੰਨਿਆਂ ਤੋਂ ਅੱਗੇ ਵਧਣ ਦੀ ਉਮੀਦ ਮਿਲਦੀ ਹੈ। ਰਾਮਾਇਣ ਸਾਨੂੰ ਸਿੱਖਿਆ ਦਿੰਦੀ ਹੈ ਕਿ ਝੂਠ ਅਤੇ ਬੁਰਾਈ ਦੀਆਂ ਤਾਕਤਾਂ ਕਿੰਨੀਆਂ ਵੀ ਵੱਧ ਹੋ ਜਾਣ ਪਰ ਅੱਛਾਈ ਦੇ ਸਾਹਮਣੇ ਉਨ੍ਹਾਂ ਦਾ ਵਜੂਦ ਇਕ ਨਾ ਇਕ ਦਿਨ ਮਿਟ ਕੇ ਰਹਿੰਦਾ ਹੈ। ਹਨੇਰੇ ਦੀ ਇਸ ਮਾਰ ਨਾਲ ਮਨੁੱਖ ਹੀ ਨਹੀਂ ਭਗਵਾਨ ਵੀ ਪੀੜਤ ਹੋ ਚੁੱਕੇ ਹਨ ਪਰ ਸੱਚ ਅਤੇ ਅੱਛਾਈ ਨੇ ਹਮੇਸ਼ਾ ਸਹੀ ਵਿਅਕਤੀ ਦਾ ਸਾਥ ਦਿੱਤਾ। ਭਗਵਾਨ ਵਿਸ਼ਣੂ ਦੇ ਅਵਤਾਰ ਭਗਵਾਨ ਸ਼੍ਰੀ ਰਾਮ ਦੇ 14 ਸਾਲਾਂ ਦੇ ਬਨਵਾਸ ਸਮੇਂ ਰਾਵਣ ਨੇ ਸੀਤਾ ਮਾਤਾ ਦਾ ਹਰਨ ਕੀਤਾ ਸੀ। ਉਸ ਕੋਲੋਂ ਸੀਤਾ ਜੀ ਨੂੰ ਮੁਕਤ ਕਰਵਾਉਣ ਲਈ ਪ੍ਰਭੂ ਸ਼੍ਰੀ ਰਾਮ ਅਤੇ ਉਨ੍ਹਾਂ ਦੀ ਸੈਨਾ ਨੇ ਦਸ ਦਿਨ ਜੰਗ ਕੀਤੀ ਸੀ, ਜਿਸ 'ਚ ਰਾਵਣ ਦਾ ਅੰਤ ਹੋਇਆ।

ਦੁਸਹਿਰੇ ਦਾ ਤਿਉਹਾਰ ਦਸ ਪਾਪਾਂ ਕਾਮ, ਕ੍ਰੋਧ, ਲੋਭ, ਮਦ, ਮੋਹ, ਮਦ, ਹੰਕਾਰ, ਆਲਸ, ਹਿੰਸਾ ਅਤੇ ਚੋਰੀ ਦੇ ਤਿਆਗ ਦੀ ਪ੍ਰੇਰਣਾ ਪ੍ਰਦਾਨ ਕਰਦਾ ਹੈ। ਦੁਸਹਿਰਾ ਭਾਰਤ ਦੇ ਉਨ੍ਹਾਂ ਤਿਉਹਾਰਾਂ 'ਚੋਂ ਹੈ, ਜਿਸ ਦਾ ਉਤਸ਼ਾਹ ਦੇਖਦੇ ਹੀ ਬਣਦਾ ਹੈ। ਵੱਡੇ-ਵੱਡੇ ਪੁਤਲੇ ਅਤੇ ਝਾਕੀਆਂ ਇਸ ਤਿਉਹਾਰ ਦਾ ਮੁੱਖ ਆਕਰਸ਼ਣ ਹਨ। ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਪੁਤਲਿਆਂ ਦੇ ਰੂਪ 'ਚ ਲੋਕ ਬੁਰੀਆਂ ਤਾਕਤਾਂ ਨੂੰ ਸਾੜਨ ਦਾ ਪ੍ਰਣ ਲੈਂਦੇ ਹਨ।

ਇਸ ਦਿਨ ਜਲੇਬੀ ਖਾਣ ਦਾ ਖਾਸ ਮਹੱਤਵ ਹੈ। ਦੁਸ਼ਹਿਰਾ ਅੱਜ ਵੀ ਲੋਕਾਂ ਦੇ ਦਿਲਾਂ 'ਚ ਭਗਤੀ ਭਾਵ ਨੂੰ ਜਗਾ ਰਿਹਾ ਹੈ। ਇਸ ਨੂੰ ਦੇਸ਼ ਦੇ ਹਰ ਹਿੱਸੇ 'ਚ ਮਨਾਇਆ ਜਾਂਦਾ ਹੈ। ਬੰਗਾਲ 'ਚ ਇਸ ਨੂੰ ਨਾਰੀ ਸ਼ਕਤੀ ਦੀ ਉਪਾਸਨਾ ਅਤੇ ਮਾਤਾ ਦੁਰਗਾ ਦੀ ਪੂਜਾ-ਅਰਚਨਾ ਲਈ ਉੱਤਮ ਸਮੇਂ 'ਚੋਂ ਇਕ ਮੰਨਿਆ ਜਾਂਦਾ ਹੈ। ਬੰਗਾਲ 'ਚ ਲੋਕ 5 ਦਿਨਾਂ ਤਕ




ਮਾਂ ਦੁਰਗਾ ਦੀ ਪੂਜਾ-ਅਰਚਨਾ ਕਰਦੇ ਹਨ, ਜਿਸ 'ਚ ਚਾਰ ਦਿਨਾਂ ਦਾ ਵੱਖਰਾ ਮਹੱਤਵ ਹੈ। ਇਹ ਪੂਜਾ ਦੇ 7ਵੇਂ, 8ਵੇਂ, 9ਵੇਂ ਅਤੇ 10ਵੇਂ ਦਿਨ ਹੁੰਦੇ ਹਨ, ਜਿਨ੍ਹਾਂ ਨੂੰ ਲੜੀਵਾਰ ਸਪਤਮੀ, ਅਸ਼ਟਮੀ, ਨੌਵੀਂ ਅਤੇ ਦਸ਼ਮੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਦਸਵੇਂ ਦਿਨ ਮੂਰਤੀਆਂ ਦੀਆਂ ਝਾਕੀਆਂ ਕੱਢ ਕੇ ਗੰਗਾ 'ਚ ਉਨ੍ਹਾਂ ਨੂੰ ਵਿਸਰਜਿਤ ਕੀਤਾ ਜਾਂਦਾ ਹੈ। ਗੁਜਰਾਤ 'ਚ ਗਰਬਾ, ਹਿਮਾਚਲ 'ਚ ਕੁੱਲੂ ਦਾ ਦੁਸਹਿਰਾ ਤਿਉਹਾਰ ਦੇਖਣ ਯੋਗ ਹੁੰਦਾ ਹੈ। ਦੁਸਹਿਰੇ 'ਤੇ ਤਿੰਨ ਪੁਤਲਿਆਂ ਨੂੰ ਸਾੜ ਕੇ ਵੀ ਅਸੀਂ ਆਪਣੇ ਮਨ 'ਚੋਂ ਝੂਠ, ਕਪਟ ਅਤੇ ਛਲ ਨੂੰ ਨਹੀਂ ਕੱਢ ਸਕੇ। ਸਾਨੂੰ ਦੁਸਹਿਰੇ ਦੇ ਅਸਲੀ ਸੰਦੇਸ਼ ਨੂੰ ਆਪਣੇ ਜੀਵਨ 'ਚ ਅਮਲ 'ਚ ਲਿਆਉਣਾ ਹੋਵੇਗਾ ਤਾਂ ਹੀ ਇਸ ਤਿਉਹਾਰ ਨੂੰ ਮਨਾਉਣਾ ਸਾਰਥਕ ਹੋਵੇਗਾ।

*'ਘਰ ਦਾ ਭੇਤੀ ਲੰਕਾਂ ਢਾਏ'*

# ਬਦੀ ਉੱਤੇ ਨੇਕੀ ਦੀ ਜਿੱਤ ਦੁਸਹਿਰਾ



ਵੈਸੇ ਤਾਂ ਪੰਜਾਬ ਵਿੱਚ ਸਾਰਾ ਸਾਲ ਹੀ ਤਿਉਹਾਰ ਚੱਲਦੇ ਰਹਿੰਦੇ ਹਨ। ਪਰ ਸਿਆਲਾਂ ਦੀ ਆਮਦ ਦੇ ਤਿਉਹਾਰਾਂ ਵਿੱਚ ਦੁਸਹਿਰਾ ਸਭ ਤੋਂ ਪਹਿਲਾ ਖਾਸ ਤਿਉਹਾਰ ਹੈ। ਇਹ ਨੌਂ ਨਵਰਾਤਰਿਆਂ ਤੋਂ ਬਾਅਦ ਹੁੰਦਾ ਹੈ। ਦੁਸਹਿਰੇ ਦੇ ਤਿਉਹਾਰ ਨੂੰ 'ਵਿਜਯ ਦਸ਼ਮੀ' ਵੀ ਕਿਹਾ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਦਾ ਸ਼ਬਦ 'ਵਿਜਯ' ਜਿਸ ਦਾ ਅਰਥ ਹੈ ਜਿੱਤ। ਦੁਸਹਿਰਾ ਦੇ ਇਤਿਹਾਸ ਬਾਰੇ ਸਾਰੇ ਪੰਜਾਬੀ ਭਲੀ-ਬਾਤ ਜਾਣਦੇ ਹਨ ਕਿ ਇਸ ਦਾ ਸਬੰਧ ਭਗਵਾਨ ਸ਼ੀ ਰਾਮ ਚੰਦਰ ਜੀ ਨਾਲ ਹੈ। ਵੇਸੈ ਇਹ ਵੀ ਜਿਕਰਯੋਗ ਗੱਲ ਹੈ ਕਿ ਰਾਵਣ ਵੀ ਇਕ ਸ਼ਕਤੀ ਸ਼ਾਲੀ ਰਾਜਾ ਸੀ। ਉਂਞ ਤਾਂ ਰਾਵਣ ਬਹੁਤ ਗਿਆਨੀ ਪੰਡਤ ਸੀ, ਪਰ ਮਨ 'ਚ ਹੰਕਾਰ ਹੋਣ ਕਾਰਨ ਯੁੱਧ ਵਿਚ ਉਸਦੀ ਹਾਰ ਹੋਈ, ਹਾਰ ਦਾ ਕਾਰਨ ਉਸ ਦੇ ਭਰਾਂ ਵੱਲੋਂ ਧੋਖਾ ਕਰਨਾ ਹੈ ਇਹ ਦੁਨੀਆਂ ਲਈ ਇੱਕ ਸੇਧ ਦੇਣ ਵਾਲੀ ਗੱਲ ਵੀ ਹੈ ਕਿ ਆਪਣੇ ਵੀ ਕਈ ਵਾਰ ਦਗਾ ਕਮਾ ਜਾਦੇ ਹਨ ਇਸ ਲਈ ਕਿਸੇ ਤੇ ਵੀ ਅੱਖਾਂ ਮੀਚ ਕੇ ਵਿਸ਼ਵਾਸ ਕਰਨਾ ਹਾਰ ਦਾ ਕਾਰਨ ਬਣਦਾ ਹੈ ਤਾਂਹੀ ਕਿਹਾ ਜਾਦਾ ਹੈ 'ਘਰ ਦਾ ਭੇਤੀ ਲੰਕਾਂ ਢਾਏ'।

ਮੇਰਾ ਮਕਸਦ ਕਿਸੇ ਵੀ ਧਰਮ ਨੂੰ ਠੇਸ ਪਹੁੰਚਾਉਣਾ ਨਹੀਂ ਹੈ ਪਰ ਅਸਲ ਵਿੱਚ ਵੇਖਿਆ ਜਾਵੇ ਤਾਂ ਰਾਵਣ ਬਹੁੱਤ ਵੱਡਾ ਵਿਦਵਾਨ ਸੀ। ਉਸਦਾ ਕਸੂਰ ਇਹ ਸੀ ਕਿ ਉਸਨੇ ਭਗਵਾਨ ਸ੍ਰੀ ਰਾਮ ਦੀ ਪਤਨੀ ਸੀਤਾ ਦਾ ਹਰਣ ਕੀਤਾ ਸੀ। ਪੜ੍ਹਣ ਤੇ ਸੁਣਨ ਦੇ ਮੁਤਾਬਿਕ ਇਸ ਦਾ ਕਾਰਨ ਇਹ ਸੀ ਕਿ ਰਾਵਣ ਦੀ ਭੈਣ ਸਰੂਪਨਖ਼ਾ ਲਕਸ਼ਮਣ ਨੂੰ ਪਸੰਦ ਕਰਦੀ ਸੀ ਤੇ ਜਤੀ-ਸਤੀ ਹੋਣ ਕਰਕੇ ਲਕਸ਼ਮਣ ਨੇ ਗੁੱਸੇ 'ਚ ਸਰੂਪਨਖ਼ਾ ਦਾ ਨੱਕ ਵੱਡ ਦਿੱਤਾ ਸੀ। ਭੈਣ ਨਾਲ਼ ਹੋਈ ਇਸ ਬੇਇਨਸਾਫੀ ਦਾ ਬਦਲਾ ਲੈਣ ਲੈਈ ਰਾਵਣ ਨੇ ਸੀਤਾ ਹਰਣ ਕੀਤਾ। ਰਾਵਣ ਨੇ ਸੀਤਾ ਨੂੰ ਅਸ਼ੋਕ ਵਾਟਿਕਾ 'ਚ ਰੱਖਿਆ, ਜਿੱਥੇ ਉਸਦੇ ਖਾਣ-ਪੀਣ ਤੇ ਆਰਾਮ ਦਾ ਪੂਰਨ ਪ੍ਰਬੰਧ ਕੀਤਾ ਗਿਆ ਸੀ। ਉਹ ਪੂਰੀ ਤਰ੍ਹਾਂ ਮਹਿਫੂਜ ਸੀ। ਇਹ ਵੀ ਜਿਕਰਯੋਗ ਗੱਲ ਹੈ ਕਿ ਰਾਵਣ ਨੇ ਸੀਤਾ ਦਾ ਹਰਨ ਕੀਤਾ ਸੀ ਪਰ ਉਸਦੇ ਚਰਿੱਤਰ ਉਪਰ ਕੋਈ ਦਾਗ਼ ਨਹੀਂ ਹੈ। ਪਰ ਜੁਰਮ ਕੋਈ ਵੀ ਹੋਵੇ ਉਸਦੀ ਸਜਾ ਤਾਂ ਜਰੂਰ ਮਿਲਣੀ ਚਾਹੀਦੀ ਹੈ। ਰਾਵਣ ਨੂੰ ਉਸ ਦੇ ਕੀਤੇ ਦੀ ਸਜਾ ਮਿਲੀ। ਅੱਜ ਕਈ ਸਦੀਆਂ ਬਾਅਦ ਵੀ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲੇ ਸਾੜ ਕੇ ਦੁਸਹਿਰੇ ਨੂੰ ਬਦੀ ਤੇ ਨੇਕੀ ਦੀ ਜਿੱਤ ਕਹਿ ਦਿੱਤਾ ਜਾਦਾ ਹੈ।

ਜੇਕਰ ਅੱਜ ਦੇ ਰਾਵਣ ਵੱਲ ਵੇਖੀਏ ਜੋਂ ਸ਼ਰੇਆਮ ਤੁਰੇ ਫਿਰਦੇ ਹਨ। ਉਸ ਰਾਵਣ ਨੇ ਤਾਂ ਸੀਤਾ ਦਾ ਕੇਵਲ ਅਪਹਰਣ ਹੀ ਕੀਤਾ ਸੀ, ਅਜੋਕੇ ਰਾਵਣਾਂ ਨੇ ਤਾਂ ਅੱਤਿਆਚਾਰ ਦੀ ਹੱਦ ਹੀ ਪਾਰ ਕਰ ਦਿੱਤੀ ਹੈ। ਮਾਸੂਮ ਬੱਚੀਆਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਕੀ ਉਨ੍ਹਾਂ ਰਾਵਣਾ ਦੇ ਪੁਤਲੇ ਸਾੜਨ ਦੀ ਜਰੂਰਤ ਨਹੀਂ ? ਉਹ ਤਾਂ ਅਪੀਲਾ ਕਰ ਕਰ ਕੇ ਆਪਣੇ ਕੀਤੇ ਜੁਰਮਾਂ ਨੂੰ ਠੰਡਾ ਕਰ ਦਿੰਦੇ ਹਨ ਤੇ ਜਿਸ ਦਿਨ ਉਨ੍ਹਾਂ ਦੇ ਜੁਰਮ ਲੋਕਾ ਦੇ ਮਨੋਂ ਵਿਸਰ ਜਾਦੇ ਹਨ, ਉਸ ਦਿਨ ਉਹ ਲੈ-ਦੇ ਕੇ ਚੁੱਪ-ਚਪੀਤੇ ਰਿਹਾਅ ਹੋ ਕੇ ਲੋਕਾਂ ਦੀ ਭੀੜ ਵਿੱਚ ਸ਼ਾਮਲ ਹੋਂ ਜਾਦੇ ਹਨ। ਆਮ ਹੀ ਲੋਕ ਥੋੜੇ ਚਿਰ ਬਾਅਦ ਕਿਸੇ ਦੇ ਕੀਤੇ ਜੁਰਮਾ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਪਰ ਫਿਰ ਰਾਵਣ ਵਿਚਾਰਾ ਪਤਾ ਨਹੀਂ ਕਿਉਂ ਸਦੀਆਂ ਤੋਂ ਆਪਣੇ ਕੀਤੇ ਦੀ ਸਜਾ ਭੁਗਤ ਰਿਹਾ ਹੈ। ਅਸਲ ਵਿੱਚ ਅਸੀਂ ਅਜੇ ਤੱਕ ਆਪਣੇ ਅੰਦਰ ਬੈਠੇ ਰਾਵਣਾਂ ਨੂੰ ਨਹੀਂ ਜਲਾ ਸਕੇ। ਅੱਜ ਇਸ ਕਲਯੁਗ ਦੇ ਸਮੇਂ ਆਸੇ ਪਾਸੇ ਨਿਗ੍ਹਾ ਮਾਰ ਕੇ ਦੇਖਿਏ ਤਾਂ ਸਾਡਾ ਆਲਾ ਦੁਆਲਾ ਹੀ ਰਾਵਣਾਂ ਨਾਲ ਭਰਿਆ ਪਿਆ ਹੈ। ਅੱਜ ਤਾਂ ਰਾਵਣ ਹੀ ਹਰ ਪਾਸੇ ਪ੍ਰਧਾਨ ਹਨ। ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਵੀ ਆਉਣ ਵਾਲੇ ਸਮੇਂ ਵੱਲ ਨਿਗ੍ਹਾ ਮਾਰ ਕੇ ਕਿਹਾ ਸੀ 'ਕੂੜ ਹੋਇਆ ਪ੍ਰਧਾਨ ਵੇ ਲਾਲੋ।' ਉਨ੍ਹਾਂ ਦੀ ਕਹੀ ਅੱਜ ਸੱਚ ਹੋਈ ਜਾ ਰਹੀਂ ਹੈ।

ਅੱਜ ਦੁਸਹਿਰਾ ਮਨਾਉਣਾ ਸਾਡੇ ਲਈ ਧਾਰਮਿਕ ਪ੍ਰੰਮਪਰਾ ਨਾ ਹੋਂ ਕੇ ਸਿਰਫ ਮੇਲਾ ਵੇਖਣ ਵਾਲੀ ਪ੍ਰਵਿਰਤੀ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਹੜਾ ਦੁਸਹਿਰਾ ਅਸੀਂ ਮੇਲੇ ਦੇ ਰੂਪ ਵਿੱਚ ਮਨਾਉਂਦੇ ਹਾਂ ਉਸ ਦੀ ਗੱਲ ਕਰੀਏ ਤਾਂ ਸਾਰੇ ਦੇਸ਼ ਵਿੱਚ ਦੁਸਹਿਰਾ ਕਿਸੇ ਨਾ ਕਿਸੇ ਰੂਪ ਵਿੱਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉੱਤਰ ਵਿੱਚ ਜੇ ਕੁੱਲੂ ਦਾ ਦੁਸਹਿਰਾ ਪ੍ਰਸਿੱਧ ਹੈ ਤਾਂ ਦੱਖਣ ਵਿੰਚ ਮੈਸੂਰ ਦਾ ਦੁਸਹਿਰਾ ਇਸ ਤੋਂ ਵੰਧ ਮਹੱਤਤਾ ਰੱਖਦਾ ਹੈ। ਮੈਸੂਰ ਵਿੱਚ ਦੁਸਹਿਰੇ ਨੂੰ 'ਵਿਜਯ



**-ਭਵਨਦੀਪ ਸਿੰਘ ਪੁਰਬਾ**

ਦਸ਼ਮੀ' ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਸਾਡੇ ਇਥੇ ਸ਼ਹਿਰਾਂ ਵਿੱਚ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਬੁੱਤ ਬਣਾ ਕੇ ਸਾੜੇ ਜਾਂਦੇ ਹਨ ਇਨ੍ਹਾਂ ਬੁੱਤਾਂ 'ਤੇ ਤਕਰੀਬਨ ਅੱਸੀ ਹਜਾਰ ਤੋਂ ਲੈ ਕੇ ਡੇਢ ਲੱਖ ਰੁਪਏ ਤੱਕ ਖਰਚ ਆਉਂਦਾ ਹੈ। ਦੁਸਹਿਰਾ ਕਮੇਟੀਆਂ ਬੜੀ ਮਿਹਨਤ ਕਰਦੀਆਂ ਹਨ। ਦੁਸਹਿਰਾ ਕਮੇਟੀਆਂ ਆਪਣੇ ਆਪਣੇ ਸ਼ਹਿਰਾਂ ਦੇ ਮਾਲਕਾਂ ਡਿਪਟੀ ਕਮਿਸ਼ਨਰ ਸਾਹਿਬਾਨਾ ਨੂੰ, ਐਸ.ਡੀ.ਐਮ. ਸਾਹਿਬਾਨਾਂ ਨੂੰ, ਐਮ.ਐਲ.ਏ ਜਾਂ ਭਰੀਆਂ ਜੇਬਾ ਵਾਲੇ ਵਪਾਰੀਆਂ ਨੂੰ ਜਾਂ ਕਿਸੇ ਹੋਰ ਮੰਤਰੀਆਂ-ਸੰਤਰੀਆਂ ਜਿਸ ਕੋਲੋਂ ਚਾਰ ਸ਼ਿੱਲੜ ਮਿਲਣ ਦੀ ਆਸ ਹੋਵੇ, ਉਨ੍ਹਾਂ ਨੂੰ ਮੁੱਖ ਮਹਿਮਾਣ ਬਣ ਕੇ ਆਉਣ ਦਾ ਸੱਦਾ ਪੱਤਰ ਦਿੰਦਿਆਂ ਹਨ। ਮੁੱਖ ਮਹਿਮਾਣ ਦੇ ਆਉਣ ਸਾਰ ਮਿੰਟਾਂ ਵਿੱਚ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਸੜ ਕੇ ਸੁਆਹ ਹੋ ਜਾਂਦੇ ਹਨ ਤੇ ਸਾਰੇ ਖੁਸ਼ ਹੋ ਜਾਂਦੇ ਹਨ ਕਿ ਬਦੀ ਉੱਪਰ ਨੇਕੀ ਦੀ ਜਿੱਤ ਹੋ ਗਈ। ਬੁੱਤ ਸੜਣ ਉਪਰੰਤ ਲੋਂਕ ਖਿੱਡਣੇ ਸ਼ੁਰੂ ਹੋ ਜਾਂਦੇ ਹਨ। ਕਈ ਲੋਕ ਰਾਵਣ ਦੇ ਪੁਤਲੇ ਦੀਆਂ ਅੱਧ ਸੜੀਆਂ ਲੱਕੜਾਂ ਚੁੱਕ ਕੇ ਘਰ ਲੈ ਜਾਂਦੇ ਹਨ ਉਹਨਾ ਦਾ ਮੰਨਣਾ ਹੈ ਕਿ ਇਨ੍ਹਾਂ ਲੱਕੜਾਂ ਨੂੰ ਘਰ ਵਿੱਚ ਰੱਖਣ ਨਾਲ ਛੋਟੇ ਬੱਚਿਆਂ ਨੂੰ ਡਰ ਨਹੀਂ ਲੱਗਦਾ, ਧੰਨ ਵਿੰਚ ਵਾਧਾ ਹੁੰਦਾ ਹੈ ਤੇ ਘਰ ਵਿੱਚ ਸ਼ਾਂਤੀ ਬਣੀ ਰਹਿੰਦੀ ਹੈ।

ਖੂਬਸੂਰਤ ਪਹਾੜਾਂ ਵਿਚ ਬਿਆਸ ਦਰਿਆ ਦੇ ਕਿਨਾਰੇ ਸਥਿਤ ਸੁੰਦਰ ਸ਼ਹਿਰ ਕੁੱਲੂ (ਹਿਮਾਚਲ ਪ੍ਰਦੇਸ਼) ਦਾ ਦੁਸਹਿਰਾ ਬੜਾ ਮਸ਼ਹੂਰ ਹੈ ਪਰ ਉਥੇ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਨਹੀਂ ਸਾੜੇ ਜਾਦੇ। ਉੱਥੇ ਦੁਸਹਿਰਾ ਹਫਤਾ ਭਰ ਮਨਾਇਆ ਜਾਂਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਇਥੇ ਦੁਸਹਿਰਾ ਦੇਖਣ ਲਈ ਪਹੁੰਚਦੇ ਹਨ। ਕੁੱਲੂ ਵਾਦੀ ਦੇ ਲੋਕ ਬਹੁੱਤ ਹੀ ਸੁੰਦਰ ਤਰੀਕੇ ਨਾਲ ਆਪਣੇ ਪਿੰਡ ਵਿਚ ਆਪਣੇ ਦੇਵੀ-ਦੇਵਤੇ ਦੀ ਪਾਲਕੀ ਤਿਆਰ ਕਰਦੇ ਹਨ। ਆਪਣੇ ਦੇਵੀ-ਦੇਵਤੇ ਦੀ ਮੂਰਤੀ ਪਾਲਕੀ ਵਿੱਚ ਰੱਖ ਕੇ ਉਸਨੂੰ ਮੋਢਿਆਂ 'ਤੇ ਚੁੱਕ ਕੇ ਆਪਣੇ ਪਿੰਡ ਤੋਂ ਪੈਦਲ ਚੱਲ ਕੇ ਕੁੱਲੂ ਸ਼ਹਿਰ ਤੱਕ ਜਾਦੇ ਹਨ। ਸ਼ਰਧਾਲੂ ਨੱਚਦੇ ਟੱਪਦੇ ਹੋਏ ਬੈਂਡ ਵਾਜਿਆਂ ਸਮੇਤ ਕੁੱਲੂ ਦੇ ਬਾਜਾਰਾਂ ਵਿਚੋਂ ਦੀ ਗੁਜਰਦੇ ਹੋਏ ਰਘੁਨਾਥ ਜੀ ਦੇ ਮੰਦਰ ਵਿੱਚ ਪਹੁੰਚਦੇ ਹਨ ਅਤੇ ਪੂਜਾ ਅਚਰਨਾ ਕਰਦੇ ਹਨ। ਦੇਸ਼ ਦੇ ਵੱਖ-ਵੱਖ ਰਾਜਾ ਤੋਂ ਤੇ ਵੱਖ-ਵੱਖ ਬਲੀਆਂ ਦੇ ਗਾਇਕ, ਕਲਾਕਾਰ ਇਸ ਮੇਲੇ ਵਿਚ ਸ਼ਾਮਲ ਹੋਣ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਕਈ ਪ੍ਰਾਈਵੇਟ ਤੇ ਸਰਕਾਰੀ ਅਦਾਰਿਆਂ ਵਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਦੀਆਂ ਹਨ ਜਿਥੇ ਵਾਜਬ ਰੇਟਾ ਤੇ ਵਸਤੂਆਂ ਮਿਲਦੀਆਂ ਹਨ। ਇਥੇ ਇੱਕ ਖਾਸੀਅਤ ਹੈ ਕਿ ਦੁਸਹਿਰੇ ਵਿੱਚ ਕੋਈ ਵੀ ਵਿਅਕਤੀ ਸ਼ਰਾਬ ਪੀ ਕੇ ਜਾਂ ਨਸ਼ਾ ਕਰਕੇ ਨਹੀਂ ਆਉਂਦਾ। ਇਹ ਸਾਰਾ ਨਜਾਰਾ ਵੇਖਣਯੋਗ ਹੁੰਦਾ ਹੈ।

ਸਮੁੱਚੇ ਦੇਸ਼ ਵਿੱਚ ਦੁਸਹਿਰੇ ਵਾਲੇ ਦਿਨ ਖਰੀਦਦਾਰੀ ਕਰਨੀ ਵਧੀਆ ਮੰਨੀ ਜਾਦੀ ਹੈ। ਇਸ ਦਿਨ ਸੋਨਾ, ਚਾਂਦੀ ਤੇ ਵਾਹਨਾਂ ਦੀ ਖਰੀਦਦਾਰੀ ਬਹੁੱਤ ਜਿਆਦਾ ਵਧੀਆਂ ਮੰਨੀ ਜਾਦੀ ਹੈ। ਬਹੁੱਤ ਲੋਕ ਇਸ ਦਿਨ ਨਵੇ ਕੰਮ ਦਾ ਆਰੰਭ ਕਰਨਾ ਸ਼ੁਭ ਮੰਨਦੇ ਹਨ। ਵਪਾਰੀ ਲੋਕ ਇਸ ਦਿਨ ਨਵੇਂ ਵਹੀ ਖਾਤੇ ਸ਼ੁਰੂ ਕਰਨਾ ਸ਼ੁਭ ਸਮਝਦੇ ਹਨ। ਦੁਸਹਿਰੇ ਦੇ ਮੇਲੇ ਤੋਂ ਵਾਪਸੀ ਤੇ ਲੋਕ ਜਲੇਬੀਆਂ, ਪਕੌੜੇ, ਪਟਾਕੇ, ਲੜੀਆਂ ਆਦਿ ਦੀ ਖਰੀਦੋ-ਫਰੋਖਤ ਕਰਦੇ ਹਨ। ਦੁਸਹਿਰੇ ਪਿਛੇ ਇਤਿਹਾਸਕ, ਰਾਜਨੀਤਿਕ ਤੇ ਸਮਾਜਿਕ ਕਾਰਣਾ ਦਾ ਅਧਿਐਨ ਕਰਨ ਦਾ ਆਮ ਆਦਮੀ ਜਰੂਰਤ ਨਹੀਂ ਸਮਝਦਾ। ਉਸ ਲਈ ਤਾਂ ਦੁਸਹਿਰਾ ਕੁੱਝ ਮਿੰਟਾਂ ਦਾ ਮਨੋਰੰਜਣ ਬਣ ਕੇ ਰਹਿ ਗਿਆ ਹੈ।

ਚਲੋਂਸ਼ ਦੁਸਹਿਰੇ ਦੇ ਬਹਾਨੇ ਆਪਸੀ ਭਾਈਚਾਰਕ ਸਾਂਝ ਤਾਂ ਪੈਦਾ ਹੁੰਦੀ ਹੈ। ਦੁਸਹਿਰਾ ਮਨਾਉਣਾ ਸਾਡੇ ਲਈ ਫੇਰ ਵੀ ਸਫਲ ਹੀ ਸਮਝਿਆ ਜਾ ਸਕਦਾ ਹੈ, ਜੇਕਰ ਦੁਸਹਿਰਾ ਅਸੀਂ ਆਪਸੀ ਪ੍ਰੇਮ, ਸਦਭਾਵਨਾ ਨਾਲ ਮਿਲ ਕੇ ਮਨਾਈਏ। ਸਮਾਜ ਵਿੱਚੋ ਨਫਰਤ, ਪਾਪ, ਜਬਰ-ਜੁਲਮ, ਹੰਕਾਰ ਦਾ ਖਾਤਮਾ ਕਰਨ ਅਤੇ ਸਰਬੱਤ ਦਾ ਭਲਾ ਕਰਨ ਦਾ ਯਤਨ ਕਰੀਏ।

# ਏਸ਼ਿਆਈ ਖੇਡਾਂ ’ਚ ਭਾਰਤ ਦੀ ਸ਼ਾਨਦਾਰ ਕਾਰਗੁਜ਼ਾਰੀ ਤੋਂ ਹਰ ਕੋਈ ਕਾਇਲ ਹੈ






*ਹਾਲ ਹੀ ਵਿਚ ਸਮਾਪਤ ਹੋਈਆਂ ਏਸ਼ਿਆਈ ਖੇਡਾਂ ਵਿਚ ਭਾਰਤ ਦਾ ਪ੍ਰਦਰਸ਼ਨ ਇਤਿਹਾਸਕ ਰਿਹਾ ਹੈ ਜਿਸ ਵਿਚ ਦੇਸ਼ ਨੇ 28 ਸੋਨੇ ਦੇ ਤਗਮਿਆਂ ਸਮੇਤ 107 ਮੈਡਲ ਜਿੱਤ ਕੇ ਆਪਣਾ ਸਰਬਸ੍ਰੇਸ਼ਠ ਪ੍ਰਦਰਸ਼ਨ ਕੀਤਾ। ਇਹ ਕਾਮਯਾਬੀ ਸਾਡੇ ਐਥਲੀਟਾਂ, ਕੋਚਾਂ ਅਤੇ ਸਹਾਇਕ ਕਰਮੀਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਨੂੰ ਦਰਸਾਉਂਦੀ ਹੈ। ਏਸ਼ਿਆਈ ਖੇਡਾਂ ਵਿਚ 2018 ਦੀ ਤੁਲਨਾ ਵਿਚ 52 ਫ਼ੀਸਦੀ ਵੱਧ ਮੈਡਲ ਮਿਲਣ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਹੁਣ ਭਾਰਤ ਦਾ ਸਮਾਂ ਆ ਗਿਆ ਹੈ।*

ਬਚਪਨ ਵਿਚ ਇਕ ਕਹਾਵਤ ਵਾਰ-ਵਾਰ ਸੁਣੀ ਸੀ ਕਿ ‘ਖੇਲੋਂਗੇ-ਕੂਦੋਂਗੇ ਹੋਗੇ ਖ਼ਰਾਬ, ਪੜ੍ਹੋਂਗੇ-ਲਿਖੋਂਗੇ ਤੋ ਬਨੋਂਗੇ ਨਵਾਬ।’ ਮੈਂ ਇਕ ਖਿਡਾਰੀ ਰਿਹਾ ਹਾਂ ਅਤੇ ਇਹ ਕਹਾਵਤ ਕਈ ਵਾਰ ਸੁਣੀ ਹੈ। ਸਮੇਂ ਦੇ ਨਾਲ ਸੋਚ ਬਦਲੀ ਅਤੇ ਅੱਜ ਅਸੀਂ ਉਸ ਦੌਰ ਵਿਚ ਖੜ੍ਹੇ ਹਾਂ ਜਿੱਥੇ ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ ਕਿ ‘ਖੇਲੋਂਗੇ ਤੋ ਖਿਲੋਂਗੇ।’ ਅੱਜ ਇਹ ਬਦਲਾਅ ਆਇਆ ਹੈ ਤਾਂ ਸਾਡੇ ਖਿਡਾਰੀਆਂ ਦੀ ਸਖ਼ਤ ਮਿਹਨਤ ਤੇ ਕੇਂਦਰ ਸਰਕਾਰ ਦੀਆਂ ਅਸਰਦਾਰ ਦੂਰਦਰਸ਼ੀ ਨੀਤੀਆਂ ਕਾਰਨ। ਹਾਲ ਹੀ ਵਿਚ ਸਮਾਪਤ ਹੋਈਆਂ ਏਸ਼ਿਆਈ ਖੇਡਾਂ ਵਿਚ ਭਾਰਤ ਦਾ ਪ੍ਰਦਰਸ਼ਨ ਇਤਿਹਾਸਕ ਰਿਹਾ ਹੈ ਜਿਸ ਵਿਚ ਦੇਸ਼ ਨੇ 28 ਸੋਨੇ ਦੇ ਤਗਮਿਆਂ ਸਮੇਤ 107 ਮੈਡਲ ਜਿੱਤ ਕੇ ਆਪਣਾ ਸਰਬਸ੍ਰੇਸ਼ਠ ਪ੍ਰਦਰਸ਼ਨ ਕੀਤਾ। ਇਹ ਕਾਮਯਾਬੀ ਸਾਡੇ ਐਥਲੀਟਾਂ, ਕੋਚਾਂ ਅਤੇ ਸਹਾਇਕ ਕਰਮੀਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਨੂੰ ਦਰਸਾਉਂਦੀ ਹੈ। ਏਸ਼ਿਆਈ ਖੇਡਾਂ ਵਿਚ 2018 ਦੀ ਤੁਲਨਾ ਵਿਚ 52 ਫ਼ੀਸਦੀ ਵੱਧ ਮੈਡਲ ਮਿਲਣ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਹੁਣ ਭਾਰਤ ਦਾ ਸਮਾਂ ਆ ਗਿਆ ਹੈ।

ਜਿਸ ਆਤਮ-ਵਿਸ਼ਵਾਸ ਦੇ ਨਾਲ ਸਾਡੇ ਐਥਲੀਟਾਂ ਨੇ ਏਸ਼ੀਆਡ ਵਿਚ ਹਿੱਸਾ ਲਿਆ ਅਤੇ ਕਈ ਵਿਵਾਦਾਂ ਦੌਰਾਨ ਵੀ ਡਟੇ ਰਹੇ, ਉਹ ਉਨ੍ਹਾਂ ਦੀ ਹਾਂ-ਪੱਖੀ ਸੋਚ ਨੂੰ ਦਰਸਾਉਂਦਾ ਹੈ ਕਿ ਹੁਣ ਸਾਡੇ ਖਿਡਾਰੀ ਸਿਰਫ਼ ਮੁਕਾਬਲੇ ਵਿਚ ਸ਼ਾਮਲ ਹੋਣ ਲਈ ਨਹੀਂ ਖੇਡ ਰਹੇ ਬਲਕਿ ਜਿੱਤਣ ਲਈ ਹਿੱਸਾ ਲੈ ਰਹੇ ਹਨ। ਜਿਸ ਦ੍ਰਿੜ੍ਹ ਸੰਕਲਪ ਨਾਲ ਪਾਰੂਲ ਚੌਧਰੀ ਨੇ ਅੰਤਿਮ 10 ਸਕਿੰਟਾਂ ਵਿਚ ਆਪਣੀ ਵਿਰੋਧੀ ਨੂੰ ਪਛਾੜ ਕੇ 5000 ਮੀਟਰ ਦੌੜ ਵਿਚ ਗੋਲਡ ਮੈਡਲ ਜਿੱਤਿਆ, ਉਸ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਅੰਤ ਤੱਕ ਹਾਰ ਨਹੀਂ ਮੰਨੀ ਅਤੇ ਉਹ ਚਾਂਦੀ ਦੇ ਤਗਮੇ ਤੋਂ ਸੰਤੁਸ਼ਟ ਹੋਣ ਲਈ ਤਿਆਰ ਨਹੀਂ ਸੀ। ਅੱਜ ਭਾਰਤ ਦਾ ਹਰ ਐਥਲੀਟ ‘ਗੋਲਡ ਮੈਡਲ’ ਹਾਸਲ ਕਰਨ ਨੂੰ ਆਪਣਾ ਟੀਚਾ ਬਣਾਉਣਾ ਚਾਹੁੰਦਾ ਹੈ। ਖੇਡ ਪ੍ਰਸ਼ੰਸਕਾਂ ਦੇ ਮਨ ਵਿਚ ਇਹ ਉੱਠਦਾ ਹੋਵੇਗਾ




ਕਿ ਸਾਡੇ ਐਥਲੀਟਾਂ ਨੇ ਹਮੇਸ਼ਾ ਸਖ਼ਤ ਮਿਹਨਤ ਕੀਤੀ ਹੈ ਤਾਂ ਹੁਣ ਅਜਿਹਾ ਕੀ ਬਦਲ ਗਿਆ? ਇਹ ਬਦਲਾਅ ਮੌਜੂਦਾ ਕੇਂਦਰ ਸਰਕਾਰ ਲਿਆਈ ਹੈ। ਅੱਜ ਖੇਡ ਦੇ ਮੈਦਾਨ ਵਿਚ ਖਿਡਾਰੀ ਇਕੱਲਾ ਨਹੀਂ ਉਤਰਦਾ, ਉਸ ਦੇ ਪਿੱਛੇ ਦੇਸ਼ ਖੜ੍ਹਾ ਹੁੰਦਾ ਹੈ। ਸੰਨ 2014 ਵਿਚ ਟਾਰਗੈਟ ਓਲੰਪਿਕ ਪੋਡੀਅਮ ਯੋਜਨਾ ਸ਼ੁਰੂ ਕੀਤੀ ਗਈ। ਇਸ ਯੋਜਨਾ ਤਹਿਤ ਐਥਲੀਟਾਂ ਨੂੰ ਵਿਦੇਸ਼ੀ ਤਕਨੀਕ ਦਾ ਅਹਿਸਾਸ, ਕੌਮਾਂਤਰੀ ਪੱਧਰ ਦੀ ਸਿਖਲਾਈ, ਵਿਸ਼ਵ ਦੇ ਸਰਬੋਤਮ ਕੋਚ, ਖੇਡ ਸਾਜ਼ੋ-ਸਾਮਾਨਾਂ ਅਤੇ ਆਹਾਰ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ। ਖ਼ਾਸ ਐਥਲੀਟਾਂ ਨੂੰ ਹਰ ਮਹੀਨੇ 50,000 ਰੁਪਏ ਅਤੇ ਡਿਵੈਲਪਮੈਂਟ ਐਥਲੀਟਾਂ ਲਈ 25,000 ਰੁਪਏ ਦੀ ਗ੍ਰਾਂਟ ਦਿੱਤੀ ਜਾਂਦੀ ਹੈ। ਇਕ ਸਪੋਰਟਿੰਗ ਦੇਸ਼ ਤਦੇ ਬਿਹਤਰ ਹੈ ਜਦ ਉਸ ਕੋਲ ਹੁਨਰਮੰਦ ਖਿਡਾਰੀ ਹੋਣ। ਇਸ ਲਈ ਪ੍ਰਧਾਨ ਮੰਤਰੀ ਨੇ 2017 ਵਿਚ ਇਕ ਯੋਜਨਾ ‘ਖੇਲੋ ਇੰਡੀਆ’ ਦੀ ਸ਼ੁਰੂਆਤ ਕੀਤੀ ਸੀ ਜਿਸ ਦਾ ਮਕਸਦ ਜ਼ਮੀਨੀ ਪੱਧਰ ’ਤੇ ਹੁਨਰ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ਵਿਚ ਦੇਸ਼ ਦੀ ਨੁਮਾਇੰਦਗੀ ਕਰਨ ਲਈ ਤਿਆਰ ਕਰਨਾ ਹੈ। ਹਰੇਕ ਸਾਲ ਵੱਖ-ਵੱਖ ਵਰਗਾਂ ਵਿਚ 1000 ਨਵੇਂ ਐਥਲੀਟਾਂ ਨੂੰ ਖੇਲੋ ਇੰਡੀਆ ਯੋਜਨਾ ਨਾਲ ਜੋੜਿਆ ਜਾਂਦਾ ਹੈ ਅਤੇ ਹਰੇਕ ਐਥਲੀਟ ਨੂੰ ਹਰ ਸਾਲ 6.20 ਲੱਖ ਰੁਪਏ ਦੀ ਧਨਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ ਜਿਸ ਵਿਚ ਉਨ੍ਹਾਂ ਦਾ ਭੋਜਨ, ਆਵਾਸ, ਸਿਖਲਾਈ, ਵਿਸ਼ੇਸ਼ ਆਹਾਰ ਅਤੇ ਪ੍ਰਤੀ ਮਹੀਨਾ 10000 ਰੁਪਏ ਦਾ ਜੇਬ ਖ਼ਰਚਾ ਸ਼ਾਮਲ ਹੁੰਦਾ ਹੈ।

ਉਨ੍ਹਾਂ ਨੂੰ ਅਤਿ-ਆਧੁਨਿਕ ‘ਖੇਲੋ ਇੰਡੀਆ ਕੇਂਦਰਾਂ’ ਅਤੇ ‘ਸਪੋਰਟਸ ਅਥਾਰਟੀ ਆਫ ਇੰਡੀਆ’ ਦੇ ਕੇਂਦਰਾਂ ਵਿਚ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਫਿਰ ਉੱਨਤ ਸਿਖਲਾਈ ਲਈ ਟਾਰਗੈਟ ਓਲੰਪਿਕ ਪੋਡੀਅਮ ਸਕੀਮ ਵਿਕਾਸ ਸਮੂਹ ਵਿਚ ਸ਼ਾਮਲ ਕੀਤਾ ਜਾਂਦਾ ਹੈ। ਖੇਲੋ ਇੰਡੀਆ ਯੋਜਨਾ ਨੇ ਭਾਰਤ ਵਿਚ ਹੁਨਰਮੰਦ ਖਿਡਾਰੀਆਂ ਦੇ ਇਕ ਸਮੂਹ ਦੇ ਨਿਰਮਾਣ ਵਿਚ ਚਮਤਕਾਰੀ ਭੂਮਿਕਾ ਨਿਭਾਈ ਹੈ। ਇਹ ਇਕ ਮਹੱਤਵਪੂਰਨ ਪ੍ਰਾਪਤੀ ਹੈ ਕਿ ਖੇਲੋ ਇੰਡੀਆ ਯੋਜਨਾ ਤਹਿਤ ਸਿਖਲਾਈ ਪ੍ਰਾਪਤ 124 ਐਥਲੀਟ ਏਸ਼ਿਆਈ ਖੇਡਾਂ ਵਿਚ ਭਾਰਤੀ ਦਲ




ਦਾ ਹਿੱਸਾ ਸਨ। ਡਿਵੈਲਪਮੈਂਟ ਐਥਲੀਟਾਂ ਨੂੰ ਆਗਾਮੀ 2028 ਅਤੇ 2032 ਦੀਆਂ ਓਲੰਪਿਕ ਖੇਡਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਿਖਲਾਈ ਦਿੱਤੀ ਜਾ ਰਹੀ ਹੈ ਅਤੇ ਉਨ੍ਹਾਂ ’ਚੋਂ ਕਈ ਖਿਡਾਰੀਆਂ ਨੇ ਇਨ੍ਹਾਂ ਏਸ਼ਿਆਈ ਖੇਡਾਂ ਵਿਚ ਵੀ ਮੈਡਲ ਜਿੱਤੇ ਹਨ। ਉਨ੍ਹਾਂ ਦੀ ਭਾਗੀਦਾਰੀ ਉਨ੍ਹਾਂ ਨੂੰ ਭਵਿੱਖ ਦੀਆਂ ਓਲੰਪਿਕ ਖੇਡਾਂ ਲਈ ਤਿਆਰ ਕਰੇਗੀ। ਖੇਡਾਂ ਅਤੇ ਸਾਡੀਆਂ ਖੇਡ ਪ੍ਰਤਿਭਾਵਾਂ ਦੀ ਤਰੱਕੀ ਇਸੇ ਤੋਂ ਸਪਸ਼ਟ ਹੈ ਕਿ ਅਸੀਂ ਰੋਲਰ ਸਕੇਟਿੰਗ, ਕਿਸ਼ਤੀ ਚਾਲਨ, ਘੁੜਸਵਾਰੀ, ਸਟੀਪਲਚੇਜ਼ ਸਹਿਤ ਵੱਖ-ਵੱਖ ਖੇਡਾਂ ਵਿਚ ਪਹਿਲੀ ਵਾਰ 16 ਤਗਮੇ ਜਿੱਤੇ ਹਨ। ਛੇ ਸ਼੍ਰੇਣੀਆਂ ਵਿਚ ਅਸੀਂ ਕਈ ਮੈਡਲ ਵੀ ਜਿੱਤੇ ਹਨ। ਖੇਡ ਬਜਟ ਨੂੰ ਬੀਤੇ ਸਾਲ ਦੀ ਤੁਲਨਾ ਵਿਚ ਤਿੰਨ ਗੁਣਾ ਕਰ ਦਿੱਤਾ ਹੈ। ਇਕੱਲੀਆਂ ਇਨ੍ਹਾਂ ਏਸ਼ਿਆਈ ਖੇਡਾਂ ਲਈ ਐਥਲੀਟਾਂ ਨੂੰ 275 ਤੋਂ ਵੱਧ ਵਿਦੇਸ਼ ਦੌਰੇ ਕਰਵਾਏ ਗਏ, ਖਿਡਾਰੀਆਂ ਦੀ ਸਹਾਇਤਾ ਲਈ 49 ਤੋਂ ਵੱਧ ਵਿਦੇਸ਼ੀ ਮਾਹਰਾਂ ਅਤੇ 200 ਤੋਂ ਵੱਧ ਖੇਡ ਵਿਗਿਆਨ ਮਾਹਰਾਂ ਦੀ ਸਹਾਇਤਾ ਲਈ ਗਈ। ਅਭਿਆਸ ਲਈ 75 ਵਿਸ਼ੇਸ਼ ਕੈਂਪ ਲਗਾਏ ਗਏ ਜਿੱਥੇ ਹਰੇਕ ਐਥਲੀਟ ਨੂੰ 200 ਤੋਂ ਵੱਧ ਕੈਂਪ ਦਿਨਾਂ ਦੀ ਸਿਖਲਾਈ ਮਿਲੀ।

ਨੀਰਜ ਚੋਪੜਾ ਨੇ ਟੋਕੀਓ ਓਲੰਪਿਕ ਤੋਂ ਬਾਅਦ ਤੋਂ 586 ਦਿਨਾਂ ਤੋਂ ਵੱਧ ਸਮੇਂ ਤੱਕ ਯੂਰਪ, ਦੱਖਣੀ ਅਫ਼ਰੀਕਾ ਅਤੇ ਅਮਰੀਕਾ ਵਿਚ ਸਿਖਲਾਈ ਲਈ। ਸਾਬਲੇ ਨੇ ਅਮਰੀਕਾ, ਸਵਿਟਜ਼ਰਲੈਂਡ, ਹੰਗਰੀ ਅਤੇ ਮੋਰੱਕੋ ਵਿਚ ਟਰੇਨਿੰਗ ਲਈ। ਕਿਸ਼ਤੀ ਦੌੜ ਦੇ ਪ੍ਰਤੀਭਾਗੀਆਂ ਨੂੰ 2.88 ਕਰੋੜ ਰੁਪਏ ਦੀ ਵਿਦੇਸ਼ੀ ਸਿਖਲਾਈ ਅਤੇ ਸਾਜ਼ੋ-ਸਾਮਾਨ ਦਿੱਤੇ ਗਏ ਜਦਕਿ ਨਿਸ਼ਾਨੇਬਾਜ਼ਾਂ ਨੂੰ ਜਰਮਨੀ, ਇਟਲੀ, ਫਰਾਂਸ ਤੇ ਚੈੱਕ ਗਣਰਾਜ ਵਿਚ ਸਿਖਲਾਈ ਕੈਂਪਾਂ ਵਿਚ ਸਿਖਲਾਈ ਦਿੱਤੀ ਗਈ ਜਿਸ ’ਤੇ ਚਾਰ ਕਰੋੜ ਰੁਪਏ ਨਿਵੇਸ਼ ਹੋਏ। ਇਨ੍ਹਾਂ ਸਹੂਲਤਾਂ ਸਦਕਾ ਖਿਡਾਰੀਆਂ ਨੂੰ ਉੱਨਤ ਸਿਖਲਾਈ ਮਿਲੀ। ਕਈ ਖਿਡਾਰੀਆਂ ਨੇ ਦੱਸਿਆ ਕਿ ਹੁਣ ਜਦ ਉਹ ਦੇਸ਼ ਦੀ ਨੁਮਾਇੰਦਗੀ ਕਰਦੇ ਹਨ ਤਾਂ ਉਨ੍ਹਾਂ ਵਿਚ ਉਤਸ਼ਾਹ ਭਰਿਆ ਰਹਿੰਦਾ ਹੈ। ਉਨ੍ਹਾਂ ਕੋਲ ਵਿਸ਼ਵ ਦੇ ਸ੍ਰੇਸ਼ਠ ਖਿਡਾਰੀਆਂ ਵਰਗੀ ਸਿਖਲਾਈ ਹੈ ਪਰ ਜੋ ਚੀਜ਼ ਉਨ੍ਹਾਂ ਨੂੰ ਹੋਰ ਦੇਸ਼ਾਂ ਦੇ ਖਿਡਾਰੀਆਂ ਤੋਂ ਅਲੱਗ ਕਰਦੀ ਹੈ, ਉਹ ਹੈ ਲੋਕਾਂ ਤੋਂ ਮਿਲਣ ਵਾਲਾ ਬੇਹੱਦ ਸਮਰਥਨ। ਕਿਸੇ ਵੀ ਮੁੱਖ ਮੁਕਾਬਲਿਆਂ ਲਈ ਰਵਾਨਾ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਖਿਡਾਰੀਆਂ ਨੂੰ ਮਿਲਦੇ ਹਨ। ਜਿੱਤ ਹੋਵੇ ਜਾਂ ਹਾਰ, ਉਹ ਖਿਡਾਰੀਆਂ ਨਾਲ ਸੰਵਾਦ ਕਰਦੇ ਹਨ ਅਤੇ ਉਨ੍ਹਾਂ ਵਿਚ ਊਰਜਾ ਦਾ ਸੰਚਾਰ ਕਰਦੇ ਹਨ। ਏਸ਼ੀਅਨ ਗੇਮਜ਼ ਉਸ ਵਿਸ਼ਵਾਸ ਤੇ ਭਵਿੱਖਬਾਣੀ ਨੂੰ ਤਾਕਤ ਬਖ਼ਸ਼ਦਾ ਹੈ ਕਿ ਭਾਰਤ ਦਾ ਯੁੱਗ ਆ ਚੁੱਕਾ ਹੈ।



# ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਸਮੂਹ ਪਾਰਟੀਆਂ ਇਕਮੁੱਠ ਹੋਣ

ਹਰਜਿੰਦਰ ਸਿੰਘ ਲਾਲ

**ਏਕ ਹੀ ਹਾਦਸਾ ਤੋ ਹੈ,**
**ਔਰ ਵੋ ਯੇ ਹੈ ਕਿ ਆਜ ਤਕ,**
**ਬਾਤ ਨਹੀਂ ਕਹੀ ਗਈ,**
**ਬਾਤ ਨਹੀਂ ਸੁਨੀ ਗਈ। (ਜੌਨ ਏਲੀਆ)**

ਸਾਡੀ ਪੰਜਾਬੀਆਂ ਦੀ ਤ੍ਰਾਸਦੀ ਹੈ ਕਿ ਅਸੀਂ ਬਾਬੇ ਨਾਨਕ ਦੀ ਸਿੱਖਿਆ 'ਕਿਛੁ ਸੁਣੀਐ ਕਿਛੁ ਕਹੀਐ' ਦੇ ਅਮਲ ਤੋਂ ਬਹੁਤ ਦੂਰ ਚਲੇ ਗਏ ਹਾਂ। ਪਿਛਲੇ ਕਈ ਦਹਾਕਿਆਂ ਤੋਂ ਨਹੀਂ ਸਗੋਂ ਸਦੀਆਂ ਤੋਂ ਹੀ ਅਸੀਂ ਜੋ ਗੱਲ ਕਹੀ ਜਾਣੀ ਚਾਹੀਦੀ ਹੈ, ਨਹੀਂ ਕਹਿ ਰਹੇ ਤੇ ਜੋ ਗੱਲ ਸੁਣੀ ਜਾਣੀ ਚਾਹੀਦੀ ਹੈ ਨਹੀਂ ਸੁਣ ਰਹੇ। ਹੁਣ ਵੀ ਜਦੋਂ ਸੁਪਰੀਮ ਕੋਰਟ ਨੇ ਸਾਡੇ ਤੇ ਐਸ.ਵਾਈ.ਐਲ. ਦੀ ਉਸਾਰੀ ਕਰਵਾਉਣ ਦੀਆਂ ਤਿਆਰੀਆਂ ਕਰਨ ਦਾ ਫਰਮਾਨ ਫਿਰ ਲੱਦ ਦਿੱਤਾ ਹੈ, ਤਾਂ ਅਸੀਂ ਆਪਸੀ ਦੂਸ਼ਣਬਾਜ਼ੀ ਦੀ ਖੇਡ 'ਤੇ ਉਤਰ ਆਏ ਹਾਂ। ਸਾਨੂੰ ਕਿਸੇ ਨੂੰ ਜਿਵੇਂ ਪੰਜਾਬ ਦਾ ਕੋਈ ਦਰਦ ਹੀ ਨਹੀਂ। ਹਰ ਰਾਜਸੀ ਪਾਰਟੀ ਆਪੋ-ਆਪਣੇ ਵਿਰੋਧੀਆਂ ਨੂੰ ਉਸ ਦੀਆਂ ਕਮੀਆਂ ਲੋਕਾਂ ਅੱਗੇ ਰੱਖ ਕੇ ਬਦਨਾਮ ਕਰਨ ਦੇ ਰਾਹ ਤੁਰੀ ਹੋਈ ਹੈ। ਜਿਸ ਦਾ ਪੰਜਾਬ ਨੂੰ ਕੋਈ ਫਾਇਦਾ ਤਾਂ ਨਹੀਂ ਹੋਣਾ, ਹਾਂ ਨੁਕਸਾਨ ਜ਼ਰੂਰ ਵੱਟ 'ਤੇ ਪਿਆ ਹੈ। ਸਾਡੀ ਆਪਸੀ ਲੜਾਈ ਸਾਡੇ ਵਿਰੋਧੀਆਂ ਨੂੰ ਆਪਣੇ ਮਨਸੂਬੇ ਲਾਗੂ ਕਰਨ ਦਾ ਮੌਕਾ ਜ਼ਰੂਰ ਦੇਵੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਪਾਸੇ ਤਾਂ ਵਿਧਾਨ ਸਭਾ ਦਾ ਸੈਸ਼ਨ ਬੁਲਾ ਲਿਆ ਹੈ, ਜਿਸ ਵਿਚ ਐਸ.ਵਾਈ.ਐਲ. ਦੇ ਮੁੱਦੇ 'ਤੇ ਕੋਈ ਮਤਾ ਪਾਸ ਕੀਤੇ ਜਾਣ ਦੇ ਆਸਾਰ ਹਨ ਪਰ ਦੂਜੇ ਪਾਸੇ ਉਨ੍ਹਾਂ ਨੇ ਆਪਣੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਘੇਰਨ ਲਈ ਖੁੱਲ੍ਹੀ ਬਹਿਸ ਦੀ ਚੁਣੌਤੀ ਵੀ ਦੇ ਦਿੱਤੀ ਹੈ। ਅਜਿਹਾ ਜਾਪਦਾ ਹੈ ਕਿ ਆਮ ਆਦਮੀ ਪਾਰਟੀ ਨੇ ਫ਼ੈਸਲਾ ਕਰ ਲਿਆ ਹੈ ਕਿ ਐਸ.ਵਾਈ.ਐਲ. ਦੇ ਮਾਮਲੇ 'ਤੇ ਕੋਈ ਸਾਂਝੀ ਰਾਏ ਨਹੀਂ ਬਣਾਉਣੀ ਸਗੋਂ 2024 ਦੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਵਿਰੋਧੀ ਪਾਰਟੀਆਂ ਨੂੰ ਪੰਜਾਬ ਦੇ ਪਾਣੀਆਂ ਅਤੇ ਹੋਰ ਮਾਮਲਿਆਂ ਵਿਚ ਉਨ੍ਹਾਂ ਵਲੋਂ ਭੂਤਕਾਲ ਵਿਚ ਕੀਤੀਆਂ ਗ਼ਲਤੀਆਂ ਲਈ ਜ਼ਿੰਮੇਵਾਰ ਸਾਬਤ ਕਰਕੇ ਚੋਣਾਂ ਜਿੱਤਣੀਆਂ ਹਨ। ਵਿਰੋਧੀ ਪਾਰਟੀਆਂ ਵੀ ਸਿਰਫ਼ ਜਵਾਬੀ ਇਲਜ਼ਾਮ ਤਰਾਸ਼ੀ ਹੀ ਕਰ ਰਹੀਆਂ ਹਨ।

ਅਸੀਂ ਮੁੱਖ ਮੰਤਰੀ ਜੀ ਨੂੰ ਇਕ ਗੱਲ ਸਪੱਸ਼ਟ ਰੂਪ ਵਿਚ ਕਹਿਣਾ ਚਾਹੁੰਦੇ ਹਾਂ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀਆਂ ਵਿਰੋਧੀ ਰਵਾਇਤੀ ਪਾਰਟੀਆਂ ਨੇ ਸੱਤਾ ਵਿਚ ਰਹਿੰਦਿਆਂ ਪੰਜਾਬ ਦੇ ਵੱਖ-ਵੱਖ ਮਾਮਲਿਆਂ ਵਿਚ ਗ਼ਲਤੀਆਂ ਕੀਤੀਆਂ ਹਨ ਤੇ ਕੁਝ ਗੁਨਾਹ ਵੀ ਕੀਤੇ ਹੋਣਗੇ। ਜੇਕਰ ਉਨ੍ਹਾਂ ਗ਼ਲਤੀਆਂ ਨਾ ਕੀਤੀਆਂ ਹੁੰਦੀਆਂ ਤਾਂ ਪੰਜਾਬ ਦੇ ਪਾਣੀਆਂ ਦਾ ਮਸਲਾ ਪੈਦਾ ਹੀ ਨਾ ਹੁੰਦਾ, ਸਗੋਂ ਜੇ ਉਨ੍ਹਾਂ ਨੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਈ ਹੁੰਦੀ ਤਾਂ ਪਾਣੀ ਹੀ ਨਹੀਂ ਪੰਜਾਬ ਦੇ ਕਈ ਹੋਰ ਮਸਲੇ ਵੀ ਖੜ੍ਹੇ ਨਾ ਹੁੰਦੇ।



*ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹੋ ਸਕਦਾ ਹੈ ਕਿ ਉਹ ਕਾਂਗਰਸ, ਅਕਾਲੀ ਦਲ ਤੇ ਭਾਜਪਾ ਦੀਆਂ ਭੂਤਕਾਲ ਵਿਚ ਕੀਤੀਆਂ ਗ਼ਲਤੀਆਂ ਨੂੰ ਉਭਾਰ ਕੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਕੋਈ ਫਾਇਦਾ ਪ੍ਰਾਪਤ ਕਰ ਲੈਣ, ਪਰ ਇਸ ਵੇਲੇ ਜਦੋਂ ਪੰਜਾਬੀਆਂ ਦੀ ਏਕਤਾ ਦੀ ਸਭ ਤੋਂ ਵੱਧ ਲੋੜ ਹੈ, ਉਸ ਵੇਲੇ ਆਪਸੀ ਲੜਾਈ ਪਾ ਕੇ ਉਹ ਪੰਜਾਬ ਦਾ ਭਲਾ ਨਹੀਂ ਕਰ ਰਹੇ।*

ਪਰ ਤੁਹਾਨੂੰ ਇਹ ਵੀ ਪਤਾ ਹੋਵੇਗਾ ਤੇ ਸੱਚਾਈ ਵੀ ਇਹੀ ਹੈ ਕਿ ਜੇਕਰ ਕਾਂਗਰਸ, ਅਕਾਲੀ ਦਲ ਤੇ ਭਾਜਪਾ ਨੇ ਇਹ ਗ਼ਲਤੀਆਂ ਨਾ ਕੀਤੀਆਂ ਹੁੰਦੀਆਂ, ਪੰਜਾਬ ਦੇ ਹਿਤਾਂ 'ਤੇ ਪਹਿਰਾ ਦਿੱਤਾ ਹੁੰਦਾ ਤੇ ਨਿੱਜੀ ਲਾਲਚ ਨਾ ਕੀਤਾ ਹੁੰਦਾ ਤਾਂ ਅੱਜ ਤੁਸੀਂ ਸੱਤਾ ਵਿਚ ਨਾ ਹੁੰਦੇ। ਲੋਕ ਸਭ ਜਾਣਦੇ ਨੇ, ਉਨ੍ਹਾਂ ਨੇ ਇਨ੍ਹਾਂ ਪਾਰਟੀਆਂ ਦੀਆਂ ਕਾਰਗੁਜ਼ਾਰੀਆਂ ਨੂੰ ਠੀਕ ਨਹੀਂ ਸਮਝਿਆ ਤਾਂ ਹੀ ਇਹ ਇਨ੍ਹਾਂ ਸਾਰੀਆਂ ਪਾਰਟੀਆਂ ਨੂੰ ਨਕਾਰ ਕੇ ਤੁਹਾਨੂੰ ਨਵੀਂ ਅਣ-ਅਜਮਾਈ ਪਾਰਟੀ ਨੂੰ ਅੱਗੇ ਲਿਆਏ ਹਨ, ਜਿਹੜੀ ਮੁੱਖ ਵਿਰੋਧੀ ਧਿਰ ਦਾ ਰੋਲ ਵੀ ਠੀਕ ਤਰ੍ਹਾਂ ਨਹੀਂ ਨਿਭਾਅ ਸਕੀ ਸੀ। ਇਥੋਂ ਤੱਕ ਕਿ ਪੰਜਾਬ ਦੇ ਲੋਕਾਂ ਨੇ 'ਆਪ' ਨੂੰ 42 ਫ਼ੀਸਦੀ ਵੋਟਾਂ ਪਾ ਕੇ ਉਸ ਦੇ 92 ਵਿਧਾਇਕ ਜਿਤਾ ਦਿੱਤੇ ਜਦੋਂ ਕਿ ਪੰਜਾਬ ਦੀਆਂ ਦੋਵੇਂ ਪ੍ਰਮੁੱਖ ਮੰਨੀਆਂ ਜਾਂਦੀਆਂ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਨੂੰ ਮਿਲਾ ਕੇ 42 ਫ਼ੀਸਦੀ ਵੋਟਾਂ ਨਹੀਂ ਮਿਲੀਆਂ। ਸਾਡੇ ਕਹਿਣ ਦਾ ਮਤਲਬ ਹੈ ਕਿ ਇਸ ਬਹਿਸ ਵਿਚ ਤੁਸੀਂ ਜੋ ਕਹਿਣਾ ਹੈ, ਲੋਕ ਸਭ ਜਾਣਦੇ ਹਨ। ਇਸੇ ਲਈ ਪੰਜਾਬੀਆਂ ਨੇ ਇਨ੍ਹਾਂ ਪਾਰਟੀਆਂ ਨੂੰ ਸਜ਼ਾ ਦਿੱਤੀ ਹੈ।

ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹੋ ਸਕਦਾ ਹੈ ਕਿ ਉਹ ਕਾਂਗਰਸ, ਅਕਾਲੀ ਦਲ ਤੇ ਭਾਜਪਾ ਦੀਆਂ ਭੂਤਕਾਲ ਵਿਚ ਕੀਤੀਆਂ ਗ਼ਲਤੀਆਂ ਨੂੰ ਉਭਾਰ ਕੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਕੋਈ ਫਾਇਦਾ ਪ੍ਰਾਪਤ ਕਰ ਲੈਣ, ਪਰ ਇਸ ਵੇਲੇ ਜਦੋਂ ਪੰਜਾਬੀਆਂ ਦੀ ਏਕਤਾ ਦੀ ਸਭ ਤੋਂ ਵੱਧ ਲੋੜ ਹੈ, ਉਸ ਵੇਲੇ ਆਪਸੀ ਲੜਾਈ ਪਾ ਕੇ ਉਹ ਪੰਜਾਬ ਦਾ ਭਲਾ ਨਹੀਂ ਕਰ ਰਹੇ। ਇਸ ਵੇਲੇ ਲੋੜ ਹੈ ਕਿ ਉਹ ਮੁੱਖ ਮੰਤਰੀ ਵਜੋਂ ਪੰਜਾਬੀ ਪਰਿਵਾਰ ਦੇ ਮੁਖੀ ਵਜੋਂ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਇਕ ਸਾਂਝੀ ਰਣਨੀਤੀ ਉਲੀਕਣ ਤਾਂ ਜੋ ਪੰਜਾਬ ਦੇ ਪਾਣੀ ਜੋ ਸੰਵਿਧਾਨਕ ਤੌਰ 'ਤੇ 100 ਫ਼ੀਸਦੀ ਪੰਜਾਬ ਦੇ ਹਨ, ਦੀ ਮਾਲਕੀ ਵਾਪਸ ਲੈਣ ਲਈ ਕੋਈ ਰਾਹ ਲੱਭ ਸਕੇ। ਇਹ ਜ਼ਰੂਰੀ ਹੈ ਕਿ ਸਾਨੂੰ ਹੱਕ ਸਿਰਫ਼ ਮੰਗਿਆ ਜਾਂ ਬਿਆਨਬਾਜ਼ੀ ਨਾਲ ਹੀ ਮਿਲ ਜਾਵੇ। ਹੋ ਸਕਦਾ ਹੈ ਕਿ ਬੇਇਨਸਾਫ਼ੀ ਰੋਕਣ ਲਈ ਸਾਨੂੰ ਲੋਕ ਸ਼ਕਤੀ ਦੇ ਵਿਖਾਵੇ ਦੀ ਵੀ ਲੋੜ ਪਵੇ, ਜੋ ਆਪਸੀ ਏਕਤਾ ਬਿਨਾਂ ਸੰਭਵ ਨਹੀਂ। ਵਿਆਹ ਵਾਲੇ ਦਿਨ ਬੀ ਦਾ ਲੇਖਾ ਪਾਉਣਾ ਚੰਗੀ ਗੱਲ ਨਹੀਂ। ਯਾਦ ਰੱਖੋ ਸਮਾਂ ਅਤੇ ਲੋਕ ਕਿਸੇ ਨੂੰ ਮੁਆਫ਼ ਨਹੀਂ ਕਰਦੇ। ਜੇ ਲੋਕਾਂ ਨੇ ਅਕਾਲੀਆਂ, ਕਾਂਗਰਸੀਆਂ, ਕਮਿਊਨਿਸਟਾਂ, ਭਾਜਪਾਈਆਂ ਨੂੰ ਮੁਆਫ਼ ਨਹੀਂ ਕੀਤਾ ਤਾਂ ਸੁਚੇਤ ਰਹੋ ਕਿ ਜੇ ਪੰਜਾਬ ਦੇ ਹਿਤਾਂ 'ਤੇ ਪਹਿਰਾ ਦੇਣ ਵਿਚ ਤੁਹਾਡੇ ਤੋਂ ਕੋਈ ਗ਼ਲਤੀ ਹੋਈ ਤਾਂ ਲੋਕ ਤੁਹਾਡੀ ਗ਼ਲਤੀ ਵੀ ਨਹੀਂ ਭੁੱਲਣਗੇ। ਹਾਲਾਤ ਇਹ ਹਨ ਕਿ:

**ਕਭੀ ਖ਼ੁਦ ਪੇ ਕਭੀ ਹਾਲਾਤ ਪੇ ਰੋਨਾ ਆਇਆ।**
**ਬਾਤ ਨਿਕਲੀ ਤੋ ਹਰ ਏਕ ਬਾਤ ਪੇ ਰੋਨਾ ਆਇਆ।**
**(ਸਾਹਿਰ ਲੁਧਿਆਣਵੀ)**

**ਕੀ ਕਰਨਾ ਚਾਹੀਦਾ ਹੈ?**

ਅਸੀਂ ਸਮਝਦੇ ਹਾਂ ਕਿ ਇਕ-ਦੂਜੇ ਦੇ ਕੱਪੜੇ ਲਾਹੁਣ ਦਾ ਮੌਕਾ ਕਦੇ ਫਿਰ ਲੱਭ ਲਿਆ ਜਾਵੇ। ਇਸ ਵੇਲੇ ਤਾਂ ਪੰਜਾਬੀ ਏਕਤਾ ਦਾ ਸਬੂਤ ਦਿੰਦੇ ਹੋਏ ਪੰਜਾਬ ਵਿਧਾਨ ਸਭਾ ਵਿਚ ਵਾਰ-ਵਾਰ ਕੀਤੀ ਗਈ ਹਦਾਇਤ ਕਿ ਸਰਕਾਰ ਪੰਜਾਬ ਦੇ ਪਾਣੀਆਂ ਦੀ ਰਾਇਲਟੀ ਲੈਣ ਲਈ ਕੁਝ ਕਰੇ 'ਤੇ ਅਮਲ ਕਰਨ ਲਈ ਅਮਲੀ ਰਣਨੀਤੀ ਉਲੀਕੀ ਜਾਵੇ। ਇਸ ਲਈ ਵਿਧਾਨ ਸਭਾ ਵਿਚ ਪਾਸ ਪਾਣੀਆਂ ਦੇ ਸਮਝੌਤੇ ਰੱਦ ਕਰਨ ਦੇ ਕਾਨੂੰਨ ਦੀ ਧਾਰਾ 5 ਨੂੰ ਖ਼ਤਮ ਕਰਨਾ ਚਾਹੀਦਾ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਜਿੰਨਾ ਪਾਣੀ ਬਾਹਰੀ ਰਾਜਾਂ ਨੂੰ ਜਾ ਰਿਹਾ ਹੈ, ਜਾਂਦਾ ਰਹੇਗਾ। ਇਸ ਧਾਰਾ ਦੀ ਥਾਂ ਇਹ ਪਾਸ ਕੀਤਾ ਜਾਣਾ ਚਾਹੀਦਾ ਹੈ ਕਿ ਪੰਜਾਬ ਦੀ ਵਰਤੋਂ ਤੋਂ ਬਾਅਦ ਬਚਦਾ ਪਾਣੀ ਪੰਜਾਬ ਤੋਂ ਬਾਹਰਲੇ ਸੂਬਿਆਂ ਚਾਹੇ ਉਹ ਰਾਜਸਥਾਨ ਹੋਵੇ, ਦਿੱਲੀ ਹੋਵੇ, ਹਰਿਆਣਾ ਹੋਵੇ ਜਾਂ ਕੋਈ ਵੀ ਹੋਰ ਹੋਵੇ, ਨੂੰ ਇਕ ਜਾਇਜ਼ ਕੀਮਤ ਲੈ ਕੇ ਦਿੱਤਾ ਜਾਇਆ ਕਰੇਗਾ। ਦੂਸਰਾ ਇਹ ਕਿ ਇਹ ਪਾਣੀ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਵੀ 1935 ਦੇ ਭਾਰਤ ਸਰਕਾਰ ਐਕਟ ਦੀ 7ਵੀਂ ਅਨੁਸੂਚੀ ਦੀ ਧਾਰਾ 19 ਅਨੁਸਾਰ ਅਤੇ ਆਜ਼ਾਦ ਭਾਰਤ ਦੇ ਸੰਵਿਧਾਨ ਦੀ 7ਵੀਂ ਅਨੁਸੂਚੀ ਦੀ ਧਾਰਾ 17 ਅਨੁਸਾਰ ਰਿਪੇਰੀਅਨ ਰਾਜਾਂ ਦਾ ਮਾਮਲਾ ਹੈ। ਸੋ, ਇਸ ਵਿਚ ਕੇਂਦਰ ਸਰਕਾਰ ਜਾਂ ਸੁਪਰੀਮ ਕੋਰਟ ਦਖਲ ਨਹੀਂ ਦੇ ਸਕਦੀ। ਇਸ ਦੇ ਨਾਲ ਹੀ ਪੰਜਾਬ ਪੁਨਰਗਠਨ ਐਕਟ ਦੀਆਂ 78, 79 ਅਤੇ 80 ਧਾਰਾਵਾਂ ਜੋ ਕੇਂਦਰ ਨੂੰ ਧੱਕੇ ਨਾਲ ਦਖਲ ਦੇਣ ਦੇ ਸਮਰੱਥ ਬਣਾ ਰਹੀਆਂ ਹਨ ਤੇ ਸੰਵਿਧਾਨ ਦੀ ਭਾਵਨਾ ਦੇ ਵੀ ਉਲਟ ਹਨ ਨੂੰ ਰੱਦ ਕਰਵਾਉਣ ਲਈ ਸੁਪਰੀਮ ਕੋਰਟ ਵਿਚ ਦਹਾਕਿਆਂ ਤੋਂ ਪਈ ਰਿਟ ਪਟੀਸ਼ਨ ਦੁਬਾਰਾ ਖੁੱਲ੍ਹਵਾਉਣ ਲਈ ਨਵੀਂ ਰਿਟ ਪਟੀਸ਼ਨ ਪਾਉਣ ਲਈ ਸੰਵਿਧਾਨ ਦੇ ਮਾਹਿਰ ਵਕੀਲਾਂ ਨਾਲ ਸਲਾਹ ਮਸ਼ਵਰਾ ਕਰਕੇ ਕਾਰਵਾਈ ਕਰਨ ਦਾ ਮਤਾ ਪਾਸ ਕੀਤਾ ਜਾਣਾ ਚਾਹੀਦਾ ਹੈ।

ਇਸ ਵਿਧਾਨ ਸਭਾ ਸੈਸ਼ਨ ਵਿਚ ਭਾਰਤ ਸਰਕਾਰ ਨੂੰ ਕੈਨੇਡੀਅਨ ਸਿਟੀਜ਼ਨਾਂ ਨੂੰ ਵੀਜ਼ੇ ਦੇਣ 'ਤੇ ਲਾਈ ਪਾਬੰਦੀ ਵਿਚੋਂ ਭਾਰਤੀ ਮੂਲ ਦੇ ਲੋਕਾਂ ਨੂੰ ਛੋਟ ਦੇਣ ਦੀ ਅਪੀਲ ਦਾ ਵੀ ਮਤਾ ਪਾਸ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਕੈਨੇਡਾ ਵਿਚ ਵਸਦੇ ਭਾਰਤੀ ਲੋਕਾਂ ਵਿਚ ਵੱਡਾ ਹਿੱਸਾ ਪੰਜਾਬੀਆਂ ਦਾ ਹੈ। ਇਸ ਲਈ ਪੰਜਾਬੀ ਕਿਤੇ ਵੀ ਮੁਸ਼ਕਿਲ ਵਿਚ ਹੋਣ ਉਨ੍ਹਾਂ ਦੀ ਬਾਂਹ ਫੜਨਾ ਪੰਜਾਬ ਸਰਕਾਰ ਦੀ ਡਿਊਟੀ ਹੈ, ਨਹੀਂ ਤਾਂ ਕੈਨੇਡੀਅਨ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਨੂੰ ਸ਼ਾਇਰ ਰਾਜਿੰਦਰ ਕ੍ਰਿਸ਼ਨ ਦਾ ਸ਼ਿਅਰ ਦੁਹਰਾਉਣਾ ਲਈ ਮਜਬੂਰ ਹੋਣਾ ਪਵੇਗਾ:

**ਇਸ ਭਰੀ ਦੁਨੀਆ ਮੇ ਕੋਈ ਭੀ ਹਮਾਰਾ ਨਾ ਹੂਆ,**
**ਗ਼ੈਰ ਤੋ ਗ਼ੈਰ ਹੈਂ ਅਪਨੋਂ ਕਾ ਭੀ ਸਹਾਰਾ ਨਾ ਹੂਆ।**

**ਹਾਈ ਕੋਰਟ ਦੀਆਂ ਟਿੱਪਣੀਆਂ ਤੇ ਪੰਜਾਬ ਸਰਕਾਰ**

ਅੱਜ ਇਕ ਕੇਸ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੰਜਾਬ ਪੁਲਿਸ ਅਤੇ ਪੰਜਾਬ ਦੇ ਡੀ.ਜੀ.ਪੀ. ਖਿਲਾਫ਼ ਨਸ਼ਿਆਂ ਦੇ ਮਾਮਲੇ ਵਿਚ ਜੋ ਸਖ਼ਤ ਟਿੱਪਣੀਆਂ ਕੀਤੀਆਂ ਹਨ, ਉਨ੍ਹਾਂ ਦਾ ਪੰਜਾਬ ਸਰਕਾਰ ਨੂੰ ਸਖ਼ਤ ਨੋਟਿਸ ਜ਼ਰੂਰ ਲੈਣਾ ਚਾਹੀਦਾ ਹੈ। ਸੁਯੋਗ ਅਦਾਲਤ ਵਲੋਂ ਇਕ ਕੇਸ ਵਿਚ ਜਿਸ ਤਰ੍ਹਾਂ ਅਦਾਲਤ ਨੇ ਡੀ.ਜੀ.ਪੀ. ਨੂੰ ਪੂਰੀ ਤਰ੍ਹਾਂ ਬੇਅਸਰ ਕਰਾਰ ਦਿੰਦੇ ਹੋਏ ਕਿਹਾ ਹੈ ਕਿ ਉਹ ਪਹਿਲਾਂ ਮੁਆਫ਼ੀ ਮੰਗਣ ਤੇ ਫਿਰ ਕਾਰਵਾਈ ਕਰਨ। ਇਹ ਵੀ ਕਿਹਾ ਹੈ ਕਿ ਲਗਾਤਾਰ ਦੇਖ ਰਹੇ ਹਾਂ ਕਿ ਕਾਰਵਾਈ ਨਹੀਂ ਹੋ ਰਹੀ। ਅਦਾਲਤ ਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਹੈ ਕਿ ਲਗਦਾ ਹੈ ਕਿ ਪੁਲਿਸ ਡਰੱਗ ਮਾਫੀਆ ਨਾਲ ਮਿਲੀ ਹੋਈ ਹੈ। ਹੁਣ ਗੇਂਦ ਪੰਜਾਬ ਸਰਕਾਰ ਦੇ ਪਾਲੇ ਵਿਚ ਹੈ। ਇਹ ਦੇਖਣ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਟਿੱਪਣੀਆਂ ਨੂੰ ਕਿਸ ਤਰ੍ਹਾਂ ਲੈਂਦੀ ਹੈ। ਗ਼ੌਰਤਲਬ ਹੈ ਕਿ ਆਮ ਆਦਮੀ ਪਾਰਟੀ ਨੇ 4 ਮਹੀਨੇ ਵਿਚ ਪੰਜਾਬ ਵਿਚੋਂ ਨਸ਼ਾ ਖ਼ਤਮ ਕਰਨ ਦੀ ਗਾਰੰਟੀ ਦਿੱਤੀ ਸੀ। ਪਰ ਹੁਣ ਡੇਢ ਸਾਲ ਬਾਅਦ ਵੀ ਜੇ ਰਾਜ ਦੀ ਸਭ ਤੋਂ ਵੱਡੀ ਅਦਾਲਤ ਦੇ ਜੱਜ ਸਾਹਿਬ ਅਜਿਹੀਆਂ ਟਿੱਪਣੀਆਂ ਕਰਨ 'ਤੇ ਮਜਬੂਰ ਹੋਏ ਹਨ ਤਾਂ ਪੰਜਾਬ ਸਰਕਾਰ ਨੂੰ ਜ਼ਰੂਰ ਹੀ ਆਤਮ-ਮੰਥਨ ਕਰਨ ਦੀ ਲੋੜ ਹੈ। ਚਾਹੀਦਾ ਤਾਂ ਇਹ ਹੈ ਕਿ ਇਨ੍ਹਾਂ ਟਿੱਪਣੀਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਐਸ.ਐਸ.ਪੀਜ਼ ਤੋਂ ਲੈ ਕੇ ਡੀ.ਜੀ.ਪੀ. ਤੱਕ ਪੰਜਾਬ ਦੇ ਪੁਲਿਸ ਪ੍ਰਸ਼ਾਸਨ ਦਾ ਪੂਰੀ ਤਰ੍ਹਾਂ ਓਵਰਹਾਲ ਕੀਤਾ ਜਾਵੇ ਤੇ ਅਜਿਹੇ ਅਫ਼ਸਰ ਖੇਤਰ ਵਿਚ ਲਾਏ ਜਾਣ ਜਿਹੜੇ ਕਦੇ ਪਹਿਲਾਂ ਖੇਤਰ ਵਿਚ ਨਾ ਰਹੇ ਹੋਣ ਤੇ ਨਵੇਂ ਐਸ.ਐਸ.ਪੀਜ਼ ਵੀ ਹੇਠਲੇ ਪੱਧਰ 'ਤੇ ਇਮਾਨਦਾਰ ਤੇ ਮਿਹਨਤੀ ਅਫਸਰਾਂ ਨੂੰ ਵਾਗਡੋਰ ਸੌਂਪਣ।

**ਅਰੇ ਕੈਸੇ ਮੈਂ ਸੋ ਜਾਊਂ ਭਲਾ ਚੋਰੋਂ ਕੀ ਨਗਰੀ ਮੇਂ**
**ਕਿ ਦਰਬਾਨ ਊਂਘਤੇ ਹੈਂ ਔਰ ਚੌਕੀਦਾਰ ਸੋਤੇ ਹੈਂ।**

# ਨਿਠਾਰੀ ਦੇ ਬਾਲਾਂ ਦਾ ਕਾਤਲ ਕੌਣ?

ਖ਼ੌਫ਼ਨਾਕ ਨਿਠਾਰੀ ਕਾਂਡ ਹਾਲੇ ਵੀ ਸਭਨਾਂ ਦੇ ਚੇਤਿਆਂ ਦੀ ਚੰਗੇਰ 'ਚ ਤਾਜ਼ਾ ਹੈ। ਸਤਾਰਾਂ ਵਰ੍ਹੇ ਪਹਿਲਾਂ ਦੁਨੀਆ ਸਾਹਮਣੇ ਆਇਆ ਇਹ ਆਪਣੀ ਕਿਸਮ ਦਾ ਪਹਿਲਾ ਵਹਿਸ਼ੀਆਨਾ ਤੇ ਖ਼ੌਫ਼ਜ਼ਦਾ ਮਾਮਲਾ ਸੀ, ਜੋ ਹੁਣ ਮੁੜ ਚਰਚਾ 'ਚ ਹੈ। ਅਲਾਹਾਬਾਦ ਹਾਈ ਕੋਰਟ ਨੇ ਸੋਮਵਾਰ ਨੂੰ ਇਸ ਮਾਮਲੇ ਦੇ ਦੋ ਮੁੱਖ ਮੁਲਜ਼ਮਾਂ ਸੁਰੇਂਦਰ ਕੋਲੀ ਤੇ ਮਨਿੰਦਰ ਸਿੰਘ ਪੰਧੇਰ ਨੂੰ ਬਰੀ ਕਰ ਦਿੱਤਾ ਹੈ। ਉੱਤਰ ਪ੍ਰਦੇਸ਼ ਦੀ ਉੱਚ ਅਦਾਲਤ ਨੂੰ ਕੋਲੀ ਖ਼ਿਲਾਫ਼ ਦਰਜ 12 ਮਾਮਲਿਆਂ 'ਚੋਂ ਕਿਸੇ ਵਿੱਚ ਵੀ ਕੋਈ ਠੋਸ ਸਬੂਤ ਨਹੀਂ ਮਿਲ ਸਕੇ। ਪੰਧੇਰ ਵਿਰੁੱਧ ਦੋ ਕੇਸ ਦਰਜ ਸਨ, ਉਹ ਵੀ ਕਾਨੂੰਨ ਮੁਤਾਬਕ ਲੋੜੀਂਦੇ ਸਬੂਤਾਂ ਤੇ ਗਵਾਹਾਂ ਦੀ ਘਾਟ ਕਾਰਣ ਨਿਰਦੋਸ਼ ਪਾਇਆ ਗਿਆ।

ਇਸੇ ਲਈ ਉਨ੍ਹਾਂ ਨੂੰ ਅਦਾਲਤ ਤੋਂ ਮਿਲੀ ਮੌਤ ਦੀ ਸਜ਼ਾ ਵੀ ਰੱਦ ਹੋ ਗਈ ਹੈ। ਉਨੱਤੀ ਦਸੰਬਰ, 2006 ਨੂੰ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਲਾਗਲੇ ਉੱਤਰ ਪ੍ਰਦੇਸ਼ ਦੇ ਉਦਯੋਗਿਕ ਖੇਤਰ ਨੌਇਡਾ ਦੇ ਨਿਠਾਰੀ ਇਲਾਕੇ 'ਚ ਅਚਾਨਕ ਦੋ ਸਾਲ ਪਹਿਲਾਂ ਗੁੰਮ ਹੋਏ ਬੱਚਿਆਂ ਦੇ ਪਿੰਜਰ ਮਿਲਣੇ ਸ਼ੁਰੂ ਹੋ ਗਏ। ਇਨ੍ਹਾਂ ਮਨੁੱਖੀ ਪਿੰਜਰਾਂ ਦੇ ਹਿੱਸੇ ਨੌਇਡਾ ਦੇ ਸੈਕਟਰ 31 ਦੀ ਕੋਠੀ ਨੰ. ਡੀ-5 'ਚੋਂ ਬਾਹਰ ਆਉਂਦੇ ਪਾਏ ਗਏ ਸਨ। ਇਸੇ ਲਈ ਉਸ ਕੋਠੀ ਦੇ ਮਾਲਕ ਮਨਿੰਦਰ ਸਿੰਘ ਪੰਧੇਰ ਤੇ ਉਸ ਦੇ ਨੌਕਰ ਸੁਰੇਂਦਰ ਕੋਲੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪੁਲਿਸ ਨੇ ਇਸ ਮਾਮਲੇ ਦੀ ਜਾਂਚ ਮਨੁੱਖੀ ਅੰਗ ਵੇਚਣ ਦੇ ਕਿਸੇ ਮਾਮਲੇ ਵਜੋਂ ਵੀ ਕੀਤੀ। ਪੁਲਿਸ ਜਦੋਂ ਇਸ ਮਾਮਲੇ ਦੀ ਜਾਂਚ ਵਿੱਚ ਕਿਸੇ ਤਣ-ਪੱਤਣ ਨਾ ਪੁੱਜ ਸਕੀ, ਤਾਂ ਕੇਂਦਰ ਸਰਕਾਰ ਨੇ 10 ਜਨਵਰੀ, 2007 ਨੂੰ ਇਹ ਮਾਮਲਾ ਸੀਬੀਆਈ



ਹਵਾਲੇ ਕਰ ਦਿੱਤਾ। ਫਿਰ ਸੀਬੀਆਈ ਦੀ ਟੀਮ ਨੂੰ ਅਗਲੇ ਹੀ ਦਿਨ ਜਾਂਚ ਦੌਰਾਨ ਪੰਧੇਰ ਦੇ ਘਰ ਨੇੜਿਓਂ ਮਨੁੱਖੀ ਪਿੰਜਰ ਦੀਆਂ ਟੰਗਾਂ, ਹੋਰ ਹੱਡੀਆਂ ਤੇ ਪਸਲੀਆਂ ਆਦਿ ਮਿਲੀਆਂ। 13 ਫ਼ਰਵਰੀ, 2009 ਨੂੰ ਪੰਧੇਰ ਤੇ ਕੋਲੀ ਦੋਵਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਅਤੇ ਇਸ ਸਮੁੱਚੇ ਹੌਲਨਾਕ ਮਾਮਲੇ ਨੂੰ ਇੱਕ ਦੁਰਲੱਭ ਕੇਸ ਕਰਾਰ ਦਿੱਤਾ ਗਿਆ। ਇਸ ਤੋਂ ਬਾਅਦ 15 ਫ਼ਰਵਰੀ, 2011 ਨੂੰ ਸੁਪਰੀਮ ਕੋਰਟ ਨੇ ਸੁਰੇਂਦਰ ਕੋਲੀ ਦੀ ਮੌਤ ਦੀ ਸਜ਼ਾ ਨੂੰ ਦਰੁਸਤ ਠਹਿਰਾਇਆ। ਤਿੰਨ ਕੁ ਸਾਲਾਂ ਬਾਅਦ ਜੁਲਾਈ 2014 'ਚ ਰਾਸ਼ਟਰਪਤੀ ਨੇ ਕੋਲੀ ਵੱਲੋਂ ਦਾਖ਼ਲ ਕੀਤੀ ਰਹਿਮ ਦੀ ਪਟੀਸ਼ਨ ਮੁੱਢੋਂ ਰੱਦ ਕਰ ਦਿੱਤੀ। ਉਸੇ ਵਰ੍ਹੇ 3 ਸਤੰਬਰ ਨੂੰ ਸੁਪਰੀਮ ਕੋਰਟ ਨੇ ਕੋਲੀ ਖ਼ਿਲਾਫ਼ ਮੌਤ ਦੇ ਵਾਰੰਟ ਵੀ ਜਾਰੀ ਕਰ ਦਿੱਤੇ। ਉਸ ਦੀ ਫਾਂਸੀ ਲਈ 12 ਸਤੰਬਰ, 2014 ਦਾ ਦਿਨ ਵੀ ਤੈਅ ਕਰ ਦਿੱਤਾ ਗਿਆ। ਗ਼ਾਜ਼ੀਆਬਾਦ ਦੀ ਦਾਸਨਾ ਜੇਲ੍ਹ 'ਚ ਫਾਂਸੀ ਦੇਣ ਦਾ ਕੋਈ ਇੰਤਜ਼ਾਮ ਨਾ ਹੋਣ ਕਾਰਣ ਸੁਰਿੰਦਰ ਕੋਲੀ ਨੂੰ ਮੇਰਠ ਜੇਲ੍ਹ 'ਚ ਭੇਜ ਦਿੱਤਾ ਗਿਆ। ਤਦ ਕੋਲੀ ਨੇ ਰਹਿਮ ਦੀ ਪਟੀਸ਼ਨ ਦਾਖ਼ਲ ਕਰ ਦਿੱਤੀ, ਜਿਸ ਕਾਰਣ ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ 'ਤੇ ਇੱਕ ਹਫ਼ਤੇ ਲਈ ਰੋਕ ਲਾ ਦਿੱਤੀ। ਫਿਰ ਮਾਮਲਾ ਅੱਗੇ ਵਧਦਾ ਰਿਹਾ। ਸਾਲ 2015 'ਚ 28 ਜਨਵਰੀ ਨੂੰ ਹਾਈ ਕੋਰਟ ਦੇ ਬੈਂਚ ਨੇ ਸੁਰਿੰਦਰ ਕੋਲੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰ ਦਿੱਤਾ ਕਿਉਂਕਿ ਰਹਿਮ ਦੀ ਪਟੀਸ਼ਨ 'ਤੇ ਕੋਈ ਅੰਤਿਮ ਫ਼ੈਸਲਾ ਲੈਣ ਵਿੱਚ ਬਹੁਤ ਜ਼ਿਆਦਾ ਦੇਰੀ ਹੋ ਗਈ ਸੀ।

ਫਿਰ ਗ਼ਾਜ਼ੀਆਬਾਦ ਦੀ ਸੀਬੀਆਈ ਅਦਾਲਤ ਨੇ 24 ਜੁਲਾਈ, 2017 ਨੂੰ ਕੋਲੀ ਤੇ ਪੰਧੇਰ ਦੋਵਾਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਪਰ ਹੁਣ ਅਲਾਹਾਬਾਦ ਹਾਈ ਕੋਰਟ ਦੇ ਤਾਜ਼ਾ ਫ਼ੈਸਲੇ ਨਾਲ ਉਹ ਸਜ਼ਾ ਖ਼ਤਮ ਹੋ ਗਈ ਹੈ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਜੇ ਇਹ ਦੋਵੇਂ ਬੇਕਸੂਰ ਹਨ, ਤਾਂ ਉਨ੍ਹਾਂ ਬੱਚਿਆਂ ਦਾ ਕਤਲ ਕਿਸ ਨੇ ਕੀਤਾ ਸੀ?

# ਬਹੁਤ ਲੰਬੇ ਸਮੇਂ ਤੋਂ ਪਰਵਾਸ ਦਾ ਸੰਤਾਪ ਹੰਢਾ ਰਿਹਾ ਹੈ ਪੰਜਾਬ




*ਅੱਜ ਪੜ੍ਹਾਈ ਕਰਨ ਦੇ ਨਾਂ 'ਤੇ 'ਉਲਟੀ ਗੰਗਾ ਵਹਾਉਣ' ਦੀ ਜੋ ਕੋਸ਼ਿਸ਼ ਹੋ ਰਹੀ ਹੈ ਨਿਸ਼ਚਤ ਰੂਪ ਵਿਚ ਇਸ ਪਿਛਲੇ ਮੰਤਵ ਸਿੱਖਿਆ ਨਾਲ ਨਹੀਂ ਜੁੜੇ ਸਗੋਂ ਟੀਚਾ ਹੈ ਬਾਹਰਲੇ ਮੁਲਕਾਂ ਵਿਚ ਜਾ ਕੇ ਵਸਣ ਦਾ। ਆਜ਼ਾਦੀ ਮਾਣਨ ਦਾ, ਜ਼ਿੰਮੇਵਾਰੀਆਂ ਤੋਂ ਭੱਜਣ ਦਾ।*

**-ਡਾ. ਅਸ਼ੋਕ ਕੁਮਾਰ ਖੁਰਾਣਾ**

ਪਰਵਾਸ ਮਾਨਵੀ ਜੀਵਨ ਦਾ ਇਹੋ ਜਿਹਾ ਅਮਲ ਹੈ ਜਿਹੜਾ ਮੁੱਢ-ਕਦੀਮੋਂ ਜਾਰੀ ਹੈ। ਇਹ ਕੋਈ ਅਜਿਹੀ ਕਿਰਿਆ ਨਹੀਂ ਜਿਹੜੀ ਅੱਜ ਵਾਪਰਨ ਲੱਗੀ ਹੋਵੇ। ਹਾਂ! ਅੱਜ ਹਰ ਪਿੰਡ, ਹਰ ਰਾਜ, ਹਰ ਮੁਲਕ ਹੀ ਨਹੀਂ ਸਗੋਂ ਹਰ ਘਰ ਵਿਚ ਇਸ ਦੀ ਚਰਚਾ ਹੈ। ਗਹੁ ਨਾਲ ਦੇਖੀਏ-ਸਮਝੀਏ ਤਾਂ ਪ੍ਰਤੱਖ ਹੁੰਦਾ ਹੈ ਕਿ ਮਨੁੱਖ ਹੀ ਨਹੀਂ ਸਗੋਂ ਸਮੁੱਚੇ ਪ੍ਰਾਣੀ-ਜਗਤ ਦੇ ਜੀਵਨ ਦਾ ਇਕ ਅਹਿਮ ਅਮਲ ਪਰਵਾਸ ਦਾ ਹੈ। ਭੋਜਨ ਪ੍ਰਾਪਤੀ, ਰਹਿਣ-ਸਹਿਣ ਦੀਆਂ ਬਿਹਤਰ ਸਹੂਲਤਾਂ ਦੀ ਇੱਛਾ ਦੇ ਨਾਲ-ਨਾਲ ਸੁਰੱਖਿਆ ਦੀ ਤਲਾਸ਼ ਕਾਰਨ ਮਨੁੱਖ ਹੀ ਨਹੀਂ ਸਗੋਂ ਸਮੁੱਚਾ ਪ੍ਰਾਣੀ-ਸੰਸਾਰ ਸਮੇਂ-ਸਮੇਂ ਪਰਵਾਸ ਕਰਦਾ ਰਿਹਾ ਹੈ।

ਪਰਵਾਸ ਦੇ ਉਪਰੋਕਤ ਮੂਲਭੂਤ ਕਾਰਨਾਂ ਤੋਂ ਇਲਾਵਾ ਅਨੇਕ ਹਿੰਮਤੀ, ਮਿਹਨਤੀ ਅਤੇ ਜਗਿਆਸੂ ਬਿਰਤੀ ਵਾਲਿਆਂ ਮਨੁੱਖਾਂ ਨੇ ਵੀ ਪਰਵਾਸ ਨੂੰ ਆਪਣੀ ਜੀਵਨ-ਸ਼ੈਲੀ ਦਾ ਹਿੱਸਾ ਬਣਾਇਆ ਹੈ। ਮਨੁੱਖੀ ਇਤਿਹਾਸ ਦੇ ਮੁੱਢਲੇ ਦੌਰ ਵਿਚ ਪਰਵਾਸ ਕੁਦਰਤੀ ਹਾਲਾਤ ਨਾਲ ਸਿੱਝਣ ਦੀ ਸਹਿਜ ਪ੍ਰਕਿਰਿਆ ਨਾਲ ਜੁੜਿਆ ਹੋਇਆ ਸੀ ਪਰ ਬਾਅਦ ਵਿਚ ਇਸ ਨਾਲ ਮਨੁੱਖ ਦੀਆਂ ਕਈ ਤਰ੍ਹਾਂ ਦੀਆਂ ਖ਼ਾਹਿਸ਼ਾਂ, ਮਜਬੂਰੀਆਂ, ਜ਼ਰੂਰਤਾਂ, ਸ਼ੌਕ ਆਦਿ ਜੁੜ ਗਏ। ਖ਼ੈਰ! ਕੁਝ ਵੀ ਹੋਵੇ, ਪਰਵਾਸ ਮਾਨਵ ਦੀ ਗਤੀਸ਼ੀਲ ਸੋਚ, ਪਰਿਵਰਤਨਸ਼ੀਲ ਵਰਤਾਰੇ, ਵਿਕਾਸਵਾਦੀ ਰੁਚੀ ਦਾ ਸਟੀਕ ਪ੍ਰਮਾਣ ਹੈ। ਪੰਜਾਬ ਅੰਦਰ ਹਰੇ ਇਨਕਲਾਬ ਤੋਂ ਪਹਿਲਾਂ ਅਨੇਕ ਪੰਜਾਬੀਆਂ ਨੇ ਭਾਰਤ ਦੇ ਦੂਜੇ ਸੂਬਿਆਂ ਵੱਲ ਹਿਜਰਤ ਕੀਤੀ ਸੀ ਅਤੇ ਆਪਣੇ-ਆਪ ਨੂੰ ਰੁਜ਼ਗਾਰ ਦੇ ਵੱਖ-ਵੱਖ ਖੇਤਰਾਂ ਵਿਚ ਸਥਾਪਤ ਕੀਤਾ ਸੀ। ਕੁਝ ਸਰਦੇ ਪੁੱਜਦੇ ਪੰਜਾਬੀਆਂ ਨੇ ਹੋਰ ਮੁਲਕਾਂ ਵੱਲ ਜਾਣ ਨੂੰ ਅਜਿਹੀ ਤਰਜੀਹ ਦਿੱਤੀ ਕਿ ਇਹ ਸਿਲਸਿਲਾ ਹੁਣ ਤੱਕ ਬਾਦਸਤੂਰ ਜਾਰੀ ਹੈ। ਬਾਹਰਲੇ ਮੁਲਕਾਂ ਦੀ ਚਕਾਚੌਂਧ, ਬਿਹਤਰ ਜੀਵਨ ਸਹੂਲਤਾਂ, ਸਾਫ਼-ਸੁਥਰਾ ਵਾਤਾਵਰਨ, ਰੁਜ਼ਗਾਰ ਦੇ ਵੱਧ ਮੌਕੇ, ਸਿਧਾਂਤਕ ਅਤੇ ਪਾਰਦਰਸ਼ੀ ਪ੍ਰਸ਼ਾਸਨਿਕ ਵਿਵਸਥਾ ਨੇ ਪੰਜਾਬੀਆਂ ਨੂੰ ਹਮੇਸ਼ਾ ਆਪਣੇ ਵੱਲ ਆਕਰਸ਼ਿਤ ਕੀਤਾ ਹੈ।

ਹੁਣ ਵੀ ਇਹ ਆਕਰਸ਼ਣ ਬਰਕਰਾਰ ਹੈ ਅਤੇ ਪੰਜਾਬੀ ਧੜਾਧੜ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਦੁੱਖ ਦੀ ਗੱਲ ਇਹ ਹੈ ਕਿ ਅੱਜ ਪਰਵਾਸ ਦੇ ਉਕਤ ਸਮੁੱਚੇ ਕਾਰਨਾਂ ਤੋਂ ਇਲਾਵਾ ਹੋਰ ਕਈ ਪ੍ਰਕਾਰ ਦੇ ਮਾੜੇ ਮਕਸਦ ਅਤੇ ਰੁਝਾਨ ਪਰਵਾਸ ਦੀ ਇਸ ਪ੍ਰਕਿਰਿਆ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਲੱਗੇ ਹੋਏ ਹਨ। ਅੱਜ ਦੇ ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਦੀ ਵੱਡੀ ਦਿਲਚਸਪੀ ਵਿਦੇਸ਼ਾਂ ਖ਼ਾਸ ਕਰਕੇ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ ਵਰਗੇ ਮੁਲਕਾਂ ਵਿਚ ਜਾ ਕੇ ਵਸਣ ਦੀ ਹੈ।

ਇਸ ਲਈ ਉਹ ਹਰ ਪ੍ਰਕਾਰ ਦਾ ਹੀਲਾ-ਵਸੀਲਾ, ਜਾਇਜ਼-ਨਾਜਾਇਜ਼ ਢੰਗ-ਤਰੀਕਾ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰ ਰਹੇ। ਮਾਪਿਆਂ ਦਾ ਪੈਸਾ ਖ਼ਰਚ ਕਰਵਾ ਕੇ, ਜ਼ਮੀਨਾਂ ਵੇਚ ਕੇ ਜਾਂ ਗਹਿਣੇ ਧਰ ਕੇ, ਕਰਜ਼ਾ ਚੁੱਕ ਕੇ ਅਤੇ ਜਾਂ ਫਿਰ ਰਿਸ਼ਤਿਆਂ ਦੀਆਂ ਮਰਿਆਦਾਵਾਂ ਦੀ ਉਲੰਘਣਾ ਜਾਂ ਅਨੇਕ ਪ੍ਰਕਾਰ ਦੇ ਬੇਮੇਚ ਸਮਝੌਤੇ ਕਰ ਕੇ ਵੀ ਨੌਜਵਾਨ ਵਰਗ ਬਾਹਰ ਜਾ ਰਿਹਾ ਹੈ। ਇਹ ਰੁਝਾਨ ਅਤਿ ਮਾੜਾ ਹੀ ਨਹੀਂ ਸਗੋਂ ਆਏ ਦਿਨ ਇਸ ਦੇ ਮਾੜੇ ਅਤੇ ਘਾਤਕ ਨਤੀਜੇ ਸਾਡੇ ਸਾਹਮਣੇ ਆ ਰਹੇ ਹਨ।

ਹੁਣ ਵੀ ਇਹ ਆਕਰਸ਼ਣ ਬਰਕਰਾਰ ਹੈ ਅਤੇ ਪੰਜਾਬੀ ਧੜਾਧੜ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਦੁੱਖ ਦੀ ਗੱਲ ਇਹ ਹੈ ਕਿ ਅੱਜ ਪਰਵਾਸ ਦੇ ਉਕਤ ਸਮੁੱਚੇ ਕਾਰਨਾਂ ਤੋਂ ਇਲਾਵਾ ਹੋਰ ਕਈ ਪ੍ਰਕਾਰ ਦੇ ਮਾੜੇ ਮਕਸਦ ਅਤੇ ਰੁਝਾਨ ਪਰਵਾਸ ਦੀ ਇਸ ਪ੍ਰਕਿਰਿਆ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਲੱਗੇ ਹੋਏ ਹਨ। ਅੱਜ ਦੇ ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਦੀ ਵੱਡੀ ਦਿਲਚਸਪੀ ਵਿਦੇਸ਼ਾਂ ਖ਼ਾਸ ਕਰਕੇ ਕੈਨੇਡਾ, ਆਸਟ ?ਰੇਲੀਆ, ਨਿਊਜ਼ੀਲੈਂਡ, ਅਮਰੀਕਾ ਵਰਗੇ ਮੁਲਕਾਂ ਵਿਚ ਜਾ ਕੇ ਵਸਣ ਦੀ ਹੈ।

ਇਸ ਲਈ ਉਹ ਹਰ ਪ੍ਰਕਾਰ ਦਾ ਹੀਲਾ-ਵਸੀਲਾ, ਜਾਇਜ਼-ਨਾਜਾਇਜ਼ ਢੰਗ-ਤਰੀਕਾ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰ ਰਹੇ। ਮਾਪਿਆਂ ਦਾ ਪੈਸਾ ਖ਼ਰਚ ਕਰਵਾ ਕੇ, ਜ਼ਮੀਨਾਂ ਵੇਚ ਕੇ ਜਾਂ ਗਹਿਣੇ ਧਰ ਕੇ, ਕਰਜ਼ਾ ਚੁੱਕ ਕੇ ਅਤੇ ਜਾਂ ਫਿਰ ਰਿਸ਼ਤਿਆਂ ਦੀਆਂ ਮਰਿਆਦਾਵਾਂ ਦੀ ਉਲੰਘਣਾ ਜਾਂ ਅਨੇਕ ਪ੍ਰਕਾਰ ਦੇ ਬੇਮੇਚ ਸਮਝੌਤੇ ਕਰ ਕੇ ਵੀ ਨੌਜਵਾਨ ਵਰਗ ਬਾਹਰ ਜਾ ਰਿਹਾ ਹੈ। ਇਹ ਰੁਝਾਨ ਅਤਿ ਮਾੜਾ ਹੀ ਨਹੀਂ ਸਗੋਂ ਆਏ ਦਿਨ ਇਸ ਦੇ ਮਾੜੇ ਅਤੇ ਘਾਤਕ ਨਤੀਜੇ ਸਾਡੇ ਸਾਹਮਣੇ ਆ ਰਹੇ ਹਨ।

ਪੰਜਾਬੀਆਂ ਵੱਲੋਂ ਆਪਣੀ ਆਰਥਿਕ ਦਸ਼ਾ ਸੁਧਾਰਨ ਦੇ ਮੰਤਵ ਲਈ ਸ਼ੁਰੂ ਹੋਇਆ ਪਰਵਾਸ ਅੱਜ ਕਿਸ ਹੱਦ ਤੱਕ ਅਨੇਕ ਪ੍ਰਕਾਰੀ ਇਖ਼ਲਾਕ ਤੋਂ ਡਿੱਗੇ, ਕੁਹਜੇ, ਭੈੜੇ ਅਤੇ ਲੱਚਰ ਮੰਤਵਾਂ ਦੀ ਪੂਰਤੀ ਲਈ ਯਤਨਸ਼ੀਲ ਹੈ? ਇਸ ਨੂੰ ਜਾਣਨਾ-ਸਮਝਣਾ ਅਤਿ ਜ਼ਰੂਰੀ ਹੈ। ਪੰਜਾਬੀ ਦੇ ਪ੍ਰਸਿੱਧ ਕਵੀ ਸੁਰਜੀਤ ਪਾਤਰ ਦੀਆਂ ਹੇਠਲੀਆਂ ਸਤਰਾਂ ਦੇ ਹਵਾਲੇ ਨਾਲ ਆਪਣੀ ਗੱਲ ਨੂੰ ਅਗੇਰੇ ਤੋਰਨਾ ਚਾਹਾਂਗਾ। ਸਤਰਾਂ ਹਨ: ਜੋ ਬਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ/ ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ/ ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ/ ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ। ਪਾਤਰ ਨੇ ਆਪਣੀ ਇਕ ਗ਼ਜ਼ਲ ਵਿਚਲੀਆਂ ਉਕਤ ਸਤਰਾਂ ਅੱਜ ਤੋਂ ਲਗਪਗ ਅੱਧੀ ਸਦ ਪਹਿਲਾਂ ਲਿਖੀਆਂ ਸਨ। ਉਨ੍ਹਾਂ ਨੇ 1970ਵਿਆਂ ਦੇ ਆਸ-ਪਾਸ ਇਹ ਰੁਦਨ ਕੀਤਾ ਸੀ ਤੇ ਅੱਜ ਇਹ ਕਿਸ ਕਦਰ ਵਿਕਰਾਲਤਾ ਦੀ ਚਰਮ-ਸੀਮਾ ਨੂੰ ਛੂਹ ਚੁੱਕਾ ਹੈ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਅਜੋਕੇ ਪਰਵਾਸ ਦੇ ਮੰਤਵ ਵਿੱਚੋਂ ਖੱਟੀ ਕਮਾਈ ਕਰ ਕੇ ਘਰ ਪਰਤਣ ਦਾ ਉਦੇਸ਼ ਤਾਂ ਪੂਰੀ ਤਰ੍ਹਾਂ ਗੁਆਚ ਹੀ ਗਿਆ ਹੈ। ਰਿਸ਼ਤਿਆਂ ਨਾਲ ਜੁੜੀਆਂ ਕਦਰਾਂ-ਕੀਮਤਾਂ ਤੇ ਸੰਸਕਾਰਾਂ ਨੂੰ ਨਿਭਾਏ ਜਾਣ ਦੀ ਗੱਲ ਤਾਂ ਬਹੁਤ ਦੂਰ ਦੀ ਕੌਡੀ ਹੈ।

ਅਨੇਕ ਤਰ੍ਹਾਂ ਦੀਆਂ ਅਜਿਹੀਆਂ ਡਰਾਉਣੀਆਂ, ਮਨਹੂਸ ਖ਼ਬਰਾਂ ਅੱਜ-ਕੱਲ੍ਹ ਨਿਰੰਤਰ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ ਜੋ ਪਰਵਾਸ ਦੇ ਰੁਝਾਨ ਪਿੱਛੇ ਕੰਮ ਕਰਦੇ ਕੁਹਜੇ ਮੰਤਵਾਂ ਦੇ ਅਤਿ ਮਾੜੇ ਅਤੇ ਵਿਕਰਾਲ ਨਤੀਜਿਆਂ ਨੂੰ ਦੱਸਦੀਆਂ ਹਨ। ਕੋਈ ਵੀ ਦਿਨ ਅਜਿਹਾ ਨਹੀਂ ਹੁੰਦਾ ਜਿਸ ਦਿਨ ਇਹ ਖ਼ਬਰ ਨਾ ਆਵੇ ਕਿ ਪੰਜਾਬ ਦੇ ਫਲਾਣੇ ਇਲਾਕੇ ਦਾ ਫਲਾਣਾ ਨੌਜਵਾਨ ਮੁੰਡਾ ਜਾਂ ਕੁੜੀ ਵਿਦੇਸ਼ ਵਿਸ਼ੇਸ਼ ਤੌਰ 'ਤੇ ਕੈਨੇਡਾ 'ਚ ਫੌਤ ਹੋ ਗਿਆ ਹੈ। ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਦੀ ਚਾਣਚੱਕ ਮੌਤ ਨਾਲ ਜੁੜੀ ਖ਼ਬਰ ਜਦੋਂ ਮਾਪਿਆਂ ਤੱਕ ਪੁੱਜਦੀ ਹੈ ਤਾਂ ਉਨ੍ਹਾਂ 'ਤੇ ਕੀ ਬੀਤਦੀ ਹੈ, ਇਹ ਉਹੋ ਜਾਣਦੇ ਹਨ। ਮੌਤ ਦੇ ਕਾਰਨਾਂ ਬਾਰੇ ਜੋ ਕੁਝ ਦੱਸਿਆ-ਦਰਸਾਇਆ ਜਾਂਦਾ ਹੈ, ਉਹ ਬਹੁਤੀ ਵਾਰ ਸੰਘ ਤੋਂ ਹੇਠਾਂ ਨਹੀਂ ਉੱਤਰਦਾ। ਸਾਡੇ ਮੁਲਕ ਦੇ ਵੱਖ-ਵੱਖ ਰਾਜਾਂ ਅੰਦਰ ਸਿੱਖਿਆ ਦਾ ਮਿਆਰ ਕਦੇ ਵੀ ਅਜਿਹਾ ਨਹੀਂ ਰਿਹਾ ਕਿ ਇੱਥੋਂ ਦੇ ਵਿਦਿਆਰਥੀਆਂ ਨੂੰ ਬਾਹਰਲੇ ਮੁਲਕਾਂ ਵਿਚ ਪੜ੍ਹਨ ਲਈ ਜਾਣਾ ਪਵੇ। ਉਲਟਾ ਹੋਰ ਮੁਲਕਾਂ ਵੱਲੋਂ ਵਿਦਿਆਰਥੀ ਭਾਰਤ ਵਿਚ ਸਿੱਖਿਆ ਪ੍ਰਾਪਤੀ ਲਈ ਆਉਂਦੇ ਰਹੇ ਹਨ ਤੇ ਇਹ ਸਿਲਸਿਲਾ ਹੁਣ ਵੀ ਜਾਰੀ ਹੈ। ਭਾਰਤੀ ਸਿੱਖਿਆ ਪ੍ਰਾਪਤ ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ਾਂ ਵਿਚ ਸਫਲਤਾ ਪ੍ਰਾਪਤ ਕਰਦੇ ਹਨ, ਇਸ ਵਿਚ ਕਿਸੇ ਵੀ ਤਰ੍ਹਾਂ ਦੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ।

ਅੱਜ ਪੜ੍ਹਾਈ ਕਰਨ ਦੇ ਨਾਂ 'ਤੇ 'ਉਲਟੀ ਗੰਗਾ ਵਹਾਉਣ' ਦੀ ਜੋ ਕੋਸ਼ਿਸ਼ ਹੋ ਰਹੀ ਹੈ ਨਿਸ਼ਚਤ ਰੂਪ ਵਿਚ ਇਸ ਪਿਛਲੇ ਮੰਤਵ ਸਿੱਖਿਆ ਨਾਲ ਨਹੀਂ ਜੁੜੇ ਸਗੋਂ ਟੀਚਾ ਹੈ ਬਾਹਰਲੇ ਮੁਲਕਾਂ ਵਿਚ ਜਾ ਕੇ ਵਸਣ ਦਾ। ਆਜ਼ਾਦੀ ਮਾਣਨ ਦਾ, ਜ਼ਿੰਮੇਵਾਰੀਆਂ ਤੋਂ ਭੱਜਣ ਦਾ। ਜ਼ਰਾ ਸੋਚੋ! ਲੱਖਾਂ ਰੁਪਈਏ ਪੜ੍ਹਾਈ ਦੇ ਨਾਂ ਉੱਤੇ ਖ਼ਰਚ ਕੇ ਹਜ਼ਾਰਾਂ ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ਾਂ 'ਚ ਜਾ ਕੇ ਲੇਬਰ ਕਿਉਂ ਕਰ ਰਹੇ ਹਨ, ਡਰਾਈਵਰ ਕਿਉਂ ਬਣ ਰਹੇ ਹਨ, ਟਰਾਲੇ ਕਿਉਂ ਚਲਾ ਰਹੇ ਹਨ? ਦੋ ਪ੍ਰਤੀਸ਼ਤ ਵਿਦਿਆਰਥੀ ਮਸਾਂ ਹੀ ਹੋਣੇ ਨੇ ਜਿਨ੍ਹਾਂ ਨੂੰ ਉਨ੍ਹਾਂ ਦੀ ਭਾਰਤ ਜਾਂ ਪੰਜਾਬ ਵਿਚ ਕੀਤੀ ਪੜ੍ਹਾਈ ਮੁਤਾਬਕ ਕੋਈ ਕਿੱਤਾ ਪ੍ਰਾਪਤ ਹੁੰਦਾ ਹੈ। ਪਿਛਲੇ ਦਿਨੀਂ ਛਪੇ ਅਖ਼ਬਾਰੀ ਅੰਕੜਿਆਂ ਅਨੁਸਾਰ ਪੰਜਾਬੀ ਵਿਦਿਆਰਥੀ ਹਰ ਸਾਲ ਲਗਪਗ 70 ਹਜ਼ਾਰ ਕਰੋੜ ਰੁਪਏ ਨਿਵੇਸ਼ ਕਰਦੇ ਨੇ ਪੜ੍ਹਾਈ ਦੇ ਨਾਂ ਉੱਤੇ। ਹਰ ਸਾਲ 1,25,000 ਤੋਂ ਲੈ ਕੇ 1,50,000 ਤੱਕ ਨੌਜਵਾਨ ਪੰਜਾਬੀ ਮੁੰਡੇ-ਕੁੜੀਆਂ ਪੜ੍ਹਾਈ ਦੇ ਪੰਘੂੜੇ 'ਤੇ ਸਵਾਰ ਹੋ ਕੇ ਵਿਦੇਸ਼ਾਂ ਲਈ ਉਡਾਰੀ ਮਾਰ ਜਾਂਦੇ ਹਨ। ਜਿਹੜੇ ਪੜ੍ਹਾਈ ਲਈ ਨਹੀਂ ਸਿਰਫ਼ ਰੁਜ਼ਗਾਰ ਲਈ ਜਾਂਦੇ ਨੇ, ਉਨ੍ਹਾਂ ਦੀ ਗਿਣਤੀ ਵੀ ਘੱਟ ਨਹੀਂ। ਕੁਝ ਖ਼ਾਸ ਮੁਲਕਾਂ ਵੱਲ ਵੱਡੀ ਗਿਣਤੀ ਵਿਚ ਕੀਤਾ ਜਾਂਦਾ ਪਰਵਾਸ ਸੱਭਿਆਚਾਰਕ ਅਸਾਵੇਂਪਣ ਦਾ ਜਨਮ-ਦਾਤਾ ਹੈ। ਪਿਛਲੇ ਦਿਨੀਂ ਭਾਰਤ ਤੇ ਕੈਨੇਡਾ ਦਰਮਿਆਨ ਜੋ ਤਣਾਅ ਪਸਰਿਆ ਹੈ, ਨੀਝ ਨਾਲ ਦੇਖੀਏ ਤਾਂ ਇਹ ਅਸਲ ਮੁੱਦਾ ਸੱਭਿਆਚਾਰਕ ਅਸਾਵੇਂਪਣ ਦਾ ਹੈ।

ਉੱਤੋਂ-ਉੱਤੋਂ ਸਰਕਾਰਾਂ ਭਾਵੇਂ ਕੁਝ ਮਰਜ਼ੀ ਕਹਿੰਦੀਆਂ ਰਹਿਣ, ਜਨ-ਸਾਧਾਰਨ ਆਪੋ-ਆਪਣੀ ਗਿਆਨ-ਸਮਰੱਥਾ ਅਨੁਰੂਪ ਇਸ ਤਣਾਅ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲੇ ਇਹ ਤਣਾਅ ਅੰਦਰੋ-ਅੰਦਰੀ ਹੋਰ ਫੈਲੇਗਾ ਤੇ ਕਈ ਹੋਰ ਮੁਲਕ ਸਿੱਧੇ-ਅਸਿੱਧੇ ਰੂਪ 'ਚ ਇਸ ਤਣਾਅ ਨੂੰ ਵਧਾਉਣ-ਘਟਾਉਣ ਦੇ ਮੰਤਵ ਨਾਲ ਆਪਣੀ ਸ਼ਮੂਲੀਅਤ ਦਰਜ ਕਰਵਾਉਣਗੇ। ਵਿਸ਼ਵ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦ ਕਿਸੇ ਵੀ ਮੁਲਕ ਜਾਂ ਖਿੱਤੇ 'ਚ ਸੱਭਿਆਚਾਰਕ ਅਸਾਵਾਂਪਣ ਵਧਦਾ ਹੈ ਤਾਂ ਇਸ ਨਾਲ ਜੁੜੀਆਂ ਦਿੱਕਤਾਂ, ਪੇਚੀਦਗੀਆਂ ਦੇ ਦੁਸ਼-ਪ੍ਰਭਾਵਾਂ ਤੇ ਸੰਤਾਪ ਤੋਂ ਕੋਈ ਵੀ ਨਹੀਂ ਬਚ ਸਕਦਾ। ਹਥਿਆਰ, ਨਸ਼ੇ, ਸ਼ੋਸ਼ਣ ਕਰਨਾ ਜਾਂ ਸ਼ੋਸ਼ਿਤ ਹੋਣਾ, ਕਤਲ, ਕਤਲਾਂ ਦੀਆਂ ਸੁਪਾਰੀਆਂ, ਗੈਂਗ, ਗੈਂਗਸਟਰਾਂ, ਗੈਂਗਵਾਰ ਆਦਿ ਨਾਲ ਜੁੜੇ ਕੁਹਜੇ ਕਾਰੇ ਤੇ ਸੰਕਲਪ ਮਾਨਵੀ ਸਮਾਜ ਦਾ ਹਿੱਸਾ ਬਣਨ ਲੱਗ ਜਾਂਦੇ ਹਨ। ਜਨ-ਸਾਧਾਰਨ ਚਿੰਤਾ, ਤੌਖ਼ਲੇ, ਭੈਅ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਜਾਂਦਾ ਹੈ। ਇਹ ਭਾਣਾ ਅੱਜ ਭਾਰਤੀ ਖ਼ਾਸ ਕਰਕੇ ਪੰਜਾਬੀ ਜਨ-ਸਾਧਾਰਨ ਨਾਲ ਵਾਪਰ ਰਿਹਾ ਹੈ। ਹਰ ਪ੍ਰਭਾਵੀ ਧਿਰ ਆਪੋ-ਆਪਣੇ ਢੰਗ ਨਾਲ ਸਮੁੱਚੀ ਸਥਿਤੀ ਨੂੰ ਸਮਝ ਰਹੀ ਹੈ ਅਤੇ ਆਪਣਾ ਹਾਲ-ਏ-ਦਿਲ ਬਿਆਨ ਕਰ ਰਹੀ ਹੈ। ਯਾ ਮੇਰੇ ਮੌਲਾ! ਸੱਤਾਧਾਰੀਆਂ ਨੂੰ ਅਜਿਹੀ ਤੌਫ਼ੀਕ ਅਦਾ ਫ਼ਰਮਾ ਕਿ ਉਹ ਜਨ-ਸਾਧਾਰਨ ਦੀ ਪੀੜ ਨੂੰ ਆਪਣੀ ਪੀੜ ਸਮਝਣ।




# ਕੋਈ ਮਜ਼੍ਹਬ ਨਹੀਂ ਸਿਖਾਉਂਦਾ ਇਨਸਾਨਾਂ ਦਾ ਖ਼ੂਨ ਵਹਾਉਣਾ, ਨਾ ਲੱਗੇ ਅਮਨ ਨੂੰ ਲਾਂਬੂ

**-ਵਰਿੰਦਰ ਵਾਲੀਆ**

ਆਦਿ ਕਾਲ ਤੋਂ ਦੀਨ-ਮਜ਼ਹਬ ਇਨਸਾਨ ਨੂੰ ਇਨਸਾਨੀਅਤ ਦਾ ਪੈਗ਼ਾਮ ਦਿੰਦੇ ਆਏ ਹਨ। ਵਿਸ਼ਵ ਭਾਈਚਾਰੇ ਦਾ ਸੁਨੇਹਾ ਦੇਣ ਵਾਲੇ ਸੂਫ਼ੀਆਂ-ਸੰਤਾਂ, ਨਬੀਆਂ-ਪੈਗੰਬਰਾਂ ਤੇ ਗੁਰੂਆਂ ਨੇ ਸਮੇਂ-ਸਮੇਂ ਮਨੁੱਖ ਦਾ ਮਾਰਗ-ਦਰਸ਼ਨ ਕਰ ਕੇ ਉਸ ਨੂੰ ਨੈਤਿਕਤਾ ਦਾ ਪਾਠ ਪੜ੍ਹਾਇਆ ਹੈ। ਇਸ ਦੇ ਬਾਵਜੂਦ ਧਰਮ ਗੁਰੂਆਂ ਦੇ ਪੈਰੋਕਾਰਾਂ ਨੇ ਕੱਟੜਤਾ ਦਾ ਰਾਹ ਅਪਣਾ ਕੇ ਮਨੁੱਖਤਾ ਨੂੰ ਤਕਸੀਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ। ਕਹਿੰਦੇ ਹਨ ਕਿ ਧਾਰਮਿਕ ਕੱਟੜਤਾ ਨੇ ਇਨਸਾਨ ਨੂੰ ਤਾਰਿਆ ਘੱਟ ਤੇ ਮਾਰਿਆ ਵੱਧ ਹੈ। ਫ਼ਿਰਕਾਪ੍ਰਸਤੀ ਕਾਰਨ ਦੁਨੀਆ ਦੇ ਕੋਨੇ-ਕੋਨੇ 'ਚ ਅੱਜਕੱਲ੍ਹ ਖ਼ੂਨ ਦੇ ਦਰਿਆ ਵਗ ਰਹੇ ਹਨ। ਇਜ਼ਰਾਈਲ ਅਤੇ ਹਮਾਸ ਦਰਮਿਆਨ ਚੱਲੀ ਜੰਗ ਨੇ ਵਿਨਾਸ਼ਕਾਰੀ ਦਾ ਨਵਾਂ ਬਾਬ ਲਿਖਿਆ ਹੈ। ਹਮਾਸ ਨੂੰ ਈਰਾਨ ਸਣੇ ਕਈ ਮੁਸਲਿਮ ਦੇਸ਼ਾਂ ਦੀ ਸ਼ਹਿ ਹੈ। ਗਾਜ਼ਾ ਪੱਟੀ ਅਤੇ ਵੈਸਟ ਬੈਂਕ 'ਚ ਹਮਸਾ ਦੇ ਗੁਰੀਲਿਆਂ ਨੇ ਸੁਰੰਗਾਂ ਦਾ ਜਾਲ ਵਿਛਾਇਆ ਹੋਇਆ ਹੈ। ਇਜ਼ਰਾਈਲ ਦਾ ਖ਼ੁਫ਼ੀਆਤੰਤਰ ਪਹਿਲੀ ਵਾਰ ਫੇਲ੍ਹ ਸਾਬਤ ਹੋਇਆ। ਸੱਤ ਅਕਤੂਬਰ, 2023 ਨੂੰ ਗਾਜ਼ਾ ਪੱਟੀ 'ਚੋਂ 5000 ਰਾਕਟਾਂ ਦੀ ਹੋਈ ਬੁਛਾੜ ਨੇ ਇਜ਼ਰਾਈਲ ਦੇ 'ਫੌਲਾਦੀ ਗੁੰਬਦ' (ਆਇਰਨ ਡੋਮ) ਨੂੰ ਝਕਾਨੀ ਦੇ ਕੇ ਅਣਕਿਆਸੀ ਤਬਾਹੀ ਕੀਤੀ। ਪਿਛਲੇ ਕਈ ਦਹਾਕਿਆਂ ਤੋਂ 'ਫੌਲਾਦੀ ਗੁੰਬਦ' ਇਜ਼ਰਾਈਲ ਦੀ ਸਭ ਤੋਂ ਮਜ਼ਬੂਤ ਸੁਰੱਖਿਆ ਪੰਕਤੀ ਰਿਹਾ ਹੈ। ਫ਼ਲਸਤੀਨੀਆਂ ਤੇ ਹੋਰ ਮੁਸਲਿਮ ਦੇਸ਼ਾਂ ਵੱਲੋਂ ਦਾਗੀਆਂ ਜਾਂਦੀਆਂ ਮਿਜ਼ਾਈਲਾਂ ਨੂੰ ਇਹ ਹਵਾ 'ਚ ਹੀ ਰਾਖ ਕਰਦਾ ਆਇਆ ਹੈ। ਮੋਸਾਦ ਦਾ ਸ਼ੁਰੂ ਤੋਂ ਹੀ ਨਾਅਰਾ ਰਿਹਾ ਹੈ, 'ਨਾ ਭੁੱਲਦੇ ਹਾਂ ਤੇ ਨਾ ਮਾਫ਼ ਕਰਦੇ ਹਾਂ।' ਮੋਸਾਦ ਦੇ ਆਪਰੇਸ਼ਨ ਬੇਹੱਦ ਹੈਰਾਨੀਜਨਕ ਰਹੇ ਹਨ। ਸੰਨ 1976 'ਚ ਇਜ਼ਰਾਈਲ ਦੇ 248 ਸਵਾਰੀਆਂ ਵਾਲੇ ਜਹਾਜ਼ ਨੂੰ ਮੋਸਾਦ ਨੇ ਅੱਤ ਖ਼ੁਫ਼ੀਆ ਆਪਰੇਸ਼ਨ 'ਥੰਡਰਬੋਲਟ' ਜ਼ਰੀਏ ਯੁਗਾਂਡਾ ਤੋਂ ਸੁਰੱਖਿਅਤ ਵਾਪਸ ਲੈ ਆਂਦਾ ਸੀ। ਇਸ ਤੋਂ ਵੀ ਪਹਿਲਾਂ ਇਜ਼ਰਾਈਲ ਨੇ ਯਹੂਦੀਆਂ ਨੂੰ 1942 'ਚ ਜਰਮਨੀ ਦੇ ਤਸੀਹਾਘਰਾਂ (ਗੈਸ ਚੈਂਬਰਾਂ) 'ਚ ਮਾਰਨ ਵਾਲੇ ਹਿਟਲਰ ਦੇ ਬੇਹੱਦ ਵਿਸ਼ਵਾਸਪਾਤਰ ਓਟੋ ਅਡੋਲਫ ਈਖਮੈਨ ਨੂੰ ਅਰਜਨਟੀਨਾ 'ਚੋਂ ਲੱਭ ਕੇ ਇਜ਼ਰਾਈਲ ਲਿਆਂਦਾ ਤੇ ਇਕ ਜੂਨ 1962 ਨੂੰ ਫਾਹੇ ਲਾ ਦਿੱਤਾ ਸੀ। ਮਸਨੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਨਾਲ ਲੈਸ ਮੋਸਾਦ ਇਸ ਵਾਰ ਮਾਤ ਖਾ ਗਿਆ। ਇਜ਼ਰਾਈਲ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਕਈ ਵਿਰੋਧੀ ਆਗੂਆਂ ਨੇ ਨਪੇ-ਤੁਲੇ ਸ਼ਬਦਾਂ 'ਚ ਕਿਹਾ ਕਿ ਹਾਕਮਾਂ ਨੂੰ ਹਉਮੈ ਨੇ ਮਾਰਿਆ ਹੈ। ਰੂਸ-ਯੂਕਰੇਨ ਜੰਗ ਦੇ ਮੁਕਾਬਲੇ ਇਜ਼ਰਾਈਲ-ਹਮਾਸ ਲੜਾਈ ਨੇ ਬਹੁਤ ਹੀ ਤੇਜ਼ੀ ਨਾਲ ਵਿਸ਼ਵ ਨੂੰ ਦੋ ਖੇਮਿਆਂ 'ਚ ਵੰਡ ਦਿੱਤਾ ਹੈ। ਪਹਿਲੀਆਂ ਦੋ ਵਿਸ਼ਵ ਜੰਗਾਂ ਵੇਲੇ ਮਨੁੱਖਤਾ ਦੇ ਘਾਣ ਨੂੰ ਵੇਖਦਿਆਂ ਮਹਿਸੂਸ ਕੀਤਾ ਜਾਂਦਾ ਸੀ ਕਿ ਇਸ ਤੋਂ ਬਾਅਦ ਆਲਮੀ ਜੰਗਾਂ ਦਾ ਭੋਗ ਪੈ ਜਾਵੇਗਾ। ਦੋਨਾਂ ਆਲਮੀ ਜੰਗਾਂ 'ਚ ਕਰੋੜਾਂ ਫ਼ੌਜੀ, ਆਮ ਲੋਕ ਮਾਰੇ ਗਏ ਤੇ ਜ਼ਖ਼ਮੀ ਹੋਏ ਸਨ। ਦੁਨੀਆ ਦੇ ਨਕਸ਼ੇ ਤੋਂ ਕਈ ਦੇਸ਼ ਲੋਪ ਹੋ ਗਏ ਸਨ। ਪਹਿਲੀ ਆਲਮੀ ਜੰਗ ਦੇ ਨੁਕਸਾਨ ਦਾ ਠੀਕਰਾ ਜਰਮਨੀ ਸਿਰ ਭੰਨਣ ਤੋਂ ਬਾਅਦ ਹਿਟਲਰ ਤਿਲਮਿਲਾ ਉੱਠਿਆ ਸੀ। ਉਸ ਨੇ ਜਰਮਨੀ ਦੀ ਹਾਰ ਲਈ ਯਹੂਦੀਆਂ ਤੇ ਕਾਮਰੇਡਾਂ ਨੂੰ ਜ਼ਿੰਮੇਵਾਰ ਠਹਿਰਾਇਆ। ਜਰਮਨ ਸ਼ੁੱਧ ਆਰੀਅਨ ਹਨ, ਦਾ ਪ੍ਰਚਾਰ ਕੀਤਾ। ਉਸ ਨੇ ਸਾਮੀ ਅਤੇ ਆਰੀਅਨ ਨਸਲਾਂ 'ਚ ਮਨੁੱਖਤਾ ਨੂੰ ਵੰਡਿਆ। ਜਿੰਨੇ ਤਸੀਹੇ ਯਹੂਦੀਆਂ ਨੇ ਨਾਜ਼ੀ ਜਰਮਨੀ 'ਚ ਝੱਲੇ, ਇਸ ਦੀ ਮਿਸਾਲ ਦੁਨੀਆ ਭਰ 'ਚ ਨਹੀਂ ਮਿਲਦੀ। ਜਿੱਥੋਂ ਤਕ ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ ਦਾ ਸਬੰਧ ਹੈ, ਇਨ੍ਹਾਂ ਤਿੰਨਾਂ ਫਿਰਕਿਆਂ 'ਚ ਸਦੀਆਂ ਤੋਂ ਦੰਗੇ-ਫ਼ਸਾਦ ਹੁੰਦੇ ਆ ਰਹੇ ਹਨ। ਵਿਡੰਬਣਾ ਇਸ ਗੱਲ ਦੀ ਹੈ ਕਿ ਤਿੰਨਾਂ ਨਸਲਾਂ ਦਾ ਮੁੱਢ-ਤਣਾ ਇਕ ਹੈ। ਜੜ੍ਹਾਂ ਇਕ ਹਨ। ਸਾਂਝੀ ਵਿਰਾਸਤ ਵਾਲੀਆਂ ਨਸਲਾਂ ਵਿਚ ਲਹੂ-ਵੀਟਵੀਂ ਜੰਗ ਦਾ ਕਾਰਨ ਇਨ੍ਹਾਂ ਦੀਆਂ ਪ੍ਰਾਚੀਨ ਧਾਰਮਿਕ ਪੁਸਤਕਾਂ ਵਿਚ ਰਲੇਵਾਂ ਹੈ। ਉਪਰੋਕਤ ਨਸਲਾਂ ਦਾ ਸਾਮੀ ਸੱਭਿਆਚਾਰ ਇਨ੍ਹਾਂ ਨੂੰ ਆਪਸ ਵਿਚ ਜੋੜਦਾ ਰਿਹਾ ਹੈ। ਇਨ੍ਹਾਂ ਦੀ ਮਿੱਟੀ ਅਤੇ ਖਮੀਰ ਸਾਂਝਾ ਸੱਭਿਆਚਾਰ ਸਿਰਜਦੇ ਹਨ। ਨਫ਼ਰਤ ਦੇ ਬੀਜ ਕੁਝ ਹਦੀਸਾਂ ਰਾਹੀਂ ਬੀਜੇ ਗਏ ਜਿਸ ਨੇ ਯਹੂਦੀਆਂ ਅਤੇ ਮੁਸਲਮਾਨਾਂ ਨੂੰ ਇਕ-ਦੂਜੇ ਦੇ ਜਾਨੀ ਦੁਸ਼ਮਣ ਬਣਾ ਦਿੱਤਾ। ਇਸ ਤੋਂ ਵੀ ਪਹਿਲਾਂ ਯਹੂਦੀਆਂ ਅਤੇ ਈਸਾਈਆਂ 'ਚ ਬਖੇੜੇ ਪਏ। ਕਈ ਇਤਿਹਾਸਕਾਰ ਕਹਿੰਦੇ ਹਨ ਕਿ ਯਸੂ ਮਸੀਹ ਦਾ ਜਨਮ ਯਹੂਦੀ ਪਰਿਵਾਰ 'ਚ ਹੋਇਆ ਸੀ। ਯਸੂ ਨੂੰ ਸੱਚ ਖ਼ਾਤਰ ਸੂਲੀ ਚੜ੍ਹਨਾ ਪਿਆ। ਯਹੂਦੀ ਮੂਸਾ ਨੂੰ ਆਖ਼ਰੀ ਨਬੀ ਮੰਨਦੇ ਹਨ। ਮੁਸਲਮਾਨ ਮੁਹੰਮਦ ਸਾਹਿਬ ਨੂੰ ਆਖ਼ਰੀ ਪੈਗੰਬਰ ਮੰਨਦੇ ਹਨ। ਇਬਰਾਹਮ, ਮੋਜ਼ਜ਼, ਦਾਊਦ ਤੇ ਸੁਲੇਮਾਨ ਆਦਿ ਤਿੰਨਾਂ ਨਸਲਾਂ ਦੇ ਸਾਂਝੇ ਹਨ। ਸਦੀਆਂ ਤੱਕ ਇਨ੍ਹਾਂ ਦੇ ਬੱਚਿਆਂ ਦੇ ਨਿਕਾਹ ਬਿਨਾ ਕਿਸੇ ਰੋਕ-ਟੋਕ ਦੇ ਹੁੰਦੇ ਰਹੇ। ਫਿਰ ਸਮਾਂ ਆਇਆ ਯਹੂਦੀਆਂ ਖ਼ਿਲਾਫ਼ ਕੂੜ-ਪ੍ਰਚਾਰ ਦਾ। ਕੁਝ ਧਾਰਮਿਕ ਗ੍ਰੰਥਾਂ 'ਚ ਸਾਜ਼ਿਸ਼ ਤਹਿਤ ਯਹੂਦੀਆਂ ਨੂੰ ਲਹੂ-ਪੀਣੇ ਦੱਸਿਆ ਗਿਆ। ਇਕ ਧਾਰਮਿਕ ਪੋਥੀ ਨੇ ਤਾਂ ਇੱਥੋਂ ਤਕ ਲਿਖ ਦਿੱਤਾ ਕਿ ਜਿੰਨੀ ਦੇਰ ਸਾਲ ਅੰਦਰ ਕੋਈ ਯਹੂਦੀ ਗ਼ੈਰ-ਯਹੂਦੀ ਨੂੰ ਮੌਤ ਦੇ ਘਾਟ ਉਤਾਰ ਕੇ ਉਸ ਦਾ ਖ਼ੂਨ ਨਹੀਂ ਪੀਂਦਾ, ਉਹ ਦੋਜ਼ਖ 'ਚ ਜਾਂਦਾ ਹੈ। ਇਸ ਦੇ ਉਲਟ ਕੁਝ ਇਤਰਾਜ਼ਯੋਗ ਹਦੀਸਾਂ, ਜੋ ਨਬੀ ਉਮਰ ਨੇ ਇਕੱਠੀਆਂ ਕਰਵਾ ਕੇ ਖ਼ੁਦ ਸਾੜੀਆਂ ਸਨ, 'ਚ ਲਿਖਿਆ ਹੈ ਕਿ ਹਰ ਮੁਸਲਮਾਨ ਦਾ ਫ਼ਰਜ਼ ਹੈ ਕਿ ਉਹ ਘੱਟੋ-ਘੱਟ 50 ਕਾਫਰਾਂ (ਵਿਸ਼ੇਸ਼ ਤੌਰ 'ਤੇ ਯਹੂਦੀਆਂ) ਦਾ ਕਤਲ ਕਰੇ ਤਾਂ ਉਸ ਨੂੰ ਜੰਨਤ ਨਸੀਬ ਹੋਵੇਗੀ। ਸੱਚਾਈ ਤਾਂ ਇਹ ਹੈ ਕਿ ਇਨ੍ਹਾਂ ਤਿੰਨਾਂ ਨਸਲਾਂ ਦੇ ਪੈਗੰਬਰਾਂ ਨੇ ਅਜਿਹਾ ਕੋਈ ਸੁਨੇਹਾ ਨਹੀਂ ਦਿੱਤਾ ਜਿਸ ਨਾਲ ਇਨਸਾਨ ਹੈਵਾਨ ਦਾ ਰੂਪ ਧਾਰਨ ਕਰ ਜਾਵੇ। ਇਸਲਾਮ ਦਰਅਸਲ ਦੀਨ-ਏ-ਰਹਿਮਤ ਹੈ। ਹਜ਼ਰਤ ਮੁਹੰਮਦ ਸਾਹਿਬ ਦੇ ਜ਼ਮਾਨੇ 'ਚ ਜੋ ਸੈਨਿਕ ਜਹਾਦ ਲਈ ਭੇਜੇ ਜਾਂਦੇ ਸਨ, ਉਨ੍ਹਾਂ ਨੂੰ ਇਹ ਸਖ਼ਤ ਹਦਾਇਤ ਸੀ ਕਿ ਕਿਸੇ ਮਜ਼ਲੂਮ 'ਤੇ ਜ਼ੁਲਮ ਨਹੀਂ ਢਾਹੁਣਾ। ਫਿਤਨੇ ਫਸਾਦ ਕਰਨਾ ਜਹਾਦ ਨਹੀਂ ਹੈ। ਇਸਲਾਮ ਨੂੰ ਦੀਨ-ਏ-ਫ਼ਿਤਰਤ ਵੀ ਕਿਹਾ ਜਾਂਦਾ ਹੈ, ਜਿਸ ਦਾ ਆਗ਼ਾਜ਼ ਇਨਸਾਨ ਦੀ ਉਤਪਤੀ ਤੋਂ ਹੀ ਮੰਨਿਆ ਜਾਂਦਾ ਹੈ। ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੁਕਮ ਮੰਨਣਾ, ਆਤਮ ਸਮਰਪਣ ਕਰਨਾ ਤੇ ਖ਼ੁਦਾ ਪਾਕ ਦੀ ਮਰਜ਼ੀ ਅੱਗੇ ਸਮਰਪਣ ਕਰਨਾ ਹੈ। ਮਸਾਦ, ਤਾਲਿਬਾਨ, ਆਈਐੱਸਆਈ ਅਤੇ ਲਸ਼ਕਰੇ ਤੋਇਬਾ ਵਰਗੀਆਂ ਸੈਂਕੜੇ ਤਨਜ਼ੀਮਾਂ ਅੱਜ ਆਪਣੇ ਮੂਲ ਨੂੰ ਪਛਾਣਨ ਤੋਂ ਇਨਕਾਰੀ ਹਨ। ਦਰਅਸਲ 'ਜਹਾਦ' ਦਾ ਸੰਕਲਪ ਕਈ ਭਰਮ ਭੁਲੇਖੇ ਪੈਦਾ ਕਰ ਕੇ ਮੁਸਲਮਾਨ ਭਾਈਚਾਰੇ ਨੂੰ ਬਿਖੜੇ ਰਾਹਾਂ ਦਾ ਪਾਂਧੀ ਬਣਾ ਰਿਹਾ ਹੈ। ਜਹਾਦ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮਤਲਬ ਜ਼ੋਰਦਾਰ, ਕਰੜਾ ਸੰਘਰਸ਼ ਤੇ ਦੀਨ ਦੇ ਪ੍ਰਚਾਰ ਲਈ ਤਨੋਂ-ਮਨੋਂ ਯਤਨ ਕਰਨਾ ਹੈ। ਇਸ ਸ਼ਬਦ ਦੇ ਸੰਕੀਰਣ ਅਰਥ ਕੱਢਣ ਕਰਕੇ ਹੀ ਦੁਨੀਆ ਭਰ 'ਚ ਦੰਗੇ-ਫ਼ਸਾਦ ਹੋ ਰਹੇ ਹਨ। 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਵਰਗਾ ਅਮਰ ਤਰਾਨਾ ਲਿਖਣ ਵਾਲਾ ਅੱਲਾਮਾ ਮੁਹੰਮਦ ਇਕਬਾਲ ਵੀ ਗੁਮਰਾਹ ਹੋ ਗਿਆ ਸੀ। ਪਾਕਿਸਤਾਨ ਦੇ ਬਾਨੀ ਜਿਨਹਾ ਵਾਂਗ ਉਸ ਦਾ ਪਿਛੋਕੜ ਭਾਵੇਂ ਹਿੰਦੂ ਪਰਿਵਾਰ ਨਾਲ ਸੀ ਪਰ ਇਸਲਾਮ ਧਾਰਨ ਕਰਨ ਤੋਂ ਬਾਅਦ ਉਹ ਕੱਟੜ ਮੁਸਲਮਾਨ ਬਣ ਗਿਆ ਸੀ। ਵੀਹਵੀਂ ਸਦੀ ਦੇ ਆਰੰਭ 'ਚ ਇਸਲਾਮਿਕ ਦੇਸ਼, ਓਟੋਮਨ ਇੰਪਾਇਰ ਰਸਾਤਲ ਵੱਲ ਜਾਣ ਲੱਗਾ (1924 'ਚ ਇਸ ਦਾ ਪੂਰੀ ਤਰ੍ਹਾਂ ਭੋਗ ਪੈ ਗਿਆ ਸੀ) ਤਾਂ ਇਕਬਾਲ ਲਹੂ ਦੇ ਅੱਥਰੂ ਕੇਰਨ ਲੱਗਾ। ਉਸ ਨੇ 'ਸ਼ਿਕਵਾ' ਅਨੁਵਾਨ ਹੇਠ ਲੰਬੀ ਨਜ਼ਮ (ਜੋ ਅੱਜ ਕੱਲ੍ਹ ਕਵਾਲੀ ਦੇ ਰੂਪ 'ਚ ਗਾਈ ਜਾਂਦੀ ਹੈ) ਲਿਖੀ, ਜਿਸ 'ਚ ਅੱਲਾਹ ਤਾਅਲਾ ਨੂੰ ਉਲਾਂਭਾ ਦਿੱਤਾ ਗਿਆ। ਇਸ ਦੀਆਂ ਕੁਝ ਸਤਰਾਂ ਆਤਮਸਾਤ ਕਰੋ, "ਇਸੀ ਦੁਨੀਆ ਮੇਂ ਯਹੂਦੀ ਭੀ ਥੇ/ਨਸਰਾਨੀ ਭੀ/ਈਸਾਈ ਭੀ। ਪਰ ਤੇਰੇ ਨਾਮ ਪਰ ਤਲਵਾਰ ਉਠਾਈ ਕਿਸਨੇ ? ਬਾਤ ਜੋ ਵਿਗੜੀ ਹੂਈ ਥੀ/ਵੋ ਬਨਾਈ ਕਿਸਨੇ ?" ਸਭ ਤੋਂ ਵੱਧ ਕੁੱਟ ਖਾਣ ਵਾਲੇ ਯਹੂਦੀਆਂ ਨੇ ਲੰਬੇ ਸੰਘਰਸ਼ ਤੋਂ ਬਾਅਦ 1948 'ਚ ਵੱਖਰਾ ਦੇਸ਼ ਇਜ਼ਰਾਈਲ ਹਾਸਲ ਕੀਤਾ ਸੀ। ਦੁਨੀਆ ਦੀ ਅੱਠ ਖਰਬ ਆਬਾਦੀ ਦਾ ਉਹ ਮਹਿਜ਼ 0.2 ਪ੍ਰਤੀਸ਼ਤ (1.61 ਕਰੋੜ) ਹਨ। ਇਸਲਾਮਿਕ ਦੇਸ਼ਾਂ ਨਾਲ ਘਿਰਿਆ ਨਿੱਕਾ ਜੇਹਾ ਦੇਸ਼ ਇਜ਼ਰਾਈਲ ਆਪਣੀ ਹੋਂਦ ਦੀ ਜੰਗ ਲੜ ਰਿਹਾ ਹੈ। ਉਸ ਵੱਲੋਂ ਲਏ ਜਾ ਰਹੇ ਇੰਤਕਾਮ 'ਚ ਬੱਚੇ, ਬੁੱਢੇ, ਬਿਮਾਰ ਅਤੇ ਨਿਰਦੋਸ਼ ਔਰਤਾਂ ਵੀ ਸ਼ਾਮਲ ਹਨ। ਦੁਨੀਆ ਦੇ 83 ਦੇਸ਼ਾਂ ਸਣੇ ਭਾਰਤ ਨੇ ਇਜ਼ਰਾਈਲ ਨਾਲ ਖੜ੍ਹਨ ਦਾ ਐਲਾਨ ਕਰਦਿਆਂ ਤਰਕ ਦਿੱਤਾ ਹੈ ਕਿ 'ਭਾਰਤ ਯੁੱਧ ਦਾ ਨਹੀਂ ਬੁੱਧ ਦਾ ਦੇਸ਼ ਹੈ। ਯੁੱਧ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ। ਖ਼ੁਦਾ ਖ਼ੈਰ ਕਰੇ!






# ਇੱਕੋ ਭਾਸ਼ਾ ਦੇ ਉਪਸਿਰਲੇਖ ਬੱਚਿਆਂ ਦੀ ਸਾਖਰਤਾ ਨੂੰ ਵਧਾਉਂਦੇ ਹਨ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਆਡੀਓ ਵਿਜ਼ੂਅਲ ਸਮਗਰੀ ਵਿੱਚ ਇੱਕੋ ਭਾਸ਼ਾ ਦੇ ਉਪਸਿਰਲੇਖ (SLS) ਨੂੰ ਲਾਗੂ ਕਰਨਾ, ਪੜ੍ਹਨ ਦੇ ਹੁਨਰ ਨੂੰ ਉਤਸ਼ਾਹਿਤ ਕਰਦਾ ਹੈ, ਅਤੇ ਪੜ੍ਹਨ ਦੇ ਅਭਿਆਸ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਕਾਰਜਸ਼ੀਲ ਸਾਖਰਤਾ ਹੁੰਦੀ ਹੈ। ਬੱਚੇ ਆਸਾਨੀ ਨਾਲ ਐਕਸਪੋਜਰ ਰਾਹੀਂ ਬੋਲੀ ਜਾਣ ਵਾਲੀ ਭਾਸ਼ਾ ਹਾਸਲ ਕਰ ਲੈਂਦੇ ਹਨ, ਪਰ ਪੜ੍ਹਨਾ ਕੁਦਰਤੀ ਤੌਰ ’ਤੇ ਨਹੀਂ ਆਉਂਦਾ। ਪੜ੍ਹਨਾ, ਬੋਲਣ ਅਤੇ ਸੁਣਨ ਦੇ ਹੁਨਰ ਨਾਲ ਗੁੰਝਲਦਾਰ ਤੌਰ ’ਤੇ ਜੁੜਿਆ ਹੋਇਆ, ਇੱਕ ਸਿੱਖਣ ਦੀ ਯੋਗਤਾ ਹੈ। ਮੌਖਿਕਤਾ (ਮੌਖਿਕ ਅਤੇ ਗੈਰ-ਮੌਖਿਕ ਸੰਚਾਰ) ਵਿਚਕਾਰ ਇਹ ਅੰਤਰ-ਕਿਰਿਆ ਸਾਖਰਤਾ ਦੀ ਨੀਂਹ ਬਣਾਉਂਦਾ ਹੈ। ਉਦਾਹਰਨ ਲਈ, ਬਹੁਤ ਸਾਰੇ ਭਾਰਤੀ ਬੱਚਿਆਂ ਲਈ, ਜਦੋਂ ਉਨ੍ਹਾਂ ਨੂੰ ਸਕੂਲ ਵਿੱਚ ਅੰਗਰੇਜ਼ੀ ਪੜ੍ਹਨ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਨ੍ਹਾਂ ਦੇ ਘਰਾਂ ਵਿੱਚ ਅੰਗਰੇਜ਼ੀ ਮੌਖਿਕਤਾ ਦੀ ਅਣਹੋਂਦ ਇੱਕ ਚੁਣੌਤੀ ਬਣ ਜਾਂਦੀ ਹੈ। ਇਹ ਪੜ੍ਹਨ ਦੀਆਂ ਮੁਸ਼ਕਲਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਬਾਰੇ ਸਵਾਲ ਉਠਾਉਂਦਾ ਹੈ, ਕੀ ਇਹ ਸਿਰਫ਼ ਪੜ੍ਹਾਉਣ ਦੇ ਤਰੀਕਿਆਂ ਕਾਰਨ ਹੈ। ਇਸ ਸੰਦਰਭ ਵਿੱਚ, ਸਮਾਨ ਭਾਸ਼ਾ ਉਪਸਿਰਲੇਖ (SLS) ਸੰਭਾਵੀ ਪਰਿਵਰਤਨ ਲਈ ਇੱਕ ਮਜਬੂਰ ਕਰਨ ਵਾਲੇ ਮੌਕੇ ਵਜੋਂ ਉੱਭਰਦਾ ਹੈ। SLS ਕੀ ਹੈ? ਸਮਾਨ ਭਾਸ਼ਾ ਉਪਸਿਰਲੇਖ, ਜਾਂ SLS, ਇੱਕ ਸਧਾਰਨ ਸੰਕਲਪ ਹੈ ਜੋ ਆਡੀਓ ਦੇ ਰੂਪ ਵਿੱਚ ਉਸੇ ਭਾਸ਼ਾ ਵਿੱਚ ਵੀਡੀਓ ਉਪਸਿਰਲੇਖਾਂ ਨੂੰ ਸੁਚੱਜੇ ਢੰਗ ਨਾਲ ਜੋੜਦਾ ਹੈ, ਸੁਣਨ ਅਤੇ ਪੜ੍ਹਨ ਨੂੰ ਸਹਿਜੇ ਹੀ ਜੋੜਦਾ ਹੈ। ਜ਼ਰੂਰੀ ਤੌਰ ’ਤੇ ‘ਜੋ ਤੁਸੀਂ ਸੁਣਦੇ ਹੋ ਉਹੀ ਤੁਸੀਂ ਪੜ੍ਹਦੇ ਹੋ।’ ਬਹੁਤ ਸਾਰੇ ਅਧਿਐਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ SLS ਆਸਾਨੀ ਨਾਲ ਪੜ੍ਹਨ ਦੇ ਹੁਨਰ ਨੂੰ ਉਤਸ਼ਾਹਿਤ ਕਰਦਾ ਹੈ, ਇੱਥੋਂ ਤੱਕ ਕਿ ਸੰਘਰਸ਼ਸ਼ੀਲ ਪਾਠਕਾਂ ਲਈ ਵੀ, ਅਤੇ ਆਟੋਮੈਟਿਕ ਰੀਡਿੰਗ ਅਭਿਆਸ ਨੂੰ ਉਤਸ਼ਾਹਿਤ ਕਰਦਾ ਹੈ, ਕਾਰਜਸ਼ੀਲ ਸਾਖਰਤਾ ਲਈ ਰਾਹ ਪੱਧਰਾ ਕਰਦਾ ਹੈ। ਇਹ ਸਮਕਾਲੀ ਪਹੁੰਚ ਕਈ ਵੱਖਰੇ ਫਾਇਦੇ ਪੇਸ਼ ਕਰਦੀ ਹੈ: Phonemic ਜਾਗਰੂਕਤਾ: Phonemic ਜਾਗਰੂਕਤਾ ਬੋਲੇ ਗਏ ਸ਼ਬਦਾਂ ਵਿੱਚ ਵਿਅਕਤੀਗਤ ਧੁਨੀਆਂ (ਫੋਨਮੇਜ਼) ਨੂੰ ਪਛਾਨਣ ਅਤੇ ਉਹਨਾਂ ਨਾਲ ਕੰਮ ਕਰਨ ਦੀ ਯੋਗਤਾ ਹੈ। SLS ਬੱਚਿਆਂ ਨੂੰ ਪ੍ਰਦਰਸ਼ਿਤ ਟੈਕਸਟ ਦੇ ਨਾਲ ਪੜ੍ਹਨ ਲਈ ਪ੍ਰੇਰਿਤ ਕਰਕੇ ਬੋਲੀ ਅਤੇ ਲਿਖਤੀ ਭਾਸ਼ਾ ਦੇ ਵਿਚਕਾਰ ਸਬੰਧ ਨੂੰ ਮਜ਼ਬੂਤ ਬਣਾਉਂਦਾ ਹੈ, ਪੜ੍ਹਨ ਅਤੇ ਸ਼ਬਦ ਡੀਕੋਡਿੰਗ ਲਈ ਇੱਕ ਬੁਨਿਆਦੀ ਹੁਨਰ। ਉਦਾਹਰਨ ਲਈ, ਜਦੋਂ ਕੋਈ ਬੱਚਾ ‘ਕੈਟ’ ਸੁਣਦਾ ਹੈ ਅਤੇ ਸਕ੍ਰੀਨ ’ਤੇ ‘c-a-t’ ਨੂੰ ਦੇਖਦਾ ਹੈ, ਤਾਂ ਇਹ ਸਮਕਾਲੀ ਅਨੁਭਵ ਉਹਨਾਂ ਦੀ ਧੁਨੀ ਸੰਬੰਧੀ ਜਾਗਰੂਕਤਾ ਨੂੰ ਵਧਾਉਂਦਾ ਹੈ। ਸ਼ਬਦਾਵਲੀ ਦਾ ਵਿਸਥਾਰ: ਖੋਜ ਸ਼ੁਰੂਆਤੀ ਪੜ੍ਹਨ ਦੇ ਡੂੰਘੇ ਪ੍ਰਭਾਵ ਨੂੰ ਰੇਖਾਂਕਿਤ ਕਰਦੀ ਹੈ। ਆਪਣੇ ਛੋਟੇ ਬੱਚੇ ਨੂੰ ਰੋਜ਼ਾਨਾ ਬੱਚਿਆਂ ਦੀ ਇੱਕ ਕਿਤਾਬ ਪੜ੍ਹਨਾ 5 ਸਾਲ ਦੀ ਉਮਰ ਤੱਕ 1825 ਕਿਤਾਬਾਂ ਨੂੰ ‘ਪੜ੍ਹਨ’ ਦੇ ਬਰਾਬਰ ਹੈ। SLS ਉਹਨਾਂ ਦੇ ਲਿਖਤੀ ਹਮਰੁਤਬਾ ਨਾਲ ਬੋਲੇ ਗਏ ਸ਼ਬਦਾਂ ਨੂੰ ਦ੍ਰਿਸ਼ਟੀਗਤ ਰੂਪ ਵਿੱਚ ਜੋੜ ਕੇ, ਬੱਚਿਆਂ ਦੀ ਸ਼ਬਦਾਵਲੀ ਨੂੰ ਵਧਾਉਣ ਅਤੇ ਸ਼ਬਦਾਂ ਦੀ ਪਛਾਣ ਨੂੰ ਮਜ਼ਬੂਤ ਕਰਨ ਲਈ ਇੱਕ ਸ਼ਕਤੀਸ਼ਾਲੀ ਸੰਦ ਬਣ ਕੇ ਇਸ ਸੰਭਾਵਨਾ ਨੂੰ ਵਰਤਦਾ ਹੈ। ਉਦਾਹਰਨ ਲਈ, ਜਦੋਂ ਬੱਚੇ ਆਪਣਾ ਮਨਪਸੰਦ SLS-ਵਿਸਤ੍ਰਿਤ ਸ਼ੋਅ ਦੇਖਦੇ ਹਨ, ਤਾਂ ਉਹ ਇੱਕੋ ਸਮੇਂ ਸ਼ਬਦਾਂ ਨੂੰ ਸੁਣਦੇ ਅਤੇ ਦੇਖਦੇ ਹਨ, ਸ਼ਬਦ ਸਿੱਖਣ ਨੂੰ ਇੱਕ ਮਜ਼ੇਦਾਰ ਅਨੁਭਵ ਵਿੱਚ ਬਦਲਦੇ ਹਨ। ਸਮਝ: ਜਿਵੇਂ ਕਿ ਬੱਚੇ ਸਰਗਰਮੀ ਨਾਲ SLS ਨਾਲ ਜੁੜਦੇ ਹਨ, ਉਹ ਉਚਾਰਨ, ਧੁਨ, ਅਤੇ ਸੰਦਰਭ ਨੂੰ ਡੀਕੋਡ ਕਰਦੇ ਹਨ, ਕਹਾਣੀ ਦੀ ਉਹਨਾਂ ਦੀ ਸਮਝ ਨੂੰ ਵਧਾਉਂਦੇ ਹਨ। ਇਹ ਸ਼ਮੂਲੀਅਤ ਸਮਝ, ਰਵਾਨਗੀ ਅਤੇ ਤਾਲ ਨੂੰ ਸੁਰੱਖਿਅਤ ਰੱਖਦੇ ਹੋਏ ਪੜ੍ਹਨ ਦੀ ਗਤੀ ਨੂੰ ਤੇਜ਼ ਕਰਦੀ ਹੈ। ਲਗਾਤਾਰ ਅਭਿਆਸ ਅਤੇ ਦਿਲਚਸਪੀ ਨਾਲ, ਉਹਨਾਂ ਦੀ ਪੜ੍ਹਨ ਦੀ ਗਤੀ 200 ਸ਼ਬਦ ਪ੍ਰਤੀ ਮਿੰਟ ਪੜ੍ਹਨ ਵਾਲੇ ਔਸਤ ਵਿਅਕਤੀ ਦੇ ਮੁਕਾਬਲੇ 500 ਸ਼ਬਦ ਪ੍ਰਤੀ ਮਿੰਟ ਤੱਕ ਪਹੁੰਚ ਸਕਦੀ ਹੈ। ਮਲਟੀਸੈਂਸਰੀ ਲਰਨਿੰਗ: ਐਸਐਲਐਸ ਮਲਟੀਸੈਂਸਰੀ ਲਰਨਿੰਗ ਦੀ ਸ਼ਕਤੀ ਵਿੱਚ ਟੈਪ ਕਰਦਾ ਹੈ, ਨਾਲ ਹੀ ਵਿਜ਼ੂਅਲ ਅਤੇ ਆਡੀਟਰੀ ਇੰਦਰੀਆਂ ਨੂੰ ਸ਼ਾਮਲ ਕਰਦਾ ਹੈ। ਇਹ ਦੋਹਰਾ ਸੰਵੇਦੀ ਅਨੁਭਵ ਯਾਦਦਾਸ਼ਤ ਦੀ ਧਾਰਨਾ ਅਤੇ ਯਾਦ ਨੂੰ ਵਧਾਉਂਦਾ ਹੈ, ਸਿੱਖਣ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਮਜ਼ੇਦਾਰ ਬਣਾਉਂਦਾ ਹੈ, ਜਿਵੇਂ ਕਿ ਅਸੀਂ ਗੀਤਾਂ ਨੂੰ ਸੁਣਦੇ ਅਤੇ ਦੇਖਦੇ ਹਾਂ ਤਾਂ ਅਸੀਂ ਗੀਤਾਂ ਨੂੰ ਕਿਵੇਂ ਯਾਦ ਰੱਖਦੇ ਹਾਂ।



ਸੁਤੰਤਰਤਾ: SLS ਬੱਚਿਆਂ ਨੂੰ ਸੁਣਨ ਵੇਲੇ ਪਾਠ ਦੀ ਪਾਲਣਾ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ, ਉਹਨਾਂ ਦੀਆਂ ਪੜ੍ਹਨ ਦੀਆਂ ਯੋਗਤਾਵਾਂ ਵਿੱਚ ਖੁਦਮੁਖਤਿਆਰੀ ਅਤੇ ਵਿਸ਼ਵਾਸ ਦੀ ਭਾਵਨਾ ਪੈਦਾ ਕਰਦਾ ਹੈ। ਇਹ ਸੁਤੰਤਰ ਪੜ੍ਹਨ ਦੇ ਅਭਿਆਸਾਂ ਨੂੰ ਵੀ ਉਤਸ਼ਾਹਿਤ ਕਰਦਾ ਹੈ। ਭਾਸ਼ਾ ਦੀ ਮਜ਼ਬੂਤੀ: ਜਦੋਂ ਤੁਸੀਂ ਸ਼ਬਦਾਂ ਨੂੰ ਸੰਦਰਭ ਵਿੱਚ ਸੁਣਦੇ ਅਤੇ ਦੇਖਦੇ ਹੋ ਤਾਂ ਨਵੀਂ ਭਾਸ਼ਾ ਸਿੱਖਣਾ ਆਸਾਨ ਹੋ ਜਾਂਦਾ ਹੈ। ਉਦਾਹਰਨ ਲਈ, ਇੱਕ ਬੱਚਾ ਜਿਸਦੀ ਮੂਲ ਭਾਸ਼ਾ ਮਰਾਠੀ ਹੈ, ਨੂੰ SLS-ਵਿਸਤ੍ਰਿਤ ਸਮੱਗਰੀ ਦੇ ਸੰਪਰਕ ਵਿੱਚ ਆਉਣ ’ਤੇ ਹਿੰਦੀ ਸਿੱਖਣਾ ਆਸਾਨ ਹੋ ਜਾਵੇਗਾ। ਇਸ ਤਰ੍ਹਾਂ, SLS ਸੰਦਰਭ ਦੁਆਰਾ ਉਚਾਰਨ ਅਤੇ ਸੰਟੈਕਸ ਨੂੰ ਮਜ਼ਬੂਤ ਕਰਨ ਦੁਆਰਾ ਇੱਕ ਕੀਮਤੀ ਸਾਧਨ ਵਜੋਂ ਕੰਮ ਕਰਦਾ ਹੈ। ਇੱਕ ਅਜਿਹੀ ਦੁਨੀਆਂ ਵਿੱਚ ਜਿੱਥੇ ਡਿਜੀਟਲ ਸਮੱਗਰੀ ਸਰਵਉੱਚ ਰਾਜ ਕਰਦੀ ਹੈ, ਭਾਸ਼ਾ ਉਪਸਿਰਲੇਖ ਨੌਜਵਾਨ ਪਾਠਕਾਂ ਦੇ ਪਾਲਣ ਪੋਸ਼ਣ ਵਿੱਚ ਇੱਕ ਪਰਿਵਰਤਨਸ਼ੀਲ ਸ਼ਕਤੀ ਵਜੋਂ ਉੱਭਰਦਾ ਹੈ। ਇਹ ਪੜ੍ਹਨ ਦੀ ਕਲਾ ਨਾਲ ਕਹਾਣੀ ਸੁਣਾਉਣ ਦੀਆਂ ਖੁਸ਼ੀਆਂ ਨੂੰ ਸਹਿਜੇ ਹੀ ਜੋੜਦਾ ਹੈ। ਜਿਵੇਂ ਕਿ ਅਸੀਂ ਇਸ ਨਵੀਨਤਾਕਾਰੀ ਪਹੁੰਚ ਨੂੰ ਅਪਣਾਉਂਦੇ ਹਾਂ, ਅਸੀਂ ਨਾ ਸਿਰਫ਼ ਆਪਣੇ ਬੱਚਿਆਂ ਦੀ ਸਾਖਰਤਾ ਦੀ ਸੰਭਾਵਨਾ ਨੂੰ ਅਨਲੌਕ ਕਰਦੇ ਹਾਂ, ਸਗੋਂ ਉਹਨਾਂ ਨੂੰ ਇੱਕ ਸਮੇਂ ਵਿੱਚ ਇੱਕ ਸ਼ਬਦ, ਸਿੱਖਣ ਅਤੇ ਖੋਜ ਦੀ ਜੀਵਨ ਭਰ ਯਾਤਰਾ ਸ਼ੁਰੂ ਕਰਨ ਲਈ ਵੀ ਸ਼ਕਤੀ ਪ੍ਰਦਾਨ ਕਰਦੇ ਹਾਂ।

# ਬਿਨਾਂ ਮਿਹਨਤ ਕੀਤਿਆਂ ਨਹੀਂ ਮਿਲਦੀ ਕਾਮਯਾਬੀ

ਅੰਮ੍ਰਿਤ ਕੌਰ

ਬੱਚਿਓ! ਪਿਛਲੇ ਦਿਨੀਂ ਤੁਸੀਂ ਸਕੂਲਾਂ-ਕਾਲਜਾਂ ’ਚ ਅਧਿਆਪਕ ਦਿਵਸ ਮਨਾਇਆ ਹੋਵੇਗਾ। ਇਸ ਦਿਨ ਅਧਿਆਪਕਾਂ ਸਬੰਧੀ ਬੜਾ ਕੁਝ ਛਪਦਾ ਹੈ ਤੇ ਤੁਸੀਂ ਪੜ੍ਹਿਆ ਵੀ ਹੋਵੇਗਾ। ਕਈ ਬੱਚੇ ਅਧਿਆਪਕਾਂ ਨੂੰ ਆਪਣੇ ਹੱਥੀਂ ਕਾਰਡ ਤਿਆਰ ਕਰ ਕੇ ਬੜੇ ਖ਼ੂਬਸੂਰਤ ਢੰਗ ਨਾਲ ਸਜਾ ਕੇ ਬੜੀ ਹੀ ਸੋਹਣੀ ਲਿਖਾਈ ’ਚ ਕੁਝ ਲਿਖ ਕੇ ਦਿੰਦੇ ਹਨ। ਤੁਸੀਂ ਉਸ ਦਿਨ ਪੂਰੇ ਖ਼ੁਸ਼ ਹੁੰਦੇ ਹੋ ਤੇ ਅਧਿਆਪਕ ਵੀ ਖ਼ੁਸ਼ ਹੁੰਦੇ ਹਨ। ਇਕ ਮਿੰਟ ਲਈ ਸਾਰੇ ਪਾਸਿਆਂ ਤੋਂ ਧਿਆਨ ਹਟਾ ਕੇ ਸੋਚੋ ਤੇ ਇਸ ਖ਼ੁਸ਼ੀ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕਰੋ। ਤੁਹਾਡੇ ਦਿਮਾਗ਼ ’ਚ ਵੱਖਰੇ-ਵੱਖਰੇ ਖ਼ਿਆਲ ਆ ਸਕਦੇ ਹਨ। ਕਿਸੇ ਨੇ ਸੋਚਿਆ ਹੋਣੈ ਕਿ ਅੱਜ ਅਧਿਆਪਕ ਪੜ੍ਹਾਉਣਗੇ ਨਹੀਂ, ਕਿਸੇ ਨੇ ਸੋਚਿਆ ਹੋਣਾ ਕਿ ਝਿੜਕਣਗੇ ਨਹੀਂ। ਕਿਸੇ ਨੇ ਸੋਚਿਆ ਹੋਵੇਗਾ ਕਿ ਕੋਈ ਟੈਸਟ ਨਹੀਂ ਲੈਣਗੇ ਆਦਿ। ਮੈਂ ਤੁਹਾਨੂੰ ਇਸ ਖ਼ੁਸ਼ੀ ਦਾ ਕਾਰਨ ਦੱਸਦੀ ਹਾਂ, ਜੋ ਕਈ ਵਾਰ ਮੇਰੇ ਦਿਲ-ਦਿਮਾਗ਼ ’ਚ ਆਉਂਦਾ ਹੈ। ਇਸ ਨਾਲ ਸ਼ਾਇਦ ਤੁਸੀਂ ਵੀ ਸਹਿਮਤ ਹੋਵੋਗੇ।

**ਖ਼ੁਸ਼ ਰਹਿ ਕੇ ਕਰ ਸਕਦੇ ਹੋ ਪੜ੍ਹਾਈ**

ਬੱਚੇ ਤੁਸੀਂ ਵੀ ਉਹੀ ਹੁੰਦੇ ਹੋ, ਅਧਿਆਪਕ ਵੀ ਉਹੀ ਤੇ ਸਕੂਲ-ਕਾਲਜ ਵੀ ਉਹੀ। ਫ਼ਰਕ ਸਿਰਫ਼ ਏਨਾ ਕਿ ਉਸ ਦਿਨ ਮਾਹੌਲ ਹੀ ਏਦਾਂ ਦਾ ਬਣਿਆ ਹੁੰਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਪੜ੍ਹਿਆ, ਦੇਖਿਆ, ਸੁਣਿਆ ਸਾਡੇ ਦਿਲ-ਦਿਮਾਗ਼ ’ਤੇ ਡੂੰਘਾ ਅਸਰ ਪਾਉਂਦੇ ਹਨ। ਅਸੀਂ ਹਰ ਰੋਜ਼ ਚੰਗਾ ਪੜ੍ਹੀਏ, ਚੰਗਾ ਦੇਖੀਏ ਤੇ ਚੰਗਾ ਸੁਣੀਏ, ਆਪਣੇ ਅੰਦਰ ਚੰਗੀ ਤਾਕਤ ਨੂੰ ਇਸ ਤਰ੍ਹਾਂ ਭਰੀਏ ਤਾਂ ਜੋ ਕਿਸੇ ਵੀ ਬੁਰਿਆਈ ਨੂੰ ਤੁਹਾਡੇ ਅੰਦਰ ਬੈਠਣ ਲਈ ਕੋਈ ਥਾਂ ਹੀ ਨਾ ਲੱਭੇ। ਜੇ ਤੁਸੀਂ ਚਾਹੋ ਤਾਂ ਹਰ ਰੋਜ਼ ਇਸੇ ਤਰ੍ਹਾਂ ਖ਼ੁਸ਼ ਰਹਿ ਕੇ ਪੜ੍ਹਾਈ ਕਰ ਸਕਦੇ ਹੋ। ਸਿਰਫ਼ ਥੋੜ੍ਹੀਆਂ ਜਿਹੀਆਂ ਗੱਲਾਂ ਦਾ ਧਿਆਨ ਰੱਖਣਾ ਪਵੇਗਾ। ਇਹ ਗੱਲ ਦਿਮਾਗ਼ ਵਿਚ ਰੱਖਣੀ ਹੋਵੇਗੀ ਕਿ ਤੁਸੀਂ ਸਕੂਲ ਜਾਂ ਕਾਲਜ ’ਚ ਆਪਣੀ ਜ਼ਿੰਦਗੀ ਨੂੰ ਚੰਗੇ ਤਰੀਕੇ ਨਾਲ ਜਿਊਣ ਲਈ ਕੁਝ ਚੰਗਾ ਸਿੱਖਣ ਜਾਂਦੇ ਹੋ। ਇਸ ਲਈ ਆਪਣੇ ਦਿਲ-ਦਿਮਾਗ਼ ਨੂੰ ਪੁੱਠੇ-ਸਿੱਧੇ ਕੰਮਾਂ ’ਚ ਲਗਾ ਕੇ ਸਮਾਂ ਬਰਬਾਦ ਕਰਨ ਦੀ ਥਾਂ ਪੜ੍ਹਨਾ ਹੋਵੇਗਾ। ਇਸ ਵਿਚ ਤੁਸੀਂ ਆਪਣੇ ਦੋਸਤਾਂ ਤੇ ਅਧਿਆਪਕਾਂ ਦੀ ਮਦਦ ਲਵੋਗੇ। ਗੱਲ ਇਹ ਵੀ ਕਿ ਕਿਤਾਬੀ ਕੀੜੇ ਨਹੀਂ ਬਣਨਾ ਪਰ ਪਹਿਲ ਪੜ੍ਹਾਈ ਨੂੰ ਦੇਣੀ ਹੋਵੇਗੀ।

**ਖ਼ੁਸ਼ੀਆਂ ਵੰਡਣ ਵਾਲ ਵੱਧਦੀਆਂ ਖ਼ੁਸ਼ੀਆਂ**

ਇਕ ਸਿੱਧੀ ਜਿਹੀ ਗੱਲ ਪੱਲੇ ਬੰਨ੍ਹ ਲੈਣੀ ਕਿ ਜਦੋਂ ਆਪਣੇ ਮਾਪਿਆਂ ਜਾਂ ਅਧਿਆਪਕਾਂ ਨੂੰ ਖ਼ੁਸ਼ੀ ਦਿੰਦੇ ਹੋ ਤਾਂ ਤੁਸੀਂ ਖ਼ੁਦ ਉਨ੍ਹਾਂ ਤੋਂ ਜ਼ਿਆਦਾ ਖ਼ੁਸ਼ ਹੁੰਦੇ ਹੋ। ਖ਼ੁਸ਼ੀਆਂ ਵੰਡਣ ਨਾਲ ਖ਼ੁਸ਼ੀਆਂ ਵੱਧਦੀਆਂ ਹਨ। ਤੁਹਾਡੇ ਇਕ ਕੰਮ ਕਰਨ ਨਾਲ ਮਾਪੇ, ਅਧਿਆਪਕ ਤੇ ਤੁਸੀਂ ਖ਼ੁਦ ਖ਼ੁਸ਼ ਰਹਿ ਸਕਦੇ ਹੋ। ਉਹ ਕੰਮ ਹੈ ਪੜ੍ਹਾਈ, ਜੇ ਤੁਸੀਂ ਚੰਗਾ ਪੜ੍ਹਦੇ ਹੋ ਤਾਂ ਸਾਰੇ ਖ਼ੁਸ਼। ਇਹ ਕੋਈ ਬਹੁਤਾ ਔਖਾ ਕੰਮ ਨਹੀਂ। ਪੜ੍ਹਨ ਵੇਲੇ ਪੜ੍ਹਾਈ ਵਿਚ, ਖੇਡਣ ਵੇਲੇ ਖੇਡਾਂ ਵਿਚ ਅਤੇ ਬਾਕੀ ਕੋਈ ਕਿਰਤ ਕਰਨ ਲੱਗਿਆਂ ਉਸ ’ਚ ਪੂਰਾ ਧਿਆਨ ਲਗਾਓ। ਪੜ੍ਹਾਈ ਦੇ ਨਾਲ-ਨਾਲ ਆਪਣੇ ਪਿਤਾ-ਪੁਰਖੀ ਕੰਮ ਜ਼ਰੂਰ ਸਿੱਖੋ। ਕੋਈ ਵੀ ਕੰਮ ਛੋਟਾ ਵੱਡਾ ਨਹੀਂ ਹੁੰਦਾ। ਕਈ ਵਾਰ ਪਿਤਾ-ਪੁਰਖੀ ਕਿੱਤੇ ਹੀ ਇਨਸਾਨ ਨੂੰ ਬੁਲੰਦੀਆਂ ’ਤੇ ਪਹੁੰਚਾ ਦਿੰਦੇ ਹਨ। ਸੱਚ ਮੰਨਣਾ ਕਿ ਜੇ ਤੁਸੀਂ ਆਪਣਾ ਹਰ ਕੰਮ ਕਰਦੇ ਸਮੇਂ ਆਪਣੇ ਦਿਲ-ਦਿਮਾਗ਼ ਨੂੰ ਹਾਜ਼ਰ ਰੱਖੋਗੇ ਤਾਂ ਕਿਸੇ ਵੀ ਕੰਮ ਨੂੰ ਵਧੀਆ ਤਰੀਕੇ ਨਾਲ ਕਰ ਸਕੋਗੇ ਤੇ ਕੰਮ ਦਾ ਭਾਰ ਵੀ ਨਹੀਂ ਲੱਗੇਗਾ। ਤੁਹਾਡੇ ਬੇਵੱਸ ਮਾਪੇ ਜਿਹੜੇ ਮਿਹਨਤ-ਮਜ਼ਦੂਰੀ ਕਰ ਕੇ ਤੁਹਾਨੂੰ ਪੜ੍ਹਾ ਰਹੇ



ਹਨ, ਸਿਰਫ਼ ਇਸ ਲਈ ਕਿ ਉਹ ਤੁਹਾਨੂੰ ਆਪਣੇ ਨਾਲੋਂ ਬਿਹਤਰ ਜ਼ਿੰਦਗੀ ਦੇਣਾ ਚਾਹੁੰਦੇ ਹਨ। ਕਦੇ ਉਨ੍ਹਾਂ ਦੀਆਂ ਅੱਖਾਂ ਦੇ ਕੋਇਆਂ ’ਚ ਸੁੱਕੇ ਪਾਣੀ ਵੱਲ ਨਜ਼ਰ ਮਾਰ ਲੈਣਾ। ਜੇ ਤੁਹਾਡੇ ਮਾਪੇ ਨੌਕਰੀ ਕਰਦੇ ਹਨ ਜਾਂ ਕੋਈ ਵਪਾਰ ਕਰਦੇ ਹਨ, ਉਨ੍ਹਾਂ ਦੀ ਮਿਹਨਤ ਵੱਲ ਨਜ਼ਰ ਮਾਰ ਲਿਆ ਕਰੋ। ਕਾਮਯਾਬੀਆਂ ਬਿਨਾਂ ਮਿਹਨਤ ਕੀਤਿਆਂ ਨਹੀਂ ਮਿਲਦੀਆਂ।

**ਜ਼ਿੰਦਗੀ ਨੂੰ ਸਹੀ ਸੇਧ ਦਿੰਦੀਆਂ ਕਹਾਣੀਆਂ**

ਤੁਸੀਂ ਆਪਣੀਆਂ ਕਿਤਾਬਾਂ ’ਚ ਵੀ ਬਹੁਤ ਗਿਆਨ ਦੀਆਂ ਗੱਲਾਂ ਪੜ੍ਹ ਲੈਂਦੇ ਹੋ ਪਰ ਬਹੁਤੇ ਪੜ੍ਹ ਕੇ ਛੱਡ ਦਿੰਦੇ ਹਨ। ਜਿਹੜੇ ਆਪਣੇ ਜੀਵਨ ’ਚ ਉਤਾਰ ਲੈਂਦੇ ਹਨ, ਉਹ ਹਮੇਸ਼ਾ ਕਾਮਯਾਬ ਹੁੰਦੇ ਹਨ। ਆਪਾਂ ਨਿੱਕੀਆਂ-ਨਿੱਕੀਆਂ ਕਹਾਣੀਆਂ ਬਚਪਨ ਤੋਂ ਹੀ ਪੜ੍ਹਨੀਆਂ ਸ਼ੁਰੂ ਕਰ ਦਿੰਦੇ ਹਾਂ। ਅਖ਼ੀਰ ’ਤੇ ਦਿੱਤੀ ਸਿੱਖਿਆ ਵਾਲੀ ਸਤਰ ਰਟ ਤਾਂ ਜ਼ਰੂਰ ਲੈਂਦੇ ਹਾਂ ਪਰ ਉਸ ਨੂੰ ਜ਼ਿੰਦਗੀ ’ਚ ਅਪਣਾਉਂਦੇ ਨਹੀਂ। ਤੁਸੀਂ ਸਾਰਿਆਂ ਨੇ ‘ਏਕੇ ਵਿਚ ਬਰਕਤ ਹੈ’ ਕਹਾਣੀ ਪੜ੍ਹੀ ਪਰ ਅਸੀਂ ਕਿੰਨਾ ਕੁ ਇਸ ’ਤੇ ਚੱਲੇ ਹਾਂ, ਇਹ ਤਾਂ ਸਾਡੇ ਦੋ-ਦੋ ਤਿੰਨ-ਤਿੰਨ ਜੀਆਂ ਵਾਲੇ ਪਰਿਵਾਰਾਂ ਤੋਂ ਪਤਾ ਲੱਗਦਾ ਹੈ ਪਰ ਜਿੱਥੇ ਵੀ ਏਕਤਾ ਦਿਖਾਈ ਹੈ, ਉੱਥੇ ਜਿੱਤ ਨੇ ਕਦਮ ਚੁੰਮੇ ਨੇ। ਬੱਚਿਓ! ਇਹ ਕਹਾਣੀਆਂ ਰਟਣ ਵਾਸਤੇ ਨਹੀਂ, ਸਗੋਂ ਜ਼ਿੰਦਗੀ ਨੂੰ ਸਹੀ ਸੇਧ ਦੇਣ ਲਈ ਹੁੰਦੀਆਂ ਹਨ।

**ਚੰਗਾ ਸਾਹਿਤ ਪੜ੍ਹਨ ਦੀ ਪਾਓ ਆਦਤ**

ਕਿਹਾ ਜਾ ਰਿਹਾ ਹੈ ਕਿ ਅੱਜ ਦਾ ਸਮਾਂ ਬੜੇ ਖ਼ਤਰਨਾਕ ਮੋੜ ’ਤੇ ਹੈ। ਭਲਕੇ ਪਤਾ ਨਹੀਂ ਕੀ-ਕੀ ਦੇਖਣ-ਸੁਣਨ ਨੂੰ ਮਿਲੇਗਾ। ਸਮਾਂ ਕਦੇ ਵੀ ਮਾੜਾ ਜਾਂ ਚੰਗਾ ਨਹੀਂ ਹੁੰਦਾ। ਅਸੀਂ ਹੀ ਮਾੜੇ-ਚੰਗੇ ਕੰਮ ਕਰ ਕੇ ਉਸ ’ਤੇ ਮਾੜੇ-ਚੰਗੇ ਹੋਣ ਦਾ ਠੱਪਾ ਲਾ ਦਿੰਦੇ ਹਾਂ। ਹੁਣ ਸਮੇਂ ਦੀਆਂ ਡੋਰਾਂ ਤੁਹਾਡੇ ਹੱਥ ’ਚ ਹਨ। ਤੁਸੀਂ ਬਹੁਤ ਤਾਕਤ ਰੱਖਦੇ ਹੋ। ਕਹਿੰਦੇ ਹਨ ਕਿ ਜਿਹੜਾ ਆਪਣੀ ਮਦਦ ਆਪ ਕਰਦਾ ਹੈ, ਕੁਦਰਤ ਜਾਂ ਰੱਬ ਵੀ ਉਸ ਦੀ ਮਦਦ ਕਰਨਗੇ। ਤੁਹਾਡੇ ਅੰਦਰ ਬਹੁਤ ਸਮਰੱਥਾਵਾਂ ਹਨ, ਕੁਝ ਵੀ ਚੰਗਾ ਕਰਨ ਲਈ ਇਨ੍ਹਾਂ ਦੀ ਵਰਤੋਂ ਕਰੋ। ਆਪਣਾ ਸਮਾਂ ਤੇ ਊਰਜਾ ਫ਼ਾਲਤੂ ਦੇ ਕੰਮਾਂ ’ਚ ਨਾ ਗਵਾਓ। ਚੰਗਾ ਸਾਹਿਤ ਪੜ੍ਹਨ ਦੀ ਆਦਤ ਪਾਓ। ਮਾਪਿਆਂ ਦੇ ਤਜਰਬਿਆਂ ਤੋਂ ਸਿੱਖੋ ਤੇ ਅਧਿਆਪਕਾਂ ਦੀ ਮਦਦ ਲਵੋ। ਉਹ ਬਹੁਤ ਵੱਡਾ ਗਿਆਨ ਦਾ ਖ਼ਜ਼ਾਨਾ ਹਨ। ਇਸ ਖ਼ਜ਼ਾਨੇ ’ਚੋਂ ਆਪਣੇ ਜੀਵਨ ਨੂੰ ਰੁਸ਼ਨਾਉਣ ਲਈ ਕੁਝ ਗਿਆਨ ਦੇ ਮੋਤੀ ਚੁਣ ਲਵੋ, ਜਿਹੜੇ ਹਮੇਸ਼ਾ ਤੁਹਾਡਾ ਰਾਹ ਰੋਸ਼ਨ ਕਰਨਗੇ। ਆਪਣਾ ਵਰਤਮਾਨ ਸਹੀ ਤਰੀਕੇ ਨਾਲ ਇਸਤੇਮਾਲ ਕਰੋ, ਭਵਿੱਖ ਆਪੇ ਸਹੀ ਹੋਵੇਗਾ।

**ਹਾਂ-ਪੱਖੀ ਊਰਜਾ ਨਾਲ ਭਰਿਆ ਹੁੰਦਾ ਨਜ਼ਰੀਆ**

ਅਧਿਆਪਕ ਦਿਵਸ ’ਤੇ ਤੁਹਾਡਾ ਅਧਿਆਪਕਾਂ ਪ੍ਰਤੀ ਨਜ਼ਰੀਆ ਹਾਂ-ਪੱਖੀ ਊਰਜਾ ਨਾਲ ਭਰਿਆ ਹੁੰਦਾ ਹੈ। ਤੁਹਾਡੇ ਦਿਲ-ਦਿਮਾਗ਼ ’ਚ ਇਹ ਖ਼ਿਆਲ ਘੁੰਮਦੇ ਹਨ, ਜੋ ਤੁਸੀਂ ਅਖ਼ਬਾਰਾਂ-ਮੈਗਜ਼ੀਨਾਂ ’ਤੇ ਦੇਖੇ ਜਾਂ ਪੜ੍ਹੇ ਹੁੰਦੇ ਹਨ। ਅਧਿਆਪਕ ਤੁਹਾਨੂੰ ਮੋਮਬੱਤੀ ਵਾਂਗ ਜਲ ਕੇ ਰੋਸ਼ਨੀ ਵੰਡਦਾ ਮਹਿਸੂਸ ਹੁੰਦਾ ਹੈ। ਅਧਿਆਪਕ ਤੁਹਾਨੂੰ ਰੱਬ ਦੇ ਬਰਾਬਰ ਖੜ੍ਹਾ ਦਿਸਦਾ ਹੈ ਤੇ ਤੁਹਾਨੂੰ ਸਮਝ ਨਹੀਂ ਲਗਦੀ ਕਿ ਪਹਿਲਾਂ ਕੀਹਦੇ ਪੈਰੀਂ ਹੱਥ ਲਾਏ ਜਾਣ। ਅਧਿਆਪਕ ਤੁਹਾਨੂੰ ਮਾਲੀ ਦੀ ਤਰ੍ਹਾਂ ਦਿਸੇਗਾ, ਜਿਹੜਾ ਸਹੀ ਪਾਸੇ ਜਾਣ ਲਈ ਤੁਹਾਡਾ ਰਾਹ ਦਸੇਰਾ ਬਣਦਾ ਹੈ। ਅਧਿਆਪਕ ਤੁਹਾਨੂੰ ਆਪਣੀ ਜ਼ਿੰਦਗੀ ਨੂੰ ਸਹੀ ਸੇਧ ਦੇਣ ਵਾਲੇ ਗੁਰੂ ਦੇ ਰੂਪ ’ਚ ਨਜ਼ਰ ਆਉਣ ਲੱਗ ਪੈਂਦਾ ਹੈ। ਤੁਸੀਂ ਆਪਣੇ ਚੰਗੇ ਅਧਿਆਪਕਾਂ ਪ੍ਰਤੀ ਸਤਿਕਾਰ ਨਾਲ ਭਰੇ ਹੁੰਦੇ ਹੋ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਅਧਿਆਪਕ ਵੀ ਤੁਹਾਡਾ ਪਿਆਰ-ਸਤਿਕਾਰ ਦੇਖ ਕੇ ਆਪਣੀਆਂ ਸਾਰੀਆਂ ਦੁਆਵਾਂ ਤੁਹਾਡੇ ਤੋਂ ਵਾਰਦੇ ਹਨ।

# ਬਚੋ ਛਾਤੀ ਦੇ ਕੈਂਸਰ ਤੋਂ




*''ਅਮੈਰੀਕਨ ਕੈਂਸਰ ਸੰਸਥਾ ਮੁਤਾਬਿਕ, ਛਾਤੀ ਦੇ ਸਾਰੇ ਜਾਂ ਕੁੱਝ ਹਿੱਸੇ ਦੀ ਸੋਜ, ਦਰਦ, ਨਿੱਪਲ ਦਾ ਦਰਦ ਜਾਂ ਨਿੱਪਲ ਦਾ ਅੰਦਰ ਵੱਲ ਮੁੜਨਾ,ਉਸ ਹਿੱਸੇ ਦੀ ਲਾਲ ਰਹਿਣਾ, ਖੁਜਲੀ, ਜਲਨ, ਡਿੰਪਲਿੰਗ, ਜਾਂ ਚਮੜੀ ਮੋਟੀ ਮਹਿਸੂਸ ਹੋਣਾ, ਕਈ ਬਾਰ ਇਸ ਕੈਂਸਰ ਦਾ ਲੱਛਣ ਬਣ ਸਕਦੇ ਹਨ'' – ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

ਸਾਲ 2023 ਛਾਤੀ ਦੇ ਕੈਂਸਰ ਜਾਗਰੂਕਤਾ ਮਹੀਨੇ ਦਾ ਥੀਮ ਹੈ ਜਾਗਰੂਕਤਾ ਦੌਰਾਨ ਅਜੂਕੇਸ਼ਨ, ਪਰਿਵਾਰ, ਦੋਸਤ-ਮਿੱਤਰਾਂ ਦੁਆਰਾ ਮਾਨਸਿਕ ਤੌਰ 'ਤੇ ਉਤਸ਼ਾਹਿਤ ਕਰਨਾ, ਮੈਮੋਗ੍ਰਾਮ ਕਰਵਾ ਕੇ ਸਕ੍ਰੀਨਿੰਗ ਅਤੇ ਕੈਂਸਰ ਦਾ ਜਲਦੀ ਪਤਾ ਲਗਾਉਣ 'ਚ ਸ਼ਾਮਿਲ ਹੈ। ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਛਾਤੀ ਦੇ ਕੈਂਸਰ ਦੀ ਵਕਾਲਤ ਕਰਨ ਵਾਲੀਆਂ ਸੰਸਥਾਵਾਂ ਦੇ ਕੰਮ ਦਾ ਸਮਰਥਨ ਕਰਨਾ ਵੀ ਹੈ। ਅਕਤੂਬਰ 2023 ਬ੍ਰੈਸਟ ਕੈਂਸਰ ਜਾਗਰੁਕਤਾ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਛਾਤੀ ਦਾ ਕੈਂਸਰ ਮਰਦ 'ਤੇ ਔਰਤਾਂ 'ਚ ਛਾਤੀ ਦੇ ਸੈੱਲਾਂ ਅੰਦਰ ਹੋਣ ਵਾਲਾ ਕੈਂਸਰ ਜ਼ਿਆਦਾ ਔਰਤਾਂ 'ਚ ਦੇਖਿਆ ਜਾ ਰਿਹਾ ਹੈ। ਔਰਤਾਂ ਚਮੜੀ ਦੇ ਕੈਂਸਰ ਤੋਂ ਬਾਅਦ ਛਾਤੀ ਦੇ ਕੈਂਸਰ ਦੀ ਜ਼ਿਆਦਾ ਸ਼ਿਕਾਰ ਹੋ ਰਹੀਆਂ ਹਨ। ਇਸ ਕੈਂਸਰ ਪ੍ਰਤੀ ਜਾਗਰੂਕਤਾ, ਸਕ੍ਰੀਨਿੰਗ ਅਤੇ ਹੋ ਰਹੀ ਰਿਸਰਚ ਕਾਰਨ ਬਿਮਾਰੀ ਦਾ ਅੰਕੜਾ ਘੱਟ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ।

ਵਿਸ਼ਵ ਸਿਹਤ ਸੰਸਥਾ ਅਤੇ ਯੂਨੀਸੈਫ ਵੱਲੋਂ ਵਿਸ਼ਵ ਪੱਧਰ 'ਤੇ ਛਾਤੀ ਦਾ ਦੁੱਧ ਚੁੰਘਾਉਣ ਬਾਰੇ ਜਾਗਰੁਕਤਾ ਦੀ ਮੁਹਿਮ ਨੂੰ ਵੀ ਹੋਰ ਤੇਜ਼ ਕੀਤਾ ਜਾ ਰਿਹਾ ਹੈ। 70% ਦੇ ਗਲੋਬਲ 2030 ਟੀਚੇ ਤੱਕ ਪਹੁੰਚਣ ਲਈ, ਆਪਣਟ ਛਾਤੀ ਦਾ ਦੁੱਧ ਚੁੰਘਾਉਣ ਦੇ ਟੀਚੇ ਨੂੰ ਹਾਸਲ ਕਰਨ 'ਚ ਔਰਤਾਂ ਅਤੇ ਪਰਿਵਾਰਾਂ ਨੂੰ ਦਰਪੇਸ਼ ਰੁਕਾਵਟਾਂ ਨੂੰ ਦੂਰ ਕਰਨ ਦੀ ਲੋੜ ਹੈ। ਛੇ ਮਹੀਨੇ ਤੋਂ ਘੱਟ


ਅਨਿਲ ਧੀਰ
ਕਾਲਮਨਿਸਟ
healthmedia1@hotmail.com

ਉਮਰ ਦੇ ਬੱਚਿਆਂ ਨੂੰ ਸਿਰਫ ਛਾਤੀ ਦਾ ਦੁੱਧ ਪਿਲਾਉਣ ਦੀ ਲੋੜ ਹੁੰਦੀ ਹੈ ਜਨਮ ਤੋਂ ਬਾਅਦ ਪਹਿਲੇ ਕੁੱਝ ਦਿਨਾਂ 'ਚ ਮਾਂ ਦੀ ਛਾਤੀ 'ਚ ਜੋ ਤਰਲ ਪਦਾਰਥ ਪੈਦਾ ਹੁੰਦਾ ਹੈ ਉਸਨੂੰ ਕੋਲੋਸਟ੍ਰਮ ਕਿਹਾ ਜਾਂਦਾ ਹੈ। ਇਹ ਬੱਚੇ ਲਈ ਸੁਪਰ-ਫੂਡ ਦਾ ਕੰਮ ਵੀ ਕਰਦਾ ਹੈ।

ਛਾਤੀ-ਕੈਂਸਰ ਦੀਆਂ ਆਮ ਕਿਸਮਾਂ 'ਚ ਇਨਵੈਸਿਵ ਡਕਟਲ ਕਾਰਸੀਨੋਮਾ, ਲੋਬੂਲਰ ਛਾਤੀ ਦਾ ਕੈਂਸਰ, ਡਕਟਲ ਕਾਰਸੀਨੋਮਾ ਇਨ ਸੀਟੂ, ਟ੍ਰਿਪਲ-ਨੈਗੇਟਿਵ ਛਾਤੀ ਦਾ ਕੈਂਸਰ, ਇਨਫਲਾਮੈਂਟਰੀ ਬ੍ਰੈਸਟ ਕੈਂਸਰ,ਅਤੇ ਛਾਤੀ ਦੀ ਪੇਗੇਟ ਦੀ ਬਿਮਾਰੀ: ਇਹ ਦੁਰਲੱਭ ਕੈਂਸਰ ਨਿੱਪਲ ਦੀ ਚਮੜੀ ਨੂੰ ਪ੍ਰਭਾਵਿਤ ਕਰਦਾ ਹੈ 'ਤੇ ਧੱਫੜ ਵਰਗਾ ਵੀ ਲੱਗ ਸਕਦਾ ਹੈ। ਸਾਰੇ ਛਾਤੀ ਦੇ ਕੈਂਸਰਾਂ ਵਿੱਚੋਂ 4% ਤੋਂ ਘੱਟ ਛਾਤੀ ਦੀ ਪੇਗੇਟ ਦੀ ਬਿਮਾਰੀ ਹੈ।


**ਧਿਆਨ ਦਿਓ:**

- ਕੁੱਝ ਮਾਮਲਿਆਂ 'ਚ ਇੱਕ ਗੰਢ ਬਹੁਤ ਛੋਟੀ ਹੋ ਸਕਦੀ ਹੈ ਜਿਸ ਨੂੰ ਤੁਸੀਂ ਮਹਿਸੂਸ ਕਰ ਸਕਦੇ ਹੋ, ਦੇਖ ਸਕਦੇ ਹੋ, ਜਾਂ ਕੋਈ ਤਬਦੀਲੀ ਦੀ ਜਾਂਚ ਲਈ ਸਕ੍ਰੀਨਿੰਗ ਮੈਮੋਗ੍ਰਾਮ ਦੁਆਰਾ ਜਾਂਚ ਦੀ ਲੋੜ ਹੁੰਦੀ ਹੈ।
- ਦੂਜੇ ਮਾਮਲਿਆਂ 'ਚ ਛਾਤੀ ਦੇ ਕੈਂਸਰ ਦੀ ਪਹਿਲੀ ਨਿਸ਼ਾਨੀ ਛਾਤੀ 'ਚ ਇੱਕ ਨਵੀਂ ਗੰਢ ਜਾਂ ਪੁੰਜ ਹੈ ਤੁਹਾਡਾ ਡਾਕਟਰ ਮਹਿਸੂਸ ਕਰ ਸਕਦਾ ਹੈ। ਇੱਕ ਗੰਢ ਜੋ ਬਿਨਾ ਦਰਦ, ਸਖਤ, ਅਤੇ ਅਸਮਾਨ ਕਿਨਾਰਿਆਂ ਵਾਲੀ ਹੋਵੇ, ਕੈਂਸਰ ਹੋਣ ਦੀ ਸੰਭਾਵਨਾ ਹੁੰਦੀ ਹੈ। ਪਰ ਕਈ ਬਾਰ ਕੈਂਸਰ ਕੋਲ, ਨਰਮ ਅਤੇ ਗੋਲ ਹੋ ਸਕਦੇ ਹਨ।
- ਮਾਸਿਕ ਛਾਤੀ ਦੀ ਸਵੈ-ਜਾਂਚ ਕਰਾਉਣਾ ਤੁਹਾਡੀ ਛਾਤੀ 'ਚ ਕਿਸੇ ਵੀ ਤਬਦੀਲੀ ਨੂੰ ਦੇਖਣ ਦਾ ਸੱਭ ਤੋਂ ਵਧੀਆ ਤਰੀਕਾ ਹੈ। ਜਿਨੀਂ ਛੇਤੀ ਹੋ ਸਕੇ ਜਾਂਚ ਲਈ ਮਾਹਿਰ ਦੀ ਮਦਦ ਲੈਣੀ ਚਾਹੀਦੀ ਹੈ।
- ਮਾਂ ਬੱਚੇ ਨੂੰ ਜਨਮ ਤੋਂ ਬਾਅਦ ਆਪਣਾ ਦੁੱਧ ਹੀ ਪਿਲਾਵੇ, ਤਾਕਿ ਛਾਤੀ-ਕੈਂਸਰ ਦਾ ਅੰਕੜਾ ਘੱਟ ਕੀਤਾ ਜਾ ਸਕੇ।ਛਾਤੀ ਦਾ ਦੁੱਧ ਨਾ ਪਿਲਾਣ ਦੀ ਹਾਲਤ 'ਚ ਕਈ ਬਾਰ ਕੁੱਝ ਬਿਮਾਰੀਆਂ ਪਹਿਲੇ ਸਾਲ 'ਚ ਮੌਤ ਦਾ ਕਾਰਨ ਵੀ ਬਣ ਜਾਂਦੀਆਂ ਹਨ।
- ਮਾਂ ਦੇ ਦੁੱਧ 'ਚ ਪ੍ਰੋਟੀਨ, ਕਾਰਬੋਹਾਈਡਰੇਟ, ਚਰਬੀ, ਵਿਟਾਮਿਨ ਅਤੇ ਖਣਿਜ ਪੂਰੀ ਮਾਤਰਾ 'ਚ ਹੁੰਦੇ ਹਨ। ਛੇਤੀ ਹਜ਼ਮ ਵੀ ਹੋ ਜਾਂਦਾ ਹੈ। ਛਾਤੀ ਦਾ ਦੁੱਧ ਬੱਚਿਆਂ ਨੂੰ ਆਮ ਛੂਤ ਦੀਆਂ ਬਿਮਾਰੀਆਂ ਬਚਾਅ ਦੇ ਨਾਲ-ਨਾਲ ਰੋਗਾਂ ਨਾਲ ਲੜਨ ਦੀ ਤਾਕਤ ਵੀ ਵਧਾਉਂਦਾ ਹੈ। ਬੱਚੇ ਨੂੰ ਪੂਰੀ ਸਮਰਥਾ ਦੇ ਨਾਲ ਵੱਧਣ 'ਤੇ ਵਿਕਾਸ ਕਰਨ 'ਚ ਜ਼ਰੂਰੀ ਪੋਸ਼ਟਿਕ ਤੱਤ ਮਿਲਦੇ ਹਨ।
- ਜੇਕਰ ਤੁਹਾਡੀ ਉਮਰ 40 ਸਾਲ ਤੋਂ ਵੱਧ ਹੈ, ਫੈਮਿਲੀ ਹਿਸਟਰੀ, ਜਾਂ ਕੈਂਸਰ ਹੋਣ ਦੀ ਜ਼ਿਆਦਾ ਸੰਭਾਵਨਾ ਹੈ, ਹਰ ਸਾਲ ਮੈਮੋਗ੍ਰਾਫੀ ਅਤੇ ਸਰੀਰਕ ਜਾਂਚ ਕਰਵਾਉਣੀ ਜਰੂਰੀ ਹੋ ਜਾਂਦੀ ਹੈ। ਇਸਦੀ ਜਾਂਚ ਜਿਨੀਂ ਛੇਤੀ ਹੋਵੇ, ਨਾਲ ਇਲਾਜ ਦੁਆਰਾ ਠੀਕ ਹੋਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ।

**ਨੋਟ :** ਛਾਤੀ ਦੇ ਕੈਂਸਰ ਤੋਂ ਪ੍ਰਭਾਵਿਤ ਲੋਕਾਂ ਲਈ ਮੁਫਤ ਸਾਧਨਾਂ ਅਤੇ ਪ੍ਰੋਗਰਾਮਿੰਗ ਦੇ ਸਮਰਥਨ ਲਈ ਧਨ ਦੇਣ ਲਈ ਹਰ ਵਿਅਕਤੀ ਵੱਲੋਂ ਹਾਲਾਤ ਮੁਤਾਬਿਕ ਮਦਦ ਦੀ ਲੋੜ ਹੈ। ਛੇ ਮਹੀਨੇ ਤੋਂ ਘੱਟ ਉਮਰ ਦੇ ਬੱਚੇ ਨੂੰ ਹਰ ਮਾਂ ਆਪਣਾ ਦੁੱਧ ਚੁੰਘਾਵੇ। ਔਰਤਾਂ ਅਲਕੋਹਲ ਅਤੇ ਦੂਜੇ ਨਸ਼ਿਆਂ ਤੋਂ ਹਮੇਸ਼ਾ ਬਚਣ। ਰੋਗ ਦੇ ਕਿਸੇ ਵੀ ਲਗਾਤਾਰ ਲੱਛਣ ਰਹਿਣ ਦੀ ਹਾਲਤ 'ਚ ਤੁਰੰਤ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਕਾਬੂ ਰੱਖੋ ਕੋਲੈਸਟ੍ਰੋਲ 'ਤੇ

ਕੋਲੈਸਟ੍ਰੋਲ ਦਾ ਵਧਣਾ ਸਾਡੀ ਰੋਜ਼ਮਰਾ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕੀ ਖਾਂਦੇ ਹਾਂ, ਕਿੰਨਾ ਖਾਂਦੇ ਹਾਂ ਅਤੇ ਕਿੰਨੀ ਮਿਹਨਤ ਕਰਦੇ ਹਾਂ। ਜੇਕਰ ਅਸੀਂ ਪੌਸ਼ਟਿਕ ਭੋਜਨ ਤਾਂ ਲੈਂਦੇ ਹਾਂ ਪਰ ਸਰੀਰਕ ਮਿਹਨਤ ਨਹੀਂ ਕਰਦੇ ਤਾਂ ਇਸ ਦਾ ਪ੍ਰਭਾਵ ਸਾਡੇ ਸਰੀਰ 'ਤੇ ਪਵੇਗਾ। ਜੇਕਰ ਅਸੀਂ ਕਾਫੀ ਮਿਹਨਤ ਕਰਦੇ ਹਾਂ ਪਰ ਭੋਜਨ 'ਤੇ ਧਿਆਨ ਨਹੀਂ ਦਿੰਦੇ ਤਾਂ ਵੀ ਸਾਡਾ ਸਰੀਰ ਕਮਜ਼ੋਰੀ ਮਹਿਸੂਸ ਕਰੇਗਾ। ਇਸ ਦਾ ਅਰਥ ਹੈ ਕਿ ਤੰਦਰੁਸਤ ਜੀਵਨ ਸ਼ੈਲੀ ਦੇ ਨਾਲ ਸਹੀ



ਖਾਣ-ਪੀਣ ਦਾ ਸੇਵਨ ਕਰਕੇ ਹੀ ਅਸੀਂ ਸਿਹਤਮੰਦ ਰਹਿ ਸਕਦੇ ਹਾਂ। ਕੋਲੈਸਟ੍ਰੋਲ ਦਾ ਪੱਧਰ ਸਿਗਰਟਨੋਸ਼ੀ ਨਾਲ, ਅਲਕੋਹਲ ਦੇ ਸੇਵਨ ਨਾਲ ਅਤੇ ਸਰੀਰ ਮੋਟਾ ਹੋਣ ਨਾਲ ਵੀ ਵਧਦਾ ਹੈ। ਜਦੋਂ ਕੋਲੈਸਟ੍ਰੋਲ ਵਧਦਾ ਹੈ ਤਾਂ ਸਰੀਰ ਹੋਰ ਕਈ ਬਿਮਾਰੀਆਂ ਨਾਲ ਘਿਰਨਾ ਸ਼ੁਰੂ ਹੋ ਜਾਂਦਾ ਹੈ, ਇਸ ਲਈ ਕੋਲੈਸਟ੍ਰੋਲ ਪੱਧਰ 'ਤੇ ਕਾਬੂ ਪਾਉਣਾ ਜ਼ਰੂਰੀ ਹੈ। ਹਰੀਆਂ ਪੱਤੇਦਾਰ ਸਬਜ਼ੀਆਂ ਦਾ ਨਿਯਮਤ ਸੇਵਨ ਕਰੋ।

ਰਾਤ ਨੂੰ ਬਦਾਮ ਭਿਉਂ ਦਿਓ ਅਤੇ ਸਵੇਰੇ ਉਨ੍ਹਾਂ ਨੂੰ ਛਿੱਲ ਕੇ ਤਿੰਨ ਹਫਤੇ ਤੱਕ ਨਿਯਮਤ ਖਾਣ ਨਾਲ ਮਾੜੇ ਕੋਲੈਸਟ੍ਰੋਲ ਵਿਚ 10 ਫੀਸਦੀ ਦੇ ਕਰੀਬ ਕਮੀ ਆਉਂਦੀ ਹੈ। ਆਪਣੇ ਐੱਚ. ਡੀ. ਐੱਲ. (ਚੰਗੇ ਕੋਲੈਸਟ੍ਰੋਲ) ਨੂੰ ਵਧਾਉਣ ਲਈ ਨਿਯਮਤ ਤੌਰ 'ਤੇ 3-4 ਕਲੀਆਂ ਲਸਣ ਦੀਆਂ ਲਓ। ਕੋਲੈਸਟ੍ਰੋਲ ਨੂੰ ਕਾਬੂ ਰੱਖਣ ਲਈ ਆਪਣੇ ਭੋਜਨ ਵਿਚ ਨਾਰੀਅਲ ਤੇਲ ਦੀ ਵਰਤੋਂ ਕਰੋ। ਕੁੱਲ 1 ਟੇਬਲਸਪੂਨ ਤੱਕ ਹਰ ਰੋਜ਼ ਤੁਸੀਂ ਨਾਰੀਅਲ ਤੇਲ ਸਬਜ਼ੀਆਂ ਰਾਹੀਂ ਲੈ ਸਕਦੇ ਹੋ। ਐੱਲ. ਡੀ. ਐੱਲ. (ਮਾੜਾ ਕੋਲੈਸਟ੍ਰੋਲ) ਨੂੰ ਕਾਬੂ ਰੱਖਣ ਲਈ ਸੁੱਕਾ ਧਨੀਆ ਪਾਊਡਰ ਲਗਪਗ 2 ਛੋਟੇ ਚਮਚ ਇਕ ਕੱਪ ਪਾਣੀ ਵਿਚ ਉਬਾਲ ਕੇ ਚਾਹ ਦੀ ਜਗ੍ਹਾ ਇਸ ਦਾ ਸੇਵਨ ਦਿਨ ਵਿਚ ਦੋ ਵਾਰ ਕਰ ਸਕਦੇ ਹੋ। ਇਸ ਦੇ ਸਵਾਦ ਨੂੰ ਵਧਾਉਣ ਲਈ ਤੁਸੀਂ ਦੁੱਧ, ਇਲਾਇਚੀ ਪਾਊਡਰ ਅਤੇ ਥੋੜ੍ਹੀ ਚੀਨੀ ਵੀ ਮਿਲਾ ਸਕਦੇ ਹੋ। ਇਕ ਗਿਲਾਸ ਕੋਸੇ ਪਾਣੀ ਵਿਚ ਸੇਬ ਦਾ ਸਿਰਕਾ 1 ਛੋਟਾ ਚਮਚ ਅਤੇ ਸ਼ਹਿਦ ਮਿਲਾ ਕੇ ਪੀ ਸਕਦੇ ਹੋ। ਖਾਣੇ ਵਿਚ ਉਨ੍ਹਾਂ ਖਾਧ ਪਦਾਰਥਾਂ ਦਾ ਸੇਵਨ ਜ਼ਿਆਦਾ ਕਰੋ, ਜਿਨ੍ਹਾਂ ਵਿਚ ਘੁਲਣਸ਼ੀਲ ਫਾਈਬਰ ਦੀ ਮਾਤਰਾ ਜ਼ਿਆਦਾ ਹੋਵੇ, ਜਿਵੇਂ ਆਪਣੀ ਖੁਰਾਕ ਵਿਚ ਓਟਸ ਨੂੰ ਸ਼ਾਮਿਲ ਕਰੋ। ਉਸ ਵਿਚ ਸਟ੍ਰਾਬੇਰੀ, ਕੇਲਾ, ਅਖਰੋਟ ਆਦਿ ਵੀ ਮਿਲਾ ਕੇ ਲੈ ਸਕਦੇ ਹੋ।

ਇਕ ਛੋਟਾ ਚਮਚ ਪਿਆਜ਼ ਦੇ ਰਸ ਵਿਚ ਇਕ ਛੋਟਾ ਚਮਚ ਸ਼ਹਿਦ ਮਿਲਾ ਕੇ ਸਵੇਰੇ ਇਕ ਵਾਰ ਨਿਯਮਤ ਲਓ। ਅਧਰਕ ਦੇ ਨਿਯਮਤ ਸੇਵਨ ਨਾਲ ਵੀ ਕੋਲੈਸਟ੍ਰੋਲ ਦਾ ਪੱਧਰ ਘੱਟ ਹੁੰਦਾ ਹੈ। ਸਬਜ਼ੀ ਵਿਚ ਇਸ ਦੀ ਵਰਤੋਂ ਕਰੋ। ਥੋੜ੍ਹਾ ਜਿਹਾ ਟੁਕੜਾ ਤੁਸੀਂ ਰੁੱਖਾ ਵੀ ਖਾ ਸਕਦੇ ਹੋ। ਪਿਆਜ਼ ਦੀ ਮਾਤਰਾ ਨੂੰ ਆਪਣੇ ਭੋਜਨ ਵਿਚ ਵਧਾਓ। ਸਰਦੀਆਂ ਵਿਚ ਸੰਤਰੇ ਦਾ ਖ਼ੂਬ ਸੇਵਨ ਕਰੋ। ਇਸ ਵਿਚ ਫਾਈਬਰ ਵੀ ਮਿਲੇਗਾ। ਇਸ ਤੋਂ ਇਲਾਵਾ ਵਿਟਾਮਿਨ 'ਸੀ', ਫਲੇਵੋਨਾਈਡਸ ਅਤੇ ਫਾਲੇਟ ਦੇ ਗੁਣਾਂ ਨਾਲ ਭਰਪੂਰ ਹੁੰਦਾ ਹੈ। ਟਮਾਟਰ ਵਿਚ ਲਾਈਕੋਪੀਨ ਦੀ ਭਰਪੂਰ ਮਾਤਰਾ ਹੁੰਦੀ ਹੈ। ਇਸ ਨੂੰ ਸਲਾਦ, ਚਟਣੀ, ਸਬਜ਼ੀ, ਜੂਸ ਦੇ ਰੂਪ ਵਿਚ ਨਿਯਮਤ ਲੈਂਦੇ ਰਹੋ। ਘੱਟ ਤੋਂ ਘੱਟ ਅੱਧੇ ਘੰਟੇ ਦੀ ਸੈਰ ਜ਼ਰੂਰ ਕਰੋ। ਇਸ ਨਾਲ ਐੱਚ. ਡੀ. ਐੱਲ. ਦਾ ਪੱਧਰ ਵਧਦਾ ਹੈ। ਭਾਰ ਨੂੰ ਕਾਬੂ ਵਿਚ ਰੱਖਣਾ ਜ਼ਰੂਰੀ ਹੈ। ਕੋਲੈਸਟ੍ਰੋਲ ਨੂੰ ਕਾਬੂ ਵਿਚ ਰੱਖਣ ਲਈ ਨਿਯਮਤ ਇਕ ਤੋਂ ਦੋ ਚਮਚ ਫਲੈਕਸ ਸੀਡਸ ਪਾਣੀ ਦੇ ਨਾਲ ਫੱਕ ਲੈਣੇ ਚਾਹੀਦੇ ਹਨ ਜਾਂ ਫਿਰ ਅਖਰੋਟ ਦਾ ਨਿਯਮਤ ਸੇਵਨ ਕਰੋ।

ਮੇਥੀਦਾਣਾ ਇਕ ਚਮਚ ਰਾਤ ਨੂੰ ਭਿਉਂ ਕੇ ਰੱਖੋ। ਸਵੇਰੇ ਉਸ ਦੇ ਦਾਣੇ ਚਬਾਅ ਕੇ ਪਾਣੀ ਪੀ ਲਓ। ਮਦਦ ਮਿਲੇਗੀ। **-ਸਾਰਿਕਾ**

# ਸਰੀਰ ਅਤੇ ਦਿਮਾਗ ਨੂੰ ਅੰਦਰੂਨੀ ਤਾਕਤ ਦਿੰਦਾ ਹੈ ਅਨੁਲੋਮ-ਵਿਲੋਮ

ਪ੍ਰਾਣਾਯਾਮ ਵਿਚ ਅਨੁਲੋਮ-ਵਿਲੋਮ ਪ੍ਰਾਣਾਯਾਮ ਸਰੀਰ ਅਤੇ ਦਿਮਾਗ ਦੀ ਸ਼ੁੱਧੀ ਕਰਨ ਦਾ ਸਭ ਤੋਂ ਚੰਗਾ ਯੋਗ ਹੈ। ਹਰ ਉਮਰ ਦੇ ਲੋਕ ਇਸ ਪ੍ਰਾਣਾਯਾਮ ਨੂੰ ਕਰ ਸਕਦੇ ਹਨ ਪਰ ਇਸ ਨੂੰ ਕਰਨ ਤੋਂ ਪਹਿਲਾਂ ਕਿਸੇ ਮਾਹਿਰ ਜਾਂ ਯੋਗਾਚਾਰੀਆ ਕੋਲੋਂ ਇਸ ਦੀ ਸਹੀ ਜਾਣਕਾਰੀ ਲਓ, ਫਿਰ ਅਭਿਆਸ ਜਾਰੀ ਰੱਖੋ। ਗ਼ਲਤ ਪ੍ਰਾਣਾਯਾਮ ਨੁਕਸਾਨ ਪਹੁੰਚਾ ਸਕਦਾ ਹੈ।

ਅਨੁਲੋਮ-ਵਿਲੋਮ ਪ੍ਰਾਣਾਯਾਮ ਵਿਚ ਸਾਹ ਲੈਣ ਅਤੇ ਛੱਡਣ ਦੀ ਪ੍ਰਕਿਰਿਆ ਨੂੰ ਦੁਹਰਾਇਆ ਜਾਂਦਾ ਹੈ, ਜਿਸ ਨੂੰ ਨਾੜੀਸ਼ੋਧਕ ਵੀ ਕਿਹਾ ਜਾਂਦਾ ਹੈ। ਇਸ ਪ੍ਰਾਣਾਯਾਮ ਨੂੰ ਕਰਨ ਨਾਲ ਨਰਵਸ ਸਿਸਟਮ ਸੁਚਾਰੂ ਰੂਪ ਨਾਲ ਚਲਦਾ ਹੈ ਅਤੇ ਦਿਮਾਗ ਦੀ ਮਸਾਜ ਵੀ ਹੋ ਜਾਂਦੀ ਹੈ, ਜਿਸ ਨਾਲ ਸਾਡਾ ਨਰਵਸ ਸਿਸਟਮ ਮਜ਼ਬੂਤ ਹੁੰਦਾ ਹੈ ਅਤੇ ਅਸੀਂ ਤਣਾਅਰਹਿਤ ਮਹਿਸੂਸ ਕਰਦੇ ਹਾਂ।

ਦੂਜਾ ਵੱਡਾ ਲਾਭ ਇਸ ਨੂੰ ਨਿਯਮਤ ਕਰਨ ਨਾਲ ਫੇਫੜੇ ਸ਼ਕਤੀਸ਼ਾਲੀ ਬਣਦੇ ਹਨ, ਦਿਲ ਮਜ਼ਬੂਤ ਹੁੰਦਾ ਹੈ ਅਤੇ ਪੂਰੇ ਸਰੀਰ ਵਿਚ ਖ਼ੂਨ ਅਤੇ ਆਕਸੀਜਨ ਦਾ ਵਹਾਅ ਠੀਕ ਰਹਿੰਦਾ ਹੈ। ਖ਼ੂਨ ਅਤੇ ਆਕਸੀਜਨ ਦੇ ਠੀਕ ਵਹਾਅ ਨਾਲ ਚਮੜੀ ਚਮਕਦਾਰ ਬਣਦੀ ਹੈ ਅਤੇ ਸਾਡੀ ਪਾਚਣ ਕਿਰਿਆ ਠੀਕ ਰਹਿੰਦੀ ਹੈ।

ਪ੍ਰਾਣਾਯਾਮ ਕਰਨ ਦਾ ਸਹੀ ਸਮਾਂ : ਕੋਈ ਵੀ ਪ੍ਰਾਣਾਯਾਮ ਕਰਨ ਦਾ ਠੀਕ ਸਮਾਂ ਸਵੇਰ ਨੂੰ ਹੁੰਦਾ ਹੈ ਜਦੋਂ ਪੇਟ ਖਾਲੀ ਹੋਵੇ ਅਤੇ ਮਨ ਸ਼ਾਂਤ ਹੋਵੇ। ਕੋਈ ਵਿਘਨ ਨਾ ਹੋਵੇ ਤਾਂ ਪ੍ਰਾਣਾਯਾਮ ਕਰਨ ਦਾ ਲਾਭ ਪੂਰਾ ਮਿਲਦਾ ਹੈ। ਸਾਫ-ਸੁਥਰੀ ਜਗ੍ਹਾ ਤੇ ਯੋਗਾ ਮੈਟ, ਦਰੀ ਵਿਛਾ ਕੇ ਆਰਾਮਦਾਇਕ ਸਥਿਤੀ ਵਿਚ ਬੈਠੋ। ਕਮਰ, ਗਰਦਨ ਸਿੱਧੀ ਰੱਖੋ। ਜੇ ਪਦਮ ਆਸਣ ਲਗਾ ਸਕਦੇ ਹੋ ਤਾਂ ਲਗਾਓ। ਅਰਧਪਦਮ ਆਸਣ, ਸੁਖ ਆਸਣ ਜਾਂ ਵੱਜਰ ਆਸਣ ਵਿਚ ਬੈਠੋ। ਜ਼ਮੀਨ 'ਤੇ ਬੈਠਣਾ ਮੁਸ਼ਕਿਲ ਹੋਵੇ ਤਾਂ ਲੱਕੜੀ ਦੀ ਕੁਰਸੀ 'ਤੇ ਪਿੱਠ ਸਿੱਧੀ ਕਰਕੇ ਬੈਠੋ।

ਪ੍ਰਾਣਾਯਾਮ ਕਰਨ ਦੀ ਵਿਧੀ : ਅੱਖਾਂ ਬੰਦ ਕਰ ਲਓ। ਖੱਬੀ ਹਥੇਲੀ ਨੂੰ ਖੱਬੇ ਗੋਡੇ 'ਤੇ ਰੱਖੋ। ਸੱਜੇ ਹੱਥ ਨਾਲ ਗਿਆਨਮੁਦਰਾ ਬਣਾਓ। ਸਭ ਤੋਂ ਪਹਿਲਾਂ ਪੇਟ ਵਿਚੋਂ ਸਾਹ ਬਾਹਰ ਕੱਢੋ। ਪੇਟ



ਖਾਲੀ ਕਰਕੇ ਸੱਜੇ ਅੰਗੂਠੇ ਨੂੰ ਸੱਜੀ ਨਾਸ 'ਤੇ ਰੱਖੋ, ਥੋੜ੍ਹਾ ਦਬਾਅ ਦਿਓ। ਤਰਜਨੀ ਅਤੇ ਵਿਚਕਾਰਲੀ ਉਂਗਲੀ ਨੂੰ ਭੌਹਾਂ ਦੇ ਵਿਚਕਾਰ ਰੱਖੋ। ਖੱਬੀ ਨਾਸ ਰਾਹੀਂ ਸਾਹ ਖਿੱਚੋ, ਫਿਰ ਖੱਬੀ ਨਾਸ ਨੂੰ ਅਨਾਮਿਕਾ ਨਾਲ ਬੰਦ ਕਰਕੇ ਹੌਲੀ-ਹੌਲੀ ਸਾਹ ਛੱਡੋ। ਇਸੇ ਪ੍ਰਕਿਰਿਆ ਨੂੰ ਖੱਬੀ ਨਾਸ ਰਾਹੀਂ ਦੁਹਰਾਓ। ਇਸ ਤਰ੍ਹਾਂ ਇਹ ਇਕ ਵਾਰ ਦਾ ਚੱਕਰ ਪੂਰਾ ਹੋਇਆ। ਇਸੇ ਤਰ੍ਹਾਂ ਚੱਕਰ ਦੁਹਰਾਓ। ਸ਼ੁਰੂਆਤ ਵਿਚ 5 ਵਾਰ ਇਸ ਕਿਰਿਆ ਨੂੰ ਦੁਹਰਾਓ। ਫਿਰ ਦੋਵੇਂ ਹਥੇਲੀਆਂ ਦੋਵੇਂ ਹਥੇਲੀਆਂ ਦੋਵੇਂ ਗੋਡਿਆਂ 'ਤੇ ਰੱਖ ਕੇ ਅੱਖਾਂ ਬੰਦ ਕਰਕੇ ਥੋੜ੍ਹਾ ਆਰਾਮ ਕਰੋ।

ਇਸ ਤਰ੍ਹਾਂ ਤੁਸੀਂ ਇਸ ਕਿਰਿਆ ਨੂੰ ਹੌਲੀ-ਹੌਲੀ ਵਧਾਓ। 5 ਮਿੰਟ ਤੋਂ ਸ਼ੁਰੂ ਕਰਕੇ 15-20 ਮਿੰਟ ਤੱਕ ਲੈ ਜਾਓ। ਧਿਆਨ ਦਿਓ, ਸਾਹ ਲੈਣ ਅਤੇ ਛੱਡਣ ਦੇ ਵਿਚਕਾਰ ਕੁਝ ਫਰਕ ਰੱਖੋ। ਸ਼ੁਰੂਆਤ ਵਿਚ ਸਹੂਲਤ ਅਨੁਸਾਰ ਕਰੋ, ਹੌਲੀ-ਹੌਲੀ ਅਭਿਆਸ ਨੂੰ ਵਧਾਉਣਾ ਹੈ। ਸਾਹ ਲੈਣ ਅਤੇ ਛੱਡਣ ਸਮੇਂ ਸਾਹਾਂ 'ਤੇ ਧਿਆਨ ਬਣਾਈ ਰੱਖੋ। ਤੁਸੀਂ ਚਾਹੋ ਤਾਂ ਸਾਹ ਭਰੋ ਅਤੇ ਦੂਜੇ ਪਾਸਿਓਂ ਸਾਹ ਛੱਡੋ। ਸਾਹ ਦਾ ਲੈਣਾ-ਛੱਡਣਾ ਸੁਵਿਧਾਜਨਕ ਹੋਣਾ ਚਾਹੀਦਾ ਹੈ। ਜ਼ੋਰ ਨਾ ਲਗਾਓ। ਸਾਹ ਭਰਦੇ ਅਤੇ ਛੱਡਦੇ ਸਮੇਂ ਜ਼ੋਰ ਲਗਾਉਣ ਨਾਲ ਸਿਰ ਭਾਰੀ ਹੋ ਸਕਦਾ ਹੈ।

ਜਦੋਂ ਵੀ ਕੋਈ ਵੀ ਪ੍ਰਾਣਾਯਾਮ ਕਰੋ ਤਾਂ ਅਖੀਰ ਵਿਚ ਅੱਖਾਂ ਬੰਦ ਕਰਕੇ ਆਪਣੇ ਸਾਹਾਂ ਨੂੰ ਆਉਂਦੇ-ਜਾਂਦੇ ਦੇਖੋ। ਹੌਲੀ-ਹੌਲੀ ਅੱਖਾਂ ਖੋਲ੍ਹੋ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

– ਹੋਰ ਸੇਵਾਵਾਂ –
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਤਵਾਰੀਖ ਆਕੀਆਂ ਦੀ !

'ਪੰਜੇ-ਤੱਕੜੀ' ਦੋਹਾਂ ਨੇ ਫੜੀ ਰੱਖੀ
ਉੱਤਰ ਕਾਟੋ ਮੈਂ ਚੜ੍ਹਾਂ ਦੀ ਤਾਨ ਯਾਰੋ।
ਹੁਣ ਵੀ ਸੱਤਾ 'ਤੇ ਰੱਖ ਕੇ ਅੱਖ ਦੋਵੇਂ
ਦੇ ਰਹੇ ਨੇ 'ਬਦਲਵੇਂ' ਬਿਆਨ ਯਾਰੋ।
ਰਾਖੀ ਕਰ ਨਾ ਸਕੇ ਜੋ ਪਾਣੀਆਂ ਦੀ
ਹਿੱਤ ਪੰਜਾਬ ਦੇ ਕਰੇ ਕੁਰਬਾਨ ਯਾਰੋ।



ਬਹਿਸ ਵਾਸਤੇ ਦੋਹਾਂ ਨੂੰ ਕਰੇ ਚੈਲੰਜ
ਹੁਣ 'ਝਾੜੂ' ਦਾ ਹੈ ਇਮਤਿਹਾਨ ਯਾਰੋ।
ਦਿੱਲੀ ਮੁੱਢੋਂ ਮਤਰੇਈ ਹੀ ਬਣੀ ਆਈ
ਸਕੀ ਮਾਂ ਇਹ ਬਣਦੀ ਐ ਬਾਕੀਆਂ ਦੀ
ਜਾਂਦੀ ਭੁੱਲ ਉਹ ਧੱਕਾ ਨਾ ਸਹਿਣ ਵਾਲੀ
ਤਵਾਰੀਖ ਹੈ ਇੱਥੋਂ ਦੇ 'ਆਕੀਆਂ' ਦੀ!

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਲੱਗੀਆਂ ਜੰਗਾਂ

ਤੇਰੇ ਨਾਲੋਂ ਮੈਂ ਤਕੜਾ ਹਾਂ ਆਹ ਹਥਿਆਰ ਬਣਾਏ ਮੈਂ
ਮਘਦੇ ਸ਼ੋਲੇ ਤੇਰੀਆਂ ਹੱਦਾਂ ਉੱਤੇ ਜਦ ਵਰਸਾਏ ਮੈਂ
ਠਾ ਦੂੰ ਨੇਰ੍ਹੀ ਕਾਲੀ ਬੋਲੀ ਦਿਨ ਚੜ੍ਹਦੇ ਹੀ ਚਿੱਟੇ ਜੀ
ਲੱਗੀਆਂ ਜੰਗਾਂ ਦੇ ਆਖਿਰ ਵਿਚ ਘਾਤਕ ਨਿਕਲਣ ਸਿੱਟੇ ਜੀ

ਲਾਟਾਂ ਦੇ ਵਿਚ ਬਦਲ ਜਾਣਗੇ ਕੱਢੇ ਬੋਲ ਜੁਬਾਨੋਂ ਵੇ
ਬਿਨ ਆਈ ਤੋਂ ਤੁਰ ਜਾਣਗੇ ਉੱਡ ਉੱਡ ਭੌਰ ਜਹਾਨੋਂ ਵੇ
ਜਿਸ ਤੇ ਬੀਤੇ ਦੇਹੀ ਜਾਣੇ ਜੋ ਕਿਸਮਤ ਨੂੰ ਪਿੱਟੇ ਜੀ
ਲੱਗੀਆਂ ਜੰਗਾਂ ਦੇ ਆਖਿਰ ਵਿੱਚ ਘਾਤਕ ਨਿਕਲਣ ਸਿੱਟੇ ਜੀ

ਦੁਨੀਆਂ ਮੰਨੂਗੀ ਫੇਰ ਲੋਹਾ ਮੇਰੇ ਉੱਡਣ ਖਟੋਲੇ ਦਾ
ਹੋਰਾਂ ਤੋਂ ਕੱਦ ਉੱਚਾ ਹੋਜੂ ਮੇਰੇ ਮੂੰਹ ਬੜਬੋਲੇ ਦਾ
ਹਨ ਭਰਿੰਡਾਂ ਤੋਂ ਜ਼ਹਿਰੀਲੇ ਮੇਰੇ ਤਾਂ ਭਰਚਿੱਟੇ ਜੀ
ਲੱਗੀਆਂ ਜੰਗਾਂ ਦੇ ਆਖਿਰ ਵਿੱਚ ਘਾਤਕ ਨਿਕਲਣ ਸਿੱਟੇ ਜੀ

ਲੱਗੇ ਹੋਏ ਯੁੱਧ ਨੇ ਏਥੇ ਆਖਿਰ ਜਿੱਤਾਂ ਹਾਰਾਂ ਦੇ
ਧੰਨਿਆਂ ਖਬਰਾਂ ਛਪੀਆਂ ਪੜ੍ਹ ਲੈ ਤੂੰ ਵੀ ਵਿਚ ਅਖ਼ਬਾਰਾਂ ਦੇ
ਮਾਨਵਤਾ ਦਾ ਘਾਣ ਜੋ ਕਰਦੇ ਦੁਰ ਫਿੱਟੇ ਮੂੰਹ ਫਿੱਟੇ ਜੀ
ਲੱਗੀਆਂ ਜੰਗਾਂ ਦੇ ਆਖਿਰ ਵਿੱਚ ਘਾਤਕ ਨਿਕਲਣ ਸਿੱਟੇ ਜੀ



ਧੰਨਾ ਧਾਲੀਵਾਲ

## ਮਾਨ-ਸੁੱਖਾ-ਜਾਖੜ

ਇਕ ਨਵੰਬਰ ਦਾ ਇਕ ਮਿਥਿਆ ਹੁਣ ਚੁਣਿਆ ਸ਼ਹਿਰ ਲੁਧਿਆਣਾ
ਉਨ੍ਹਾਂ ਚੰਡੀਗੜ੍ਹ ਤਾਂ ਕੈਂਸਲ ਕਰਕੇ ਲੱਭ ਲਿਆ ਨਵਾਂ ਟਿਕਾਣਾ
ਮਾਰ ਮਾਰ ਕੇ ਫੋਕੇ ਦਬਕੇ ਇਨ੍ਹਾਂ ਆਪ ਉਲਝਾਈ ਤਾਣੀ
ਵੇ ਕੁੰਡੀਆਂ ਦੇ ਸਿੰਗ ਫਸ ਗਏ ਹੁਣ ਨਿਤਰੂ ਵੜੇਵੇਂ ਖਾਣੀ।

ਹੁਣ 'ਚੰਦੂਮਾਜਰਾ' ਘੜਨ ਬਹਾਨੇ ਲੱਗ ਗਿਆ ਸ਼ਾਮ ਸਵੇਰੇ
ਸੁੱਖਾ ਕਹਿੰਦਾ ਟਾਇਮ ਕਿਥੇ ਸਾਨੂੰ ਪਹਿਲਾਂ ਹੀ ਕੰਮ ਬਥੇਰੇ
ਤਾਂ ਹੀ ਲੋੜ ਪਈ ਤੋਂ ਪਰਖ ਲੈਂਦੇ ਹੁਣ ਦੁਨੀਆ ਬਹੁਤ ਸਿਆਣੀ
ਵੇ ਕੁੰਢੀਆਂ ਦੇ ਸਿੰਗ ਫਸ ਗਏ ਹੁਣ....

'ਜਾਖੜ' ਕਹਿੰਦਾ ਸੱਚ ਪੁੱਛੋਂ ਮੇਰੀ ਸਿਹਤ ਠੀਕ ਨਹੀਂ ਰਹਿੰਦੀ
ਗੱਲ ਡੀਬੇਟ ਦੀ ਕਰਦਾ ਤਾਂ ਘਰਵਾਲੀ ਖਾਣ ਨੂੰ ਪੈਂਦੀ
'ਮਾਨ' ਤਾਂ ਆਊ ਸਣੇ ਸਬੂਤੀ ਥੋਡੀ ਜਾਣੀ ਜਾਤ ਪਛਾਣੀ
ਵੇ ਕੁੰਢੀਆਂ ਦੇ ਸਿੰਗ ਫਸ ਗਏ ਹੁਣ....

'ਇੰਦਰਾ' ਨੇ ਵਖ ਟੱਕ ਲਾਇਆ ਸੀ ਕੈਪਟਨ ਦੇ ਨਾਲ ਖੜ੍ਹਕੇ
ਫਿਰ 'ਬਾਜਵਾ' ਕਹਿੰਦਾ ਰਾਜੇ ਬੜਿੰਗ ਨੂੰ ਗੱਲ ਸੁਣ ਲੈ ਅੰਦਰ ਵੜਕੇ
ਆਪਾਂ ਆਪੇ ਕੰਢੇ ਬੀਜ ਲਏ ਸਾਰੀ ਖੋਲ੍ਹ ਕੇ ਦੱਸਾਂ ਕਹਾਣੀ
ਵੇ ਕੁੰਢੀਆਂ ਦੇ ਸਿੰਗ ਫਸ ਗਏ ਹੁਣ...

ਕਿਵੇਂ ਲਾਰੇ ਲੱਪੇ ਲਾ ਕੇ ਤੇ ਇਨ੍ਹਾਂ ਮਹਿਲ ਤਾਂ ਬਹੁਤ ਉਸਾਰੇ
ਹੁਣ ਇਕ ਪਾਸਾ ਹੋ ਜਾਊਗਾ ਲੋਕੀਂ ਇਕੱਠੇ ਹੋ ਗਏ ਸਾਰੇ
ਤੂੰ 'ਦੇਵ ਘੋਲੀਏ' ਦੀ ਗੱਲ ਝੂਠ ਰਤਾ ਨਾ ਜਾਣੀ
ਵੇ ਕੁੰਢੀਆਂ ਦੇ ਸਿੰਗ ਫਸ ਗਏ ਹੁਣ ਨਿੱਤਰੂ ਵੜੇਵੇਂ ਖਾਣੀ



ਗੀਤਕਾਰ ਦੇਵ ਘੋਲੀਆ ਖੁਰਦ
559-232-7764

## ਰਾਵਣ

ਸਾਰੀ ਦੁਨੀਆਂ ਰਾਵਣ ਲੱਗਦੀ, ਰਿਹਾ ਰਾਮ ਨਾ ਕੋਈ।
ਅੱਜ ਕਲਜੁਗ ਪੂਰੇ ਜੋਰ ਤੇ, ਪਾਕਿ ਗੰਗਾ ਮੈਲੀ ਹੋਈ।
ਸਾਰੀ ਦੁਨੀਆਂ ਰਾਵਣ ਲੱਗਦੀ....



ਰਾਵਣ, ਰਾਵਣ ਨੂੰ ਸਾੜਦਾ, ਮੱਤ ਗਈ ਲੱਗਦਾ ਮਾਰੀ।
ਝੂਠ ਨੇ ਪੈਰ ਪਸਾਰ ਲਏ, ਸੱਚ ਮਾਰ ਗਿਆ ਉਡਾਰੀ।
ਬੇ-ਸਬਰੀ ਦੀਆਂ ਹੱਦਾਂ ਟੱਪੀਆਂ, ਲਾਹਕੇ ਸ਼ਰਮ ਦੀ ਲੋਈ।
ਸਾਰੀ ਦੁਨੀਆਂ ਰਾਵਣ ਲੱਗਦੀ....

ਜੋ ਰਾਵਣ ਨੂੰ ਆਖਣ ਮਾੜਾ, ਓ ਕਿਹੜਾ ਦੁੱਧ ਦੇ ਧੋਤੇ।
ਵੇਖੋ ਅੰਦਰ ਮਾਰਕੇ ਝਾਤੀ, ਕਿੱਥੇ ਆ ਅਸੀ ਖਲੋਤੇ।
ਸੜਿਆ ਰਾਵਣ ਫੇਰ ਨਹੀ, ਸਾੜਦੀ ਦੁਨੀਆਂ ਮੋਈ।
ਸਾਰੀ ਦੁਨੀਆਂ ਰਾਵਣ ਲੱਗਦੀ....

ਰਾਵਣ ਸਾੜਨ ਵਾਲਿਓ, ਅੰਦਰ ਦਾ ਰਾਵਣ ਸਾੜੋ।
ਹੰਕਾਰ ਤਿਆਗੋ ਖੁਦ ਪਹਿਲਾਂ, ਰੰਗ ਪ੍ਰੇਮ ਦੇ ਚਾੜੋ।
ਹਿਰਦਾ ਜਿਸਦਾ ਸ਼ੁੱਧ ਦਵਿੰਦਰਾ, ਹੱਕਦਾਰ ਆ ਸੋਈ।
ਸਾਰੀ ਦੁਨੀਆਂ ਰਾਵਣ ਲੱਗਦੀ, ਰਿਹਾ ਰਾਮ ਨਾ ਕੋਈ।



ਰਾਜ ਦਵਿੰਦਰ ਬਿਆਸ
81461-27393

## ਰੰਗਦੇ

ਲਲਾਰੀਆਂ ਸਾਡੇ ਦਿਲਾਂ ਨੂੰ, ਪਿਆਰ ਦੇ ਰੰਗਾਂ 'ਚ ਰੰਗਦੇ,
ਅਸੀਂ ਪਿਆਰ ਦੇ ਪੁਜਾਰੀ, ਤੈਥੋਂ ਹੋਰ ਨਹੀਂ ਕੁਝ ਮੰਗਦੇ।

ਔਖਾ ਏ ਬੱਚ ਕੇ ਰਹਿਣਾ, ਯਾਰੋ ਐਸੇ ਲੋਕਾਂ ਤੋਂ,
ਜੇਬਾਂ 'ਚ ਰੱਖਦੇ ਖ਼ੰਜਰ ਜੋ, ਕਾਲਰਾਂ ਤੇ ਫੁੱਲ ਟੰਗਦੇ।

ਹਰ ਰੋਜ ਜੋ ਸ਼ੋਰ-ਸ਼ਰਾਬਾ, ਮੇਰੇ ਜ਼ਿਹਨ ਦੇ ਵਿੱਚ ਹੁੰਦੈ,
ਲੱਗੇ ਜਿਉਂ ਹਜ਼ਾਰਾਂ ਫਨੀਅਰ, ਮੈਨੂੰ ਇਕੋ ਵੇਲੇ ਡੰਗਦੇ।

ਜਦ ਧਰਤੀ ਵੱਲ ਪਰਤੀ, ਤਾਂ ਇਹਦਾ ਹਾਲ ਬੁਰਾ ਹੋਣੈ,
ਦੀਵਾਨੇ ਬੜੇ ਘੁੰਮਦੇ ਨੇ, ਇਸ ਕਟੀ ਹੋਈ ਪਤੰਗ ਦੇ।

ਇਹ ਦੋ ਭਰਾਵਾਂ ਦਾ ਯੁੱਧ, ਕਦੇ ਵੀ ਖਤਮ ਨਹੀਂ ਹੋਣਾ,
ਕੋਈ ਹੈ ਜੋ ਚਾਹੇ ਨਾ, ਫੁੱਲ ਮਹਿਕਣ ਚਿੱਟੇ ਰੰਗ ਦੇ।

ਬੜੇ ਤੰਗ ਨੇ ਲੋਕ ਬੇਸ਼ੱਕ, ਸਰਹੱਦਾਂ ਦੇ ਤਕਰਾਰ ਤੋਂ,
ਦੋਵਾਂ ਮੁਲਕਾਂ ਦੇ ਲੋਕ ਫਿਰ ਵੀ, ਯੁੱਧ ਕਦੇ ਨਹੀਂ ਮੰਗਦੇ।

ਤੇਰੇ ਗੀਤਾਂ ਨੇ ਯਾਰਾ, ਸਾਨੂੰ ਮੋਹਿਆ ਹੈ ਕੁਝ ਏਦਾਂ,
ਹੋ ਗਏ ਹਾਂ ਦੀਵਾਨੇ ਅਸੀਂ, ਤੇਰੇ ਸਾਦੇ ਢੰਗ ਦੇ।



ਡਾ. ਤੇਜਿੰਦਰ

## ਮੇਰੇ ਅੰਦਰ ਦਾ ਰਾਵਣ ਮੇਰੇ ਨਾਲ਼ ਖ਼ਫ਼ਾ ਹੈ

ਮੇਰੇ ਅੰਦਰ ਦਾ ਰਾਵਣ ਮੇਰੇ ਨਾਲ਼ ਡਾਹਢਾ ਖ਼ਫ਼ਾ ਹੈ....
ਖ਼ਫ਼ਾ ਹੈ ਕਿ ਮੈਂ ਬੁਜ਼ਦਿਲੀ ਨੂੰ ਖੁੱਲ੍ਹ ਦਾ ਨਾਂ ਦੇ ਕੇ
ਆਪਣੀਆਂ ਧੀਆਂ-ਭੈਣਾਂ ਨਾਲ਼ ਹੁੰਦੀ ਬੇਅਦਬੀ ਨੂੰ
ਅੱਖੋਂ-ਪਰੋਖੇ ਕਰ....
ਆਪਣੀ ਮਾਸ਼ੂਕ ਦੇ ਲੱਕ ਦੁਆਲ਼ੇ ਬਾਂਹ ਪਾ ਕੇ
ਇੰਝ ਜਸ਼ਨ ਮਨਾ ਲੈਂਦਾ ਹਾਂ ਆਪਣੀ ਜਿੱਤ ਦਾ....
ਉਹ ਖ਼ਫ਼ਾ ਹੈ ਕਿ ਮੈਂ ਹੁਣ ਸਰਕਾਰੇ-ਦਰਬਾਰੇ
ਕੋਡਾ ਕੋਡਾ ਤੁਰਦਾ
ਧੋਬੀਆਂ ਨੂੰ ਗਾਲ਼ਾਂ ਕੱਢਦਾ
ਰਾਗ ਦਰਬਾਰੀ ਗਾਉਂਦਾ ਰਹਿੰਦਾ ਹਾਂ....
ਉਹ ਖ਼ਫ਼ਾ ਹੈ ਕਿ ਮੈਂ ਹੁਣ ਆਪਣੇ ਦਸਾਂ ਸਿਰਾਂ ਨੂੰ
ਦਸ ਚੌਖਟਾਂ 'ਤੇ ਰਗੜ ਕੇ
ਦਸ ਦਾਤਾਂ ਪਾ ਕੇ ਸ਼ਰਮਿੰਦਾ ਨਹੀਂ
ਖ਼ੁਸ਼ ਹੋ ਜਾਂਦਾ ਹਾਂ।
ਮੇਰੀ ਤੇ ਵਿਭੀਸ਼ਣ ਦੀ ਮਿਤਰਤਾ
ਤੇ ਓਹਲੇ-ਛਪੋਲੇ ਬਾਲੀ-ਵਧ ਕਰਨ ਵਾਲ਼ੇ ਸ਼ਖ਼ਸ਼ ਲਈ
ਮੇਰੀ ਕੀਤੀ ਕਸੀਦਾ-ਕਾਰੀ ਵੀ ਉਸਨੂੰ ਆਰ ਲਾਉਂਦੀ ਹੈ।
ਇਸ ਜੁਗਾੜੀਏ ਜਗਤ ਵਿੱਚ
ਆਠਾਪਟੀਆ ਲੋਕਾਂ ਦੀ ਚੜ੍ਹਤ-ਧੂੜ ਵਿੱਚ
ਮੇਰਾ ਲਿਬੜਿਆ-ਤਿਬੜਿਆ ਮੂੰਹ
ਤੇ ਝੋਲੀ ਸਨਮਾਨਾਂ ਦੇ ਟਊਏ ਵੇਖ
ਮੇਰੇ ਅੰਦਰ ਦਾ ਰਾਵਣ ਜ਼ਹਿਰੀਲੀ ਮੁਸਕਾਨ ਸਣੇ
ਮੇਰੇ ਅੰਦਰ ਖੌਰੂ ਪਾਉਂਦਾ ਹੈ।
ਹਾਂ, ਅੱਜ-ਕੱਲ੍ਹ
ਮੇਰੇ ਅੰਦਰ ਦਾ ਰਾਵਣ ਮੇਰੇ ਨਾਲ਼ ਡਾਹਢਾ ਖ਼ਫ਼ਾ ਹੈ।



- ਡਾ. ਸਵਾਮੀ ਸਰਬਜੀਤ

## ਖ਼ਤ ਪਿਆਰੀ ਦਾਦੀ ਨੂੰ

ਤੇਰੇ ਜਾਣ ਬਾਅਦ ਘਰ ਦੇ ਰੰਗ ਚੱਜ ਬਦਲ ਗਏ,
ਵੇਹੜੇ 'ਚ ਮੰਜੀਆਂ ਹੁਣ ਪਹਿਲਾਂ ਵਾਂਗ ਡਹਿੰਦੀਆਂ ਨਹੀਂ,
ਨੂੰਹਾਂ ਵੀ ਹੁਣ ਰੁਸੀਆਂ-ਰੁਸੀਆਂ ਰਹਿਣ,
ਪਹਿਲਾ ਵਾਂਗ ਹੱਸਦੀ ਆ ਖੇਡਦੀਆਂ ਰਹਿੰਦੀਆਂ ਨੀਂ,
ਬੂਹੇ ਵੀ ਹੁਣ ਛੇਤੀ ਢੋਅ ਲੈਂਦੇ ਨੇ ਸਾਰੇ,
ਧੁੰਦ ਦੀ ਉਡੀਕ ਵੀ ਹੁਣ ਰਹਿੰਦੀ ਨਹੀਂ,
ਦਾਦਾ ਵੀ ਬੀਬੀ ਹੁਣ ਚੁੱਪ-ਚੁੱਪ ਜਾਪੇ,
ਹੱਸਦੇ ਚਿਹਰੇ ਤੇਰੇ ਪੁੱਤਾਂ ਦੇ ਵੀ ਹੁੰਦੇ ਨਹੀਂ,
ਹੁਣ ਤੇਰੇ ਵਾਂਗ ਕੋਈ ਮੈਨੂੰ ਆਪਣੀ ਨਾ ਮੰਨੇ ਮੈਨੂੰ,
ਖੋਰੇ ਕੋਈ ਸਾਰੇ ਏਦ੍ਹਾਂ ਦੇ ਹੋਈ ਜਾਂਦੇ ਨੇ,
ਤੂੰ ਛੇਤੀ ਆਜਾ ਹੁਣ ਵੰਡ੍ਹੀਉਂ,
ਮੈਨੂੰ ਲਗਦਾ ਬੀਬੀ ਇਹ ਵੀ ਮੇਰੇ ਵਾਂਗੂੰ
ਤੈਥੋਂ ਬਗੈਰ ਜੀ ਲਾਉਂਦੇ ਨਹੀਂ,
ਤੇਰੇ ਟੱਬਰ ਦੇ ਜੀ ਨਿਮੋਹੇ ਹੋਈ ਜਾਂਦੇ ਨੇ,
ਹੁਣ ਪਹਿਲਾ ਵਾਂਗ ਇੱਕ ਦੂਜੇ ਨੂੰ ਹੱਸ ਕੇ ਬਲੌਂਦੇ ਨਹੀਂ!



ਸਿਮਰਜੀਤ ਕੌਰ
8088000092

## ਤੁਸੀਂ ਖੇਤਾਂ ਦੇ ਮਾਲਕ

ਜੋ ਕਿਸਾਨ ਖੇਤਾਂ 'ਚ ਪਰਾਲੀ ਨੂੰ ਅੱਗ ਲਾਉਂਦੇ ਨੇ,
ਉਹ ਆਪਣਾ ਤੇ ਹੋਰਾਂ ਦਾ ਨੁਕਸਾਨ ਕਰਾਉਂਦੇ ਨੇ।
ਅੱਗ ਨਾਲ ਜ਼ਮੀਨ ਦੇ ਕੀਮਤੀ ਤੱਤ ਨਸ਼ਟ ਹੋ ਜਾਣ,
ਉਨ੍ਹਾਂ ਦੇ ਮਿੱਤਰ ਜੀਵ ਮਰਿਆਂ ਵਾਂਗ ਹੋ ਜਾਣ।
ਨਾਲ ਦੀਆਂ ਫਸਲਾਂ ਦਾ ਚੋਖਾ ਨੁਕਸਾਨ ਹੋ ਜਾਵੇ,
ਖੇਤਾਂ 'ਚ ਪਹਿਲਾਂ ਵਰਗੀ ਚੰਗੀ ਫਸਲ ਨਾ ਹੋਵੇ।
ਧੂੰਏਂ ਨਾਲ ਰਾਹੀਆਂ ਨੂੰ ਸਾਹ ਲੈਣਾ ਔਖਾ ਹੋ ਜਾਵੇ,
ਇਹ ਉਨ੍ਹਾਂ ਦੀਆਂ ਅੱਖਾਂ ਤੇ ਵੀ ਮਾੜਾ ਅਸਰ ਪਾਵੇ।
ਇਹ ਉੱਤੇ ਚੜ੍ਹ ਕੇ ਵਾਤਾਵਰਣ ਪ੍ਰਦੂਸ਼ਿਤ ਕਰ ਜਾਵੇ,
ਵਾਤਾਵਰਣ ਠੀਕ ਹੋਣ ਨੂੰ ਕਾਫੀ ਸਮਾਂ ਲੱਗ ਜਾਵੇ।
ਪਰਾਲੀ ਨੂੰ ਮਿੱਟੀ 'ਚ ਰਲਾਉਣ ਲਈ ਹੰਭਲਾ ਮਾਰੋ,
ਆਪਣਾ ਤੇ ਹੋਰਾਂ ਦਾ ਨੁਕਸਾਨ ਹੋਣ ਤੋਂ ਰੋਕ ਲਉ।
ਤੁਸੀਂ ਖੇਤਾਂ ਦੇ ਮਾਲਕ, ਇਹ ਤੁਹਾਡੇ ਹੀ ਰਹਿਣੇ,
ਤੁਹਾਨੂੰ ਇਹ ਚੱਜ ਨਾਲ 'ਮਾਨਾ' ਸੰਭਾਲਣੇ ਹੀ ਪੈਣੇ।



ਮਹਿੰਦਰ ਸਿੰਘ ਮਾਨ
9915803554

## ਧੀ ਦੀ ਚੁੱਪ ਵਿਚਲੇ ਸਵਾਲ

ਦਿਲ ਕਰਦਾ ਮਾਪਿਆਂ ਨਾਲ ਬਗਾਵਤ ਕਰ ਲਵਾਂ
ਉਹਨਾਂ ਵੱਲੋਂ ਦਿੱਤੀਆਂ ਨਿਸ਼ਾਨੀਆਂ ਖੂਹ ਵਿਚ ਧਰ ਲਵਾਂ
ਕੀ ਫਾਇਦਾ ਸੀ ਮੈਨੂੰ ਏਨਾ ਪੜਾਉਣ ਦਾ
ਵੱਡੀਆਂ ਵੱਡੀਆਂ ਡਿਗਰੀਆਂ ਕਰਾਉਣ ਦਾ
ਜ਼ੇਕਰ ਆਪਣੀ ਗੱਲ ਦਰਬਾਰ ਵਿਚ ਰੱਖਣੀ ਨਹੀਂ
ਕੀ ਫਾਇਦਾ ਸੀ ਜੱਜ, ਵਕੀਲ ਬਣਾਉਣ ਦਾ
ਤੇਰੀ ਸਿੱਖਿਆ ਲੱਗਦਾ ਕੰਮ ਆਉਣੀ ਨਹੀਂ
ਕੀ ਫਾਇਦਾ ਸੀ ਸਿਰ ਖਪਾਉਣ ਦਾ
ਵੱਡੇ ਲੋਕ ਤੇਰੇ ਰਿਸ਼ਤੇਦਾਰ ਵੀ ਬਣਗੇ
ਕੀ ਫਾਇਦਾ ਰਿਹਾ ਕੁਲ੍ਹੀ ਢਹਾਉਣ ਦਾ
ਜਿਨ੍ਹਾਂ ਲਈ ਪਸੀਨੇ ਵਾਲੀ ਕਮਾਈ ਰੋੜ੍ਹੀ
ਕੀ ਫਾਇਦਾ ਉਨ੍ਹਾਂ ਲਈ ਕਮਾਉਣ ਦਾ
ਧੀ ਤੇਰੀ ਕਿਸੇ ਵੇਲੇ ਭੁੱਖੀ ਸੌਂ ਜਾਵੇ
ਕੀ ਫਾਇਦਾ ਰਿਹਾ 500 ਵਾਲੀ ਪਲੇਟ ਕਰਾਉਣ ਦਾ
ਅਧਾਰ ਕਾਰਡ ਵਾਲੀਆਂ ਬੱਸਾਂ ਦਾ ਸਫ਼ਰ ਹੈ ਕਰਦੀ
ਕੀ ਫਾਇਦਾ ਗੱਡੀਆਂ ਦਿਵਾਉਣ ਦਾ
ਕੰਨ ਸੁੰਞੇ, ਬਾਹਾਂ ਸੁੰਞੀਆਂ, ਸੁੰਞਾ ਬਾਬਲਾ ਗਲ਼ ਵੇ
ਕੀ ਫਾਇਦਾ 25 ਮਿਲਣੀਆਂ ਕਰਾਉਣ ਦਾ
ਤੇਰੀ ਲਾਡਾ ਨਾਲ ਪਾਲੀ ਲੈਂਦੀ ਹਉਕੇ
ਕੀ ਫਾਇਦਾ ਸੀ ਕੁੜਮ ਨੂੰ ਜੱਫੀਆਂ ਪਾਉਣ ਦਾ
ਗਰਮੀ ਸਰਦੀ ਵਾਲੇ ਤੇਰੇ ਘਰੋਂ ਉਡੀਕੇ
ਕੀ ਫਾਇਦਾ ਸਾਰੇ ਟੱਬਰ ਦੇ ਕੱਪੜੇ ਲਾਉਣ ਦਾ
ਆ ਬਾਬਲਾ ਕਿਤੇ ਬਹਿ ਕੇ ਦੁੱਖ ਸੁਖ ਕਰੀਏ
ਕੀ ਫਾਇਦਾ ਸੀ ਧੀ ਨੂੰ ਨੌਕਰੀ ਤੇ ਲਵਾਉਣ ਦਾ
ਆਪਣਾ ਪਾਵੇ, ਆਪਣਾ ਹੰਢਾਵੇਂ,ਆਪਣਾ ਜਾਵੇ
ਕੀ ਫਾਇਦਾ ਸੀ ਵਿਆਹ ਕਰਾਉਣ ਦਾ
ਲੋਕੋ ਧੀਆਂ ਉੱਥੇ ਵਿਆਹ ਦਿਆ ਕਰੋ
ਜੋ ਧੀ ਨੂੰ ਹੱਕ ਦੇਣ ਮਰਜ਼ੀ ਨਾਲ ਜਿਉਣ ਦਾ
ਰਮਨ ਧੀਆਂ ਦੇ ਮਾਪੇ ਬੇਬੱਸ ਕਿਉਂ ਹੁੰਦੇ ਨੇ
ਧੀਆਂ ਰੱਖਦੀਆਂ ਮਾਣ ਅੱਜ ਕਲ੍ਹ ਪੁੱਤ ਅਖਵਾਉਣ ਦਾ
ਬਹੁਤ ਕੁਝ ਰਹਿ ਗਿਆ ਦੱਸਣ ਵਾਲਾ ਲੋਕੋ
ਦਾਜ ਦੇ ਲੋਭੀਆਂ ਤੋਂ ਪਰਦਾ ਉਠਾਉਣ ਵਾਲਾ



ਰਮਨਦੀਪ ਕੌਰ ਬਟਾਲਾ

## ਕੌਣ ?

ਕੌਣ ਕਤਲ ਕਰ ਰਿਹਾ ਚਿੱਟੇ ਦਿਨੇ ਪੁੱਤ ਮਾਵਾਂ ਦੇ
ਕਿਹੜਾ ਵੈਰ ਪੈ ਗਿਆ ਹਜੇ ਚੜ੍ਹਦੀਆਂ ਇਹ ਛਾਵਾਂ ਦੇ

ਕੌਣ ਹੈ ਕਰਕੇ ਗੁੰਮਰਾਹ ਭਟਕਾ ਰਿਹਾ ਜਵਾਨੀਆਂ
ਵਿੰਨ੍ਹਦੇ ਨਸਾਂ ਨੇ ਖੁਦ ਦੇ ਵੈਰੀ ਬਣ ਗਏ ਬਾਹਵਾਂ ਦੇ

ਚਿੱਟੇ ਦੇ ਨਸ਼ੇ ਨੇ ਹੈ ਭਵਿੱਖ ਕਾਲਾ ਕਰ ਦਿੱਤਾ
ਭੁੱਲ ਗਏ ਰੋਜ਼ਗਾਰ ਗੱਭਰੂ ਕਾਬਲ ਨਾ ਰਹੇ ਲਾਵਾਂ ਦੇ

ਕੌਣ ਹੈ ਜੋ ਯੋਧਿਆਂ ਨੂੰ ਚੋਰ ਹੈ ਬਣਾ ਰਿਹਾ
ਬਾਜ਼ਾਂ ਨੂੰ ਸਿਖਾ ਰਿਹਾ ਹੈ ਚੋਜ ਕਾਲੇ ਕਾਵਾਂ ਦੇ

ਮੰਜਿਲਾਂ ਨੂੰ ਭੁੱਲ ਕੇ ਮਸਤੀ ਦੇ ਆਲਮ ਖੋ ਰਹੇ
ਜਾਣਦੇ ਹੋਏ ਵੀ ਰਾਹੀ ਬਣਨ ਮੌਤ ਰਾਹਵਾਂ ਦੇ

ਕੌਣ ਹੈ ਬਘਿਆੜ ਕਰਦਾ ਕਤਲੇਆਮ ਆਮ ਹੀ
ਮਾਰ ਦੇਵੋ ਲੱਭ ਕੇ ਪਿੱਛੇ ਪਿਆ ਜੋ ਗਾਵਾਂ ਦੇ

ਸਾਂਭ ਸਕਦੇ ਸਾਂਭ ਲਓ ਇਸ ਨਸਲ ਵਾਲੀ ਫ਼ਸਲ ਨੂੰ
ਲੱਭਣੇ ਵਾਰਸ ਨਹੀਂ ਤਾਂ ਵਰਸਾਨਾਂ ਥਾਵਾਂ ਦੇ

ਅੱਖੀਂ ਹਰੀਸ਼ ਵੇਖਿਆ ਪੰਜਾਬ ਮੇਰਾ ਉੱਜੜ ਰਿਹਾ
ਲੱਭਣੇ ਨਹੀਂ ਲੱਭਿਆਂ ਬੰਦੇ ਅੱਗੇ ਸਿੰਘ ਨਾਵਾਂ ਦੇ



ਹਰੀਸ਼ ਪਟਿਆਲਵੀ

## ਕਿੱਥੇ, ਕਿੰਨਾ ਕੁ ਕਦੋਂ ਬਦਲਾਅ ਆਇਆ ?

ਪਾਣੀ ਪੀਣ ਦਾ ਜਿੱਥੇ ਸੀ ਗੰਦਾ ਅੱਜ ਵੀ ਹੈ,
ਸੋਧ ਖਾਤਰ ਕੋਈ ਹੁਕਮ ਨਾ ਸੁਝਾਅ ਆਇਆ।

ਜਿਉਂ ਦਾ ਤਿਉਂ ਹੈ ਬਲਾਕ ਸੀਵਰੇਜ ਹੋਣਾ,
ਆਮ ਵਰਗਾ ਨਾ ਕਿਤੇ ਵੀ ਵਹਾਅ ਆਇਆ।

ਖਰੀਦੀ ਰਿਹਾਇਸ਼ ਦੀ ਹੁੰਦੀ ਰਜਿਸਟਰੀ ਨਾ,
ਖੱਜਲ ਖੁਆਰੀਆਂ 'ਚ ਨਹੀਉਂ ਟਿਕਾਅ ਆਇਆ।

ਘੜਾਮੇਂ ਵਾਲਿਆ ਤੂੰ ਭਾਲਦਾ ਸਰਲਤਾ ਸੀ,
ਉਲਟਾ ਹੋਰ ਵੀ ਟੇਢ ਤੇ ਘੁਮਾਅ ਆਇਆ।

ਆਮ ਲੋਕੋ ਆਪਾਂ ਵੀ ਆ ਜੋ' ਬਹਿਸ ਕਰੀਏ,
ਕਿੱਥੇ, ਕਿੰਨਾ ਕੁ ਕਦੋਂ ਬਦਲਾਅ ਆਇਆ।



ਰੋਮੀ ਘੜਾਮੇਂ ਵਾਲਾ
98552-81105

## ਕਵਿਤਾ

ਮੇਰੇ ਅੰਦਰ ਦਾ ਸ਼ਾਇਰ ਜੇਕਰ ਮਰ ਗਿਆ ਹੁੰਦਾ,
ਹੁਣ ਤੱਕ ਤਾਂ ਉਸਦਾ ਸਿਵਾ ਵੀ ਠਰ ਗਿਆ ਹੁੰਦਾ।

ਹੁਣ ਨਾ ਸਿਲਦਾ ਕਫਨ ਕਦੇ ਮੇਰੀ ਲਾਸ਼ ਲਈ,
ਮੌਤ ਦੇ ਸੌਦਾਗਰ ਦਾ ਕਾਸਾ ਜੇਕਰ ਭਰ ਗਿਆ ਹੁੰਦਾ।

ਗਰਮਜੋਸ਼ੀ 'ਚ ਅਕਸਰ ਲਏ ਜਾਂਦੇ ਗਲਤ ਫੈਸਲੇ,
ਨਾ ਹੁੰਦਾ ਸਲਾਖਾਂ ਪਿੱਛੇ ਜੇ ਥੋੜਾ ਜਰ ਗਿਆ ਹੁੰਦਾ।

ਬੰਦੇ ਦੇ ਅੰਦਰ ਰਹਿੰਦਾ ਅਕਸਰ ਬਾਂਦਰ ਮੌਜੂਦ ਹੈ,
ਫੈਸਲਾ ਹੁੰਦਾ ਤੇਰਾ ਆਪਣਾ ਨਾਲ ਤੇਰੇ ਨਰ ਗਿਆ ਹੁੰਦਾ।

ਲੋਕਾਂ ਨੇ ਦੱਸ ਭਲਾ ਕਾਹਤੋਂ ਸੀ ਭਿਖਾਰੀ ਆਖਣਾ,
ਲੈ ਕੇ ਸੱਖਣਾ ਕਾਸਾ ਨਾ ਸ਼ਰਨ ਦਰ ਬ ਦਰ ਗਿਆ ਹੁੰਦਾ।

**ਸ਼ਰਨਜੀਤ ਕੌਰ ਜੋਸਨ**

## ਵਸਲ

ਉਹਦੀ ਧੁੰਨ ਵਿੱਚ ਤੁਰਦੇ ਜਾਈਏ,
ਝਾਤੀ ਮੁੜ ਪਿਛਾਂਹ ਨਾ ਪਾਈਏ।

ਚੁੱਭਣ ਸੂਲਾਂ ਪੈਰ ਦੀਆਂ ਤਲੀਆਂ,
ਲਾ ਬਹਾਨਾ ਐਵੇਂ ਨਾ ਮੁੜ ਆਈਏ।

ਗਰਜਣ ਭਾਵੇਂ ਘਨਘੋਰ ਘਟਾਵਾਂ,
ਪਰ ਰੂਹ ਤੱਕ ਭਿੱਜ ਸਿੱਜ ਜਾਈਏ।

ਲੱਖ ਸੱਜਣ ਦੀ ਗਲੀਏ ਗਾਰਾ,
ਜਾ ਪਿਆਰ ਦੀ ਅਲਖ ਜਗਾਈਏ।

ਰੱਖ ਹੱਥ ਕਾਰ ਵਲ ਚਿੱਤ ਯਾਰ ਵਲ,
ਪੱਲ ਛਿੰਨ ਲਈ ਭੀ ਨਾ ਭੁੱਲ ਜਾਈਏ।

ਨਦੀ ਤਰੀਏ ਫਿਰ ਇਸ਼ਕ ਹਕੀਕੀ,
ਛੱਡ ਪਿੰਜਰ ਇੱਕਮਿੱਕ ਹੋ ਜਾਈਏ।

ਕੁਦਰਤ ਵਿੱਚੋਂ ਹੀ ਤਨ ਉਪਜਿਆ,
ਆਖ਼ਰ ਰਲ ਅਮਿਟ ਹੋ ਜਾਈਏ।



**ਸੇਵਾ ਸਿੰਘ "ਨੂਰਪੁਰੀ"**

## ਉਠ ਗਰੀਬਾ

ਉਠ ਗਰੀਬਾ ਅਲਖ ਜਗਾ
ਆਪਣੇ ਲੇਖ ਆਪ ਜਗਾ।
ਵੱਲ ਹਾਕਮਾਂ ਤੂੰ ਨਾ ਵੇਖ
ਤੇਰੇ ਹੱਥੀ ਤੇਰੇ ਲੇਖ
ਇਕੋ ਤੇ ਨੀ ਰਹਿਣੀ ਰੁੱਤ
ਇਕ ਦਿਹਾੜੇ ਟੁਟਣੇ ਬੁੱਤ
ਇਸ ਧਰਤੀ ਦਾ ਤੂੰ ਏ ਪੁੱਤ
ਸੁੱਤਾ ਤੇਰਾ ਅਜੇ ਖੁਦਾ
ਉਠ ਗਰੀਬਾ ਅਲਖ ਜਗਾ
ਆਪਣੇ ਲੇਖ ਆਪ ਜਗਾ।
ਢਿੱਡੋਂ ਭਾਵੇਂ ਭੁੱਖਾ ਰਹੁ
ਧੁੱਪੇ ਭਾਵੇਂ ਛਾਵੇਂ ਬਹੁ
ਜਾ ਨਿੱਕਿਆ ਨੂੰ ਪੜਨੇ ਪਾ
ਹੱਥੀ ਬਸਤਾ ਕਲਮ ਫੜਾ
ਉਠ ਗਰੀਬਾ ਅਲਖ ਜਗਾ
ਆਪਣੀ ਕਿਸਮਤ ਆਪ ਬਣਾ
ਆਪਣੇ ਲੇਖ ਆਪ ਜਗਾ।
ਤੈਨੂੰ ਧਰਤੀ ਪਿਆਰੀ ਲੱਗੇ
ਤਾਹੀਓਂ ਤੈਨੂੰ ਕਰਦੇ ਅੱਗੇ
ਤੇਰੇ ਹਿੱਸੇ ਪਾਟੇ ਝੱਗੇ
ਡਾਂਗਾਂ ਸੋਟੇ ਗੋਲੀ ਖਾ
ਵਿੱਚ ਸ਼ਰੀਕਾ ਨਾਂ ਚਮਕਾ
ਉਠ ਗਰੀਬਾ ਅਲਖ ਜਗਾ
ਆਪਣੇ ਲੇਖ ਆਪ ਜਗਾ।
ਵਿੱਚ ਹਵਾਵਾਂ ਫਿਰਦੀ ਅਵਾਜ਼
ਆਵਣ ਵਾਲਾ ਤੇਰਾ ਰਾਜ
ਤੇਰੇ ਹੱਥੀ ਇਹਦੀ ਲਾਜ
ਆਪਣੇ ਸੁਤੇ ਲੇਖ ਜਗਾ
ਉਠ ਗਰੀਬਾ ਅਲਖ ਜਗਾ
ਆਪਣੇ ਲੇਖ ਆਪ ਜਗਾ।
ਕੱਸ ਲਗੋਟਾ ਫੜ ਕਿਤਾਬ
ਕਰ ਲਈ ਜਾਕੇ ਫੇਰ ਹਿਸਾਬ
ਜੀਣਾ ਲਾਹਨਤ ਬੁਜ਼ਦਿਲ ਵਾਂਗ
'ਸਾਹਿਲ' ਕਹੇ ਹੁਣ ਪਰਦਾ ਕਾਹਦਾ
ਤੂੰ ਵੀ ਆਪਣਾ ਘੁੰਡ ਹਟਾ
ਉਠ ਗਰੀਬਾ ਅਲਖ ਜਗਾ
ਆਪਣੀ ਕਿਸਮਤ ਆਪ ਬਣਾ
ਆਪਣੇ ਲੇਖ ਆਪ ਜਗਾ।



**ਕੁਲਦੀਪ ਸਿੰਘ ਸਾਹਿਲ**
9417990040

## ਕਵਿਤਾ

ਜਦੋਂ ਮੈਂ ਖਾਮੋਸ਼ ਹੁੰਨੀ ਆਂ....

ਮੇਰੇ ਖਾਮੋਸ਼ ਹੋ ਜਾਣ ਨਾਲ,
ਖਾਮੋਸ਼ ਹੋ ਜਾਂਦੇ ਨੇ ਸਾਰੇ
ਕੋਈ ਸਵਾਲ ਨਹੀਂ ਕਰਦੇ
ਜਿਵੇਂ ਮੈਨੂੰ ਮਹਿਸੂਸ ਕਰਦੇ ਹੋਣ
ਪਰ!
ਮੇਰੇ ਸਾਹਮਣੇ ਪਿਆ ਮੇਜ
ਬਿਟਰ ਬਿਟਰ ਝਾਕਦਾ ਏ
ਮੇਰੇ ਵੱਲ !
ਸ਼ਾਇਦ ਆਸ ਕਰਦਾ ਹੋਵੇ
ਕਿ ਬੋਲੇ ਤੇ ਮੈਂ ਵੀ ਹੁੰਗਾਰਾ ਭਰਾਂ
ਛੱਤ ਦਾ ਪੱਖਾ ਵੀ
ਇੱਕ ਪਾਸਾ ਕਰਕੇ ਵੇਖਣ ਲੱਗਦਾ ਏ
ਕਿ ਮੈਨੂੰ ਵੀ ਸੁਣੇ ,
ਮੈਂ ਵੀ ਕੁਝ ਕਹਾਂ
ਐਵੇ ਹੀ ਮੇਰੇ ਕਮਰੇ ਦਾ ਸਾਰਾ ਫਰਨੀਚਰ
ਤਰਸਯੋਗ ਨਿਗਾਹ ਨਾਲ ਮੈਨੂੰ ਤੱਕਦੈ
ਜਿਵੇਂ ਮੇਰੇ ਨਾਲ
ਕਿੰਨੇ ਸਵਾਲ ਕਰਨੇ ਹੋਣ
ਪਰ!
ਉਸ ਵੇਲੇ ਮੈਂ ਖਾਮੋਸ਼ ਹੁੰਨੀ ਆਂ
ਬਿਲਕੁੱਲ ਖਾਮੋਸ਼ ........



**ਸਿਮਰਨਜੀਤ ਕੌਰ ਸਿਮਰ**

## ਇੱਕ ਤਰਫਾ ਇਸ਼ਕ

ਇਸ਼ਕ ਤਾਂ ਹੈ ਭਾਵੇਂ ਇੱਕ ਤਰਫਾ ਏ,
ਮੈਂ ਤਾਂ ਸ਼ਿੱਦਤ ਨਾਲ ਨਿਭਾਵਾਂ।
ਅੰਗਿਆਰਿਆਂ ਤੇ ਤੂੰ ਤੋਰੀ ਭਾਵੇਂ,
ਮੈਂ ਰੱਖੂ ਤੈਨੂੰ ਕਰਕੇ ਛਾਵਾਂ।

ਮੇਰੀ ਜ਼ਿੰਦਗੀ ਦਾ ਤੂੰ ਅਹਮ ਹਿੱਸਾ,
ਵੱਖ ਹੋ ਤੇਰੇ ਤੋਂ ਮਰ ਨਾ ਜਾਵਾਂ।
ਤੂੰ ਧੜਕਣ ਬਣ ਕੇ ਧੜਕੇ ਦਿਲ ਵਿੱਚ,
ਤੇਰੇ ਨਾਲ ਹੀ ਚੱਲਣ ਸਾਵਾਂ।

ਮੇਰਾ ਚੰਨ ਖੁਦਾ ਏ ਤੂੰ ਹੀ,
ਨਾ ਹੋਰ ਕਿਸੇ ਨਾਲ ਅੱਖ ਮਿਲਾਵਾਂ।
ਜਿੱਥੋਂ ਦੀ ਤੂੰ ਲੰਘ ਜਾਨੀ ਏ,
ਮੈਂ ਚੁੰਮ ਚੁੰਮ ਪੈੜਾਂ ਦੀਪ ਜਲਾਵਾਂ।

ਸੁਪਨਿਆਂ ਵਿੱਚ ਨਾ ਤੇਰਾ ਰਟਦਾ,
ਲੈ ਨਾਲ ਤੇਰਾ ਉਠਾ ਪੜਛਾਵਾਂ।
ਵੀਰਪਾਲ ਤੈਨੂੰ ਪਾਉਣ ਲਈ
ਰਹਾਂ ਕਰਦਾ ਰੱਬ ਦੇ ਕੋਲ ਦੁਆਵਾਂ।



**ਵੀਰਪਾਲ ਕੌਰ ਭੱਠਲ**

## ਰੰਗ

ਬੀਆਬਾਨ ਮਾਹੌਲ ਨੂੰ
ਥੋੜ੍ਹਾ ਸੰਗੀਨ ਕਰਦੇ ਹਾਂ,
ਚਲ ਬੇਰੰਗ ਜ਼ਿੰਦਗੀ ਨੂੰ
ਥੋੜ੍ਹਾ ਰੰਗੀਨ ਕਰਦੇ ਹਾਂ!!

ਤੂੰ ਰੰਗ ਲਾਈਂ ਮੇਰੇ ਚਿਹਰੇ ਤੇ
ਖੁਸ਼ੀਆਂ ਤੇ ਹਾਸਿਆਂ ਦਾ,
ਥੋੜ੍ਹਾ ਜਿਹਾ ਰੰਗ ਲਾ ਦੇਵੀਂ
ਹਿੰਮਤ ਤੇ ਦਿਲਾਸਿਆਂ ਦਾ!!

ਥੋੜ ਤਾਂ ਹੈ ਮੇਰੇ ਚਿੱਤ ਨੂੰ
ਮੁੱਠੀ ਭਰ ਸ਼ਾਬਾਸ਼ੀ ਦੀ
ਇਸ਼ਕ ਦਾ ਮੈਨੂੰ ਰੰਗ ਚੜਾ ਕੇ
ਰੰਗ ਦੇ ਰੂਹ ਕੀਆਸੀ ਵੀ!!

ਇੱਕ ਗੱਲ ਦਸਾਂ, ਡਰ ਜਾਂਦੀ ਆ
ਜਦੋ ਤੂੰ ਦੇਂਦਾ ਝਿੜਕਾਂ ਵੇ,
ਜੇ ਤੂੰ ਰੰਗ ਲਾਂਵੇਂ ਪਿਆਰ ਦਾ
ਫੇਰ ਕਦੇ ਨਾ ਥਿੜਕਾਂ ਮੈਂ!!

ਤੇਰੇ ਰੰਗ ਵਿੱਚ ਆਪਣੇ ਆਪ ਨੂੰ
ਮੈਂ ਵੀ ਤਾਂ ਸੱਜਣਾਂ ਰੰਗਾਂਗੀ
ਰੰਗ ਲਵੀਂ ਮੈਨੂੰ ਆਪਣੇ ਰੰਗਾਂ ਵਿੱਚ
ਹੋਰ ਕੁਝ ਨਾ ਮੰਗਾਂਗੀ!!



**ਸਰਬਜੀਤ ਕੌਰ ਹਾਜੀਪੁਰ**
**ਸ਼ਾਹਕੋਟ**

## ਸਹਿਜੇ ਸਹਿਜੇ ਸਿੱਖ ਜਾਓਗੇ

ਨਰਮ ਮੋਮ ਤੋਂ ਪੱਥਰ ਹੋਣਾ,
ਸਹਿਜੇ ਸਹਿਜੇ ਸਿੱਖ ਜਾਓਗੇ।
ਬਿਰਹੋਂ ਗਾਨੀ ਗੱਲ ਵਿਚ ਪਾਉਣਾ,
ਸਹਿਜੇ ਸਹਿਜੇ ਸਿੱਖ ਜਾਓਗੇ।

ਚੰਨ ਚਾਨਣੀ ਰਾਤ ਹੋਵੇਗੀ,
ਤਾਰਿਆਂ ਦੀ ਬਰਾਤ ਹੋਵੇਗੀ,
ਟੁੱਟਦੇ ਤਾਰੇ, ਦਿਲ ਵਰਚਾਉਣਾ।
ਸਹਿਜੇ ਸਹਿਜੇ ਸਿੱਖ ਜਾਓਗੇ।

ਬਿਰਹੋਂ ਦਾ ਜਦ ਨਾਗ ਲੜੇਗਾ,
ਰੂਹ ਤਾਈ ਜਦ ਨਾਗ ਚੜੇਗਾ।
ਹਿਜਰ ਦਾ ਮਣਕਾ ਨਾਲ ਛੁਹਾਉਣਾ,
ਸਹਿਜੇ ਸਹਿਜੇ ਸਿੱਖ ਜਾਓਗੇ।

ਗੂੰਗੇ ਦਾ ਜਦ ਗੁੜ ਚੱਖੋਗੇ,
ਨਾ ਰੋਵੋਗੇ, ਨਾ ਹੱਸੋਗੇ।
ਘੁੰਗਰੂ ਪਾਉਂਣਾ, ਯਾਰ ਮਨਾਉਣਾ,
ਸਹਿਜੇ ਸਹਿਜੇ, ਸਿੱਖ, ਜਾਓਗੇ।

ਭੇਸ ਸੱਜਣ ਵਿੱਚ ਠੱਗ ਮਿਲਣਗੇ,
ਗਿੱਦੜਾਂ ਦੇ ਕਈ ਵੱਗ ਮਿਲਣਗੇ।
ਬੜਕ ਮਾਰਨੀ, ਰਾਹੇ ਪਾਉਣਾ,
ਸਹਿਜੇ ਸਹਿਜੇ ਸਿੱਖ ਜਾਓਗੇ।

ਗ਼ਰਜ਼ਾਂ ਦੇ ਜਦ ਬਾਣ ਚੱਲਣਗੇ,
ਸੀਨੇ ਦੇ ਵਿੱਚ ਰੋਸ ਜਗਣਗੇ।
ਕਾਨੀ ਫੜਨੀ, ਤੀਰ ਚਲਾਉਣਾ,
ਸਹਿਜੇ ਸਹਿਜੇ ਸਿੱਖ ਜਾਓਗੇ।



**ਸਤਨਾਮ ਕੌਰ ਤੁਗਲਵਾਲਾ**

## ਇਜ਼ਰਾਈਲ ਤੇ ਹਮਾਸ

ਜੰਗ ਇਜ਼ਰਾਈਲ, ਹਮਾਸ ਦਾ ਸ਼ੁਰੂ ਹੋਇਆ,
ਹੋਣ ਲੱਗਾ ਭਾਰੀ ਨੁਕਸਾਨ ਮੀਆਂ।
ਗੋਲੇ ਡਿੱਗਦੇ ਅੱਗ ਵਰਸਾਵਦੇਂ ਨੇ,
ਚੱਲਣ ਗੋਲੀਆਂ ਵਾਂਗ ਤੂਫ਼ਾਨ ਮੀਆਂ।
ਦਾੜ ਦਾੜ ਦੀ ਪਈ ਆਵਾਜ਼ ਆਵੇ,
ਡਿੱਗਦੇ ਬਣੇ ਜੋ ਉੱਚੇ ਮਕਾਨ ਮੀਆਂ।
ਕਈ ਬੈਲਡਿੰਗਾਂ ਜ਼ਮੀਨ ਦੋਜ਼ ਹੋਈਆ,
ਮਿਟ ਗਿਆ ਨਾਮੋਂ ਨਿਸ਼ਾਂਨ ਮੀਆਂ।
ਬੰਬ ਵੇਖਦਾ ਨਹੀਂ ਬੇਕਸੂਰ ਤਾਂਈ,
ਮਰ ਜਾਂਦੇ ਮਨੁੱਖ ਤੇ ਵੇ ਜ਼ੁਬਾਨ ਮੀਆਂ।
ਪੱਤ ਰੁਲਦੀ ਜੰਗ ਵਿੱਚ ਔਰਤਾਂ ਦੀ,
ਨਾ ਰਹਿੰਦਾ ਧਰਮ ਇਮਾਨ ਮੀਆਂ।
ਭੂਚਾਲ, ਲੜਾਈ, ਦੇਸ਼ ਦੀ ਵੰਡ ਹੋਵੇ,
ਬੱਚੇ, ਔਰਤਾਂ ਹੋਣ ਪ੍ਰੇਸ਼ਾਨ ਮੀਆਂ।
ਦੋਵੇਂ ਪਾਸੇ ਤਬਾਹੀ ਹੋਈ ਜਾਵੇ,
ਖੜਾ ਵੇਖਦਾ ਕੁਲ ਜਹਾਨ ਮੀਆਂ।
ਹਰ ਪਾਸੇ ਲੋਥਾਂ ਦੇ ਨੇ ਢੇਰ ਲੱਗੇ,
ਘਰ ਘਰ ਬਣੇ ਸ਼ਮਸ਼ਾਨ ਮੀਆਂ।
ਅਜੇ ਜੰਗ ਰੂਸ ਵਾਲੀ ਨਾ ਬੰਦ ਹੋਈ,
ਨਵਾਂ ਛਿੜ ਗਿਆ ਹੋਰ ਘਸਮਾਨ ਮੀਆਂ।
ਪੱਤੋ, ਰੋਕੋ ਜੰਗ ਨੂੰ ਸਮਾਂ ਨਾ ਲੰਘ ਜਾਵੇ,
ਭੁੱਖ ਦੁੱਖ ਮਾਰੂ ਇਨਸਾਨ ਮੀਆਂ।

**ਹਰਪ੍ਰੀਤ ਪੱਤੋ**
94658-21417

## ਔਗੁਣਾਂ ਦਾ ਪੁਤਲਾ

ਆਪਣੇ ਆਪ ਫਿਰੇਂ ਵਿਦਵਾਨ ਬਣਿਆ,
ਰਸ ਭੋਰਾ ਨਹੀ ਤੇਰੀ ਜ਼ੁਬਾਨ ਅੰਦਰ।

ਅੱਕ ਵਰਗੇ ਕੜਵੇ ਨੇ ਬੋਲ ਤੇਰੇ,
ਜਿਵੇਂ ਬੋਲਦਾ ਤੇਰੇ ਸ਼ੈਤਾਨ ਅੰਦਰ।

ਕਰਨੀ ਈਰਖਾ ਕਿਉਂ ਨਹੀ ਛੱਡ ਦਿੰਦਾ,
ਪੈਂਦਾ ਫਰਕ ਕੀਏ ਤੇਰੀ ਸ਼ਾਨ ਅੰਦਰ।

ਚੰਗੇ ਬਣਨ ਦੇ ਨਾਟਕ ਕਰੇਂ ਬਾਹਰੋਂ,
ਭਰਿਆ ਕੂੜ ਹੈ ਮਨ ਮਕਾਨ ਅੰਦਰ।

ਬਾਰ-ਬਾਰ ਨਹੀ ਅਨਮੋਲ ਜਨਮ ਮਿਲਣਾ,
ਸੋਭਾ ਖੱਟ ਲੈ ਏਸ ਜਹਾਨ ਅੰਦਰ।

ਮਿੱਟੀ, ਮਿੱਟੀ ਦੇ ਵਿੱਚ ਜਾ ਮਿਲਣੀ,
ਹੋਣਾ ਮਿੱਟੀ ਰਹਿਣੀ ਨਾ ਜਾਨ ਅੰਦਰ।

ਚੰਗੇ ਕਾਰਜਾਂ ਤੇਰਿਆਂ ਨਾਲ ਜਾਣਾ,
ਦੇਹੀ ਸੜ ਜਾਣੀ ਸ਼ਮਸ਼ਾਨ ਅੰਦਰ।

ਬਖਸ਼ੀ ਦਾਤਿਆ ਔਗੁਣ ਦਵਿੰਦਰ ਦੇ,
ਗੁਣ ਕੋਈ ਨਹੀ ਏਸ ਨਿਦਾਨ ਅੰਦਰ।

**ਰਾਜ ਦਵਿੰਦਰ ਬਿਆਸ**
ਮੋ: 81461-27393

## ਰੰਗ ਗੁਲਾਬੀ !

ਮਿਲੀਏ
ਜਾਂ ਨਾ ਮਿਲੀਏ।
ਪਰ ਜਦੋਂ ਵੀ ਮਿਲੀਏ,
ਸ਼ਿਸ਼ਟਾਚਾਰ ਵਜੋਂ,
ਇਹ ਤਾਂ ਕਹੀਏ,
ਤੈਨੂੰ ਬਹੁਤ ਯਾਦ ਕੀਤਾ।
ਤੂੰ ਦੂਰ ਹੀ ਕਦੋਂ ਸੀ,
ਨਾਲ ਹੀ ਤਾਂ ਸੀ ਮੇਰੇ।

ਵਿਛੜੀਏ,
ਰੁੱਝ ਜਾਈਏ,
ਦੁਨੀਆਵੀ ਕੰਮਾਂ ਕਾਰਾਂ ਵਿੱਚ।
ਦੇਖ ਕੇ ਭਾਵੇਂ,
ਜ਼ੁਬਾਂ ਸਾਂਝੀ ਨਾ ਕਰੀਏ,
ਤੇ ਕਹੀਏ,
ਤੂੰ ਜ਼ਿੰਦਗੀ ਵਿਚ ਸੀ,
ਕਦੇ ਮੇਰੇ।

ਅੱਜ ਪੁਰਾਣੀ ਕਮੀਜ਼,
ਜਦੋਂ ਸਾਹਮਣੇ ਆਈ,
ਤੂੰ ਬਹੁਤ ਯਾਦ ਆਈ।
ਜਿਹੜੀ ਤੈਨੂੰ ਬਹੁਤ,
ਪਸੰਦ ਸੀ ਸ਼ਾਇਦ,
ਕਦੇ।
ਲੈ ਰਹੀ ਟਰੰਕ ਦੇ ਵਿਚ,
ਕਦੋਂ ਦੀ,
ਅੰਗੜਾਈ।

ਪਸੰਦ ਸੀ ਤੈਨੂੰ,
ਗੁਲਾਬੀ ਰੰਗ,
ਕਮੀਜ਼ ਦਾ ਜਾਂ ਮੇਰਾ!
ਤੇ ਹੋ ਜਾਂਦਾ ਸੀ,
ਚਿਹਰੇ ਦਾ ਰੰਗ,
ਸੁਰਖ਼ ਲਾਲ।
ਤੈਨੂੰ ਜੋ ਦੇਖ ਕੇ।
ਅੱਜ ਵੀ ਹੋਇਆ,
ਪਰ ਝੁਰੜੀ ਦੇ ਥੱਲੇ
ਦੀ ਤਪਸ਼,
ਤੈਥੋਂ ਦੇਖੀ ਨਾ ਗਈ।



**ਜਸਪਾਲ ਜੱਸੀ**

## ਧਰਮ ਦੇ ਠੇਕੇਦਾਰ

ਵੇਖੋ ਧਰਮ ਦੇ ਠੇਕੇਦਾਰ ਇੱਥੇ
ਕੀ ਗੋਰਖ ਧੰਦਾ ਕਰਨ ਲੱਗੇ

ਵਿਹਲੇ ਬੈਠ ਨਵੀਂ ਹੀ ਜੁਗਤ ਕੱਢੀ
ਜਾਤਾਂ ਗਿਣਕੇ ਕਾਪੀਆਂ ਭਰਨ ਲੱਗੇ

ਗਿਣਤੀ ਕਰੋ ਓਹਨਾਂ ਮਜ਼ਲੂਮਾਂ ਦੀ
ਬਿਨ ਟੁੱਕ ਤੋਂ ਜਿਹੜੇ ਮਰਨ ਲੱਗੇ

ਗਿਣਤੀ ਕਰੋ ਓਹਨਾਂ ਨੌਜਵਾਨਾਂ ਦੀ
ਜਿਹੜੇ ਨਸ਼ੇ ਦੇ ਸਮੁੰਦਰੀਂ ਤਰਨ ਲੱਗੇ

ਗਿਣਤੀ ਕਰੋ ਓਹਨਾਂ ਪਖੰਡੀਆਂ ਦੀ
ਜਿਹੜੇ ਡੇਰਿਆਂ ਵਿੱਚ ਨੇ ਵੜ੍ਹਨ ਲੱਗੇ

ਗਿਣਤੀ ਕਰੋ ਓਹਨਾਂ ਲੀਡਰਾਂ ਦੀ
ਜੋ ਲੁੱਟ ਕੇ ਦੇਸ਼ ਜਹਾਜ਼ੀਂ ਚੜ੍ਹਨ ਲੱਗੇ

ਗਿਣਤੀ ਕਰੋ ਓਹਨਾਂ ਦੋਗਲਿਆਂ ਦੀ
ਜਿਹੜੇ ਥਾਂ ਥਾਂ ਜਾਕੇ ਖੜ੍ਹਨ ਲੱਗੇ

ਗਿਣਤੀ ਕਰੋ ਓਹਨਾਂ ਬੇਰੁਜਗਾਰਾਂ ਦੀ
ਕਰਕੇ ਡਿਗਰੀਆਂ ਜਿਹੜੇ ਹਰਨ ਲੱਗੇ

ਗਿਣਤੀ ਕਰੋ ਓਹਨਾਂ ਵਹਿਸ਼ੀਆਂ ਦੀ
ਫੁੱਲਾਂ ਵਰਗੀਆਂ ਧੀਆਂ ਜੋ ਫੜ੍ਹਨ ਲੱਗੇ

ਗਿਣਤੀ ਕਰੋ ਕੌਮ ਦੇ ਗੱਦਾਰਾਂ ਦੀ
ਜਿਹੜੇ ਆਪਸ ਵਿੱਚ ਹੀ ਲੜ੍ਹਨ ਲੱਗੇ

ਝੂਠ ਦੀ ਹਰ ਥਾਂ ਬੱਲੇ ਬੱਲੇ
ਸੱਚ ਤੋਂ ਦੀਪ ਕੌਰੇ ਸਭ ਡਰਨ ਲੱਗੇ

**ਅਮਨਦੀਪ ਕੌਰ**
9877654596



## ਕਵਿਤਾ-

ਇਹ ਨਾ ਸਮਝੀਂ ਡਰ ਜਾਵਾਂਗਾ।
ਡਰ ਕੇ ਅੰਦਰ ਵੜ ਜਾਵਾਂਗਾ।

ਤਖ਼ਤ ਤਾਜ਼ ਨੂੰ ਤੋੜ ਕੇ ਤੇਰੇ।
ਸੱਚ ਲਈ ਸੂਲੀ ਚੜ੍ਹ ਜਾਵਾਂਗਾ।

ਕਲਮ ਦੀ ਤਾਕਤ ਕੋਲ ਹੈ ਮੇਰੇ।
ਲਿਖ ਕੇ ਸਭ ਕੁਝ ਧਰ ਜਾਵਾਂਗਾ।

ਖੁਦ ਨੂੰ ਸਮਝ ਨਾ ਵੱਡਾ ਫ਼ਨੀਅਰ।
ਜੀਭ ਤੇਰੀ ਤੇ ਲੜ ਜਾਵਾਂਗਾ।

ਮੌਸਮ ਦਾ ਗੁਲਾਮ ਨਹੀਂ ਹਾਂ
ਪੱਤਝੜ ਆਈ ਤਾਂ ਝੜ ਜਾਵਾਂਗਾ।

ਲੋੜ ਪਈ ਤਾਂ ਮਜ਼ਲੂਮਾਂ ਲਈ।
ਸੀਨਾ ਤਾਣ ਕੇ ਖੜ ਜਾਵਾਂਗਾ।

ਅੰਬਰ ਰੌਸ਼ਨ ਹੋ ਜਾਵੇਗਾ।
ਐਸੀ ਪੌੜੀ ਚੜ੍ਹ ਜਾਵਾਂਗਾ।

ਕਰਦਾ ਨਹੀਂ ਜ਼ਮੀਰ ਦਾ ਸੌਦਾ।
ਸਿਰ ਤੋਂ ਅੱਡ ਕਰ ਧੜ ਜਾਵਾਂਗਾ।

ਤੂੰ ਦੋਜ਼ਖ਼ ਦੀ ਅੱਗ ਵਿਚ ਸੜਨਾ।
ਮੈਂ ਜੰਨਤ ਵਿਚ ਵੜ ਜਾਵਾਂਗਾ।



**ਸੁਖਵਿੰਦਰ**
9592701096

## ਕਵਿਤਾ

ਪੱਲਾ ਮਿਹਨਤ ਦਾ ਜੋ ਫੜ ਲੈਂਦੇ
ਲੱਗ ਜਾਂਦੇ ਸਦਾ ਉਹ ਪਾਰ ਮੀਆਂ,

ਗੁੱਡੀ ਚੜਦੀ ਉਹਨਾਂ ਦੀ ਅੰਬਰਾਂ ਤੇ
ਜੋ ਭਰਦੇ ਉੱਚੀ ਤੇ ਲੰਮੀ ਉਡਾਰ ਮੀਆਂ

ਛੱਡ ਆਲਸ ਤੇ ਉੱਠ ਜਾ ਨੀਂਦ ਵਿੱਚੋ
ਹੋਜੂ ਜੱਗ ਦੇ ਵਿੱਚ ਜੈ ਜੈ ਕਾਰ ਮੀਆਂ

ਬਣਦੇ ਮਾਲਕ ਹੀਰੇ ਤੇ ਮੋਤੀਆਂ ਦੇ
ਲੰਘ ਜਾਂਦੇ ਜੋ ਪੱਤਣੋ ਪਾਰ ਮੀਆਂ

ਪਾਣੀ ਪਾੜਦਾ ਹਿੱਕ ਜੋ ਪੱਥਰਾਂ ਦੀ
ਰਲ ਜਾਂਦਾ ਹੈ ਸਾਗਰਾਂ ਨਾਲ ਮੀਆਂ

ਲੋਈ ਲਾਹ ਤੂੰ ਵਹਿਮ ਤੇ ਭਰਮ ਵਾਲੀ
ਜ਼ਿੰਦਗੀ ਬਣੂ ਰੌਸ਼ਨ ਮੀਨਾਰ ਮੀਆਂ

ਮੱਲ ਬਣੂ ਅਖਾੜੇ ਦਾ ਉਹ ਬੰਦਾ
ਤਨ ਰੋਲੂ ਜੋ ਖ਼ਾਕ ਦੇ ਨਾਲ ਮੀਆਂ

ਰੱਬ ਵੀ ਕਰਦਾ ਮਦਦ ਉਹ ਬੰਦਿਆਂ ਦੀ
ਮਿਹਨਤ ਕਰਦੇ ਹੋ ਆਪਣੇ ਆਪ ਮੀਆਂ

**ਹਰਪਾਲ ਸਿੰਘ**
**ਈ ਟੀ ਟੀ ਅਧਿਆਪਕ**
**ਸ ਅ ਸ ਅਕੌਤ**

## ਅੱਜ ਦੇ ਹਾਲਾਤ

ਆਸ ਦੇਖੋ ਪਾਸ ਦੇਖੋ
ਚਾਰ ਚੁਫੇਰੇ ਖਾਸ ਦੇਖੋ
ਨਫ਼ਰਤ ਦੀ ਰੰਗਤ ਵਧਦੀ ਜਾਂਦੀ
ਭਾਈਚਾਰਕ ਸੰਗਤ ਘਟਦੀ ਜਾਂਦੀ
ਕੈਸੀ ਸਮਝ ਬਣਾਲੀ ਲੋਕੋ
ਕੋਈ ਤਾਂ ਸਮਝੋ ਕੋਈ ਤਾਂ ਰੋਕੋ
ਪਿਆਰ ਨੂੰ ਸੂਲੀ ਟੰਗੀ ਜਾਂਦੇ ਆ
ਨਸ਼ੇ ਹਥਿਆਰ ਕਿਉਂ ਮੰਗੀ ਜਾਂਦੇ ਆ
ਆਪਣੇ ਪਿਆਰੇ ਸਕੇ ਸੰਬੰਧੀ ਹੀ
ਥਾਂ-ਥਾਂ ਖ਼ੂਨ ਕਿਉਂ ਹੱਥ ਰੰਗੀ ਜਾਂਦੇ ਆ
ਝੂਠੀਆਂ ਮਿਲਦੀਆਂ ਖਬਰਾਂ ਨੇ ਹੁਣ
ਇਮਾਨ ਨੂੰ ਮਿਲਦੀਆਂ ਕਬਰਾਂ ਨੇ ਹੁਣ
ਰਾਜਨੀਤੀ ਦੀ ਖੇਡ ਕਮਾਲ
ਲੋਕਾਂ ਦੀ ਸ਼ਕਤੀ ਬਸ ਭੇਡਚਾਲ
ਚੌਧਰ ਲੁੱਚਿਆਂ ਲੰਡਿਆਂ ਦੀ ਹੁਣ
ਕੁਰਸੀ ਵੀ ਲਗਦਾ ਗੁੰਡਿਆਂ ਦੀ ਹੁਣ
ਇਨਸਾਫ਼ ਨਹੀਂ ਮਿਲਦਾ ਲਾ-ਲਾ ਗੁਹਾਰਾਂ
ਚੋਰਾਂ ਬਦਮਾਸ਼ਾਂ ਦੀਆਂ ਨਿੱਤ ਬਹਾਰਾਂ
ਚੋਰਾਂ ਬਦਮਾਸ਼ਾਂ ਦੀਆਂ ਨਿੱਤ ਬਹਾਰਾਂ....

**ਜਗਵਿੰਦਰ ਸਿੰਘ ਜੱਗੀ**
8872313705

Dosanjh Family
AUTO GROUP

Cadillac CHEVROLET INFINITI KIA NISSAN BUICK GMC
CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD